PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

26th June - 3rd July 2025 • Issue No. 3086

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਸਾਬਕਾ ਪੰਜਾਬ ਕੈਬਨਿਟ ਮੰਤਰੀ ਤੇ ਅਕਾਲੀ ਆਗੂ ਬਿਕਰਮਜੀਤ ਮਜੀਠੀਆ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ



ਚੰਡੀਗੜ੍ਹ – (ਪੰਜਾਬ ਟਾਈਮਜ਼) – ਸਾਬਕਾ ਕੈਬਨਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਘਰ ਵਿਜੀਲੈਂਸ ਵੱਲੋਂ ਛਾਪਾ ਮਾਰੀ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਛਾਪਾ ਮਜੀਠੀਆ ਦੀ ਅੰਮ੍ਰਿਤਸਰ ਰਿਹਾਇਸ਼ ਗਰੀਨ ਐਵਨਿਊ ਵਿਖੇ ਮਾਰਿਆ ਗਿਆ ਹੈ ਇਸ ਸਮੇਂ ਬਿਕਰਮ ਸਿੰਘ ਮਜੀਠੀਆ ਤੇ ਉਹਨਾਂ ਦੀ ਧਰਮ ਪਤਨੀ ਵਿਧਾਇਕ ਗਨੀਵ ਕੌਰ ਕੋਠੀ ਵਿੱਚ ਮੌਜੂਦ ਸਨ। ਗਨੀਵ ਕੌਰ ਮਜੀਠੀਆ ਨੇ ਕਿਹਾ ਕਿ 30 ਦੇ ਕਰੀਬ ਵਿਜੀਲੈਂਸ ਦੇ ਬੰਦੇ ਧੱਕਾ ਮਾਰ ਕੇ ਉਹਨਾਂ ਦੇ ਘਰ ਦਾਖਲ ਹੋਏ ਅਤੇ ਮਜੀਠੀਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਜੀਠੀਆ ਵਿਰੁੱਧ ਪੰਜਾਬ ਸਰਕਾਰ ਵੱਲੋਂ ਕੀਤੀ ਕਾਰਵਾਈ ਦੀ ਸ਼੍ਰੋ: ਅਕਾਲੀ ਦਲ ਵੱਲੋਂ ਨਿੰਦਾ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਉਹਨਾਂ ਨਾਲ ਸਬੰਧਿਤ 15 ਥਾਂਵਾਂ ’ਤੇ ਛਾਪੇ ਮਾਰੇ ਗਏ ਹਨ । ਮਜੀਠੀਆਂ ਵਿਰੁੱਧ ਕੈਪਟਨ ਸਰਕਾਰ ਸਮੇਂ ਦਰਜ ਕੀਤੇ ਗਏ ਡਰੱਗ ਸਬੰਧੀ ਕੇਸਾਂ ਦਾ ਜਦੋਂ ਕੁੱਝ ਨਹੀਂ ਬਣਿਆ ਤਾਂ ਮਜੀਠੀਆਂ ਨੇ ਕਿਹਾ ਕਿ ਹੁਣ ਪੰਜਾਬ ਸਰਕਾਰ ਉਹਨਾਂ ਵਿਰੁੱਧ ਜਾਇਦਾਦ ਨੂੰ ਲੈ ਕੇ ਕਾਰਵਾਈ ਕਰਨ ’ਤੇ ਉਤਰ ਆਈ ਹੈ। ਮਜੀਠੀਆ ਵਿਰੁੱਧ ਨਵੰਬਰ 2013 ਵਿੱਚ ਜਿਹੜਾ ਡਰੱਗ ਦਾ ਮਾਮਲਾ ਦਰਜ ਕੀਤਾ ਗਿਆ ਸੀ, ਉਹ ਜਗਦੀਸ਼ ਭੋਲਾ ਨਾਂ ਦੇ ਤਸਕਰ ਵੱਲੋਂ ਮੀਡੀਆ ਨੂੰ ਦਿੱਤੇ ਬਿਆਨ ਤੇ ਅਧਾਰਿਤ ਸੀ। ਇਸ ਬਾਰੇ ਪੰਜਾਬ ਟਾਈਮਜ਼ ਕੋਲ ਅੰਦਰਲੀ ਜਾਣਕਾਰੀ ਹੈ ਕਿ ਭੋਲਾ ਉੱਤੇ ਕਿਸੇ ਵੱਲੋਂ ਦਬਾਅ ਪਾ ਕੇ ਮਜੀਠੀਏ ਵਿਰੁੱਧ ਬਿਆਨ ਦਿਵਾਇਆ ਗਿਆ ਸੀ। ਇਹ ਪੱਖ ਵੀ ਬਾਹਰ ਆਉਣਾ ਚਾਹੀਦਾ ਹੈ ਕਿਸ ਸਾਜਿਸ਼ ਤਹਿਤ ਭੋਲੇ ਕੋਲੋਂ ਮਜੀਠੀਆ ਦੇ ਵਿਰੁੱਧ ਬਿਆਨ ਦਿਵਾਇਆ ਗਿਆ ਸੀ ।

## ਜਥੇਦਾਰ ਅਕਾਲ ਤਖਤ ਨੇ ਦੀਵਾਨ ਦੇ ਪ੍ਰਧਾਨ ਡਾ. ਨਿੱਝਰ ਸਮੇਤ ਕਾਰਜਕਾਰਨੀ ਦੇ 31 ਮੈਂਬਰਾਂ ਨੂੰ ਕੀਤਾ ਤਲਬ

ਅੰਮ੍ਰਿਤਸਰ-ਚੀਫ਼ ਖਾਲਸਾ ਦੀਵਾਨ ਖ਼ਿਲਾਫ਼ ਆਏ ਸ੍ਰੀ ਅਕਾਲ ਤਖਤ ਸਾਹਿਬ ’ਤੇ ਵੱਖ-ਵੱਖ ਮਾਮਲਿਆਂ ਨੂੰ ਵਿਚਾਰਨ ਲਈ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ ਸਮੇਤ ਕਾਰਜਕਾਰਨੀ ਦੇ ਸਮੂਚੇ 31 ਮੈਂਬਰਾਂ ਨੂੰ 15 ਦਿਨ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਪੱਸ਼ਟੀਕਰਨ ਲਈ ਪੱਤਰ ਜਾਰੀ ਕੀਤਾ ਹੈ।

ਪੂਰੀ ਖ਼ਬਰ ਅੰਦਰ ਦੇਖੋ:



## ਸਲੋਹ ਕਬੱਡੀ ਟੂਰਨਾਮੈਂਟ ਦਾ ਜੇਤੂ ਕੱਪ ਬਾਰਕਿੰਗ-ਗ੍ਰੇਵਜ਼ੈਂਡ ਟੀਮ ਨੇ ਚੁੱਕਿਆ, ਸਲੋਹ-ਇਕਨਹਮ ਦੂਜੇ ਸਥਾਨ ’ਤੇ ਰਹੀ





ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨਿਆਂ ’ਤੇ:



Gurdwara Aid
Better Together

## ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਪੁਖਤਗੀ ਲਿਆਉਣ ਲਈ 'ਗੁਰਦੁਆਰਾ ਹੈਂਡ ਬੁੱਕ' ਜਾਰੀ ਕਰਨ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ

# ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸੱਦਾ ਪੱਤਰ

# INVITATION

Gurdwara Mukh Sewadars and Parbhandaks

*You are invited to*

Empowering Gurdwaras for the Future





# CONFERENCE

**Featuring the official launch of**

## The Gurdwara Handbook

**Saturday 28th June 2025**




**VENUE: Baba Banda Singh Bahadur Hall,**
**Sri Guru Singh Sabha Gurdwara, Princes Street, Derby DE23 8NT**
**Please arrive by 12:00 pm**

## ਤੁਹਾਡੀ ਗੁਰਦੁਆਰਾ ਕਮੇਟੀ ਦਾ ਇਥੇ ਆਉਣਾ ਕਿਉਂ ਜ਼ਰੂਰੀ ਹੈ

ਗੁਰਦੁਆਰੇ ਗੁਰਬਾਣੀ, ਧਰਮ ਪ੍ਰਚਾਰ ਅਤੇ ਸੇਵਾ 'ਤੇ ਆਧਾਰਿਤ ਹਨ।

ਪਰ ਅੱਜ ਦੀਆਂ ਕਮੇਟੀਆਂ ਨੂੰ ਪ੍ਰਬੰਧਾਂ ਅਤੇ ਸੁਰੱਖਿਆ ਤੋਂ ਲੈ ਕੇ ਆਰਥਿਕ ਅਤੇ ਨਾਲ-ਨਾਲ ਵਧਦੇ ਨਵੇਂ ਕਾਨੂੰਨਾਂ ਦੀ ਪਾਲਣਾ ਤੱਕ - ਗੁੰਝਲਦਾਰ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਕਾਨਫਰੰਸ ਅਤੇ ਹੈਂਡ ਬੁੱਕ ਤੁਹਾਡੇ ਗੁਰਦੁਆਰਾ ਸਾਹਿਬ ਲਈ ਅਧਿਆਤਮਕ ਤਾਕਤ ਅਤੇ ਵਧੀਆ ਪ੍ਰਬੰਧ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ।

1. ਇਸ ਹੈਂਡ ਬੁੱਕ ਨਾਲ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਆਵੇਗਾ

ਅਸੀਂ ਇੱਕ ਸ਼ਕਤੀਸ਼ਾਲੀ ਨਵਾਂ ਔਜਾਰ ਲਿਆ ਰਹੇ ਹਾਂ - ਜੋ ਮਾਹਿਰਾਂ ਦੀ ਮਿਹਨਤ ਨਾਲ ਵਿਕਸਤ ਕੀਤਾ ਗਿਆ ਹੈ, ਤਾਂ ਜੋ ਤੁਹਾਡੀ ਕਮੇਟੀ ਨੂੰ ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ, ਜਵਾਬਦੇਹੀ ਅਤੇ ਸੁਯੋਗਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲ ਸਕੇ।

2. ਆਰਥਿਕ ਸਥਿਰਤਾ ਨੂੰ ਮਜ਼ਬੂਤ ਬਨਾਉਣਾ

ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਖਰਚਿਆਂ ਨੂੰ ਘਟਾਉਣ ਅਤੇ ਆਮਦਨ ਨੂੰ ਵਧਾਉਣ ਦੇ ਵਿਹਾਰਕ ਤਰੀਕੇ ਅਪਨਾਉਣ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

3. ਯੂ ਕੇ ਗੁਰਦੁਆਰਿਆਂ ਲਈ ਸਾਂਝੇ ਦ੍ਰਿਸ਼ਟੀਕੋਣ ਵਾਲਾ ਭਵਿੱਖ ਤਲਾਸ਼ ਕਰੋ।
ਸਾਡੀ ਟੀਮ ਅਤੇ ਭਾਈਵਾਲ ਸੰਗਠਨਾਂ ਨਾਲ ਸਿੱਧੇ ਤੌਰ 'ਤੇ ਗੱਲ ਕਰੋ।
ਯੂ ਕੇ ਭਰ ਦੇ ਗੁਰਦੁਆਰਾ ਪ੍ਰਬੰਧਕਾਂ ਨਾਲ ਨੈੱਟਵਰਕ ਬਣਾਓ।
ਹੈਂਡਬੁੱਕ ਦੀ ਆਪਣੀ ਮੁਫਤ ਪੇਸ਼ਗੀ ਕਾਪੀ ਹਾਸਲ ਕਰੋ।

**ਕਿਰਪਾ ਕਰਕੇ ਦੁਪਹਿਰ ਦੇ 12:00 ਵਜੇ ਤੱਕ ਜ਼ਰੂਰ ਪਹੁੰਚੋ ਜੀ**

## Why Your Gurdwara Committee Should Attend

Gurdwaras are grounded in **Gurbani, Dharm Parchar and Seva.**

But today's committees also face complex challenges - from governance and safeguarding to finance and compliance - alongside an increasing number of new Laws.
This conference and handbook are designed to help your Gurdwara lead with **spiritual strength and operational excellence.**

**1. Improve governance with The Gurdwara Handbook**
We're launching a powerful new tool – developed with input from **specialists**, to help your committee improve **compliance, accountability, and efficiency.**

**2. Boost Financial Sustainability**
Learn how to reduce Gurdwara operating costs and generate ethical income through an award-winning, environmentally friendly initiative.

**3. Explore a shared vision for the future of UK Gurdwaras**

Speak directly with our team and partners
Network with Gurdwara leaders from across the UK
Collect your complimentary copy of the Handbook

**Please arrive by 12:00pm**

**For more information: contact - Email:Info@GurdwaraAid.org**



**Mandip Singh**
**07974 811298**



**Jagtar Singh Gill**
**07956 838413**



**Harvinder Singh**
**07775 770716**

# ਈਰਾਨ ਤੇ ਇਜਰਾਈਲ ਵਿਚਾਲੇ ਜੰਗ, ਜਿੱਤ ਦਾ ਤਾਜ ਕਿਸਦੇ ਸਿਰ ?

**ਕਵਰ ਸਟੋਰੀ**

✪ ਅਮਰੀਕੀ ਹਮਲੇ, ਮੋਸਾਦ ਦੀ ਤਾਕਤ, ਸਰਜੀਕਲ ਸਟ੍ਰਾਈਕ ਇਜਰਾਈਲ ਨੂੰ ਜੇਤੂ ਨਾ ਬਣਾ ਸਕੀ ✪ ਅਰਥਵਿਵਸਥਾ ’ਤੇ ਜੰਗ ਦਾ ਬੋਝ: ਇਜ਼ਰਾਈਲ ਦੀਆਂ ਜੜ੍ਹਾਂ ਹਿੱਲੀਆਂ ? ✪ ਅਖੰਡ ਇਜ਼ਰਾਈਲ ਦਾ ਸੁਪਨਾ : ਸੁਰੱਖਿਆ ਜਾਂ ਸਿਆਸੀ ਉਲਝਣ ?

ਬਾਰ੍ਹਾਂ ਦਿਨ, ਤਿੰਨ ਦਾਅਵੇ, ਅਤੇ ਇੱਕ ਸਵਾਲ ਜੋ ਸਾਰੀ ਦੁਨੀਆਂ ਦੇ ਮੱਥੇ ’ਤੇ ਤਣਿਆ ਹੋਇਆ ਹੈ-ਇਜ਼ਰਾਈਲ, ਈਰਾਨ ਅਤੇ ਅਮਰੀਕਾ ਦੀ ਜੰਗ ਵਿੱਚ ਅਸਲ ਜਿੱਤ ਕਿਸਦੀ ਹੋਈ ? ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਅਤੇ ਫੌਜੀ ਟਿਕਾਣਿਆਂ ਨੂੰ ਤਬਾਹ ਕਰਨ ਦਾ ਢੰਢੋਰਾ ਪਿੱਟਿਆ, ਈਰਾਨ ਨੇ ਆਪਣੀ ਸੰਪ੍ਰਭੂਤਾ ਦੀ ਰਾਖੀ ਦਾ ਝੰਡਾ ਝੁਲਾਇਆ, ਅਤੇ ਅਮਰੀਕਾ ਨੇ ਜੰਗਬੰਦੀ ਨੂੰ ਆਪਣੀ ਕੂਟਨੀਤਕ ਜਿੱਤ ਦਾ ਤਮਗਾ ਪਹਿਨਾਇਆ। ਪਰ ਸੱਚਾਈ ਦੀ ਤਸਵੀਰ ਇੰਨੀ ਸਾਫ ਨਹੀਂ। ਜਿਵੇਂ ਪੰਜਾਬੀ ਮੁਹਾਵਰੇ ਵਿੱਚ ਕਿਹਾ ਜਾਂਦੈ, “ਅੱਗ ਦੋਵੇਂ ਪਾਸਿਆਂ ਨੂੰ ਸਾੜਦੀ ਹੈ” - ਇਸ ਜੰਗ ਨੇ ਸਾਰੇ ਪਾਸਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਝੁਲਸਾਇਆ ਹੈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ “ਓਪਰੇਸ਼ਨ ਰਾਈਜ਼ਿੰਗ ਲਾਈਨ” ਨਾਲ 13 ਜੂਨ 2025 ਨੂੰ ਈਰਾਨ ’ਤੇ ਹਵਾਈ ਹਮਲੇ ਕਰਕੇ ਪ੍ਰਮਾਣੂ ਅਤੇ ਫੌਜੀ ਅੱਡਿਆਂ ਨੂੰ ਨੁਕਸਾਨ ਪਹੁੰਚਾਇਆ। ਤੇਲ ਅਵੀਵ ਅਤੇ ਹਾਈਫਾ ’ਤੇ ਈਰਾਨ ਦੇ ਜਵਾਬੀ ਮਿਜ਼ਾਈਲ ਹਮਲਿਆਂ ਨੇ 61 ਇਮਾਰਤਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਤੇਲ ਰਿਫਾਇਨਰੀ ਨੂੰ ਨੁਕਸਾਨ ਪਹੁੰਚਾਇਆ, ਜੋ ਇਜ਼ਰਾਈਲ ਦੀ 60% ਈਂਧਨ ਦੀ ਲੋੜ ਪੂਰੀ ਕਰਦੀ ਸੀ।

### ਈਰਾਨ ਦਾ ਪ੍ਰਮਾਣੂ ਭੰਡਾਰ ਸੁਰੱਖਿਅਤ

ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਟਾਈਮਜ਼ ਦੀਆਂ ਰਿਪੋਰਟਾਂ ਮੁਤਾਬਕ, ਇਜ਼ਰਾਈਲ ਦੀ ਮੋਸਾਦ ਜਾਸੂਸੀ ਏਜੰਸੀ ਦਾ ਮੁੱਖ ਦਫਤਰ ਵੀ ਈਰਾਨੀ ਹਮਲਿਆਂ ਦੀ ਲਪੇਟ ਵਿੱਚ ਆਇਆ। ਈਰਾਨ ਨੇ ਵੀ ਨੁਕਸਾਨ ਸਹਿਣ ਕੀਤਾ, ਪਰ ਉਸ ਦੀ ਸਭ ਤੋਂ ਵੱਡੀ ਜਿੱਤ ਸੀ 400 ਕਿਲੋ 60% ਸੰਵਰਧਿਤ ਯੂਰੇਨੀਅਮ ਨੂੰ ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਤੋਂ ਪਹਿਲਾਂ ਹੀ ਫੋਰਡੋ ਪ੍ਰਮਾਣੂ ਪਲਾਂਟ ਤੋਂ ਸੁਰੱਖਿਅਤ ਥਾਂ ’ਤੇ ਪਹੁੰਚਾ ਦੇਣਾ। ਇਹ ਯੂਰੇਨੀਅਮ, ਜਿਸ ਨਾਲ 10 ਪ੍ਰਮਾਣੂ ਬੰਬ ਬਣ ਸਕਦੇ ਹਨ, ਅਗਲੀਆਂ ਪ੍ਰਮਾਣੂ ਡੀਲਾਂ ਵਿੱਚ ਈਰਾਨ ਦਾ ਜੇਤੂ ਪੱਤਾ ਹੋ ਸਕਦਾ ਹੈ।



## ਜਿੱਤ ਦਾ ਤਾਜ ਕਿਸਦੇ ਸਿਰ ?

ਇਸ ਜੰਗ ਵਿੱਚ ਕੋਈ ਸਪੱਸ਼ਟ ਜੇਤੂ ਨਹੀਂ। ਇਜ਼ਰਾਈਲ ਨੇ ਈਰਾਨ ਨੂੰ ਨੁਕਸਾਨ ਪਹੁੰਚਾਇਆ, ਪਰ ਉਸ ਦੀ ਅਰਥਵਿਵਸਥਾ ਅਤੇ ਸੁਰੱਖਿਆ ’ਤੇ ਭਾਰੀ ਬੋਝ ਪਿਆ। ਈਰਾਨ ਨੇ ਆਪਣੀ ਸੰਪ੍ਰਭੂਤਾ ਦੀ ਰਾਖੀ ਕੀਤੀ ਅਤੇ ਯੂਰੇਨੀਅਮ ਸੁਰੱਖਿਅਤ ਰੱਖਿਆ, ਪਰ ਉਸ ਦੀ ਅਰਥਵਿਵਸਥਾ ਹੋਰ ਕਮਜ਼ੋਰ ਹੋਈ ਹੈ। ਅਮਰੀਕਾ ਨੇ ਜੰਗਬੰਦੀ ਨੂੰ ਆਪਣੀ ਜਿੱਤ ਦੱਸਿਆ, ਪਰ ਟਰੰਪ ਦੀਆਂ ਇਕਪਾਸੜ ਫੌਜੀ ਕਾਰਵਾਈਆਂ ’ਤੇ ਅਮਰੀਕੀ ਕਾਂਗਰਸ ਅਤੇ ਜਨਤਾ ਵਿੱਚ ਵਿਰੋਧ ਵਧਿਆ। ਰੂਸ ਅਤੇ ਚੀਨ ਨੇ ਅਸਿੱਧਾ ਸਮਰਥਨ ਦੇ ਕੇ ਈਰਾਨ ਨੂੰ ਬਚਾਇਆ, ਪਰ ਖੁੱਲ੍ਹ ਕੇ ਸਾਹਮਣੇ ਨਹੀਂ ਆਏ।

### ਅਮਰੀਕਾ ਦੇ ਦਾਅਵੇ ਕਿੰਨੇ ਸਚੇ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੰਗਬੰਦੀ ਦਾ ਐਲਾਨ ਕਰਕੇ ਇਸ ਨੂੰ ਆਪਣੀ ਜਿੱਤ ਦੱਸਿਆ, ਪਰ ਰਾਇਟਰਜ਼ ਦੀ ਰਿਪੋਰਟ ਮੁਤਾਬਕ, ਅਮਰੀਕੀ ਬੀ-2 ਸਟੀਲਥ ਬੰਬਰਾਂ ਨੇ ਈਰਾਨ ਦੇ ਪ੍ਰਮਾਣੂ ਅੱਡਿਆਂ ਨੂੰ ਪੂਰੀ ਤਰ੍ਹਾਂ ਤਬਾਹ ਨਹੀਂ ਕੀਤਾ। ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਸਿਰਫ 1-2 ਮਹੀਨਿਆਂ ਲਈ ਪਿੱਛੇ ਧੱਕਿਆ ਗਿਆ। ਮਾਹਿਰਾਂ ਅਨੁਸਾਰ ਅਮਰੀਕਾ ਦੇ ਕਤਰ ਅਤੇ ਇਰਾਕ ਵਿੱਚ ਫੌਜੀ ਅੱਡਿਆਂ ’ਤੇ ਈਰਾਨੀ ਮਿਜ਼ਾਈਲ ਹਮਲਿਆਂ ਨੇ ਟਰੰਪ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੰਗ ਮਹਿੰਗੀ ਪਵੇਗੀ। ਜੰਗ ਨਾ ਰੋਕੀ ਤਾਂ ਚੀਨ ਤੇ ਰੂਸ ਇਸ ਜੰਗ ਵਿਚ ਨਿਤਰ ਸਕਦੇ ਹਨ। ਆਰਥਿਕ ਤਬਾਹੀ ਤੇ ਜੰਗ ਵਿਚ ਫਸਣ ਦੇ ਡਰ ਤੋਂ ਟਰੰਪ ਨੂੰ ਇਹ ਸਟੈਂਡ ਲੈਣਾ ਪਿਆ।

### ਮੋਸਾਦ ਦੀ ਤਾਕਤ - ਸਰਜੀਕਲ ਸਟ੍ਰਾਈਕਸ ਜਾਂ ਅੰਤਰਰਾਸ਼ਟਰੀ ਅਪਰਾਧ ?

1949 ਵਿੱਚ ਸਥਾਪਿਤ ਮੋਸਾਦ, ਇਜ਼ਰਾਈਲ ਦੀ ਜਾਸੂਸੀ ਏਜੰਸੀ ਹੈ। ਇਹ ਸੰਸਥਾ ਗੁਪਤ ਕਾਰਵਾਈਆਂ, ਸਰਜੀਕਲ ਸਟ੍ਰਾਈਕਸ, ਅਤੇ ਤਕਨੀਕੀ ਹਮਲਿਆਂ ਦੀ ਮਾਹਿਰ ਹੈ।

ਸੀਐਨਐਨ ਅਤੇ ਗਾਰਡੀਅਨ ਦੀਆਂ ਰਿਪੋਰਟਾਂ ਮੁਤਾਬਕ, ਮੋਸਾਦ ਨੇ 1960 ਵਿੱਚ ਨਾਜ਼ੀ ਅਧਿਕਾਰੀ ਐਡੋਲਫ ਆਈਕਮੈਨ ਨੂੰ ਅਰਜਨਟੀਨਾ ਤੋਂ ਅਗਵਾ ਕੀਤਾ, 2018 ਵਿੱਚ ਤਹਿਰਾਨ ਤੋਂ ਪ੍ਰਮਾਣੂ ਦਸਤਾਵੇਜ਼ ਚੋਰੀ ਕੀਤੇ, ਅਤੇ 2020 ਵਿੱਚ ਈਰਾਨੀ ਪ੍ਰਮਾਣੂ ਵਿਗਿਆਨੀ ਮੋਹਸੇਨ ਫਖਰੀਜ਼ਾਦੇਹ ਨੂੰ ਏਆਈ-ਸੰਚਾਲਿਤ ਮਸ਼ੀਨ ਗੰਨ ਨਾਲ ਮਾਰਿਆ।

2024 ਵਿੱਚ ਹਮਾਸ ਦੇ ਨੇਤਾ ਇਸਮਾਈਲ ਹਾਨੀਆ ਦੀ ਤਹਿਰਾਨ ਵਿੱਚ ਹੱਤਿਆ ਅਤੇ ਲੇਬਨਾਨ ਵਿੱਚ ਹਿਜ਼ਬੁੱਲ੍ਹਾ ਦੇ ਪੇਜਰ-ਵਾਕੀ-ਟਾਕੀ ਵਿਸਫੋਟਾਂ ਨੇ ਮੋਸਾਦ ਦੀ ਤਾਕਤ ਨੂੰ ਸਾਰੀ ਦੁਨੀਆਂ ਸਾਹਮਣੇ ਲਿਆਂਦਾ।

ਪਰ ਇਜਰਾਈਲ ਤੇ ਇਰਾਨ ਵਿਚਾਲੇ ਜੰਗ ਵਿੱਚ ਮੋਸਾਦ ਨੂੰ ਵੀ ਨੁਕਸਾਨ ਸਹਿਣਾ ਪਿਆ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, ਈਰਾਨੀ ਮਿਜ਼ਾਈਲ ਹਮਲਿਆਂ ਨੇ ਮੋਸਾਦ ਦੇ ਮੁੱਖ ਦਫਤਰ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਇਜ਼ਰਾਈਲ ਦੀ ਜਾਸੂਸੀ ਸਮਰੱਥਾ ’ਤੇ ਸਵਾਲ ਉੱਠੇ। ਮੋਸਾਦ ਦੀਆਂ ਕਾਰਵਾਈਆਂ ਨੇ ਈਰਾਨ ਨੂੰ ਨੁਕਸਾਨ ਪਹੁੰਚਾਇਆ, ਪਰ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਰੋਕਣ ਵਿੱਚ ਅਸਫਲ ਰਹੀ।

ਗਲੋਬਲ ਟਾਈਮਜ਼ ਮੁਤਾਬਕ, ਈਰਾਨ ਨੇ ਮੋਸਾਦ ਦੀ ਘੁਸਪੈਠ ਨੂੰ ਪਛਾਣ ਕੇ ਆਪਣੀਆਂ ਸੁਰੱਖਿਆ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ। ਈਰਾਨ ਨੇ ਆਪਣੀ ਮਜਬੂਤੀ ਅਤੇ ਰੂਸ-ਚੀਨ ਦੇ ਅਸਿੱਧੇ ਸਮਰਥਨ ਨਾਲ ਮੋਸਾਦ ਦੀਆਂ ਕੋਸ਼ਿਸ਼ਾਂ ਨੂੰ ਸੀਮਤ ਕਰ ਦਿੱਤਾ।

## ਅਰਥਵਿਵਸਥਾ ’ਤੇ ਜੰਗ ਦਾ ਬੋਝ - ਇਜ਼ਰਾਈਲ ਦੀਆਂ ਜੜ੍ਹਾਂ ਹਿੱਲੀਆਂ ?

ਇਕਨੋਮਿਕ ਟਾਈਮਜ਼ ਅਤੇ ਟਾਈਮਜ਼ ਆਫ ਇਜ਼ਰਾਈਲ ਮੁਤਾਬਕ, ਇਜ਼ਰਾਈਲ ਦੀ ਅਰਥਵਿਵਸਥਾ ਜੰਗ ਦੇ ਬੋਝ ਹੇਠ ਦੱਬ ਰਹੀ ਹੈ। 2024 ਵਿੱਚ ਇਜ਼ਰਾਈਲ ਦਾ ਸੈਨਿਕ ਖਰਚ 46.5 ਅਰਬ ਡਾਲਰ ਸੀ, ਜੋ ਜੀਡੀਪੀ ਦਾ 8.8% ਸੀ। 2025 ਦੇ 215 ਅਰਬ ਡਾਲਰ ਦੇ ਬਜਟ ਵਿੱਚ 38.6 ਅਰਬ ਡਾਲਰ ਸਿਰਫ ਰੱਖਿਆ ਲਈ ਹਨ। ਈਰਾਨ ਦੇ ਹਮਲਿਆਂ ਨੇ ਹਾਈਫਾ ਵਿੱਚ 61 ਇਮਾਰਤਾਂ ਅਤੇ ਤੇਲ ਰਿਫਾਇਨਰੀ ਨੂੰ ਤਬਾਹ ਕਰਕੇ ਇਜ਼ਰਾਈਲ ਦੀ ਊਰਜਾ ਸਪਲਾਈ ਨੂੰ ਨੁਕਸਾਨ ਪਹੁੰਚਾਇਆ। ਵਰਕ ਪਰਮਿਟ ਰੱਦ ਹੋਣ ਨਾਲ ਨਿਰਮਾਣ ਅਤੇ ਖੇਤੀਬਾੜੀ ਸੈਕਟਰ ਠਪ ਹੋ ਗਏ, ਅਤੇ ਵੈਟ 17% ਤੋਂ 18% ਵਧਣ ਨਾਲ ਜਨਤਾ ’ਤੇ ਬੋਝ ਵਧਿਆ। ਈਰਾਨ ਦੀ ਅਰਥਵਿਵਸਥਾ ਵੀ ਪਹਿਲਾਂ ਹੀ ਪਾਬੰਦੀਆਂ ਦੀ ਮਾਰ ਹੇਠ ਸੀ, ਅਤੇ ਇਸ ਜੰਗ ਨੇ ਉਸ ਨੂੰ ਹੋਰ ਢਾਹ ਲਾਈ। ਪਰ ਈਰਾਨ ਦੀ ਸਭ ਤੋਂ ਵੱਡੀ ਜਿੱਤ ਸੀ ਉਸ ਦਾ 400 ਕਿਲੋ ਯੂਰੇਨੀਅਮ ਨੂੰ ਸੁਰੱਖਿਅਤ ਰੱਖਣਾ, ਜੋ ਅਗਲੀਆਂ ਸਿਆਸੀ ਚਾਲਾਂ ਲਈ ਉਸ ਦਾ ਹਥਿਆਰ ਹੋਵੇਗਾ। ਜੰਗਬੰਦੀ ਦਾ ਇੱਕ ਵੱਡਾ ਕਾਰਨ ਇਜ਼ਰਾਈਲ ਦੀ ਅਰਥਵਿਵਸਥਾ ’ਤੇ ਵਧਦਾ ਦਬਾਅ ਸੀ। ਵਾਲ ਸਟਰੀਟ ਜਰਨਲ ਮੁਤਾਬਕ, ਇਜ਼ਰਾਈਲ ਦੀ ਮਿਜ਼ਾਈਲ ਰੱਖਿਆ ਪ੍ਰਣਾਲੀ ਅਤੇ ਆਇਰਨ ਡੋਮ ’ਤੇ ਪੈ ਰਿਹਾ ਦਬਾਅ ਤੇ ਏਅਰੋ-3 ਇੰਟਰਸੈਪਟਰਜ਼ ਦੀ ਕਮੀ ਨੇ ਨੇਤਨਯਾਹੂ ਨੂੰ ਜੰਗਬੰਦੀ ਲਈ ਮਜਬੂਰ ਕੀਤਾ।

## ਅਖੰਡ ਇਜ਼ਰਾਈਲ ਦਾ ਸੁਪਨਾ - ਸੁਰੱਖਿਆ ਜਾਂ ਸਿਆਸੀ ਉਲਝਣ ?

ਅਖੰਡ ਇਜ਼ਰਾਈਲ ਦਾ ਸੁਪਨਾ, ਜੋ ਹਿਬਰੂ ਬਾਈਬਲ ਦੇ “ਪ੍ਰੋਮਿਸਡ ਲੈਂਡ” ਨਾਲ ਜੁੜਿਆ ਹੈ, ਯਹੂਦੀਆਂ ਦੀ ਸਦੀਆਂ ਪੁਰਾਣੀ ਖਾਹਿਸ਼ ਹੈ। 1948 ਵਿੱਚ ਇਜ਼ਰਾਈਲ ਦੀ ਸਥਾਪਨਾ ਨੇ ਇਸ ਸੁਪਨੇ ਨੂੰ ਹਕੀਕਤ ਦਾ ਰੰਗ ਦਿੱਤਾ, ਪਰ ਇਸ ਨੇ ਅਰਬ-ਇਜ਼ਰਾਈਲ ਸੰਘਰਸ਼ ਨੂੰ ਜਨਮ ਦਿੱਤਾ। ਅਲ ਜਜ਼ੀਰਾ ਅਤੇ ਗਾਰਡੀਅਨ ਮੁਤਾਬਕ, ਇਜ਼ਰਾਈਲ ਦੀਆਂ ਨੀਤੀਆਂ, ਜਿਵੇਂ ਵੈਸਟ ਬੈਂਕ ਅਤੇ ਗਾਜ਼ਾ ’ਤੇ ਕਬਜ਼ਾ, ਨੇ ਇਸ ਸੁਪਨੇ ਨੂੰ ਸਿਆਸੀ ਅਤੇ ਧਾਰਮਿਕ ਉਲਝਣ ਵਿੱਚ ਫਸਾ ਦਿੱਤਾ। ਈਰਾਨ ਨਾਲ ਜੰਗ ਨੇ ਇਜ਼ਰਾਈਲ ਦੀ ਸੁਰੱਖਿਆ ਨੂੰ ਹੋਰ ਮੁਸ਼ਕਲ ਕਰ ਦਿੱਤਾ। ਮੋਸਾਦ ਦੀਆਂ ਸਰਜੀਕਲ ਸਟ੍ਰਾਈਕਸ ਅਤੇ ਅਮਰੀਕੀ ਸਮਰਥਨ ਦੇ ਬਾਵਜੂਦ, ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਰੁਕਿਆ ਨਹੀਂ। ਰੂਸ ਅਤੇ ਚੀਨ ਨੇ ਈਰਾਨ ਦੀ ਅਸਿੱਧੀ ਮਦਦ ਕੀਤੀ, ਜਿਸ ਨੇ ਇਜ਼ਰਾਈਲ ਅਤੇ ਅਮਰੀਕਾ ਦੀਆਂ ਯੋਜਨਾਵਾਂ ’ਤੇ ਪਾਣੀ ਫੇਰ ਦਿੱਤਾ।

ਗਲੋਬਲ ਟਾਈਮਜ਼ ਮੁਤਾਬਕ, ਜੇ ਰੂਸ ਅਤੇ ਚੀਨ ਦਾ ਸਮਰਥਨ ਖੁੱਲ੍ਹਾ ਹੋ ਜਾਂਦਾ, ਤਾਂ ਸਥਿਤੀ ਵਿਸ਼ਵ ਜੰਗ ਵੱਲ ਵਧ ਸਕਦੀ ਸੀ। ਭਾਰਤ ਦੀ ਗੱਲ ਕਰੀਏ, ਤਾਂ ਉਹ ਇਸ ਜੰਗ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਨਹੀਂ ਸੀ, ਪਰ ਮੱਧ ਪੂਰਬ ਵਿੱਚ ਅਸਥਿਰਤਾ ਨੇ ਭਾਰਤ ਦੀ ਊਰਜਾ ਸਪਲਾਈ ਅਤੇ ਵਪਾਰ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਨੇ ਨਿਰਪੱਖ ਸਟੈਂਡ ਰੱਖਿਆ, ਪਰ ਅਮਰੀਕਾ ਦੀ ਇਕਪਾਸੜ ਨੀਤੀਆਂ ’ਤੇ ਸਵਾਲ ਨਾ ਉਠਾਉਣ ਕਰਕੇ ਅੰਤਰਰਾਸ਼ਟਰੀ ਮੰਚ ’ਤੇ ਉਸ ਦੀ ਆਵਾਜ਼ ਕਮਜ਼ੋਰ ਰਹੀ।

## -ਮਾਮਲਾ ਬੇਨਿਯਮੀਆਂ ਬਾਰੇ ਆਈਆਂ ਸ਼ਿਕਾਇਤਾਂ ਦਾ-

# ਜਥੇਦਾਰ ਅਕਾਲ ਤਖਤ ਨੇ ਦੀਵਾਨ ਦੇ ਪ੍ਰਧਾਨ ਡਾ. ਨਿੱਝਰ ਸਮੇਤ ਕਾਰਜਕਾਰਨੀ ਦੇ 31 ਮੈਂਬਰਾਂ ਨੂੰ ਕੀਤਾ ਤਲਬ

ਅੰਮ੍ਰਿਤਸਰ-ਚੀਫ਼ ਖਾਲਸਾ ਦੀਵਾਨ ਖ਼ਿਲਾਫ਼ ਆਏ ਸ੍ਰੀ ਅਕਾਲ ਤਖਤ ਸਾਹਿਬ ’ਤੇ ਵੱਖ-ਵੱਖ ਮਾਮਲਿਆਂ ਨੂੰ ਵਿਚਾਰਨ ਲਈ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ ਸਮੇਤ ਕਾਰਜਕਾਰਨੀ ਦੇ ਸਮੂਚੇ 31 ਮੈਂਬਰਾਂ ਨੂੰ 15 ਦਿਨ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਪੱਸ਼ਟੀਕਰਨ ਲਈ ਪੱਤਰ ਜਾਰੀ ਕੀਤਾ ਹੈ।

ਇਹ ਪੱਤਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੀਫ਼ ਖਾਲਸਾ ਦੀਵਾਨ ਖ਼ਿਲਾਫ਼ ਵੱਖ-ਵੱਖ ਆਈਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਜਾਰੀ ਕਰਵਾਇਆ ਗਿਆ ਹੈ। ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਜਾਰੀ ਪੱਤਰ ’ਚ ਸਪਸ਼ਟ ਲਿਖਿਆ ਹੈ ਕਿ ਦੀਵਾਨ ਦੇ ਨਾਲ ਸਬੰਧਤ ਵੱਖ-ਵੱਖ



ਮਾਮਲਿਆਂ ਸਬੰਧੀ ਸ਼ਿਕਾਇਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਹਨ। ਉਨ੍ਹਾਂ ਸ਼ਿਕਾਇਤਾਂ ਦੇ ਜਵਾਬ ਤੇ ਸਪੱਸ਼ਟੀਕਰਨ ਲਈ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਸਮੂਹ ਕਾਰਜਕਰਨੀ ਦੇ 31 ਮੈਂਬਰਾਂ ਸਮੇਤ 15 ਦਿਨਾਂ ਦੇ ਸਕੱਤਰੇਤ ਵਿਖੇ ਪਹੁੰਚ ਕੇ ਆਪਣਾ ਪੱਖ ਰੱਖਣ।

### ਦਿੱਲੀ ਕਮੇਟੀ ਬੇਲੋੜੀ ਬਿਆਨਬਾਜ਼ੀ ਕਰ ਕੇ ਸੰਗਤ ਨੂੰ ਕਰ ਰਹੀ ਹੈ ਗੁਮਰਾਹ : ਸਕੱਤਰ

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਸ਼ਿਕਾਇਤਾਂ ’ਚ ਗ਼ੈਰ ਅੰਮ੍ਰਿਤਧਾਰੀ ਤੇ ਪਤਿਤ ਮੈਂਬਰਾਂ ਤੋਂ ਇਲਾਵਾ ਕੁਝ ਮੈਂਬਰਾਂ ਨੂੰ ਦੀਵਾਨ ਦੀ ਕਾਰਜਕਾਰਨੀ ਵੱਲੋਂ ਪਿਛਲੇ ਸਮੇਂ ’ਚ ਗ਼ੈਰ ਸੰਵਿਧਾਨਿਕ ਤਰੀਕੇ ਨਾਲ ਕੱਢਿਆ ਗਿਆ ਸੀ। ਜਿਨ੍ਹਾਂ ਸਬੰਧੀ ਵੀ ਇਹ ਸ਼ਿਕਾਇਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਹਨ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਰ ਵੀ ਦੀਵਾਨ ਦੇ ਅਹੁਦੇਦਾਰਾਂ ਉੱਪਰ ਦੋਸ਼ਾਂ ਨੂੰ ਲੈ ਕੇ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਾਰਵਾਈ ਆਰੰਭ ਕਰ ਦਿੱਤੀ ਹੈ। ਦਸਣਯੋਗ ਹੈ ਕਿ ਪਿਛਲੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਦੇ ਕਾਰਜਕਾਲ ਦੌਰਾਨ ਵੀ ਕਈ ਸ਼ਿਕਾਇਤਾਂ ਆਈਆਂ ਸਨ, ਪਰ ਇਨ੍ਹਾਂ ਜਥੇਦਾਰਾਂ ਨਾਲ ਦੀਵਾਨ ਦੇ ਅਹੁਦੇਦਾਰਾਂ ਨੇ ਨੇੜਤਾ ਬਣਾ ਕੇ ਰੱਖੀ ਸੀ ਅਤੇ ਸ਼ਿਕਾਇਤਕਰਤਾਵਾਂ ਨੂੰ ਸਕੱਤਰੇਤ ਵਿਖੇ ਹੀ ਉਲਝਾ ਦਿੱਤਾ ਜਾਂਦਾ ਰਿਹਾ ਹੈ।

ਦੀਵਾਨ ਤੋਂ ਕੱਢੇ ਗਏ ਮੈਂਬਰ ਅਵਤਾਰ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਆਸ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖਾਂ ਦੀ ਸਭ ਤੋਂ ਪੁਰਾਤਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ’ਚ ਹੋਈਆਂ ਬੇਨਿਯਮੀਆਂ ਦੇ ਮਾਮਲੇ ’ਚ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਹੋਵੇਗਾ ਤੇ ਸਿਕਾਇਤਕਰਤਾਵਾਂ ਨੂੰ ਇਨਸਾਫ ਮਿਲੇਗਾ

# ਡਰੱਗ ਮਾਮਲੇ ਵਿਚ ਫੜਿਆ ਗਿਆ ਮਸ਼ਹੂਰ ਐਕਟਰ ਸ਼੍ਰੀਕਾਂਤ, ਲੱਗੇ ਗੰਭੀਰ ਦੋਸ਼



ਨਵੀਂ ਦਿੱਲੀ-ਮਸ਼ਹੂਰ ਅਦਾਕਾਰ ਸ਼੍ਰੀਕਾਂਤ, ਜਿਸ ਨੂੰ ਸ਼੍ਰੀਰਾਮ ਵੀ ਕਿਹਾ ਜਾਂਦਾ ਹੈ, ਜਿਸ ਨੇ ਤਾਮਿਲ ਅਤੇ ਤੇਲਗੂ ਸਿਨੇਮਾ ਵਿੱਚ ਆਪਣੀ ਅਦਾਕਾਰੀ ਦੀ ਮੁਹਾਰਤ ਸਾਬਤ ਕੀਤੀ ਹੈ, ਉਸ ਦਾ ਨਾਮ ਡਰੱਗਜ਼ ਮਾਮਲੇ ਵਿੱਚ ਸਾਹਮਣੇ ਆਇਆ ਹੈ, ਜਿਸ ਕਾਰਨ ਅਦਾਕਾਰ 7 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਹੈ।

ਮਲਿਆਲਮ ਸਿਨੇਮਾ ਨਾਲ ਜੁੜੇ ਕਈ ਦਿੱਗਜ ਕਲਾਕਾਰਾਂ ਨੂੰ ਡਰੱਗਜ਼ ਮਾਮਲੇ ਵਿੱਚ ਪੁੱਛਗਿੱਛ ਲਈ ਬੁਲਾਇਆ ਗਿਆ ਹੈ ਅਤੇ ਹੁਣ ਤਾਮਿਲ-ਤੇਲੁਗੂ ਅਦਾਕਾਰ ਸ਼੍ਰੀਕਾਂਤ ਵੀ ਇਸ ਮਾਮਲੇ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। 23 ਜੂਨ, 2025 ਨੂੰ, ਸ਼੍ਰੀਕਾਂਤ ਨੂੰ ਚੇਨਈ ਪੁਲਿਸ ਨੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਸੀ। ਉਸਨੂੰ ਪੁੱਛਗਿੱਛ ਲਈ ਨੁੰਗਮਬੱਕਮ ਪੁਲਿਸ ਸਟੇਸ਼ਨ ਲਿਜਾਇਆ ਗਿਆ ਹੈ ਅਤੇ ਉਸਦੇ ਖੂਨ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ।

ਪੁਲਿਸ ਨੂੰ ਜਾਂਚ ਵਿੱਚ ਕੁਝ ਮਹੱਤਵਪੂਰਨ ਸੁਰਾਗ ਮਿਲੇ ਹਨ ਜਿਸ ਤੋਂ ਬਾਅਦ ਅਦਾਕਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 7 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ।

### ਕੋਕੀਨ ਦੀ ਵਰਤੋਂ ਕਰਨ ਦਾ ਦੋਸ਼

ਰਿਪੋਰਟਾਂ ਅਨੁਸਾਰ, ਸ਼੍ਰੀਕਾਂਤ ’ਤੇ ਨਸ਼ੀਲੇ ਪਦਾਰਥ ਖਰੀਦਣ ਅਤੇ ਕੋਕੀਨ ਦੀ ਵਰਤੋਂ ਕਰਨ ਦਾ ਦੋਸ਼ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਕਈ ਨਸ਼ੀਲੇ ਪਦਾਰਥ ਸਪਲਾਇਰਾਂ ਦੇ ਸੰਪਰਕ ਵਿੱਚ ਹੈ। ਇੰਨਾ ਹੀ ਨਹੀਂ, ਮਾਮਲੇ ਦੀਆਂ ਤਾਰਾਂ ਅੰਨਾਡੀਐਮਕੇ ਦੇ ਸਾਬਕਾ ਮੈਂਬਰ ਟੀ ਪ੍ਰਸਾਦ ਨਾਲ ਵੀ ਜੁੜੀਆਂ ਜਾ ਰਹੀਆਂ ਹਨ, ਜਿਸਨੂੰ ਹਾਲ ਹੀ ਵਿੱਚ ਇੱਕ ਨਸ਼ੀਲੇ ਪਦਾਰਥ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਸ਼੍ਰੀਕਾਂਤ ਨੇ ਟੀ ਪ੍ਰਸਾਦ ਤੋਂ ਨਸ਼ੀਲੇ ਪਦਾਰਥ ਖਰੀਦੇ ਸਨ।

# 12 ਰਾਜਾਂ ਵਿਚ ਬੰਬ ਦੀ ਧਮਕੀ ਦੇਣ ਵਾਲੀ ਕੁੜੀ ਪੁਲਿਸ ਅੜਿਕੇ ਚੜ੍ਹੀ

## ✪ ਪ੍ਰੇਮੀ ਨੂੰ ਫਸਾਉਣ ਦੀ ਰਚੀ ਸੀ ਸਾਜ਼ਿਸ਼

ਅਹਿਮਦਾਬਾਦ-ਕੁਝ ਸਮਾਂ ਪਹਿਲਾਂ ਗੁਜਰਾਤ ਦੇ ਨਰਿੰਦਰ ਮੋਦੀ ਸਟੇਡੀਅਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਇਸ ਤੋਂ ਬਾਅਦ ਅਹਿਮਦਾਬਾਦ ਦੇ ਦੋ ਸਕੂਲਾਂ ਅਤੇ ਬੀਜੇ ਮੈਡੀਕਲ ਕਾਲਜ ਵਿੱਚ ਬੰਬ ਧਮਾਕੇ ਦੀ ਚਿਤਾਵਨੀ ਦਿੱਤੀ ਗਈ ਸੀ। ਇਹ ਸਾਰੀਆਂ ਧਮਕੀਆਂ ਈਮੇਲ ਰਾਹੀਂ ਮਿਲ ਰਹੀਆਂ ਸਨ। ਗੁਜਰਾਤ ਪੁਲਿਸ ਮਹੀਨਿਆਂ ਤੋਂ ਈਮੇਲ ਭੇਜਣ ਵਾਲੀ ਦੋਸ਼ੀ ਲੜਕੀ ਦਾ ਨਾਮ ਰੇਨੇ ਜੋਸ਼ੀਲਦਾ ਗਿਫਤਾਰ ਕਰ ਲਈ, ਜੋ ਚੇਨਈ ਦੀ ਇੱਕ ਮਸ਼ਹੂਰ ਬਹੁ-ਰਾਸ਼ਟਰੀ ਕੰਪਨੀ ਵਿੱਚ ਕੰਮ ਕਰਦੀ ਹੈ। ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਬਾਅਦ ਵੀ ਜੋਸ਼ੀਲਦਾ ਨੇ ਬੀਜੇ ਮੈਡੀਕਲ ਕਾਲਜ ਨੂੰ ਧਮਕੀ ਭਰੀ ਈਮੇਲ ਭੇਜੀ ਸੀ। ਜੋਸ਼ੀਲਦਾ ਨੇ ਇੱਕ ਜਾਅਲੀ ਆਈਡੀ ਬਣਾਈ ਸੀ ਅਤੇ ਡਰਕ ਅਤੇ ਡਾਰਕ ਵੈੱਬ ਦੀ ਮਦਦ ਨਾਲ ਇਹ ਧਮਕੀ ਭਰੇ ਈਮੇਲ ਭੇਜੇ ਸਨ। ਚੇਨਈ ਵਿੱਚ ਰਹਿਣ ਵਾਲੀ ਜੋਸ਼ੀਲਦਾ ਨੇ ਨਾ ਸਿਰਫ਼ ਗੁਜਰਾਤ ਨੂੰ ਸਗੋਂ 11 ਵੱਖ-ਵੱਖ ਰਾਜਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਭੇਜੀਆਂ ਸਨ। ਇਸ ਸੂਚੀ ਵਿੱਚ ਮਹਾਰਾਸ਼ਟਰ, ਤਾਮਿਲਨਾਡੂ, ਰਾਜਸਥਾਨ, ਦਿੱਲੀ, ਕਰਨਾਟਕ, ਕੇਰਲ, ਬਿਹਾਰ, ਤੇਲੰਗਾਨਾ, ਪੰਜਾਬ, ਮੱਧ ਪ੍ਰਦੇਸ਼ ਅਤੇ ਹਰਿਆਣਾ ਦੇ ਨਾਮ ਸ਼ਾਮਲ ਹਨ। ਅਜਿਹੀ ਸਥਿਤੀ ਵਿੱਚ 12 ਰਾਜਾਂ ਦੀ ਪੁਲਿਸ ਜੋਸ਼ੀਲਾ ਦੀ ਭਾਲ ਕਰ ਰਹੀ ਸੀ।

### ਇਹ ਵੱਡਾ ਕਾਰਨ ਸਾਹਮਣੇ ਆਇਆ

ਹੁਣ ਸਵਾਲ ਇਹ ਹੈ ਕਿ ਜੋਸ਼ੀਲਾ ਨੇ ਇਹ ਸਭ ਕਿਉਂ ਕੀਤਾ? ਜਵਾਬ ਇਹ ਹੈ ਕਿ ਜੋਸ਼ੀਲਾ ਨੇ ਪਿਆਰ ਵਿੱਚ ਬਦਲਾ ਲੈਣ ਲਈ ਇਹ ਸਾਜ਼ਿਸ਼ ਰਚੀ ਸੀ। ਹਾਂ, ਪੁਲਿਸ ਅਧਿਕਾਰੀ ਸ਼ਰਦ ਸਿੰਘਲ ਦੇ ਅਨੁਸਾਰ “ਜੋਸ਼ੀਲਦਾ ਨੂੰ ਦਿਵਿਜ ਪ੍ਰਭਾਕਰ ਨਾਮ ਦੇ ਇੱਕ ਵਿਅਕਤੀ ਨਾਲ ਪਿਆਰ ਸੀ ਅਤੇ ਉਹ ਉਸ ਨਾਲ ਵਿਆਹ ਕਰਨਾ ਚਾਹੁੰਦੀ ਸੀ। ਹਾਲਾਂਕਿ, ਜੋਸ਼ੀਲਾ ਦਾ ਪਿਆਰ ਇੱਕ ਪਾਸੜ ਸੀ। ਦਿਵਿਜ ਨੇ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਫਰਵਰੀ ਵਿੱਚ ਇੱਕ ਹੋਰ ਕੁੜੀ ਨਾਲ ਵਿਆਹ ਕਰਵਾ ਲਿਆ। ਅਜਿਹੀ ਸਥਿਤੀ ਵਿੱਚ ਦਿਵਿਜ ਨੂੰ ਫਸਾਉਣ ਲਈ ਜੋਸ਼ੀਲਾ ਨੇ ਉਸ ਦੇ ਨਾਮ ’ਤੇ ਇੱਕ ਜਾਅਲੀ ਈਮੇਲ ਆਈਡੀ ਬਣਾਈ ਅਤੇ 12 ਰਾਜਾਂ ਵਿੱਚ ਵੱਖ-ਵੱਖ ਥਾਵਾਂ ’ਤੇ ਧਮਕੀ ਭਰੇ ਈਮੇਲ ਭੇਜੇ।”

### ਚੇਨਈ ਤੋਂ ਪੁਲਿਸ ਨੇ ਗ੍ਰਿਫ਼ਤਾਰ ਕੀਤਾ

ਰੇਨੇ ਜੋਸ਼ੀਲਾ 2022 ਤੋਂ ਚੇਨਈ ਦੀ ਇੱਕ ਨਾਮਵਰ ਕੰਪਨੀ ਵਿੱਚ ਸੀਨੀਅਰ ਸਲਾਹਕਾਰ ਦੇ ਅਹੁਦੇ ’ਤੇ ਹੈ। ਉਹ ਇੱਕ ਰੋਬੋਟਿਕਸ



ਇੰਜੀਨੀਅਰ ਹੈ ਅਤੇ ਆਪਣੇ ਤਕਨੀਕੀ ਗਿਆਨ ਦੀ ਮਦਦ ਨਾਲ ਉਸ ਨੇ ਦਿਵਿਜ ਨੂੰ ਫਸਾਉਣ ਦੀ ਯੋਜਨਾ ਬਣਾਈ ਸੀ। ਅਹਿਮਦਾਬਾਦ ਪੁਲਿਸ ਨੇ ਜੋਸ਼ੀਲਾ ਨੂੰ ਉਸਦੇ ਚੇਨਈ ਵਾਲੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ।

# ਵਿਸ਼ਵ ਫੈਲੇ ਤਣਾਅ ਦੌਰਾਨ ਸੁਰੱਖਿਅਤ ਤੇ ਅਸੁਰੱਖਿਅਤ ਦੇਸ਼ ਕਿਹੜੇ ਹਨ ?

## ✪ ਗਲੋਬਲ ਪੀਸ ਇੰਡੈਕਸ 2025 ਅਨੁਸਾਰ ਰਿਪੋਟ ਆਈ ਸਾਹਮਣੇ ✪ ਇਰਾਨ ਤੇ ਇਜਰਾਈਲ ਝੜਪਾਂ, ਭਾਰਤ ਤੇ ਪਾਕਿ ਵਿਚ ਤਣਾਅ ਤੇ ਯੂਕਰੇਨ ਤੇ ਰੂਸ ਯੁਧ ਬਣ ਸਕਦਾ ਵਿਸ਼ਵ ਜੰਗ ਦਾ ਕਾਰਣ



ਦੁਨੀਆ ਵਿੱਚ ਵਿਸ਼ਵ ਯੁੱਧ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਮੱਧ ਪੂਰਬ ਵਿੱਚ ਦੋ ਸਾਲ ਪਹਿਲਾਂ ਗਾਜ਼ਾ ਵਿੱਚ ਸ਼ੁਰੂ ਹੋਈ ਜੰਗ ਹੁਣ ਈਰਾਨ ਤੱਕ ਪਹੁੰਚ ਗਈ ਹੈ। ਇਜ਼ਰਾਈਲ ਅਤੇ ਈਰਾਨ ਇੱਕ ਦੂਜੇ 'ਤੇ ਭਿਆਨਕ ਹਮਲੇ ਕਰ ਰਹੇ ਹਨ। ਇਸ ਜੰਗ ਵਿਚ ਅਮਰੀਕਾ ਵੀ ਸ਼ਾਮਲ ਹੋ ਗਿਆ ਹੈ। ਇਸ ਦੇ ਨਾਲ ਹੀ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਵੀ ਚੱਲ ਰਹੀ ਹੈ। ਗਲੋਬਲ ਪੀਸ ਇੰਡੈਕਸ 2025 ਦਰਸਾਉਂਦਾ ਹੈ ਕਿ ਦੁਨੀਆ ਵਿਚ ਪਹਿਲਾਂ ਨਾਲੋਂ ਘੱਟ ਸ਼ਾਂਤੀ ਹੈ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ਾਂਤੀ ਵਿੱਚ ਗਿਰਾਵਟ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਹੈ।

ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ ਹਰ ਸਾਲ ਗਲੋਬਲ ਪੀਸ ਇੰਡੈਕਸ ਜਾਰੀ ਕਰਦਾ ਹੈ, ਜੋ ਦੱਸਦਾ ਹੈ ਕਿ ਸਾਡੀ ਦੁਨੀਆ ਕਿੰਨੀ ਸੁਰੱਖਿਅਤ ਹੈ। 2025 ਦੇ ਅਧਿਐਨ ਦੇ ਨਤੀਜੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਅਸੁਰੱਖਿਅਤ ਦੇਸ਼ਾਂ ਬਾਰੇ ਦੱਸਦੇ ਹਨ। ਸੁਰੱਖਿਅਤ ਦੇਸ਼ਾਂ ਦੀ ਸੂਚੀ ਵਿੱਚ ਸਿਖਰ 'ਤੇ ਰਹਿਣ ਵਾਲੇ ਦੇਸ਼ ਉਹ ਹਨ ਜਿਨ੍ਹਾਂ ਕੋਲ ਲਚਕਦਾਰ ਸੰਸਥਾਵਾਂ, ਘੱਟ ਭ੍ਰਿਸ਼ਟਾਚਾਰ ਅਤੇ ਚੰਗੀ ਤਰ੍ਹਾਂ ਕੰਮ ਕਰਨ ਵਾਲਾ ਬੁਨਿਆਦੀ ਢਾਂਚਾ ਹੈ, ਜੋ ਉਨ੍ਹਾਂ ਨੂੰ ਯਾਤਰਾ ਲਈ ਆਦਰਸ਼ ਸਥਾਨ ਬਣਾਉਂਦਾ ਹੈ।

### 10 ਸਭ ਤੋਂ ਸੁਰੱਖਿਅਤ ਦੇਸ਼

ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਦੀ ਸੂਚੀ ਵਿੱਚ ਆਈਸਲੈਂਡ ਨੇ ਆਪਣਾ ਸਿਖਰਲਾ ਸਥਾਨ ਬਰਕਰਾਰ ਰੱਖਿਆ ਹੈ। ਖਾਸ ਗੱਲ ਇਹ ਹੈ ਕਿ ਇਸਨੇ 2008 ਤੋਂ ਆਪਣੀ ਸਥਿਤੀ ਬਣਾਈ ਰੱਖੀ ਹੈ। ਇਹ ਸੂਚੀ ਇਸ ਪ੍ਰਕਾਰ ਹੈ : ਆਈਸਲੈਂਡ, ਆਇਰਲੈਂਡ, ਆਸਟਰੀਆ, ਨਿਊਜ਼ੀਲੈਂਡ, ਸਵਿੱਟਜ਼ਰਲੈਂਡ, ਪੁਰਤਗਾਲ, ਡੈਨਮਾਰਕ, ਸਲੋਵੇਨੀਆ, ਮਲੇਸ਼ੀਆ, ਕੈਨੇਡਾ। ਸਭ ਤੋਂ ਅਸੁਰੱਖਿਅਤ ਦੇਸ਼ 2025 ਅਨੁਸਾਰ ਰੂਸ, ਯੂਕਰੇਨ, ਸੂਡਾਨ, ਕਾਂਗੋ, ਯਮਨ, ਸੀਰੀਆ, ਇਜ਼ਰਾਈਲ, ਅਫਗਾਨਿਸਤਾਨ, ਮਾਲੀ, ਦੱਖਣੀ ਸੂਡਾਨ ਹਨ।

ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆਂ ਵਿੱਚ ਵਿਸ਼ਵ ਸ਼ਾਂਤੀ ਇੱਕ ਵੱਡੀ ਚੁਣੌਤੀ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ 2024 ਦੀ ਰਿਪੋਰਟ ਮੁਤਾਬਕ, ਦੁਨੀਆਂ ਵਿੱਚ 12,121 ਪਰਮਾਣੂ ਹਥਿਆਰ ਹਨ, ਜਿਨ੍ਹਾਂ ਵਿੱਚੋਂ 3,904 ਸਰਗਰਮ ਹਨ। ਅਮਰੀਕਾ ਅਤੇ ਰੂਸ ਕੋਲ 8,000 ਤੋਂ ਵੱਧ ਪਰਮਾਣੂ ਹਥਿਆਰ ਹਨ, ਜੋ ਵਿਸ਼ਵ ਯੁੱਧ ਦੇ ਖਤਰੇ ਨੂੰ ਵਧਾਉਂਦੇ ਹਨ। ਰੂਸ-ਯੂਕਰੇਨ ਜੰਗ, ਇਜ਼ਰਾਈਲ-ਹਮਾਸ ਸੰਘਰਸ਼, ਅਤੇ ਚੀਨ-ਤਾਈਵਾਨ ਤਣਾਅ ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। 2019 ਵਿੱਚ ਵਿਗਿਆਨੀਆਂ ਨੇ ਅੰਦਾਜ਼ਾ ਲਾਇਆ ਸੀ ਕਿ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਅੱਤਵਾਦੀ ਹਮਲਾ ਪਰਮਾਣੂ ਯੁੱਧ ਦਾ ਕਾਰਨ ਬਣ ਸਕਦਾ ਹੈ, ਜੋ ਅਸਲੀਅਤ ਵੱਲ ਵਧ ਰਿਹਾ ਹੈ। ਬੀਤੇ ਸਮੇਂ ਦੌਰਾਨ 2025 ਵਿਚ ਪਹਿਲਗਾਮ ਅੱਤਵਾਦੀ ਹਮਲੇ ਵਿਚ 26 ਸੈਲਾਨੀ ਮਾਰੇ ਗਏ ਸਨ। 'ਦ ਰਜ਼ਿਸਟੈਂਟ ਫਰੰਟ', ਜੋ ਲਸ਼ਕਰ-ਏ-ਤਾਇਬਾ ਦੀ ਸ਼ਾਖਾ ਮੰਨਿਆ ਜਾਂਦਾ ਹੈ, ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਸੀ।



ਭਾਰਤ ਨੇ ਪਾਕਿਸਤਾਨ 'ਤੇ ਸਰਹੱਦ ਪਾਰ ਅੱਤਵਾਦ ਨੂੰ ਸਮਰਥਨ ਦੇਣ ਦਾ ਦੋਸ਼ ਲਾਇਆ, ਜਿਸ ਕਾਰਨ ਸਿੰਧੂ ਜਲ ਸੰਧੀ ਮੁਅੱਤਲ ਕਰ ਦਿੱਤੀ ਸੀ, ਸਰਹੱਦਾਂ ਬੰਦ ਕਰ ਦਿੱਤੀਆਂ ਸਨ, ਤੇ 7 ਮਈ 2025 ਨੂੰ ਪਾਕਿਸਤਾਨ ਵਿਚ 9 ਸਟੀਕ ਸਟ੍ਰਾਈਕ ਕੀਤੀਆਂ ਗਈਆਂ ਸਨ ਭਾਰਤ ਪਾਕਿਸਤਾਨ ਦਰਮਿਆਨ ਝੜਪਾਂ ਵੀ ਹੋਈਆਂ ਸਨ।

ਗਲੋਬਲ ਪੀਸ ਇੰਡੈਕਸ 2025 ਵਿੱਚ ਭਾਰਤ 115ਵੇਂ ਸਥਾਨ 'ਤੇ ਹੈ। ਭਾਰਤ ਦਾ ਦਰਜਾ ਪਿਛਲੇ ਸਾਲ ਵੀ ਇਹੀ ਸੀ ਅਤੇ ਪਿਛਲੇ ਇੱਕ ਸਾਲ ਵਿੱਚ ਇਸ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ। ਹਾਲਾਂਕਿ, ਇਸ ਸਮੇਂ ਦੌਰਾਨ, ਅੱਤਵਾਦੀਆਂ ਲਈ ਸੁਰੱਖਿਅਤ ਪਨਾਹਗਾਹ ਮੰਨੇ ਜਾਣ ਵਾਲੇ ਪਾਕਿਸਤਾਨ ਦੀ ਦਰਜਾਬੰਦੀ ਵਿੱਚ ਸੁਧਾਰ ਹੋਇਆ ਹੈ। ਪਾਕਿਸਤਾਨ ਦੀ ਦਰਜਾਬੰਦੀ ਵਿੱਚ ਇੱਕ ਅੰਕ ਦਾ ਵਾਧਾ ਹੋਇਆ ਹੈ ਅਤੇ ਇਸ ਵਾਰ ਇਹ 144ਵੇਂ ਸਥਾਨ 'ਤੇ ਹੈ। ਪਾਕਿਸਤਾਨ ਦਾ ਦੋਸਤ ਤੁਰਕੀ 146ਵੇਂ ਸਥਾਨ 'ਤੇ ਇਸ ਤੋਂ ਦੋ ਅੰਕ ਹੇਠਾਂ ਹੈ।

## ਵਿਸ਼ਵ ਪ੍ਰਮਾਣੂ ਯੁੱਧ ਦਾ ਖਤਰਾ ਮੰਡਰਾਇਆ

ਸਿਪਰੀ ਮੁਤਾਬਕ, ਭਾਰਤ ਤੇ ਪਾਕਿਸਤਾਨ ਦੋਵਾਂ ਕੋਲ ਲਗਭਗ 170-170 ਪਰਮਾਣੂ ਹਥਿਆਰ ਹਨ ਜੋ ਖਤਰੇ ਨੂੰ ਹੋਰ ਗੰਭੀਰ ਕਰਦੇ ਹਨ। ਪਾਕਿਸਤਾਨ ਦੀ ਸਿਆਸੀ ਅਸਥਿਰਤਾ, ਅੱਤਵਾਦੀ ਸਮੂਹਾਂ ਦੀ ਮੌਜੂਦਗੀ, ਤੇ ਭਾਰਤ-ਵਿਰੋਧੀ ਨੀਤੀਆਂ ਨੇ ਭਾਰਤ ਲਈ ਖਤਰੇ ਦੀ ਸਥਿਤੀ ਪੈਦਾ ਕਰ ਦਿਤੀ ਹੈ।

ਚੀਨ ਪਾਕਿਸਤਾਨ ਦਾ ਸਭ ਤੋਂ ਵੱਡਾ ਸਾਥੀ ਹੈ ਚੀਨ-ਪਾਕਿਸਤਾਨ ਆਰਥਿਕ ਕਾਰੀਡੋਰ ਰਾਹੀਂ ਅਰਬਾਂ ਡਾਲਰ ਦਾ ਨਿਵੇਸ਼ ਕਰ ਰਿਹਾ ਹੈ। ਚੀਨ ਪਾਕਿਸਤਾਨ ਨੂੰ ਹਥਿਆਰ, ਜੰਗੀ ਜਹਾਜ਼, ਤੇ ਮਿਜ਼ਾਈਲ ਤਕਨੀਕ ਦੇ ਰਿਹਾ ਹੈ, ਜਿਸ ਦਾ ਮਕਸਦ ਭਾਰਤ ਨੂੰ ਘੇਰਨਾ ਤੇ ਹਿੰਦ ਮਹਾਸਾਗਰ ਵਿਚ ਆਪਣੀ ਧਾਕ ਜਮਾਉਣਾ ਹੈ।

ਅਮਰੀਕਾ ਦੀ ਸਹਾਇਤਾ ਸਥਿਤੀ ਅਨੁਸਾਰ ਹੁੰਦੀ ਹੈ। ਅਫਗਾਨਿਸਤਾਨ ਜੰਗ ਦੌਰਾਨ ਅਮਰੀਕਾ ਨੇ ਪਾਕਿਸਤਾਨ ਨੂੰ ਅਰਬਾਂ ਡਾਲਰ ਦਿੱਤੇ ਹਨ, ਪਰ 2018 ਤੋਂ ਬਾਅਦ ਇਹ ਸਹਾਇਤਾ ਘਟੀ ਸੀ। 2025 ਵਿਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਤੇ ਪਾਕਿਸਤਾਨੀ ਫੌਜ ਮੁਖੀ ਆਸਿਮ ਮੁਨੀਰ ਦੀ ਮੁਲਾਕਾਤ ਨੇ ਅਮਰੀਕੀ ਸਹਾਇਤਾ ਦੀਆਂ ਅਟਕਲਾਂ ਨੂੰ ਜਨਮ ਦਿੱਤਾ ਸੀ।

ਚੀਨ ਦੇ ਸਬੰਧ 'ਚ ਭਾਰਤ 'ਸਟ੍ਰੈਟਜਿਕ ਸਵੈ-ਨਿਰਭਰਤਾ' ਦੀ ਨੀਤੀ ਅਪਣਾਉਂਦਾ ਹੈ। ਅਮਰੀਕਾ, ਜਾਪਾਨ, ਤੇ ਆਸਟਰੇਲੀਆ ਨਾਲ ਕਵਾਡ ਰਾਹੀਂ ਭਾਰਤ ਚੀਨ ਦੀ ਵਧਦੀ ਧੌਂਸ ਨੂੰ ਸੰਤੁਲਿਤ ਕਰ ਰਿਹਾ ਹੈ। ਅਮਰੀਕਾ ਨਾਲ ਸਬੰਧ ਮਜ਼ਬੂਤ ਹਨ, ਪਰ ਟਰੰਪ ਦੀ ਪਾਕਿਸਤਾਨ ਨਾਲ ਨੇੜਤਾ ਨੇ ਭਾਰਤ ਨੂੰ ਖਤਰਾ ਮਹਿਸੂਸ ਕਰਾਇਆ ਹੈ। ਫਾਈਨੈਂਸ਼ੀਅਲ ਟਾਈਮਜ ਦੇ ਅਨੁਸਾਰ, ਕਸ਼ਮੀਰ ਮੁੱਦੇ 'ਤੇ ਭਾਰਤ ਦੀ ਵਿਦੇਸ਼ ਨੀਤੀ ਇਸ ਤੱਥ 'ਤੇ ਅਧਾਰਿਤ ਹੈ ਕਿ ਪਾਕਿਸਤਾਨ ਨੂੰ ਵਿਸ਼ਵ ਨੇਤਾਵਾਂ ਵਿੱਚ ਭਾਰਤ ਵਾਂਗ ਸਥਾਨ ਨਹੀਂ ਦੇਣਾ ਚਾਹੀਦਾ, ਪਰ ਹੁਣ ਡੋਨਾਲਡ ਟਰੰਪ ਦੀ 'ਦੋਗਲੀ' ਨੀਤੀ ਦੇ ਸਾਹਮਣੇ ਇਹ ਕਾਫ਼ੀ ਮੁਸ਼ਕਲ ਜਾਪਦਾ ਹੈ। ਟਰੰਪ ਵਾਰ-ਵਾਰ ਕਸ਼ਮੀਰ 'ਤੇ ਵਿਚੋਲਗੀ ਦੀ ਗੱਲ ਕਰ ਰਹੇ ਹਨ ਅਤੇ ਅਸੀਮ ਮੁਨੀਰ ਉਨ੍ਹਾਂ ਨੂੰ ਨੋਬਲ ਪੁਰਸਕਾਰ ਦਾ ਉਮੀਦਵਾਰ ਕਹਿ ਰਹੇ ਹਨ। ਇਹ ਗੱਲਾਂ ਭਾਰਤ ਲਈ ਯਕੀਨੀ ਤੌਰ 'ਤੇ ਪਰੇਸ਼ਾਨ ਕਰਨ ਵਾਲੀਆਂ ਹਨ।

ਫਾਈਨੈਂਸ਼ੀਅਲ ਟਾਈਮਜ਼ ਨੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨਾਲ ਆਪਣੇ ਨਿੱਘੇ ਨਿੱਜੀ ਸਬੰਧਾਂ 'ਤੇ ਭਰੋਸਾ ਕਰਨ ਦੀ ਗਲਤੀ ਕੀਤੀ ਹੈ। ਨਿੱਜੀ ਸਬੰਧ ਬਣਾਉਣ ਦੀ ਮੋਦੀ ਦੀ ਕੂਟਨੀਤਕ ਰਣਨੀਤੀ, ਜਿਸ 'ਤੇ ਭਾਰਤ ਪਿਛਲੇ ਦਹਾਕੇ ਤੋਂ ਅਮਰੀਕੀ ਰਾਸ਼ਟਰਪਤੀ ਅਤੇ ਹੋਰ ਨੇਤਾਵਾਂ ਉਪਰ ਭਰੋਸਾ ਕਰ ਰਿਹਾ ਹੈ, ਹੁਣ ਸਵਾਲਾਂ ਦੇ ਘੇਰੇ ਵਿੱਚ ਹੈ। ਅੱਜ ਦੁਨੀਆ ਬਹੁਤ ਸਾਰੇ ਟਕਰਾਵਾਂ ਵਿੱਚ ਫਸੀ ਹੋਈ ਹੈ ਅਤੇ ਵਿਸ਼ਵਵਿਆਪੀ ਹਫੜਾ-ਦਫੜੀ ਦੀ ਸਥਿਤੀ ਨਵੀਂ ਹਕੀਕਤ ਹੈ, ਜਿਸ ਵਿੱਚ ਅਮਰੀਕਾ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਗਲੋਬਲ ਪੀਸ ਇੰਡੈਕਸ 2025 ਦੀ ਰਿਪੋਰਟ ਦੱਸਦੀ ਹੈ ਕਿ ਅਸ਼ਾਂਤੀ ਵਧ ਰਹੀ ਹੈ, ਖਾਸ ਕਰਕੇ ਭਾਰਤ-ਪਾਕਿਸਤਾਨ ਵਰਗੇ ਖੇਤਰਾਂ ਵਿਚ। ਪਾਕਿਸਤਾਨ ਤੋਂ ਭਾਰਤ ਨੂੰ ਅੱਤਵਾਦ ਤੇ ਪਰਮਾਣੂ ਜੰਗ ਦਾ ਖਤਰਾ ਹੈ।

# ਲੰਡਨ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਯੋਗ ਦਿਵਸ ਮਨਾਇਆ ਮਹਾਰਾਜਾ ਚਾਰਲਸ ਤੀਜੇ ਨੇ ਜਾਰੀ ਕੀਤਾ ਵਿਸ਼ੇਸ਼ ਸੰਦੇਸ਼





ਲੰਡਨ ਵਿੱਚ ਯੋਗ ਦਿਵਸ ਮਨਾਉਂਦੇ ਹੋਏ ਵੱਖ-ਵੱਖ ਭਾਈਚਾਰਿਆਂ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਸੈਂਕੜੇ ਲੋਕ ਲੰਡਨ ਦੇ ਸਟ੍ਰੈਂਡ ਖੇਤਰ ਦੇ ਇੱਕ ਪ੍ਰਤੀਕ ਚੌਕ 'ਤੇ ਇਕੱਠੇ ਹੋਏ, ਜਿੱਥੇ ਉਨ੍ਹਾਂ ਨੇ ਭਾਰਤੀ ਹਾਈ ਕਮਿਸ਼ਨ ਦੁਆਰਾ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਮਾਹਿਰਾਂ ਦੀ ਅਗਵਾਈ ਹੇਠ ਇਕੱਠੇ ਯੋਗਾ ਕਰਦਿਆਂ ਯੋਗ ਦਿਵਸ ਮਨਾਇਆ। ਬਰਤਾਨੀਆ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਇਸ ਮੌਕੇ 'ਤੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਯੋਗ ਦਿਵਸ ਦੀ 10ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕਿੰਗ ਚਾਰਲਸ ਤੀਜੇ ਦੇ ਵਿਸ਼ੇਸ਼ ਸੰਦੇਸ਼ ਨੂੰ ਪੜ੍ਹ ਕੇ ਜਸ਼ਨਾਂ ਦੀ ਸ਼ੁਰੂਆਤ ਕੀਤੀ। ਯੋਗ ਵਿੱਚ ਆਪਣੀ ਦਿਲਚਸਪੀ ਲਈ ਮਸ਼ਹੂਰ 76 ਸਾਲਾ ਮਹਾਰਾਜਾ ਚਾਰਲਸ ਤੀਜੇ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਇਹ ਸਾਲਾਨਾ ਤਿਉਹਾਰ ਏਕਤਾ, ਦਇਆ ਅਤੇ ਤੰਦਰੁਸਤੀ ਵਰਗੇ ਵਿਸ਼ਵਵਿਆਪੀ ਸਿਧਾਂਤਾਂ ਨੂੰ ਉਤਸ਼ਾਹਿਤ ਕਰਦਾ ਹੈ।

ਬਕਿੰਘਮ ਪੈਲੇਸ ਤੋਂ ਜਾਰੀ ਉਨ੍ਹਾਂ ਦੇ ਸੰਦੇਸ਼ ਵਿੱਚ ਕਿਹਾ ਗਿਆ ਹੈ ਕਿ, "ਇਸ ਸਾਲ ਦਾ ਥੀਮ 'ਇੱਕ ਧਰਤੀ, ਇੱਕ ਸਿਹਤ ਲਈ ਯੋਗਾ' ਸਾਨੂੰ ਯਾਦ ਦਿਵਾਉਂਦਾ ਹੈ ਕਿ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਖੁਸ਼ਹਾਲ ਅਤੇ ਸਿਹਤਮੰਦ ਭਵਿੱਖ ਨੂੰ ਯਕੀਨੀ ਬਣਾਉਣ ਲਈ ਦੁਨੀਆ ਲਈ ਇੱਕਜੁੱਟ ਹੋਣਾ ਕਿੰਨਾ ਮਹੱਤਵਪੂਰਨ ਹੈ।" ਦੋਰਾਇਸਵਾਮੀ ਨੇ ਦੱਸਿਆ ਕਿ ਇਸ ਪ੍ਰਸਤਾਵ ਨੂੰ ਇੱਕ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਜਿਸਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿੱਚ ਇੱਕ ਵਿਚਾਰ ਵਜੋਂ ਪੇਸ਼ ਕੀਤਾ ਸੀ, ਜਿਸ ਨੂੰ ਸੰਯੁਕਤ ਰਾਸ਼ਟਰ ਦੁਆਰਾ ਮਨਜ਼ੂਰੀ ਦਿੱਤੀ ਗਈ ਅਤੇ ਯੋਗਾ ਇੱਕ "ਬਹੁਤ ਮਹੱਤਵਪੂਰਨ" ਪਹਿਲਕਦਮੀ ਹੈ ਜਿਸਨੂੰ ਸਾਰੇ ਭਾਗੀਦਾਰ ਦੇਸ਼ਾਂ ਦਾ ਸਮਰਥਨ ਪ੍ਰਾਪਤ ਹੈ।

ਹਾਈ ਕਮਿਸ਼ਨਰ ਦੋਰਾਏਸਵਾਮੀ ਨੇ ਕਿਹਾ ਕਿ,"ਯੋਗਾ ਇੱਕ ਅਜਿਹੀ ਚੀਜ਼ ਹੈ ਜੋ ਇੱਕ ਵਿਸ਼ਵਵਿਆਪੀ ਭਾਸ਼ਾ ਬੋਲਦੀ ਹੈ, ਮਨੁੱਖੀ ਅਨੁਭਵ ਦੀ ਸਾਂਝੀਦਾਰੀ ਦਾ ਵਿਚਾਰ ਹੈ। ਅਸੀਂ ਭਾਵੇਂ ਕਿੱਥੋਂ ਵੀ ਆਏ ਹੋਈਏ, ਅਸੀਂ ਕਿਹੋ ਜਿਹੇ ਵੀ ਦਿਖਾਈ ਦਿੰਦੇ ਹੋਈਏ, ਅਸੀਂ ਕਿਵੇਂ ਵੀ ਪ੍ਰਾਰਥਨਾ ਕਰਦੇ ਹੋਈਏ, ਅਸੀਂ ਜੋ ਵੀ ਬੋਲਦੇ ਹੋਈਏ ਪਰ ਸਾਡੇ ਸਰੀਰਾਂ ਨੂੰ ਇੱਕੋ ਜਿਹੇ ਇਲਾਜ ਦੀ ਲੋੜ ਹੈ।" ਇਸ ਸਾਲ ਦਾ ਪ੍ਰੋਗਰਾਮ ਕਿੰਗਜ਼ ਕਾਲਜ ਲੰਡਨ ਨਾਲ ਸਾਂਝੇਦਾਰੀ ਨਾਲ ਆਯੋਜਿਤ ਕੀਤਾ ਗਿਆ ਸੀ, ਜਿਸਦਾ ਕੈਂਪਸ ਇੰਡੀਆ ਹਾਊਸ ਦੇ ਨੇੜੇ ਹੈ।

ਕਿੰਗਜ਼ ਕਾਲਜ ਲੰਡਨ ਦੇ ਸਿਹਤ ਅਤੇ ਜੀਵਨ ਵਿਗਿਆਨ ਦੇ ਸੀਨੀਅਰ ਉਪ ਪ੍ਰਧਾਨ ਗ੍ਰਾਹਮ ਲਾਰਡ ਨੇ ਕਿਹਾ, "ਕਿੰਗਜ਼ ਕਾਲਜ ਲੰਡਨ ਭਾਈਚਾਰੇ, ਸਿਹਤ, ਅੰਦਰੂਨੀ ਸ਼ਾਂਤੀ ਅਤੇ ਯੋਗਾ ਦੁਆਰਾ ਦਰਸਾਈ ਗਈ ਹਰ ਚੀਜ਼ ਦੇ ਮੁੱਲਾਂ ਨੂੰ ਸਾਂਝਾ ਕਰਦਾ ਹੈ।" ਉਨ੍ਹਾਂ ਨੇ ਕਿਹਾ ਕਿ, ਇਹ ਹਾਈ ਕਮਿਸ਼ਨ ਨਾਲ ਸਾਡੀਆਂ ਬਹੁਤ ਸਾਰੀਆਂ ਸਾਂਝੇਦਾਰੀਆਂ ਵਿੱਚੋਂ ਪਹਿਲੀ ਹੈ ਅਤੇ ਇਹ ਯੂ.ਕੇ ਅਤੇ ਭਾਰਤ ਵਿਚਕਾਰ ਸਾਂਝੇਦਾਰੀ ਨੂੰ ਵੀ ਦਰਸਾਉਂਦੀ ਹੈ, ਜਿਨ੍ਹਾਂ ਨੇ ਜਿਵੇਂ ਕਿ ਤੁਸੀਂ ਜਾਣਦੇ ਹੋ, ਹਾਲ ਹੀ ਵਿੱਚ ਇੱਕ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਸਾਡੇ ਲਈ ਹੋਰ ਵੀ ਮਜ਼ਬੂਤ ਸਬੰਧ ਬਣਾਉਣਾ ਸ਼ਾਨਦਾਰ ਹੈ।

## ਸਿਟੀ ਸਿੱਖ ਸੰਸਥਾ ਦੇ ਸਹਿ ਸੰਸਥਾਪਕ ਜਸਵੀਰ ਸਿੰਘ ਨੂੰ ਮਹਾਰਾਜਾ ਚਾਰਲਸ ਤੀਜੇ ਵੱਲੋਂ ਸੀ ਬੀ ਈ ਖ਼ਿਤਾਬ ਨਾਲ ਸਨਮਾਨਿਤ



ਜਸਵੀਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਮਹਾਰਾਜਾ ਚਾਰਲਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਮਾਜ ਸੇਵੀ ਸੰਸਥਾ ਸਿਟੀ ਸਿੱਖ ਸੰਸਥਾ ਦੇ ਸਹਿ ਸੰਸਥਾਪਕ ਜਸਵੀਰ ਸਿੰਘ ਨੂੰ ਮਹਾਰਾਜਾ ਚਾਰਲਸ ਤੀਜੇ ਵੱਲੋਂ ਸੀ ਬੀ ਈ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ। ਬਕਿੰਘਮ ਪੈਲੇਸ ਵਿਖੇ ਹੋਏ ਇੱਕ ਵਿਵੇਸ਼ ਸਮਾਰੋਹ ਵਿੱਚ ਦੌਰਾਨ ਜਸਵੀਰ ਸਿੰਘ ਨੇ ਸੀ ਬੀ ਈ ਪ੍ਰਾਪਤ ਕੀਤਾ। ਉਹ ਸੀ ਬੀ ਈ ਪ੍ਰਾਪਤ ਕਰਨ ਵਾਲਾ ਹੁਣ ਤੱਕ ਦਾ ਸਭ ਤੋਂ ਘੱਟ ਉਮਰ ਦਾ ਸਿੱਖ ਹੈ।ਮਹਾਰਾਜਾ ਚਾਰਲਸ ਨੇ ਜਸਵੀਰ ਸਿੰਘ ਨੂੰ ਸਨਮਾਨ ਦਿੰਦਿਆਂ ਉਨ੍ਹਾਂ ਨਾਲ ਦੱਖਣੀ ਏਸ਼ੀਅਨ ਵਿਰਾਸਤ ਮਹੀਨੇ ਅਤੇ ਬ੍ਰਿਟਿਸ਼ ਏਸ਼ੀਅਨ ਟਰੱਸਟ ਦੁਆਰਾ ਕੀਤੇ ਗਏ ਮਹੱਤਵਪੂਰਨ ਕਾਰਜਾਂ ਦੇ ਨਾਲ-ਨਾਲ ਅੱਜ ਬਰਤਾਨੀਆ ਵਿੱਚ ਸਿੱਖ ਭਾਈਚਾਰੇ ਵਿੱਚ ਮਹਾਰਾਜੇ ਦੇ ਮਾਣ ਬਾਰੇ ਗੱਲ ਕੀਤੀ।

ਸਮਾਰੋਹ ਤੋਂ ਬਾਅਦ, ਜਸਵੀਰ ਨੇ ਕਿਹਾ, "ਮੈਂ ਮਹਾਰਾਜਾ ਤੋਂ ਆਪਣਾ ਸਨਮਾਨ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਜਦੋਂ ਮੇਰੇ ਦਾਦਾ ਜੀ 1965 ਵਿੱਚ ਯੂ ਕੇ ਆਏ ਸਨ, ਤਾਂ ਬਰਤਾਨੀਆ ਅੱਜ ਦੇ ਸਮੇਂ ਨਾਲੋਂ ਬਹੁਤ ਵੱਖਰੀ ਜਗ੍ਹਾ ਸੀ। ਉਹ ਕੇਂਦਰੀ ਲੰਡਨ ਵਿੱਚ ਰੌਇਲ ਮੇਲ ਲਈ ਕੰਮ ਕਰਦੇ ਸਨ, ਡਾਕ ਪੱਤਰਾਂ ਨੂੰ ਛਾਂਟਦੇ ਸਨ। ਜਿਹਨਾਂ ਵਿੱਚ ਬਕਿੰਘਮ ਪੈਲਿਸ ਦੇ ਪੱਤਰ ਵੀ ਸ਼ਾਮਲ ਸਨ। 60 ਸਾਲ ਬਾਅਦ, ਮੈਂ ਆਪਣਾ ਸੀ ਬੀ ਈ ਲੈਣ ਅਤੇ ਭਵਿੱਖ ਲਈ ਉਮੀਦ ਦਾ ਸੰਦੇਸ਼ ਦੇਣ ਲਈ ਉਸੇ ਮਹਿਲ ਵਿੱਚ ਆਉਣਾ ਮਾਣ ਵਾਲੀ ਗੱਲ ਹੈ।" ਇਹ ਵਿਸ਼ੇਸ਼ ਪੁਰਸਕਾਰ ਜਸਵੀਰ ਸਿੰਘ ਦੇ ਯੂ ਕੇ ਭਰ ਵਿੱਚ ਧਾਰਮਿਕ ਭਾਈਚਾਰਿਆਂ, ਸਮਾਜ ਸੇਵਾ ਅਤੇ ਸਮਾਜਿਕ ਏਕਤਾ ਲਈ ਕੀਤੇ ਕੰਮਾਂ ਲਈ ਦਿੱਤਾ ਗਿਆ ਹੈ।

## ਭਾਰਤ ਨੇ ਈਰਾਨ ਤੋਂ 292 ਹੋਰ ਭਾਰਤੀਆਂ ਨੂੰ ਲਿਆਂਦਾ ਵਾਪਸ

### ✪ ਹੁਣ ਤੱਕ 2,295 ਨਾਗਰਿਕਾਂ ਨੂੰ ਲਿਆ ਚੁੱਕੇ ਨੇ ਵਾਪਸ



**ਨਵੀਂ ਦਿੱਲੀ-ਭਾਰਤ ਨੇ ਈਰਾਨ ਤੋਂ ਆਪਣੇ ਨਾਗਰਿਕਾਂ ਨੂੰ ਮੰਗਲਵਾਰ ਨੂੰ ਵੀ ਕੱਢਣਾ ਜਾਰੀ ਰੱਖਿਆ। ਹੁਣ ਤੱਕ 2,295 ਨਾਗਰਿਕਾਂ ਨੂੰ ਵਾਪਸ ਲਿਆਂਦਾ ਜਾ ਚੁੱਕਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਮੁਤਾਬਕ ਤੜਕੇ 3.30 ਵਜੇ ਮਸ਼ਹਦ ਤੋਂ ਨਵੀਂ ਦਿੱਲੀ ਪੁੱਜੇ ਇਕ ਵਿਸ਼ੇਸ਼ ਜਹਾਜ਼ ਰਾਹੀਂ 292 ਭਾਰਤੀ ਨਾਗਰਿਕਾਂ ਨੂੰ ਈਰਾਨ ਤੋਂ ਕੱਢ ਕੇ ਦੇਸ਼ ਵਾਪਸ ਲਿਆਂਦਾ ਗਿਆ। ਕੇਂਦਰੀ ਮੰਤਰੀ ਐੱਲ ਮੁਰੂਗਨ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਸਵਾਗਤ ਕੀਤਾ।**

# ਸੰਘ ਪਰਿਵਾਰ ਦੀਆਂ ਕੋਸ਼ਿਸ਼ਾਂ ਸਦਕਾ ਧਰਮ ਪਰਿਵਰਤਨ ਖ਼ਿਲਾਫ਼ ਹਿੰਦੂ-ਸਿੱਖ ਸੰਤ ਹੋਏ ਇਕਠੇ

## ✪ ਪੰਜਾਬ ਭਰ ਵਿਚ ਮੰਦਰਾਂ ਤੇ ਗੁਰਦੁਆਰਿਆਂ ਵਿਚ ਬਣਾਉਣਗੇ ਕਮੇਟੀਆਂ

ਬਠਿੰਡਾ-ਪੰਜਾਬ ਵਿਚ ਤੇਜ਼ੀ ਨਾਲ ਹੋ ਰਹੇ ਧਰਮ ਪਰਿਵਰਤਨ ਖ਼ਿਲਾਫ਼ ਹਿੰਦੂ ਅਤੇ ਸਿੱਖ ਸੰਤਾਂ ਨੇ ਸੰਘ ਪਰਿਵਾਰ ਦੇ ਉਦਮ ਨਾਲ ਬੀਤੇ ਐਤਵਾਰ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਬਿਗਲ ਵਜਾ ਦਿੱਤਾ। ਸਾਰੇ ਸੰਤਾਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਹੋਰ ਦੇਸ਼ਾਂ ਵਿਚ ਬਹੁਗਿਣਤੀ ਭਾਈਚਾਰੇ ਦੇ ਲੋਕ ਘੱਟ ਗਿਣਤੀਆਂ ਦਾ ਧਰਮ ਪਰਿਵਰਤਨ ਕਰਵਾਉਂਦੇ ਹਨ ਪਰ ਭਾਰਤ ਵਿਚ ਇਸ ਦੇ ਉਲਟ ਹੋ ਰਿਹਾ ਹੈ। ਭਾਰਤ ਵਿਚ ਘੱਟ ਗਿਣਤੀ ਲੋਕ ਬਹੁਗਿਣਤੀ ਲੋਕਾਂ ਦਾ ਧਰਮ ਪਰਿਵਰਤਨ ਕਰਵਾ ਰਹੇ ਹਨ। ਸੰਮੇਲਨ ਵਿਚ ਇਹ ਸੰਘਰਸ਼ ਕਰਨ ਦਾ ਸੰਕਲਪ ਲਿਆ ਗਿਆ ਕਿ ਧਰਮ ਪਰਿਵਰਤਨ ਖ਼ਿਲਾਫ਼ ਜੰਗ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ ਅਤੇ ਇਸ ਦੇ ਖ਼ਿਲਾਫ਼ ਸਪੈਸ਼ਲ ਕਮੇਟੀਆਂ ਬਣਾਈਆਂ ਜਾਣਗੀਆਂ। ਪੰਜਾਬ ਦੇ ਹਰ ਮੰਦਰ ਤੇ ਗੁਰਦੁਆਰੇ ਵਿਚ ਕਮੇਟੀਆਂ ਬਣਾਈਆਂ ਜਾਣਗੀਆਂ ਅਤੇ ਦੂਜੇ ਧਰਮ ਵਿਚ ਜਾ ਚੁੱਕੇ ਲੋਕਾਂ ਦੀ ਘਰ ਵਾਪਸੀ ਕਰਵਾਈ ਜਾਵੇਗੀ। ਮੰਦਰਾਂ ਅਤੇ ਗੁਰਦੁਆਰਿਆਂ ਨੂੰ ਆਪਣੇ ਟੀਚੇ ਫਿਕਸ ਕਰਨੇ ਪੈਣਗੇ।




ਇਸ ਸੰਮੇਲਨ ਵਿਚ ਪੰਜਾਬ ਦੇ ਨਾਲ-ਨਾਲ ਰਾਜਸਥਾਨ, ਹਰਿਦੁਆਰ ਅਤੇ ਅਮਰੀਕਾ ਦੇ ਸੰਤਾਂ ਨੇ ਭਾਗ ਲਿਆ। ਸੰਮੇਲਨ ਵਿਚ ਮਹਾਮੰਡਲੇਸ਼ਵਰ ਸਵਾਮੀ ਰੁਪੇਂਦਰ ਪ੍ਰਕਾਸ਼ ਮਹਾਰਾਜ, ਸਵਾਮੀ ਹਠਯੋਗੀ ਮਹਾਰਾਜ, ਸਵਾਮੀ ਪ੍ਰਬੋਧਾਨੰਦ ਗਿਰੀ ਮਹਾਰਾਜ, ਸਵਾਮੀ ਅਨੰਤਾਨੰਦ ਮਹਾਰਾਜ, ਮਹੰਤ ਰਾਘਵੇਂਦਰ ਦਾਸ ਮਹਾਰਾਜ, ਮਹੰਤ ਸੂਰਿਆਂਸ ਮੁਨੀ ਮਹਾਰਾਜ, ਸੰਤ ਰਾਮ ਵਿਸ਼ਾਲ ਦਾਸ ਮਹਾਰਾਜ, ਸਵਾਮੀ ਸਰਵਾਨੰਦ ਗਿਰੀ ਮਹਾਰਾਜ, ਹਰਦੇਵ ਸਿੰਘ ਰਾਜਸਥਾਨ, ਸੰਤ ਹਰਜੋਤ ਸਿੰਘ, ਸੰਤ ਗੁਰਪ੍ਰੀਤ ਸਿੰਘ ਕੈਲੀਫੋਰਨੀਆ, ਦਸਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਧੀ, ਮਹੰਤ ਅਤੁਲ ਕ੍ਰਿਤਵ ਮਹਾਰਾਜ, ਮਹੰਤ ਪ੍ਰਭਜੋਤ ਸਿੰਘ ਮਹਾਰਾਜ, ਸੁਪਰੀਮ ਕੋਰਟ ਦੇ ਵਕੀਲ ਅਸ਼ਵਨੀ ਉਪਾਧਿਆਏ, ਆਰਐੱਸਐੱਸ ਦੇ ਰਾਮ ਗੋਪਾਲ ਅਤੇ ਦਸਮੇਸ਼ ਤਰਨਾ ਦਲ ਦੇ ਜ਼ਿਲ੍ਹਾ ਬਠਿੰਡਾ ਦੇ ਜਥੇਦਾਰ ਬਾਬਾ ਬਲਮ ਸਿੰਘ ਆਦਿ ਮੌਜੂਦ ਰਹੇ। ਸੰਮੇਲਨ ਦੇ ਸੰਚਾਲਕ ਸੁਖਪਾਲ ਸਰਾਂ, ਆਸ਼ੂਤੋਸ਼ ਤਿਵਾਰੀ ਅਤੇ ਸੰਦੀਪ ਅਗਰਵਾਲ ਨੇ ਮਹਿਮਾਨਾਂ ਦਾ ਸਵਾਗਤ ਕੀਤਾ।

ਦਸਮੇਸ਼ ਤਰਨਾ ਦਲ ਦੇ ਜ਼ਿਲ੍ਹਾ ਬਠਿੰਡਾ ਦੇ ਜਥੇਦਾਰ ਬਾਬਾ ਬਲਮ ਸਿੰਘ ਨੇ ਕਿਹਾ ਕਿ ਈਸਾਈ ਲੋਕ ਗਰੀਬ ਲੋਕਾਂ ਨੂੰ ਲਾਲਚ ਦੇ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਵਾ ਰਹੇ ਹਨ। ਇਸ ਨੂੰ ਰੋਕਣ ਲਈ ਸਾਨੂੰ ਆਪਣੇ ਆਸ-ਪਾਸ ਦੇ ਗਰੀਬ ਲੋਕਾਂ ਦੀ ਪਛਾਣ ਕਰਨੀ ਹੋਵੇਗੀ। ਗਰੀਬ ਘਰਾਂ ਦੀਆਂ ਧੀਆਂ ਦਾ ਵਿਆਹ ਕਰਵਾਇਆ ਜਾਵੇਗਾ, ਲੋੜਵੰਦ ਲੋਕਾਂ ਦੇ ਘਰ ਬਣਾ ਕੇ ਦਿੱਤੇ ਜਾਣਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕਿਸੇ ਪਗੜੀਧਾਰੀ ਸਿੱਖ ਨੂੰ ਈਸਾਈ ਬਣਦੇ ਦੇਖਿਆ ਤਾਂ ਫਿਰ ਉਸ ਦੀ ਖੈਰ ਨਹੀਂ।

ਹਰਿਦਵਾਰ ਤੋਂ ਆਏ ਸਵਾਮੀ ਅਨੰਤਾਨੰਦ ਨੇ ਕਿਹਾ ਕਿ ਇਹ ਕਿੰਨਾ ਦੁਖਦਾਈ ਹੈ ਕਿ ਗੁਰੂਆਂ ਦੀ ਧਰਤੀ ਪੰਜਾਬ ਵਿਚ ਦੁਨੀਆ ਦੀ ਸਭ ਤੋਂ ਵੱਡੀ ਚਰਚ ਬਣੀ ਹੋਈ ਹੈ। ਆਤਮ-ਸਨਮਾਨ ਤੇ ਸੱਭਿਆਚਾਰ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ। ਧਰਮ ਪਰਿਵਰਤਨ ਹੌਲ਼ਾ ਜ਼ਹਿਰ ਹੈ ਜੋ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਸੰਤ ਬਾਬਾ ਕਰਮਜੀਤ ਸਿੰਘ ਨੇ ਕਿਹਾ ਕਿ ਆਪਣਾ ਧਰਮ ਛੱਡ ਕੇ ਕਿਸੇ ਨੂੰ ਵੀ ਆਨੰਦ ਨਹੀਂ ਮਿਲ ਸਕਦਾ। ਸਾਨੂੰ ਹਿੰਦੂ-ਸਿੱਖ ਮੋਰਚਾ ਬਣਾ ਕੇ ਸਖ਼ਤ ਕਦਮ ਚੁੱਕਣੇ ਹੋਣਗੇ।

ਸੁਪਰੀਮ ਕੋਰਟ ਦੇ ਵਕੀਲ ਅਸ਼ਵਨੀ ਉਪਾਧਿਆਏ ਨੇ ਕਿਹਾ ਕਿ ਅੰਗਰੇਜ਼ਾਂ ਨੇ ਦੇਸ਼ ਭਰ ਵਿਚ 99 ਸਾਲ ਦੀ ਲੀਜ਼ 'ਤੇ ਜਗ੍ਹਾ ਲੈ ਕੇ ਚਰਚ ਬਣਵਾਈਆਂ ਸਨ, ਹੁਣ ਇਹ ਚੈੱਕ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਮਿਆਦ ਹੁਣ ਪੂਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਸਾਡੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ ਪਰ ਅੱਜ ਤੱਕ ਕਿਸੇ ਵੀ ਈਸਾਈ ਮਿਸ਼ਨਰੀ ਜਾਂ ਜਿਹਾਦੀਆਂ 'ਤੇ ਐੱਨਐੱਸਏ ਨਹੀਂ ਲਗਾਇਆ ਗਿਆ। ਯੂਏਪੀਏ ਵੀ ਅੱਜ ਤੱਕ ਕਿਸੇ ਮਿਸ਼ਨਰੀ 'ਤੇ ਨਹੀਂ ਲਗਾਇਆ ਗਿਆ। ਭਾਰਤੀ ਨਿਆਂ ਸੰਹਿਤਾ ਵਿਚ ਇਸ ਲਈ ਤਜਵੀਜ਼ਾਂ ਹਨ ਪਰ ਅੱਜ ਤੱਕ ਰਾਜ ਸਰਕਾਰਾਂ ਨੇ ਇਸ 'ਤੇ ਕੰਮ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮੁਗਲ ਅਤੇ ਅੰਗਰੇਜ਼ ਭਾਰਤ 'ਤੇ ਰਾਜ ਕਰਨ ਨਹੀਂ ਆਏ ਸਨ, ਸਗੋਂ ਇੱਥੇ ਧਰਮ ਪਰਿਵਰਤਨ ਕਰਨ ਹੀ ਆਏ ਸਨ। ਉਨ੍ਹਾਂ ਦੱਸਿਆ ਕਿ ਸਰਹੱਦ ਦੀਆਂ 300 ਤਹਿਸੀਲਾਂ ਵਿਚ ਸਭ ਤੋਂ ਵੱਧ ਧਰਮ ਪਰਿਵਰਤਨ ਹੋਇਆ ਹੈ, ਉੱਥੇ ਦੀ ਡੈਮੋਗ੍ਰਾਫੀ (ਜਨਸੰਖਿਆ ਘਣਤਾ) ਬਦਲ ਚੁੱਕੀ ਹੈ। ਧਰਮ ਪਰਿਵਰਤਨ ਜਾਸੂਸੀ ਤੋਂ ਵੀ ਵੱਡਾ ਅਪਰਾਧ ਹੈ। ਇਹ ਸਭ ਤੋਂ ਵੱਡਾ ਦੇਸ਼ਧ੍ਰੋਹ ਹੈ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਕਰਨ ਵਾਲਿਆਂ ਦੀ ਨਾਗਰਿਕਤਾ ਖਤਮ ਕੀਤੀ ਜਾਵੇ, ਉਨ੍ਹਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਜਲੰਧਰ ਵਿਚ ਕਿਹਾ ਸੀ ਕਿ ਧਰਮ ਪਰਿਵਰਤਨ ਖ਼ਿਲਾਫ਼ ਕਾਰਵਾਈ ਕਰਾਂਗੇ ਪਰ ਅੱਜ ਤੱਕ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਲਈ ਹਰ ਸਾਲ 50 ਹਜ਼ਾਰ ਕਰੋੜ ਰੁਪਏ ਦੀ ਫੰਡਿੰਗ ਆ ਰਹੀ ਹੈ।

# ਫ਼ਿਰੋਜ਼ਪੁਰ ਪੁਲੀਸ ਵਲੋਂ 25 ਕਰੋੜ ਦੀ ਹੈਰੋਇਨ ਸਣੇ 2 ਡਰਗ ਸਮਗਲਰ ਗ੍ਰਿਫਤਾਰ

ਫ਼ਿਰੋਜ਼ਪੁਰ-ਫ਼ਿਰੋਜ਼ਪੁਰ ਪੁਲੀਸ ਨੇ ਨਸ਼ਾ ਤਸਕਰਾਂ ਖਿਲਾਫ਼ ਵੱਡੀ ਕਾਰਵਾਈ ਕਰਦਿਆਂ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਉਨ੍ਹਾਂ ਕੋਲੋਂ ਕਰੀਬ ਪੰਜ ਕਿੱਲੋ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 25 ਕਰੋੜ ਰੁਪਏ ਤੋਂ ਵੀ ਵੱਧ ਦੱਸੀ ਜਾ ਰਹੀ ਹੈ।




ਫੜੇ ਗਏ ਨਸ਼ਾ ਤਸਕਰਾਂ ਦੀ ਪਛਾਣ ਨਿਰਮਲ ਸਿੰਘ ਸੋਨੂੰ (25) ਵਾਸੀ ਨਿਹੰਗਾਂ ਵਾਲੇ ਝੁੱਗੇ, ਥਾਣਾ ਸਦਰ, ਫ਼ਿਰੋਜ਼ਪੁਰ ਅਤੇ ਗੁਰਜੀਤ ਸਿੰਘ (24) ਵਾਸੀ ਪਿੰਡ ਖਾਨੇ ਕੇ, ਥਾਣਾ ਸਦਰ, ਫ਼ਿਰੋਜ਼ਪੁਰ ਵਜੋਂ ਹੋਈ ਹੈ।

ਐਸਐਸਪੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪਹਿਲੇ ਮਾਮਲੇ ਵਿੱਚ, ਥਾਣਾ ਘੱਲ ਖੁਰਦ ਪੁਲੀਸ ਨੇ ਪਿੰਡ ਰੱਤਾ ਖੇੜਾ ਦੇ ਸੇਮ ਨਾਲੇ 'ਤੇ ਲਾਏ ਨਾਕੇ ਦੌਰਾਨ ਮੋਟਰਸਾਈਕਲ ਸਵਾਰ ਨਿਰਮਲ ਸਿੰਘ ਨੂੰ ਕਾਬੂ ਕੀਤਾ। ਤਲਾਸ਼ੀ ਦੌਰਾਨ ਉਸ ਕੋਲੋਂ 4 ਕਿੱਲੋ 516 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

ਦੂਜੇ ਮਾਮਲੇ ਵਿੱਚ, ਸੀਆਈਏ ਸਟਾਫ਼ ਦੀ ਪੁਲੀਸ ਪਾਰਟੀ ਨੇ ਮੁਲਜ਼ਮ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਸ ਦੀ ਨਿਸ਼ਾਨਦੇਹੀ 'ਤੇ ਪਿੰਡ ਰੱਖੜੀ ਵਿੱਚ ਬੰਦ ਪਏ ਇੱਕ ਸ਼ੈਲਰ ਵਿੱਚੋਂ ਚਾਰ ਸੌ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

# ਲਿਵ-ਇਨ ਵਿਚ ਰਹਿ ਰਹੀ ਕੁੜੀ ਦੀ ਹੱਤਿਆ ਕਰਕੇ ਪ੍ਰੇਮੀ ਫਰਾਰ

## ✪ 4 ਮਹੀਨੇ ਪਹਿਲਾਂ ਪੱਛਮੀ ਬੰਗਾਲ ਤੋਂ ਭਜਾ ਕੇ ਲੈ ਆਇਆ ਸੀ ਪਾਣੀਪਤ

ਪਾਣੀਪਤ-ਪੱਛਮੀ ਬੰਗਾਲ ਦੀ ਰਹਿਣ ਵਾਲੀ 24 ਸਾਲਾ ਲੜਕੀ ਜੋ ਕਿ ਲਿਵ-ਇਨ



ਰਿਲੇਸ਼ਨਸ਼ਿਪ ਵਿੱਚ ਰਹਿ ਰਹੀ ਸੀ ਦਾ ਕਤਲ ਕਰ ਦਿੱਤਾ ਗਿਆ। ਦੋਸ਼ ਉਸ ਦੇ ਲਿਵ-ਇਨ ਪਾਟਨਰ 'ਤੇ ਹੈ। ਉਹ ਕਬਾੜੀ ਰੋਡ 'ਤੇ ਕੁਲਦੀਪ ਨਗਰ ਵਿੱਚ ਕਿਰਾਏ 'ਤੇ ਰਹਿੰਦੀ ਸੀ। ਬਿਊਟੀ ਦੀ ਲਾਸ਼ ਵੀਰਵਾਰ ਸਵੇਰੇ ਕਮਰੇ ਵਿੱਚੋਂ ਮਿਲੀ। ਮਕਾਨ ਮਾਲਕਣ ਨੇ ਇਸ ਬਾਰੇ ਪੁਰਾਣ ਇੰਡਸਟਰੀਅਲ ਏਰੀਆ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਉਸਦੇ ਆਧਾਰ ਕਾਰਡ ਤੋਂ ਲੜਕੀ ਦੀ ਪਛਾਣ ਕੀਤੀ ਅਤੇ ਪੱਛਮੀ ਬੰਗਾਲ ਪੁਲਿਸ ਦੀ ਮਦਦ ਨਾਲ ਉਸਦੇ ਰਿਸ਼ਤੇਦਾਰਾਂ ਨੂੰ ਸੂਚਿਤ ਕੀਤਾ। ਪੁਲਿਸ ਨੇ ਪੋਸਟਮਾਰਟਮ ਕਰਵਾਕੇ ਅਤੇ ਲਾਸ਼ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀ। ਪੁਲਿਸ ਨੇ ਦੋਸ਼ੀ ਪ੍ਰੇਮੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

ਪੱਛਮੀ ਬੰਗਾਲ ਦੇ ਮੁਰਸ਼ੀਦਾਬਾਦ ਜ਼ਿਲ੍ਹੇ ਦੇ ਰਾਮ ਭਦਰਪੁਰ ਪਿੰਡ ਦੀ ਰਹਿਣ ਵਾਲੀ ਨੇਹਾ ਨੇ ਦੱਸਿਆ ਕਿ ਉਸਦੀ ਭੈਣ ਬਿਊਟੀ ਖਾਤੂਨ ਛੇ ਮਹੀਨੇ ਪਹਿਲਾਂ ਉਨ੍ਹਾਂ ਨੂੰ ਦੱਸੇ ਬਿਨਾਂ ਘਰੋਂ ਚਲੀ ਗਈ ਸੀ। ਬਿਊਟੀ ਉਨ੍ਹਾਂ ਨਾਲ ਅਕਸਰ ਗੱਲ ਕਰਦੀ ਸੀ। ਹੁਣ ਦੋ ਮਹੀਨੇ ਪਹਿਲਾਂ ਬਿਊਟੀ ਨੇ ਉਨ੍ਹਾਂ ਨੂੰ ਫ਼ੋਨ ਕਰਕੇ ਦੱਸਿਆ ਕਿ ਉਸਨੇ ਸੂਰਜ ਪਠਾਨ ਨਾਮ ਦੇ ਇੱਕ ਨੌਜਵਾਨ ਨਾਲ ਵਿਆਹ ਕਰਵਾ ਲਿਆ ਹੈ। ਦੋਵੇਂ ਇੱਕੋ ਫੈਕਟਰੀ ਵਿੱਚ ਕੰਮ ਕਰਦੇ ਹਨ। ਸੂਰਜ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਹੁਣ ਦੋਵੇਂ ਕੁਲਦੀਪ ਨਗਰ ਵਿੱਚ ਇੱਕੋ ਕਮਰੇ ਵਿੱਚ ਰਹਿਣ ਲੱਗ ਪਏ ਸਨ। ਉਨ੍ਹਾਂ ਨੂੰ ਬੀਤੇ ਦਿਨੀ ਸੂਚਿਤ ਕੀਤਾ ਗਿਆ ਕਿ ਬਿਊਟੀ ਦੀ ਮੌਤ ਹੋ ਗਈ ਹੈ। ਸੂਚਨਾ ਮਿਲਣ 'ਤੇ ਪਿਤਾ ਪਾਣੀਪਤ ਪਹੁੰਚੇ। ਇੱਥੇ ਪਹੁੰਚਣ 'ਤੇ ਪਤਾ ਲੱਗਾ ਕਿ ਸੂਰਜ ਫਰਾਰ ਹੈ। ਉਸਦਾ ਮੋਬਾਈਲ ਵੀ ਬੰਦ ਹੈ।

ਵਿਚਾਰ :– ਕਿਸੇ ਮਨੁੱਖ ਜਾਂ ਵਸਤ ਦੀ ਆਲੋਚਨਾ ਕਰਨੀ ਬਹੁਤ ਅਸਾਨ ਹੁੰਦੀ ਹੈ ਪਰ ਉਸ ਨੂੰ ਸੁਧਾਰਨਾ ਬਹੁਤ ਮੁਸ਼ਕਲ ।



ਰਜਿੰਦਰ ਸਿੰਘ ਪੁਰੇਵਾਲ

# ਸਵਾਮੀ ਸ਼ੰਕਰਾਨੰਦ ਦਾ ਸੈਕਸ ਸਕੈਂਡਲ ਤੇ ਪੰਜਾਬ ਦੇ ਡੇਰਿਆਂ ਦਾ ਸੱਚ

ਤਲਵੰਡੀ ਧਾਮ ਦੇ ਸਵਾਮੀ ਸ਼ੰਕਰਾ ਨੰਦ ਦਾ ਅਸ਼ਲੀਲ ਵੀਡੀਓ ਮਾਮਲਾ ਸਮਾਜ ਵਿਚ ਤੇਜ਼ ਪਾ ਰਿਹਾ ਹੈ। ਮੁੱਲਾਂਪੁਰ ਦਾਖਾ ਪੁਲਿਸ ਨੇ ਉਸ ਦਾ ਲੁਕਆਊਟ ਨੋਟਿਸ ਜਾਰੀ ਕਰ ਦਿੱਤਾ, ਕਿਉਂਕਿ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਹ ਫਰਾਰ ਹੋ ਗਿਆ। ਧਾਰਮਿਕ ਭਾਵਨਾਵਾਂ ਭੜਕਾਉਣ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ ਹੋਇਆ, ਪਰ ਅਜੇ ਗ੍ਰਿਫਤਾਰੀ ਨਹੀਂ ਹੋ ਸਕੀ। ਅਦਾਲਤ ਨੇ ਉਸ ਦੀ ਜ਼ਮਾਨਤ ਵੀ ਰੱਦ ਕਰ ਦਿੱਤੀ। ਪੁਲਿਸ ਦਾ ਕਹਿਣਾ ਹੈ ਕਿ ਸਵਾਮੀ ਸ਼ੰਕਰਾ ਨੰਦ ਵਿਦੇਸ਼ ਨਹੀਂ ਭੱਜਿਆ, ਪਰ ਲੁਕਆਊਟ ਨੋਟਿਸ ਨਾਲ ਉਸ ਦੀ ਹਰਕਤ 'ਤੇ ਨਜ਼ਰ ਰੱਖੀ ਜਾ ਰਹੀ ਹੈ। ਡੇਰੇ ਦੇ ਸ਼ਰਧਾਲੂ ਇਸ ਵੀਡੀਓ ਨੂੰ ਫਰਜ਼ੀ ਦੱਸ ਰਹੇ ਨੇ, ਜਦਕਿ ਸਵਾਮੀ ਓਮਾ ਨੰਦ ਨੇ ਕਿਹਾ ਕਿ ਜਾਂਚ ਨਾਲ ਸੱਚ ਸਾਹਮਣੇ ਆ ਜਾਵੇਗਾ।

ਸਵਾਲ ਇਹ ਹੈ ਕਿ ਡੇਰਿਆਂ ਦੇ ਮੁਖੀ ਅਕਸਰ ਅਜਿਹੇ ਬਲਾਤਕਾਰ ਜਾਂ ਸਕੈਂਡਲ ਦੇ ਮਾਮਲਿਆਂ 'ਚ ਕਿਉਂ ਫਸਦੇ ਨੇ ? ਇਸ ਦਾ ਜਵਾਬ ਸਮਾਜ ਦੀ ਮਾਨਸਿਕਤਾ, ਸ਼ਰਧਾ ਦੇ ਨਾਂ 'ਤੇ ਅੰਨ੍ਹੇਵਾਹ, ਅਤੇ ਡੇਰਿਆਂ ਦੀ ਅਥਾਹ ਸੰਪਤੀ ਤੇ ਤਾਕਤ ਵਿਚ ਲੁਕਿਆ ਹੈ। ਬਾਬੇ ਆਪਣੇ ਆਸਰੇ 'ਤੇ ਆਏ ਸ਼ਰਧਾਲੂਆਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਨੇ। ਉਹ ਆਪਣੇ ਆਪ ਨੂੰ ਰੱਬ ਦਾ ਰੂਪ ਦੱਸ ਕੇ ਲੋਕਾਂ 'ਤੇ ਮਾਨਸਿਕ ਕਬਜ਼ਾ ਕਰ ਲੈਂਦੇ ਨੇ। ਅਜਿਹੇ ਮਾਹੌਲ ਵਿਚ ਔਰਤਾਂ ਤੇ ਬੱਚਿਆਂ ਦਾ ਸੋਸ਼ਣ ਸੰਭਵ ਹੋ ਜਾਂਦਾ ਹੈ। ਪੰਜਾਬ ਵਿਚ ਰਾਮ ਰਹੀਮ, ਅਸ਼ੂਤੋਸ਼ ਵਰਗੇ ਮਾਮਲੇ ਇਸ ਦੀਆਂ ਮਿਸਾਲਾਂ ਨੇ। ਪੰਜਾਬ ਦੇ ਲੋਕਾਂ ਨੂੰ ਸੋਚਣਾ ਪਵੇਗਾ ਕਿ ਕੀ ਅਜਿਹੇ ਡੇਰਿਆਂ ਨੂੰ ਜ਼ਮੀਨਾਂ ਦੇਣੀਆਂ ਚਾਹੀਦੀਆਂ ਨੇ ? ਕੀ ਇਨ੍ਹਾਂ ਦੀ ਅੰਨ੍ਹੀ ਭਗਤੀ ਕਰਨੀ ਚਾਹੀਦੀ ਹੈ ? ਡੇਰੇ ਸੇਵਾ ਦੇ ਨਾਂ 'ਤੇ ਸ਼ੁਰੂ ਹੁੰਦੇ ਨੇ, ਪਰ ਬਹੁਤ ਸਾਰੇ ਸੰਪਤੀ, ਸਿਆਸੀ ਤਾਕਤ ਅਤੇ ਅਪਰਾਧ ਦਾ ਅੱਡਾ ਬਣ ਜਾਂਦੇ ਨੇ। ਲੋਕਾਂ ਨੂੰ ਆਪਣੀ ਅਕਲ ਨਾਲ ਸੋਚਣ ਦੀ ਲੋੜ ਹੈ। ਸਰਕਾਰ ਨੂੰ ਵੀ ਡੇਰਿਆਂ 'ਤੇ ਨਜ਼ਰ ਰੱਖਣ ਲਈ ਸਖਤ ਨਿਯਮ ਬਣਾਉਣੇ ਚਾਹੀਦੇ। ਜੇ ਅਸੀਂ ਅੰਨ੍ਹੇਵਾਹ 'ਚ ਡੁੱਬੇ ਰਹੇ, ਤਾਂ ਅਜਿਹੇ ਸਕੈਂਡਲ ਸਾਡੇ ਸਮਾਜ ਨੂੰ ਖੋਖਲਾ ਕਰਦੇ ਰਹਿਣਗੇ। ਸਮੇਂ ਦੀ ਮੰਗ ਹੈ ਕਿ ਅਸੀਂ ਸ਼ਰਧਾ ਨੂੰ ਅਕਲ ਨਾਲ ਜੋੜੀਏ, ਨਾ ਕਿ ਅੰਨ੍ਹੀ ਭਗਤੀ ਨਾਲ।

## ਦਿਲਜੀਤ ਦੁਸਾਂਝ ਦਾ ਟੀਐੱਮਯੂ ਸਿਲੇਬਸ - ਪੰਜਾਬੀ ਸਭਿਆਚਾਰ ਦੀ ਆਲਮੀ ਛਾਪ

ਪੰਜਾਬੀ ਸੁਪਰਸਟਾਰ ਦਿਲਜੀਤ ਦੁਸਾਂਝ ਨੇ ਆਪਣੇ ਸੰਗੀਤ, ਅਦਾਕਾਰੀ ਅਤੇ ਸਭਿਆਚਾਰਕ ਪ੍ਰਭਾਵ ਨਾਲ ਨਾ ਸਿਰਫ਼ ਪੰਜਾਬ ਸਗੋਂ ਸਾਰੇ ਸੰਸਾਰ 'ਚ ਆਪਣੀ ਛਾਪ ਛੱਡੀ ਹੈ। ਹੁਣ ਕੈਨੇਡਾ ਦੀ ਪ੍ਰਤਿਸ਼ਠਿਤ ਟੋਰਾਂਟੋ ਮੈਟਰੋਪਾਲਿਟਨ ਯੂਨੀਵਰਸਿਟੀ (ਟੀਐੱਮਯੂ) ਵੱਲੋਂ ਦਿਲਜੀਤ ਦੁਸਾਂਝ 'ਤੇ ਇੱਕ ਵਿਸ਼ੇਸ਼ ਸਿਲੇਬਸ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ, ਜੋ ਪੰਜਾਬੀ ਸਭਿਆਚਾਰ ਅਤੇ ਪਰਵਾਸੀ ਪਛਾਣ ਦੀ ਆਲਮੀ ਪੱਧਰ 'ਤੇ ਮਹੱਤਤਾ ਨੂੰ ਉਜਾਗਰ ਕਰਦਾ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਕੈਨੇਡੀਅਨ ਯੂਨੀਵਰਸਿਟੀ ਨੇ ਕਿਸੇ ਪੰਜਾਬੀ ਕਲਾਕਾਰ 'ਤੇ ਅਕਾਦਮਿਕ ਪ੍ਰੋਗਰਾਮ ਦੀ ਸਥਾਪਨਾ ਕੀਤੀ ਹੈ। ਇਸ ਦੇ 2026 ਵਿੱਖੇ ਅੰਤ ਵਿਚ ਸ਼ੁਰੂ ਹੋਣ ਵਾਲੇ ਇਸ ਸਿਲੇਬਸ ਦਾ ਮਹੱਤਵ ਅਤੇ ਪੰਜਾਬੀਆਂ ਲਈ ਇਸ ਦੇ ਲਾਭ ਵਿਚਾਰਨਯੋਗ ਹਨ। ਟੀਐੱਮਯੂ ਦੇ ਕ੍ਰਿਏਟਿਵ ਸਕੂਲ ਵੱਲੋਂ ਤਿਆਰ ਕੀਤੇ ਜਾ ਰਹੇ ਇਸ ਸਿਲੇਬਸ ਵਿਚ ਦਿਲਜੀਤ ਦੁਸਾਂਝ ਦੇ ਸੰਗੀਤਕ ਸਫ਼ਰ, ਪੰਜਾਬੀ ਸਭਿਆਚਾਰ 'ਤੇ ਉਨ੍ਹਾਂ ਦੇ ਪ੍ਰਭਾਵ ਅਤੇ ਪਰਵਾਸੀ ਭਾਈਚਾਰੇ ਵਿਚ ਉਨ੍ਹਾਂ ਦੀ ਪਛਾਣ ਨੂੰ ਅਧਿਐਨ ਦਾ ਹਿੱਸਾ ਬਣਾਇਆ ਜਾਵੇਗਾ। ਇਸ ਵਿਚ ਦਿਲਜੀਤ ਦੇ ਗੀਤਾਂ, ਫ਼ਿਲਮਾਂ ਅਤੇ ਆਲਮੀ ਪੌਪ ਸਭਿਆਚਾਰ ਵਿਚ ਉਨ੍ਹਾਂ ਦੇ ਯੋਗਦਾਨ ਦੀ ਡੂੰਘੀ ਜਾਣਕਾਰੀ ਦਿੱਤੀ ਜਾਵੇਗੀ। ਇਹ ਸਿਲੇਬਸ ਪੰਜਾਬੀ ਸੰਗੀਤ ਦੀ ਵਿਸ਼ਵ ਪੱਧਰ 'ਤੇ ਵਧ ਰਹੀ ਪ੍ਰਵਾਨਗੀ ਅਤੇ ਪਰਵਾਸੀ ਪੰਜਾਬੀਆਂ ਦੀ ਸਭਿਆਚਾਰਕ ਵਿਰਾਸਤ ਨੂੰ ਸਮਝਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰੇਗਾ। ਇਸ ਦਾ ਐਲਾਨ ਟੋਰਾਂਟੋ ਦੇ ਐੱਨਐੱਕਸਐੱਨਈ ਫ਼ੈਸਟੀਵਲ ਵਿਚ ਹੋਏ ਬਿਲਬੋਰਡ ਸਮਿਟ ਦੌਰਾਨ ਕੀਤਾ ਗਿਆ, ਜਿਸ ਨੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ। ਦਿਲਜੀਤ ਨੂੰ ਇਸ ਪ੍ਰੋਗਰਾਮ 'ਚ ਸਿੱਧੀ ਜਿੰਮੇਵਾਰੀ ਨਹੀਂ ਦਿੱਤੀ ਗਈ, ਪਰ ਉਨ੍ਹਾਂ ਦੀ ਜੀਵਨੀ, ਸੰਗੀਤ ਅਤੇ ਸਭਿਆਚਾਰਕ ਪ੍ਰਭਾਵ ਨੂੰ ਅਕਾਦਮਿਕ ਪੱਧਰ 'ਤੇ ਪੜ੍ਹਾਇਆ ਜਾਣਾ ਉਨ੍ਹਾਂ ਦੀ ਸਫ਼ਲਤਾ ਦਾ ਪ੍ਰਤੀਕ ਹੈ। ਦਿਲਜੀਤ ਨੇ ਪੰਜਾਬੀ ਸੰਗੀਤ ਨੂੰ ਬਾਲੀਵੁੱਡ, ਹਾਲੀਵੁੱਡ ਅਤੇ ਵਿਸ਼ਵ ਦੇ ਵੱਡੇ ਸੰਗੀਤਕ ਮੰਚਾਂ 'ਤੇ ਪਹੁੰਚਾਇਆ ਹੈ। ਉਨ੍ਹਾਂ ਦੇ ਗੀਤ ਜਿਵੇਂ 'ਬੌਰਨ ਟੂ ਸ਼ਾਈਨ' ਅਤੇ 'ਜੀ.ਓ.ਏ.ਟੀ.' ਨੇ ਨੌਜਵਾਨਾਂ 'ਚ ਸਭਿਆਚਾਰਕ ਮਾਣ ਜਗਾਇਆ ਹੈ। ਇਸ ਸਿਲੇਬਸ ਰਾਹੀਂ ਵਿਦਿਆਰਥੀ ਨਾ ਸਿਰਫ਼ ਦਿਲਜੀਤ ਦੇ ਕੰਮ ਨੂੰ ਸਮਝਣਗੇ, ਸਗੋਂ ਪੰਜਾਬੀ ਸਭਿਆਚਾਰ ਦੀ ਵਿਸ਼ਵੀਕਰਨ ਵਿੱਚ ਉਸ ਦੀ ਭੂਮਿਕਾ ਨੂੰ ਵੀ ਜਾਣਨਗੇ।ਇਸ ਪ੍ਰੋਗਰਾਮ ਦਾ ਮਹੱਤਵ ਕਈ ਪੱਖਾਂ ਤੋਂ ਅਹਿਮ ਹੈ। ਪਹਿਲਾਂ, ਇਹ ਪੰਜਾਬੀ ਸਭਿਆਚਾਰ ਨੂੰ ਅਕਾਦਮਿਕ ਸੰਸਥਾਵਾਂ 'ਚ ਸਥਾਨ ਦਿੰਦਾ ਹੈ, ਜੋ ਅਕਸਰ ਮੁੱਖਧਾਰਾ ਦੀਆਂ ਯੂਨੀਵਰਸਿਟੀਆਂ ਵਿਚ ਨਜ਼ਰਅੰਦਾਜ਼ ਹੁੰਦਾ ਹੈ। ਦੂਜਾ ਇਹ ਪਰਵਾਸੀ ਪੰਜਾਬੀਆਂ ਦੀਆਂ ਕਹਾਣੀਆਂ ਅਤੇ ਸੰਘਰਸ਼ਾਂ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕਰਦਾ ਹੈ। ਤੀਜਾ, ਇਹ ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੁੜਨ ਅਤੇ ਮਾਣ ਮਹਿਸੂਸ ਕਰਨ ਦਾ ਮੌਕਾ ਦਿੰਦਾ ਹੈ। ਇਸ ਨਾਲ ਪੰਜਾਬੀ ਸੰਗੀਤ ਅਤੇ ਸਭਿਆਚਾਰ ਦੀ ਖੋਜ ਨੂੰ ਵਿਗਿਆਨਕ ਅਤੇ ਅਕਾਦਮਿਕ ਅਧਾਰ ਮਿਲੇਗਾ, ਜੋ ਇਸ ਨੂੰ ਹੋਰ ਮਜ਼ਬੂਤ ਕਰੇਗਾ। ਪੰਜਾਬੀ ਭਾਈਚਾਰੇ ਲਈ ਇਸ ਦੇ ਲਾਭ ਵੀ ਗਹਿਰੇ ਹਨ। ਸਭ ਤੋਂ ਪਹਿਲਾਂ, ਇਹ ਪੰਜਾਬੀਆਂ ਦੀ ਵਿਸ਼ਵ ਪੱਧਰ 'ਤੇ ਮਾਨਤਾ ਵਧਾਏਗਾ। ਵਿਦਿਆਰਥੀਆਂ ਨੂੰ ਆਪਣੀ ਸਭਿਆਚਾਰਕ ਪਛਾਣ 'ਤੇ ਮਾਣ ਮਹਿਸੂਸ ਹੋਵੇਗਾ ਅਤੇ ਉਹ ਆਪਣੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਹੋਣਗੇ। ਇਸ ਤੋਂ ਇਲਾਵਾ, ਇਹ ਪੰਜਾਬੀ ਸੰਗੀਤਕਾਰਾਂ ਅਤੇ ਕਲਾਕਾਰਾਂ ਲਈ ਨਵੇਂ ਮੌਕੇ ਪੈਦਾ ਕਰ ਸਕਦਾ ਹੈ, ਕਿਉਂਕਿ ਅਕਾਦਮਿਕ ਅਧਿਐਨ ਨਾਲ ਉਨ੍ਹਾਂ ਦੇ ਕੰਮ ਨੂੰ ਹੋਰ ਸਤਿਕਾਰ ਅਤੇ ਸਮਰਥਨ ਮਿਲੇਗਾ। ਇਹ ਪ੍ਰੋਗਰਾਮ ਪੰਜਾਬੀ ਨੌਜਵਾਨਾਂ ਨੂੰ ਆਪਣੀ ਪਛਾਣ ਨੂੰ ਸੰਭਾਲਣ ਅਤੇ ਆਲਮੀ ਮੰਚ 'ਤੇ ਲਿਜਾਣ ਦੀ ਪ੍ਰੇਰਣਾ ਦੇਵੇਗਾ। ਅੰਤ ਵਿਚ ਟੀਐੱਮਯੂ ਦਾ ਇਹ ਕਦਮ ਪੰਜਾਬੀ ਸਭਿਆਚਾਰ ਦੀ ਵਿਸ਼ਵੀਕਰਨ ਦੀ ਦਿਸ਼ਾ 'ਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਦਿਲਜੀਤ ਦੁਸਾਂਝ ਵਰਗੇ ਕਲਾਕਾਰ, ਜਿਨ੍ਹਾਂ ਨੇ ਸਖ਼ਤ ਮਿਹਨਤ ਅਤੇ ਪ੍ਰਤਿਭਾ ਨਾਲ ਵਿਸ਼ਵ ਮੰਚ 'ਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ, ਉਨ੍ਹਾਂ 'ਤੇ ਅਧਾਰਿਤ ਇਹ ਸਿਲੇਬਸ ਪੰਜਾਬੀਆਂ ਲਈ ਮਾਣ ਦੀ ਗੱਲ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਸਾਡੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸਾਡੀ ਸਭ ਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

NEWS & VIEWS

# UNCONTROLLED IMMIGRATION THREATENS SOCIAL HARMONY IN THE UK



Gurmukh Singh OBE

Successive governments have tried to control immigration but that has not worked. There are daily reports of boats crossing the English Channel with hundreds of migrants arriving with greater frequency. Right wing politicians argue that *these migrants threaten to destroy your quality of life.*

A report by the Centre for Policy Studies, argues that *the scale and composition of recent migration have failed to deliver the significant economic and fiscal benefits its advocates promised, while putting enormous pressure on housing, public services and infrastructure.* According to Home Office figures, *the annual asylum cost reached £3.96 billion in the year up to 2023—double that of the previous year and six times higher than 2018.*

One, rather selective, analysis showed that *seventeen councils are accommodating up to 10 times more asylum seekers than [local] homeless people.* About seven million people from very diverse backgrounds arrived in the UK in the last two decades. Directly or indirectly, this is the result of uncontrolled mass immigration. Such reports and rumours, depending on the sources, do not inspire much public confidence in the border control system and encourage extreme right-wing politics. International asylum laws are being questioned.

It cannot be denied that there is now visible negative impact of mass migration on smooth integration, community cohesion, education, health, housing and other services. Right wing Reform Party is gaining political ground while public opposition to mass immigration is growing.

Yet, UK is a country of immigrants. It is not so much the statistics but visible evidence around us which tells us that uncontrolled immigration is beginning to cause serious environmental and socio-political problems. For example, within an area of about 500 yards square next to the Southall Railway station and Sri Guru Singh Sabha, Park Avenue Gurdwara, there are about ten high-rise flats being built. Each block is about 25 to 30 floors high. With average families of four, that gives us at least four to five thousand men women and children in an over-congested area.

Most of those who have been allocated these flats so far, are people from very different cultures, creeds and countries. It is unlikely that many can speak fluent English. They need interpreters at hospitals and when using public services. So, issues about employment, education, health and smooth integration into the British way of life and values are raised with justification. Mass immigration has made gradual integration impossible. That has prevented successful integration.

When earlier immigrants arrived in the UK, they made special effort to adjust to the British way of life. They looked around and learnt. They worked hard and were known to be law-abiding. Those who were better educated, moved on from menial jobs to work with potential for progress. They did not preach extreme ideologies. They brought up well educated children. They did not throw litter in the streets!

Today, earlier generations are seeing a very different environment and social behaviour in areas affected by mass immigration which has not allowed for smooth integration.

We are looking for security and social harmony in our daily lives. Social harmony has been described as *a state of peaceful and cooperative coexistence within a society, characterized by mutual respect, understanding, and a sense of unity among its members.* It is essential for a sense of belonging and good and stable inter-community relations in a plural society in which diversity is celebrated.

Only regulated migration will ensure social harmony.

Gurmukh Singh OBE, Ret'd Principal Civil Servant (UK) sewauk2005@yahoo.co.uk

# 'ਆਪ' ਨੇ ਜਿਮਨੀ ਚੋਣ ਲੁਧਿਆਣਾ ਵਿਚ ਕਾਂਗਰਸ ਨੂੰ ਹਰਾਇਆ

**ਖਾਸ ਖ਼ਬਰ**

## ✪ ਆਪ ਨੂੰ 35179, ਕਾਂਗਰਸ ਨੂੰ 24542, ਭਾਜਪਾ ਨੂੰ 20323 ਤੇ ਅਕਾਲੀ ਦਲ ਨੂੰ 8203 ਵੋਟਾਂ ਪਈਆਂ ✪ ਅਕਾਲੀ ਉਮੀਦਵਾਰ ਘੁੰਮਣ ਦੀ ਜਮਾਨਤ ਜਬਤ ✪ ਭਾਜਪਾ ਨੇ ਕਾਂਗਰਸ ਦੀ ਵੋਟ ਨੂੰ ਖੋਰਾ ਲਗਾਇਆ ✪ ਕੀ ਸੰਕੇਤ ਦਿੰਦੇ ਹਨ ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜੇ





ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੂੰ 10 ਹਜ਼ਾਰ 637 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਹਾਸਿਲ ਕੀਤੀ ਹੈ।ਆਪ ਨੂੰ 35179,ਕਾਂਗਰਸ ਨੂੰ 24542, ਭਾਜਪਾ ਦੇ ਉਮੀਦਵਾਰ ਜੀਵਨ ਗੁਪਤਾ ਨੂੰ 20323 ਤੇ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ 8203 ਵੋਟਾਂ ਪਈਆਂ।ਅਕਾਲੀ ਉਮੀਦਵਾਰ ਘੁੰਮਣ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ।

ਨੈਸ਼ਨਲ ਲੋਕ ਸੇਵਾ ਪਾਰਟੀ ਦੇ ਉਮੀਦਵਾਰ ਜਤਿੰਦਰ ਕੁਮਾਰ ਸ਼ਰਮਾ ਨੂੰ 173, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਨਵਨੀਤ ਕੁਮਾਰ ਗੋਪੀ ਨੂੰ 171, ਆਜ਼ਾਦ ਉਮੀਦਵਾਰ ਐਲਬਰਟ ਦੂਆ ਅਨੂ ਨੂੰ 280, ਆਜ਼ਾਦ ਉਮੀਦਵਾਰ ਨੀਟੂ ਸ਼ਟਰਾਂਵਾਲਾ ਨੂੰ 112 ਜਦਕਿ ਨੋਟਾਂ ਨੂੰ 793 ਵੋਟਾਂ ਪਈਆਂ।

ਜ਼ਿਕਰਯੋਗ ਹੈ ਕਿ ਜਨਵਰੀ ਮਹੀਨੇ ਵਿਚ ਵਿਧਾਇਕ ਗੁਰਪ੍ਰੀਤ ਗੋਗੀ ਬੱਸੀ ਦੀ ਮੌਤ ਤੋਂ ਬਾਅਦ ਇਹ ਸੀਟ ਖ਼ਾਲੀ ਹੋਈ ਸੀ ਤੇ ਉਦੋਂ ਤੋਂ ਹੀ ਹਰੇਕ ਪਾਰਟੀ ਲਈ ਇਹ ਸੀਟ ਵੱਕਾਰ ਦਾ ਸਵਾਲ ਬਣੀ ਹੋਈ ਸੀ।ਸਿਆਸੀ ਪਾਰਟੀਆਂ ਵਲੋਂ ਇਸ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸੈਮੀਫਾਈਨਲ ਦੇ ਤੌਰ 'ਤੇ ਦੇਖਿਆ ਗਿਆ ਸੀ।

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸ਼ਾਨਦਾਰ ਜਿੱਤ ਮਹਿਜ਼ ਸਾਧਾਰਨ ਮੱਧਕਾਲੀ ਜਿੱਤ ਨਹੀਂ ਹੈ; ਬਲਕਿ ਇਹ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਸੱਤਾਧਾਰੀ ਧਿਰ ਲਈ ਰਣਨੀਤਕ ਪੁਨਰਗਠਨ ਦਾ ਸੰਕੇਤ ਹੈ।

ਸੰਜੀਵ ਅਰੋੜਾ ਦੇ ਚੋਣ ਪ੍ਰਚਾਰ ਲਈ ਇਸ ਹਲਕੇ ਵਿਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਨੇ ਪ੍ਰਚਾਰ ਮੁਹਿੰਮ ਚਲਾਈ ਸੀ।ਜ਼ਿਕਰਯੋਗ ਹੈ ਕਿ ਰੈਲੀਆਂ ਦੌਰਾਨ ਕੇਜਰੀਵਾਲ ਵਲੋਂ ਅਕਸਰ ਹੀ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਬਣਾਉਣ ਦਾ ਐਲਾਨ ਕੀਤਾ ਜਾਂਦਾ ਰਿਹਾ ਸੀ ਤੇ ਹੁਣ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਵਿਧਾਇਕ ਵਜੋਂ ਜਿੱਤ ਹਾਸਿਲ ਕਰਨ 'ਤੇ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਵਜੋਂ ਸਹੁੰ ਚੁਕਾਈ ਜਾਵੇਗੀ।

ਸੰਜੀਵ ਅਰੋੜਾ ਦੀ ਕਾਂਗਰਸ ਦੇ ਮੰਨੇ-ਪ੍ਰਮੰਨੇ ਆਗੂ ਭਾਰਤ ਭੂਸ਼ਣ ਆਸ਼ੂ ਉੱਤੇ 10,637 ਵੋਟਾਂ ਦੀ ਫ਼ੈਸਲਾਕੁਨ ਜਿੱਤ ਨੇ ਇਸ ਸ਼ਹਿਰੀ ਸੀਟ 'ਤੇ 'ਆਪ' ਦੀ ਪਕੜ ਮਜ਼ਬੂਤ ਕਰ ਦਿੱਤੀ, ਜਿਸ ਨੂੰ ਕਦੇ ਹਿੰਦੂ ਵੋਟਰਾਂ ਅਤੇ ਕਾਰੋਬਾਰੀ ਬਰਾਦਰੀ ਦੀ ਬਹੁਗਿਣਤੀ ਕਰ ਕੇ ਭਾਜਪਾ ਤੇ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ। ਉਮੀਦਵਾਰ ਦੀ ਛੇਤੀ ਚੋਣ ਅਤੇ ਸੰਜੀਵ ਅਰੋੜਾ ਦੇ ਨਾਂ ਦੇ ਐਲਾਨ ਨੇ 'ਆਪ' ਨੂੰ ਇਸ ਪਹਿਲਕਦਮੀ ਦਾ ਪੂਰਾ ਫ਼ਾਇਦਾ ਦਿੱਤਾ। ਸੰਜੀਵ ਅਰੋੜਾ, ਨਵੇਂ ਸਿਆਸੀ ਚਿਹਰੇ ਵਜੋਂ, ਜਿਸ ਦਾ ਰਿਕਾਰਡ ਸਾਫ਼ ਤੇ ਮਜ਼ਬੂਤ ਕਾਰੋਬਾਰੀ ਪਿਛੋਕੜ ਹੈ, ਭਾਰਤ ਭੂਸ਼ਣ ਆਸ਼ੂ ਦੇ ਮੁਕਾਬਲੇ ਭਰੋਸੇਯੋਗ ਚਿਹਰਾ ਬਣ ਕੇ ਉੱਭਰੇ ਹਨ।

ਉਧਰ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਚੋਣ ਪ੍ਰਚਾਰ ਦੀ ਕਮਾਨ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਸੌਂਪੀ ਗਈ ਸੀ ਤੇ ਇਸ ਤੋਂ ਇਲਾਵਾ ਕਈ ਸੀਨੀਅਰ ਕਾਂਗਰਸੀ ਆਗੂ ਵੀ ਆਸ਼ੂ ਲਈ ਚੋਣ ਪ੍ਰਚਾਰ ਕਰਦੇ ਰਹੇ। ਨਾਮਜ਼ਦਗੀ ਪੱਤਰ ਭਰਨ ਸਮੇਂ ਭਾਵੇਂ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਾਰਟੀ ਉਮੀਦਵਾਰ ਦੇ ਨਾਲ ਹਾਜ਼ਰ ਸਨ, ਪਰ ਬਾਅਦ ਵਿਚ ਸਮੁੱਚੀ ਪ੍ਰਚਾਰ ਮੁਹਿੰਮ ਦੌਰਾਨ ਉਹ ਮੀਟਿੰਗਾਂ, ਕਾਨਫਰੰਸਾਂ ਆਦਿ ਆਪਣੇ ਪੱਧਰ 'ਤੇ ਹੀ ਕਰਦੇ ਦਿਖਾਈ ਦਿੱਤੇ ਹਨ।

ਧੜੇਬੰਦੀ ਕਾਰਨ ਪਹਿਲਾਂ ਹੀ ਕਮਜ਼ੋਰ ਹੋ ਚੁੱਕੀ ਕਾਂਗਰਸ ਨੂੰ ਉਸ ਸੀਟ 'ਤੇ ਪ੍ਰਤੀਕਾਤਮਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਜਿੱਥੇ ਉਸ ਨੇ 2012 ਅਤੇ 2017 ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਲੀਡਰਸ਼ਿਪ ਨੂੰ ਨਵਾਂ ਰੂਪ ਦੇਣ ਅਤੇ ਵੱਖ-ਵੱਖ ਧੜਿਆਂ ਨੂੰ ਇਕਜੁੱਟ ਕਰਨ ਵਿੱਚ ਅਸਫਲ ਰਹਿਣ ਦਾ ਖ਼ਮਿਆਜ਼ਾ ਇਸ ਨੂੰ ਸ਼ਹਿਰੀ ਵੋਟਰਾਂ ਦਾ ਵਿਸ਼ਵਾਸ ਗੁਆਉਣ ਦੇ ਰੂਪ ਵਿਚ ਭੁਗਤਣਾ ਪਿਆ ਹੈ।


ਭਾਜਪਾ ਲੁਧਿਆਣਾ ਦੇ ਵਪਾਰੀਆਂ ਅਤੇ ਹਿੰਦੂ ਵੋਟਰਾਂ 'ਚ ਰਵਾਇਤੀ ਆਧਾਰ ਹੋਣ ਦੇ ਬਾਵਜੂਦ ਮਾਮੂਲੀ ਧਿਰ ਹੀ ਬਣੀ ਰਹੀ

ਬਾਕੀ ਹਿਸਾ ਸਫਾ 10 ਤੇ ਪੜ੍ਹੋ

## ਪੰਜ ਉਪ-ਚੋਣਾਂ 'ਚੋਂ 2 ਸੀਟਾਂ ਆਮ ਆਦਮੀ ਪਾਰਟੀ ਦੇ ਹਿੱਸੇ ਆਈਆਂ

ਦਿੱਲੀ-ਵਿਰੋਧੀ ਧਿਰ, ਜਿਸ ਦਾ 'ਇੰਡੀਆ' ਬਲਾਕ ਖਿੰਡਿਆ ਹੋਇਆ ਹੈ, ਨੂੰ ਆਖ਼ਿਰਕਾਰ ਮੁਸਕਰਾਉਣ ਦਾ ਮੌਕਾ ਮਿਲਿਆ ਹੈ। ਹਾਲ ਹੀ ਵਿੱਚ (19 ਜੂਨ ਨੂੰ) ਹੋਈਆਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਹੈ, ਜੋ ਚਾਰ ਰਾਜਾਂ ਦੀਆਂ ਪੰਜ ਸੀਟਾਂ 'ਤੇ ਚੋਣ ਲੜ ਕੇ ਸਿਰਫ਼ ਇੱਕ ਸੀਟ 'ਤੇ ਹੀ ਜਿੱਤ ਪ੍ਰਾਪਤ ਕਰ ਸਕੀ ਹੈ। ਚਾਰ ਸੂਬਿਆਂ ਦੀਆਂ ਪੰਜ ਵਿਧਾਨ ਸਭਾ ਸੀਟਾਂ ਲਈ ਹੋਈ ਜ਼ਿਮਨੀ ਚੋਣ ਵਿਚ ਦੋ ਸੀਟਾਂ ਆਮ ਆਦਮੀ ਪਾਰਟੀ ਤੇ ਇਕ ਸੀਟ ਭਾਜਪਾ ਨੇ ਜਿੱਤ ਲਈ ਹੈ ਜਦੋਂਕਿ ਇਕ ਇਕ ਸੀਟ ਕਾਂਗਰਸ ਤੇ ਤ੍ਰਿਣਮੂਲ ਕਾਂਗਰਸ ਅੱਗੇ ਹਨ। ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਜੇਤੂ ਰਹੇ ਹਨ। ਗੁਜਰਾਤ ਦੀ ਵਿਸਾਵਦਰ ਸੀਟ 'ਤੇ ਆਪ ਉਮੀਦਵਾਰ ਇਤਾਲੀਆ ਗੋਪਾਲ ਜੇਤੂ ਰਹੇ ਹਨ। ਇਤਾਲੀਆ ਨੇ ਭਾਜਪਾ ਉਮੀਦਵਾਰ ਕਿਰਿਤ ਪਟੇਲ ਨੂੰ 17554 ਵੋਟਾਂ ਦੇ ਫ਼ਰਕ ਨਾਲ ਹਰਾਇਆ। ਗੁਜਰਾਤ ਦੀ ਕਾਡੀ ਸੀਟ 'ਤੇ ਭਾਜਪਾ ਦੇ ਰਾਜੇਂਦਰ ਚਾਵੜਾ ਜੇਤੂ ਰਹੇ। ਉਨ੍ਹਾਂ ਕਾਂਗਰਸ ਦੇ ਰਮੇਸ਼ ਚਾਵੜਾ ਨੂੰ 39452 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ ਵਿੱਚ ਕਾਲੀਗੰਜ ਵਿਧਾਨ ਸਭਾ ਸੀਟ ਲਈ ਹੋਈ ਜ਼ਿਮਨੀ ਵਿੱਚ ਤ੍ਰਿਣਮੂਲ ਕਾਂਗਰਸ ਦੀ ਉਮੀਦਵਾਰ ਅਲੀਫ਼ਾ ਅਹਿਮਦ ਨੇ ਭਾਜਪਾ ਦੇ ਆਸ਼ੀਸ਼ ਘੋਸ਼ ਨੂੰ ਹਰਾਇਆ। ਉੱਤਰੀ ਕੇਰਲਾ ਦੀ ਨੀਲਾਂਬੁਰ ਸੀਟ 'ਤੇ, ਕਾਂਗਰਸ ਪਾਰਟੀ ਦੀ ਅਗਵਾਈ ਵਾਲਾ ਵਿਰੋਧੀ ਗਠਜੋੜ ਯੂਨਾਈਟਿਡ ਡੈਮੋਕਰੇਟਿਕ ਫਰੰਟ (ਯੂਡੀਐਫ) ਸੱਤਾਧਾਰੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਵਾਦੀ) ਨੂੰ ਹਰਾਇਆ। ਕੇਰਲ ਅਤੇ ਪੱਛਮੀ ਬੰਗਾਲ ਵਿੱਚ ਜ਼ਿਮਨੀ ਚੋਣਾਂ ਦੀ ਹਾਰ ਨੇ ਭਾਜਪਾ ਨੂੰ ਜ਼ਰੂਰ ਦੁਖੀ ਕੀਤਾ ਹੋਵੇਗਾ, ਜੋ ਇਨ੍ਹਾਂ 'ਆਖ਼ਿਰੀ ਮੋਰਚੇ' ਵਾਲੇ ਰਾਜਾਂ 'ਚ ਵਧੀਆ ਪ੍ਰਦਰਸ਼ਨ ਕਰਨ ਲਈ ਬੇਤਾਬ ਹੈ।

## ਕੇਜਰੀਵਾਲ ਰਾਜ ਸਭਾ ਨਹੀਂ ਜਾਣਗੇ



ਨਵੀਂ ਦਿੱਲੀ-ਸੰਜੀਵ ਅਰੋੜਾ, ਜੋ ਕਿ ਮੌਜੂਦਾ ਸਮੇਂ ਰਾਜ ਸਭਾ ਮੈਂਬਰ ਹਨ, ਨੂੰ ਵਿਧਾਇਕ ਬਣਨ ਤੋਂ ਬਾਅਦ ਸੰਸਦ ਦੇ ਉਪਰਲੇ ਸਦਨ ਤੋਂ ਅਸਤੀਫ਼ਾ ਦੇਣਾ ਪਵੇਗਾ। ਕੇਜਰੀਵਾਲ ਨੂੰ ਜਦੋਂ ਪ੍ਰੈਸ ਕਾਨਫਰੰਸ ਵਿਚ ਪੁੱਛਿਆ ਗਿਆ ਕਿ ਅਰੋੜਾ ਦੀ ਥਾਂ 'ਤੇ ਉਨ੍ਹਾਂ ਦੀ ਪਾਰਟੀ ਕਿਸ ਨੂੰ ਰਾਜ ਸਭਾ ਲਈ ਨਾਮਜ਼ਦ ਕਰੇਗੀ ਤਾਂ ਉਨ੍ਹਾਂ ਨੇ ਜਵਾਬ ਵਿਚ ਕਿਹਾ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਉਹ ਰਾਜ ਸਭਾ ਨਹੀਂ ਜਾ ਰਹੇ। ਕੇਜਰੀਵਾਲ ਨੇ ਕਿਹਾ ਕਿ 'ਆਪ' ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਇਹ ਫ਼ੈਸਲਾ ਕਰੇਗੀ ਕਿ ਕਿਸ ਨੂੰ ਨਾਮਜ਼ਦ ਕੀਤਾ ਜਾਏ। ਪੰਜਾਬ ਟਾਈਮਜ ਦੇ ਸੂਤਰਾਂ ਅਨੁਸਾਰ ਕੇਜਰੀਵਾਲ ਦੇ ਰਾਜ ਸਭਾ ਜਾਣ ਤੋਂ ਇਨਕਾਰ ਤੋਂ ਬਾਅਦ ਸਿਆਸੀ ਹਲਕਿਆਂ 'ਚ ਮਨੀਸ਼ ਸਿਸੋਦੀਆ ਦਾ ਨਾਂਅ ਸਭ ਤੋਂ ਅੱਗੇ ਚਲ ਰਿਹਾ ਹੈ।

### 9 ਸਫ਼ੇ ਦੀ ਬਾਕੀ

ਅਤੇ ਤੀਜੇ ਸਥਾਨ 'ਤੇ ਰਹੀ। ਪਰ ਉਹ ਕਾਂਗਰਸ ਦੇ ਵੋਟ ਬੈਂਕ ਨੂੰ ਖੋਰਾ ਲਗਾਉਣ ਵਿਚ ਕਾਮਯਾਬ ਰਹੀ। ਆਪ ਦੀ ਜਿਤ ਦਾ ਕਾਰਣ ਬਣੀ। ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਪੰਜਾਬ ਦੀ ਪ੍ਰਮੁੱਖ ਪਾਰਟੀ ਸੀ, ਲਗਾਤਾਰ ਕਮਜ਼ੋਰ ਪੈ ਰਹੀ ਹੈ ਅਤੇ ਆਪਣੇ ਗੜ੍ਹ ਰਹੇ ਪੇਂਡੂ ਤੇ ਸਿੱਖ ਬਹੁਗਿਣਤੀ ਇਲਾਕਿਆਂ ਤੋਂ ਪਰ੍ਹੇ ਹੁਣ ਸ਼ਹਿਰੀ ਹਲਕਿਆਂ ਤੇ ਵੋਟਰਾਂ ਨਾਲ ਜੁੜਨ ਵਿਚ ਵੀ ਸੰਘਰਸ਼ ਕਰ ਰਹੀ ਹੈ। ਇਸ ਜਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕਿਆ। ਸਮੁੱਚੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਅਕਾਲੀ ਵਰਕਰਾਂ ਵਿਚ ਨਿਰਾਸ਼ਾ ਸਪੱਸ਼ਟ ਰੂਪ ਵਿਚ ਝਲਕਦੀ ਦਿਖਾਈ ਦਿੱਤੀ। ਅਕਾਲੀ ਦਲ ਦੇ ਧੜਿਆਂ ਵਿਚ ਦੋਫਾੜ ਹੋਣ ਨਾਲ ਪਾਰਟੀ ਨੂੰ ਡਾਢਾ ਨੁਕਸਾਨ ਹੋਇਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪ ਪੂਰੀ ਦਿਲਚਸਪੀ ਲੈ ਕੇ ਚੋਣ ਪ੍ਰਚਾਰ ਕੀਤਾ ਸੀ, ਪਰ ਇਸ ਵਾਰ ਵੀ ਉਸ ਨੂੰ ਵੱਡੀ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ। ਵੋਟਰਾਂ ਨੇ ਇਸ ਪਾਰਟੀ ਲਈ ਆਪਣਾ ਪੂਰਾ ਉਤਸ਼ਾਹ ਨਹੀਂ ਦਿਖਾਇਆ ਅਤੇ ਉਮੀਦ ਨਾਲੋਂ ਘੱਟ ਫ਼ੀਸਦੀ ਵੋਟਾਂ ਪਈਆਂ। ਭਾਜਪਾ ਨਾਲ ਗੱਠਜੋੜ ਦੀ ਅਣਹੋਂਦ ਵਿਚ ਸ਼ਹਿਰੀ ਹਲਕਿਆਂ ਵਿਚ ਅਕਾਲੀ ਦਲ ਲਈ ਚੋਣ ਲੜਨੀ ਤੇ ਜਿੱਤਣੀ ਇਕ ਵੱਡੀ ਚੁਣੌਤੀ ਹੈ। ਇਸ ਬਾਰੇ ਦਲ ਨੂੰ ਸੋਚਣ ਦੀ ਲੋੜ ਹੈ। ਜਾਣਕਾਰ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਦਲ ਪਾਰਟੀ ਦੇ ਸਿਆਣੇ ਅਤੇ ਪ੍ਰੋੜ੍ਹ ਆਗੂਆਂ ਨੂੰ ਨੀਤੀਗਤ ਫ਼ੈਸਲੇ ਲੈਣ ਦੀ ਖੁੱਲ੍ਹ ਦੇਵੇ ਤਾਂ ਪਾਰਟੀ ਰਾਜ ਵਿਚ ਮੁੜ ਆਪਣੇ ਗੁਆਚੇ ਆਧਾਰ ਨੂੰ ਹਾਸਲ ਕਰ ਸਕਦੀ ਹੈ।

ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਬਾਪੂ ਤਰਸੇਮ ਸਿੰਘ ਨੇ ਲੁਧਿਆਣਾ ਪੱਛਮੀਂ ਹਲਕੇ ਦੀ ਜ਼ਿਮਨੀ ਚੋਣ ਵਿਚ ਸੂਬੇ ਦੀਆਂ ਖੇਤਰੀ ਪਾਰਟੀਆਂ ਦੀ ਹਾਰ ਨੂੰ ਮੰਦਭਾਗਾ ਤੇ ਚਿੰਤਾਜਨਕ ਦੱਸਦੇ ਹੋਏ ਕਿਹਾ ਕਿ ਚੋਣ ਨਤੀਜਿਆਂ ਵਿਚ ਇਕ ਤਰ੍ਹਾਂ ਨਾਲ ਦਿੱਲੀ ਦੀ ਜਿੱਤ ਤੇ ਪੰਜਾਬ ਦੀ ਹਾਰ ਹੋਈ ਹੈ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ 'ਚ ਸੂਬੇ ਦੀਆਂ ਖੇਤਰੀ ਪਾਰਟੀਆਂ ਦਾ ਇਕ ਤਰ੍ਹਾਂ ਨਾਲ ਮੁਕਾਬਲੇ ਵਿਚੋਂ ਹੀ ਬਾਹਰ ਹੋ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਤੇ ਇਸ ਨਾਲ ਪੰਜਾਬ ਦੇ ਹਿੱਤਾਂ ਤੇ ਹੱਕਾਂ ਨੂੰ ਭਾਰੀ ਸੱਟ ਵੱਜੀ ਹੈ। ਬਾਪੂ ਤਰਸੇਮ ਸਿੰਘ ਨੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸਮੁੱਚੀਆਂ ਖੇਤਰੀ ਪਾਰਟੀਆਂ ਤੇ ਪੰਥਕ ਧਿਰਾਂ ਨੂੰ ਇਕ ਝੰਡੇ ਥੱਲੇ ਇਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਅੱਜ ਸੂਬੇ ਨੂੰ ਇਕ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ ਹੈ।

ਭਾਜਪਾ ਨੇ ਭਾਵੇਂ ਆਪਣੇ ਉਮੀਦਵਾਰ ਦਾ ਐਲਾਨ ਨਾਮਜ਼ਦਗੀ ਭਰਨ ਦੀ ਆਖਰੀ ਤਾਰੀਖ ਨੂੰ (ਜਾਂ ਸ਼ਾਇਦ ਇਕ ਦਿਨ ਪਹਿਲਾਂ) ਹੀ ਕੀਤਾ ਸੀ, ਪਰ ਜੀਵਨ ਗੁਪਤਾ ਵਲੋਂ ਪ੍ਰਾਪਤ ਕੀਤੀਆਂ ਵੋਟਾਂ ਨੇ ਸਿਆਸੀ ਮਾਹਿਰਾਂ ਦੀਆਂ ਗਿਣਤੀ-ਮਿਣਤੀਆਂ ਉਲਟਾਅ ਕੇ ਰੱਖ ਦਿੱਤੀਆਂ ਹਨ। ਜਾਣਕਾਰ ਹਲਕਿਆਂ ਦਾ ਮੰਨਣਾ ਸੀ ਕਿ ਭਾਜਪਾ ਦੇ ਉਮੀਦਵਾਰ ਨੇ ਕਾਂਗਰਸ ਦੇ ਵੋਟ ਬੈਂਕ ਨੂੰ ਵਧੇਰੇ ਸੰਨ੍ਹ ਲਾਈ ਭਾਜਪਾ ਉਮੀਦਵਾਰ ਦੀ ਚੋਣ ਮੁਹਿੰਮ ਵਿਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਨੇਤਾ ਹਰਦੀਪ ਸਿੰਘ ਪੁਰੀ, ਇਕਬਾਲ ਸਿੰਘ ਲਾਲਪੁਰਾ,ਪੰਜਾਬ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਆਦਿ ਵਰਗੇ ਦਿੱਗਜ ਨੇਤਾਵਾਂ ਨੇ ਪ੍ਰਭਾਵੀ ਸ਼ਮੂਲੀਅਤ ਕੀਤੀ। ਭਾਜਪਾ ਇਸ ਚੋਣ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀ ਸੀ ਅਤੇ ਉਹ ਜਿੱਤ-ਹਾਰ ਦਾ ਤਵਾਜ਼ਨ ਆਪਣੇ ਹੱਥਾਂ 'ਚ ਰੱਖਣਾ ਚਾਹੁੰਦੀ ਸੀ ਤੇ ਅਜਿਹਾ ਕਰਨ ਵਿਚ ਉਹ ਸਫ਼ਲ ਵੀ ਹੋਈ।

ਇਹ ਜਿੱਤ 'ਆਪ' ਨੂੰ ਆਪਣੀ ਕੈਬਨਿਟ ਵਿੱਚ ਫੇਰਬਦਲ ਦੀ ਖੁੱਲ੍ਹ ਦੇਵੇਗੀ, ਜਿਸ ਵਿੱਚ ਸੰਜੀਵ ਅਰੋੜਾ ਨੂੰ ਮੰਤਰੀ ਵਜੋਂ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਰਾਜ ਸਭਾ ਸੀਟ ਪਾਰਟੀ ਦੀ ਪ੍ਰਮੁੱਖ ਲੀਡਰਸ਼ਿਪ ਵਾਸਤੇ ਥਾਂ ਬਣਾਉਣ ਦਾ ਨਵਾਂ ਮੌਕਾ ਦੇਵੇਗੀ। ਪਾਰਟੀ ਦੇ ਕਿਸੇ ਕੌਮੀ ਆਗੂ ਨੂੰ ਰਾਜ ਸਭਾ ਮੈਂਬਰ ਬਣਾ ਕੇ ਸੰਸਦ ਵਿੱਚ ਭੇਜਿਆ ਜਾ ਸਕਦਾ ਹੈ।

ਅਗਲੀਆਂ ਸੂਬਾਈ ਚੋਣਾਂ ਵਿੱਚ ਲਗਭਗ 19 ਮਹੀਨੇ ਬਾਕੀ ਹਨ, ਲੁਧਿਆਣਾ ਪੱਛਮੀ ਦੇ ਨਤੀਜੇ ਹੌਸਲਾ ਵਧਾਉਣ ਦੇ ਨਾਲ-ਨਾਲ ਇੱਕ ਤਰ੍ਹਾਂ ਦੀ ਪਰਖ ਹੀ ਸਨ, ਜਿਸ ਨੂੰ 'ਆਪ' ਨੇ ਚੁਣਾਵੀ ਤੇ ਸੰਗਠਨ ਪੱਧਰ ਉੱਤੇ ਪਾਸ ਕੀਤਾ ਹੈ। ਇਹ ਜ਼ਿਮਨੀ ਚੋਣ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਬਿਰਤਾਂਤ ਦੀ ਸ਼ੁਰੂਆਤ ਬਣ ਸਕਦੀ ਹੈ। ਹੁਣ ਸਰਕਾਰ ਕੋਲ ਲਗਭਗ ਡੇਢ ਸਾਲ ਦਾ ਸਮਾਂ ਬਾਕੀ ਬਚਦਾ ਹੈ। ਲੰਘੇ ਸਾਢੇ ਤਿੰਨ ਸਾਲਾਂ ਵਿਚ ਜਿੰਨੇ ਕੁ ਲੋਕ ਪੱਖੀ ਫ਼ੈਸਲੇ ਹੋਏ ਹਨ, ਉਨ੍ਹਾਂ ਦਾ ਨਿਸਚਿਤ ਰੂਪ ਵਿਚ ਲੋਕਾਂ ਨੇ ਮੁੱਲ ਮੋੜਿਆ ਹੈ।

ਘਰੇਲੂ ਬਿਜਲੀ ਦੇ 300 ਯੂਨਿਟ ਮੁਫ਼ਤ ਕਰਨ ਨਾਲ ਬਿਜਲੀ ਖ਼ਪਤ ਵਿਚ ਕਟੌਤੀ ਕਰਨੀ, ਕਿਸਾਨਾਂ ਨੂੰ ਸਮੇਂ ਸਿਰ ਬਿਜਲੀ ਮਿਲਣਾ, ਆਨਲਾਈਨ ਸੇਵਾਵਾਂ ਖ਼ਾਸ ਕਰਕੇ ਫ਼ਰਦ, ਜਮ੍ਹਾਂਬੰਦੀ ਆਦਿ ਅਤੇ ਪੰਜਾਬ ਦੀ ਖੇਤੀਬਾੜੀ ਦੇ ਇਕ ਹਿੱਸੇ ਤੱਕ ਨਹਿਰੀ ਪਾਣੀ ਪਹੁੰਚਾ ਕੇ ਸਰਕਾਰ ਨੇ ਲੋਕਾਂ ਦੇ ਦਿਲਾਂ 'ਤੇ ਦਸਤਕ ਜ਼ਰੂਰ ਦਿੱਤੀ ਹੈ ਪਰ ਇਹ ਸਭ ਕਾਫ਼ੀ ਨਹੀਂ ਹੈ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ 2027 ਦੀਆਂ ਚੋਣਾਂ ਵਿਚ ਵੀ ਜੇਕਰ ਪਾਰਟੀ ਪੰਜਾਬ ਦੇ ਤਖ਼ਤ 'ਤੇ ਬਿਰਾਜਮਾਨ ਹੋਣਾ ਚਾਹੁੰਦੀ ਹੈ ਤਾਂ ਉਸ ਨੂੰ ਨੌਜਵਾਨਾਂ ਦੀ ਬੇਰੋਜ਼ਗਾਰੀ ਦੇ ਮਸਲੇ ਨਾਲ ਪਹਿਲ ਦੇ ਆਧਾਰ 'ਤੇ ਨਜਿੱਠਣਾ ਪਵੇਗਾ, ਜਿਸ ਨਾਲ ਅਮਨ-ਸ਼ਾਂਤੀ ਤੇ ਨਸ਼ਿਆਂ ਦਾ ਮਸਲਾ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਪਾਰਟੀ ਅੰਦਰ ਪਣਪ ਰਹੇ ਜ਼ੋਰ-ਜ਼ਬਰਦਸਤੀ ਵਾਲੇ ਅਨਸਰਾਂ ਨੂੰ ਨਕੇਲ ਪਾਉਣੀ ਹੋਵੇਗੀ।

ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਤੋਂ ਤੰਗ ਆਏ ਲੋਕਾਂ ਨੇ ਪੰਜਾਬ ਦੀ ਕਮਾਨ ਆਮ ਆਦਮੀ ਪਾਰਟੀ ਨੂੰ ਸੌਂਪੀ ਸੀ। ਹੁਣ ਜਦੋਂ ਉਸੇ ਕਿਸਮ ਦੇ ਇਲਜ਼ਾਮ 'ਆਪ' ਆਗੂਆਂ ਸਿਰ ਲੱਗਦੇ ਹਨ ਤਾਂ ਲੋਕ ਆਪਣੇ-ਆਪ ਨੂੰ ਠੱਗੇ ਜਿਹੇ ਮਹਿਸੂਸ ਕਰਦੇ ਹਨ।

*****

# ਇਨਫਲੂਐਂਸਰ ਕਮਲ ਕੌਰ ਭਾਬੀ ਦਾ ਕਤਲ ਕਿਵੇਂ ਹੋਇਆ, ਸੀਸੀਟੀਵੀ ਰਾਹੀਂ ਖੁੱਲੇ ਭੇਦ

## ✪ ਵਕੀਲ ਨੇ ਕਿਹਾ ਕਿ ਮਹਿਰੋਂ ਪੁਲਿਸ ਦੀ ਨਾਜਾਇਜ਼ ਹਿਰਾਸਤ ਵਿਚ

ਲੁਧਿਆਣਾ-ਕਮਲ ਕੌਰ ਭਾਬੀ ਦੇ ਕਤਲ ਮਾਮਲੇ ਦੀ ਜਾਣਕਾਰੀ ਮੁਤਾਬਕ ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਕਤਲ ਅਚਾਨਕ ਨਹੀਂ, ਸਗੋਂ ਇਕ ਪੂਰੀ ਤਰ੍ਹਾਂ ਯੋਜਨਾਬੱਧ ਸਾਜ਼ਿਸ਼ ਸੀ। ਦੋਸ਼ੀ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਸ ਦੇ ਸਾਥੀਆਂ ਨੇ ਲਗਭਗ ਤਿੰਨ ਮਹੀਨੇ ਤੱਕ ਰੇਕੀ ਕੀਤੀ, ਤਾਂ ਜੋ ਪੁਲਸ ਨੂੰ ਇਕ ਵੀ ਸੁਰਾਗ ਨਾ ਮਿਲੇ। ਤਾਜ਼ਾ ਸੀ. ਸੀ. ਟੀ. ਵੀ. ਫੁਟੇਜ ਨੇ ਇਸ ਕਤਲ ਮਾਮਲੇ ਦੀਆਂ ਪਰਤਾਂ ਖੋਲ੍ਹ ਦਿੱਤੀਆਂ ਹਨ।

### ਅੰਮ੍ਰਿਤਪਾਲ ਦੀ ਸਕਾਰਪੀਓ ਕਾਰ ਦੀ ਵੀਡੀਓ ਆਈ ਸਾਹਮਣੇ

ਸਾਹਮਣੇ ਆਈ ਫੁਟੇਜ਼ ਵਿਚ ਲੁਧਿਆਣਾ-ਮੋਗਾ ਹਾਈਵੇਅ 'ਤੇ ਇਕ ਸਕਾਰਪੀਓ ਕਾਰ ਵਿਖਾਈ ਦੇ ਰਹੀ ਹੈ, ਜਿਸ ਦੇ ਪਿੱਛੇ ਇਕ ਹੋਰ ਕਾਰ ਵੀ ਵਿਖਾਈ ਦੇ ਰਹੀ ਹੈ। ਇਹ ਕਾਰ ਕਮਲ ਕੌਰ ਦੀ ਦੱਸੀ ਜਾ ਰਹੀ ਹੈ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਵੀਡੀਓ ਵਿੱਚ ਵਿਖਾਈ ਦੇਣ ਵਾਲੀ ਸਕਾਰਪੀਓ ਗੱਡੀ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਸੀ ਅਤੇ ਇਸ ਗੱਡੀ ਨੂੰ ਉਸ ਨੇ ਹਰਿਆਣਾ ਦੇ ਮਹਿੰਦਰਗੜ੍ਹ ਤੋਂ ਖ਼ਰੀਦਿਆ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ 8 ਜੂਨ ਨੂੰ ਅੰਮ੍ਰਿਤਪਾਲ ਖੁਦ ਕਮਲ ਕੌਰ ਦੇ ਘਰ ਗਿਆ ਸੀ, ਜਿੱਥੇ ਉਸ ਨੇ ਬਹਾਨਾ ਬਣਾਇਆ ਕਿ ਉਸ ਦੀ ਕਾਰ ਬਠਿੰਡਾ ਵਿਚ ਮੁਰੰਮਤ ਕਰਵਾਉਣੀ ਹੈ ਅਤੇ ਉਸ ਨੂੰ ਕਾਰ ਦੇ ਪ੍ਰਚਾਰ ਦੇ ਸਿਲਸਿਲੇ 'ਚ ਨਾਲ ਆਉਣਾ ਚਾਹੀਦਾ ਹੈ। ਇਸ ਬਹਾਨੇ ਉਸ ਨੂੰ ਵਰਗਲਾ ਕੇ ਉਸ ਨੂੰ ਬਾਹਰ ਕੱਢਿਆ ਗਿਆ।



ਸੂਤਰਾਂ ਅਨੁਸਾਰ ਅੰਮ੍ਰਿਤਪਾਲ ਕਤਲ ਤੋਂ ਪਹਿਲਾਂ ਕਮਲ ਕੌਰ ਦੇ ਟਿਕਾਣੇ, ਰੋਜ਼ਾਨਾ ਰੁਟੀਨ ਤੇ ਰੁਟੀਨ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਸੀ। ਉਸ ਦਾ ਮਕਸਦ ਅਜਿਹਾ ਮੌਕਾ ਲੱਭਣਾ ਸੀ ਜਦੋਂ ਕਮਲ ਇਕੱਲੀ ਹੋਵੇ ਅਤੇ ਕੋਈ ਸ਼ੱਕ ਨਾ ਹੋਵੇ। ਪੁਲਸ ਨੇ ਇਸ ਸਨਸਨੀਖੇਜ਼ ਮਾਮਲੇ ਵਿੱਚ ਹੁਣ ਤੱਕ 5 ਲੋਕਾਂ ਨੂੰ ਨਾਮਜ਼ਦ ਕੀਤਾ ਹੈ।

ਅੰਮ੍ਰਿਤਪਾਲ ਸਿੰਘ ਮਹਿਰੋਂ ਪਹਿਲਾਂ ਹੀ ਯੂ. ਏ. ਈ. ਭੱਜ ਚੁੱਕਾ ਹੈ ਪਰ ਪੰਜਾਬ ਪੁਲਸ ਨੇ ਇੰਟਰਪੋਲ ਦੀ ਮਦਦ ਨਾਲ ਉਸ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਨਫਲੂਐਂਸਰ ਭਾਬੀ ਕਮਲ ਕੌਰ ਕਤਲ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਨਿਹੰਗ ਸਿੰਘ ਜਸਪ੍ਰੀਤ ਸਿੰਘ ਅਤੇ ਨਿਮਨਜੀਤ ਸਿੰਘ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਹਨ। ਪੁਲਸ ਨੇ ਬੀਤੇ ਦਿਨੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਮੁਲਜ਼ਮਾਂ ਨੂੰ ਜੇਲ੍ਹ ਭੇਜਣ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ।

ਇਸ ਦੇ ਨਾਲ ਹੀ ਮੁਲਜ਼ਮ ਦੇ ਵਕੀਲ ਨੇ ਪੁਲਸ ਦੇ ਕੰਮਕਾਜ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਸੀ ਕਿ ਅਸੀਂ ਪਹਿਲੇ ਦਿਨ ਤੋਂ ਹੀ ਕਹਿ ਰਹੇ ਸੀ ਕਿ ਪੁਲਸ ਕੋਲ ਰਿਮਾਂਡ ਤੋਂ ਵਸੂਲੀ ਲਈ ਕੁਝ ਨਹੀਂ ਹੈ, ਇਹ ਸਭ ਕੁਝ ਸਿਰਫ਼ ਤਸ਼ੱਦਦ ਕਰਨ ਲਈ ਕੀਤਾ ਗਿਆ ਸੀ। ਉਥੇ ਹੀ ਵਕੀਲ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਪੁਲਸ ਨੇ ਹਿਰਾਸਤ ਵਿਚ ਲਿਆ ਹੈ ਪਰ ਉਸ ਨੂੰ ਪੇਸ਼ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਕਈ ਸਵਾਲ ਖੜ੍ਹੇ ਹੋ ਰਹੇ ਹਨ। ਇਸ ਮਾਮਲੇ ਨਾਲ ਸਬੰਧਤ ਕਈ ਪਹਿਲੂ ਅਜੇ ਵੀ ਜਾਂਚ ਅਧੀਨ ਹਨ।

# ਟਰੰਪ ਦੇ ਬਿਆਨਾਂ ਸਾਹਮਣੇ ਭਾਰਤ ਦੀ ਖਾਮੋਸ਼ੀ ਕਿਉਂ ?

## ✪ ਅੱਤਵਾਦੀ ਫੰਡਿੰਗ ਵਿੱਚ ਪਾਕਿਸਤਾਨ ਨੂੰ ਕਲੀਨ ਚਿੱਟ, ਅਮਰੀਕਾ ਦਾ ਪਾਕਿਸਤਾਨ ਵੱਲ ਝੁਕਾਅ ✪ ਵਿਰੋਧੀ ਪਾਰਟੀਆਂ ਨੇ ਮੋਦੀ ਸਰਕਾਰ ਨੂੰ ਘੇਰਿਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੇ ਵਾਰ ਵਾਰ ਦਾਅਵੇ ਨੇ ਭਾਰਤ ਦੀ ਚੁਪ ਅਗੇ ਸਵਾਲ ਖੜੇ ਕੀਤੇ ਹਨ। ਟਰੰਪ ਦਾ ਕਹਿਣਾ ਸੀ ਕਿ ਉਸ ਨੇ ਵਪਾਰ ਅਤੇ ਟੈਰਿਫ ਦਾ ਡਰ ਦਿਖਾ ਕੇ ਭਾਰਤ ਤੇ ਪਾਕਿਸਤਾਨ ਨੂੰ ਜੰਗ ਰੋਕਣ ਲਈ ਮਜਬੂਰ ਕੀਤਾ ਸੀ। ਪਰ ਭਾਰਤ ਦੀ ਚੁੱਪੀ ਅਤੇ ਅਸਪੱਸ਼ਟ ਜਵਾਬ ਨੇ ਕੂਟਨੀਤਕ ਹਲਕਿਆਂ ਵਿੱਚ ਹੈਰਾਨੀ ਪੈਦਾ ਕਰ ਦਿਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨਾਲ 35 ਮਿੰਟ ਫੋਨ ਉਪਰ ਗੱਲਬਾਤ ਕੀਤੀ ਸੀ, ਪਰ ਇਸ ਦਾ ਵੇਰਵਾ ਨਹੀਂ ਦਿੱਤਾ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨਾਲ ਗੱਲਬਾਤ ਤੋਂ ਬਾਅਦ ਜੰਗਬੰਦੀ ਕੀਤੀ ਸੀ , ਪਰ ਟਰੰਪ ਨੇ ਆਪਣਾ ਦਾਅਵਾ ਵਾਰ ਵਾਰ ਦੁਹਰਾਇਆ ਕਿ ਭਾਰਤ ਪਾਕਿ ਵਿਚਾਲੇ ਸ਼ਾਂਤੀ ਉਸ ਕਾਰਣ ਬਣੀ ਤੇ ਜੰਗ ਰੁਕੀ। ਸੁਆਲ ਇਹ ਹੈ ਕਿ ਜੇ ਟਰੰਪ ਝੂਠ ਬੋਲ ਰਿਹਾ ਹੈ, ਤਾਂ ਭਾਰਤ ਉਸ ਦਾ ਵਿਰੋਧ ਕਿਉਂ ਨਹੀਂ ਕਰ ਰਿਹਾ ?

ਕੀ ਅਮਰੀਕਾ ਨਾਲ ਆਰਥਿਕ ਅਤੇ ਰਣਨੀਤਕ ਨਿਰਭਰਤਾ ਭਾਰਤ ਨੂੰ ਚੁੱਪ ਰਹਿਣ ਲਈ ਮਜਬੂਰ ਕਰ ਰਹੀ ਹੈ ? ਇਹ ਸਵਾਲ ਭਾਰਤ ਦੀ ਕੂਟਨੀਤਕ ਸਾਖ ਉਪਰ ਪ੍ਰਸ਼ਨ ਚਿੰਨ ਹਨ। ਬੀਤੇ ਦਿਨੀਂ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ.ਏ.ਟੀ.ਐਫ.) ਨੇ ਪਾਕਿਸਤਾਨ ਨੂੰ ਅੱਤਵਾਦੀ ਫੰਡਿੰਗ ਦੇ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਸੀ ਇਸ ਕਾਰਣ ਭਾਰਤ ਦੀਆਂ ਉਮੀਦਾਂ ਨੂੰ ਝਟਕਾ ਲਗਾ ਹੈ। ਪੁਲਵਾਮਾ ਘਟਨਾ ਤੋਂ 55 ਦਿਨ ਬਾਅਦ ਐਫ.ਏ.ਟੀ.ਐਫ. ਨੇ ਕਿਹਾ ਸੀ ਕਿ ਅਜਿਹੀਆਂ ਘਟਨਾਵਾਂ ਪਿੱਛੇ ਵੱਡੀ ਫੰਡਿੰਗ ਹੁੰਦੀ ਹੈ, ਜਿਸ ਨਾਲ ਭਾਰਤ ਨੂੰ ਲੱਗਿਆ ਸੀ ਕਿ ਪਾਕਿਸਤਾਨ ਉੱਤੇ ਕਾਰਵਾਈ ਹੋਵੇਗੀ। ਪਰ ਐਫ.ਏ.ਟੀ.ਐਫ. ਨੇ ਪਾਕਿਸਤਾਨ ਦੀਆਂ 2022 ਦੀਆਂ ਵਚਨਬੱਧਤਾਵਾਂ ਦੀ ਪਾਲਣਾ ਦੀ ਸਿਫਤ ਕਰਦਿਆਂ ਉਸ ਨੂੰ ਬਰੀ ਕਰ ਦਿੱਤਾ ਹੈ। ਇਸ ਦੇ ਨਾਲ ਹੀ ਆਈ.ਐਮ.ਐਫ., ਵਿਸ਼ਵ ਬੈਂਕ ਅਤੇ ਏ. ਡੀ. ਬੀ. ਨੇ ਪਾਕਿਸਤਾਨ ਨੂੰ ਕਰਜ਼ੇ ਦੇਣ ਦਾ ਐਲਾਨ ਕੀਤਾ ਸੀ, ਜਿਸ ਨੂੰ ਰੋਕਣ ਦੀ ਭਾਰਤ ਦੀ ਕੋਸ਼ਿਸ਼ ਵੀ ਨਕਾਮ ਰਹੀ ਸੀ। ਅਗਸਤ ਵਿੱਚ ਹੋਣ ਵਾਲੀ ਐਫ.ਏ.ਟੀ.ਐਫ. ਦੀ ਮੀਟਿੰਗ ਵਿੱਚ ਭਾਰਤ ਪਾਕਿਸਤਾਨ ਨੂੰ 'ਗ੍ਰੇ ਲਿਸਟ' ਵਿੱਚ ਪਵਾਉਣ ਦੀ ਕੋਸ਼ਿਸ਼ ਕਰੇਗਾ, ਪਰ ਅਮਰੀਕਾ ਅਤੇ ਚੀਨ ਦੀ ਚੁੱਪੀ ਨੇ ਭਾਰਤ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਅਮਰੀਕਾ ਦਾ ਪਾਕਿਸਤਾਨ ਵੱਲ ਵਧਦਾ ਝੁਕਾਅ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਪਾਕਿਸਤਾਨੀ ਫੌਜ ਮੁਖੀ ਜਨਰਲ ਆਸਿਮ ਮੁਨੀਰ ਦੀ ਵਾਈਟ ਹਾਊਸ ਵਿੱਚ ਟਰੰਪ ਨਾਲ ਮੁਲਾਕਾਤ ਅਤੇ ਪਾਕਿਸਤਾਨ ਵੱਲੋਂ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਦੇ ਐਲਾਨ ਨੇ ਅਮਰੀਕਾ-ਪਾਕਿਸਤਾਨ ਸਬੰਧਾਂ ਦੀ ਨਵੀਂ ਗਰਮਜੋਸ਼ੀ ਦਿਖਾਈ ਹੈ। ਟਰੰਪ ਨੇ ਭਾਰਤ-ਪਾਕਿਸਤਾਨ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਲੈਂਦਿਆਂ ਪਾਕਿਸਤਾਨ ਦੀ ਤਾਰੀਫ ਕੀਤੀ ਸੀ, ਜਦ ਕਿ ਭਾਰਤ ਨੇ ਤੀਜੀ ਧਿਰ ਦੀ ਵਿਚੋਲਗੀ ਨੂੰ ਸਿਰੇ ਤੋਂ ਨਕਾਰਿਆ ਸੀ। ਅਮਰੀਕਾ ਦੀ ਇਸ ਰਣਨੀਤੀ ਪਿੱਛੇ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਪਾਕਿਸਤਾਨ ਨਾਲ ਦੋਸਤੀ ਮਜਬੂਤ ਕਰਨ ਦੀ ਸੰਭਾਵਨਾ ਹੈ। ਪਰ ਸਵਾਲ ਇਹ ਹੈ ਕਿ ਭਾਰਤ ਅਮਰੀਕਾ ਦੇ ਇਸ ਝੁਕਾਅ ਦਾ ਵਿਰੋਧ ਕਿਉਂ ਨਹੀਂ ਕਰ ਰਿਹਾ ? ਕੀ ਅਮਰੀਕਾ ਨਾਲ ਵਪਾਰਕ ਅਤੇ ਰਣਨੀਤਕ ਸਬੰਧਾਂ ਦੀ ਮਜਬੂਰੀ ਭਾਰਤ ਨੂੰ ਚੁੱਪ ਕਰਵਾ ਰਹੀ ਹੈ ?

ਭਾਰਤ ਦੀਆਂ ਵਿਰੋਧੀ ਪਾਰਟੀਆਂ ਨੇ ਸਰਕਾਰ ਦੀ ਇਸ ਕਮਜ਼ੋਰ ਕੂਟਨੀਤੀ 'ਤੇ ਸਖ਼ਤ ਸਵਾਲ ਚੁੱਕੇ ਹਨ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਫੇਲ' ਹੋ ਚੁੱਕੀ ਹੈ, ਜਿਸ ਕਾਰਨ ਅਮਰੀਕਾ ਭਾਰਤ ਨੂੰ ਹਲਕੇ ਵਿੱਚ ਲੈ ਰਿਹਾ ਹੈ। ਟੀ. ਐਮ. ਸੀ. ਦੀ ਮਮਤਾ ਬੈਨਰਜੀ ਨੇ ਕਿਹਾ ਕਿ ਸਰਕਾਰ ਦੀ ਚੁੱਪ ਦੇਸ਼ ਦੀ ਸਾਖ ਨੂੰ ਨੁਕਸਾਨ ਪਹੁੰਚਾ ਰਹੀ ਹੈ। ਸਮਾਜਵਾਦੀ ਪਾਰਟੀ ਅਤੇ ਆਪ ਨੇ ਵੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਅਮਰੀਕਾ ਦੇ ਦਬਾਅ ਅੱਗੇ ਝੁਕਣਾ ਭਾਰਤ ਦੀ ਸਵੈ-ਮਾਣ ਨੂੰ ਠੇਸ ਪਹੁੰਚਾਉਂਦਾ ਹੈ। ਵਿਰੋਧੀਆਂ ਨੇ ਮੰਗ ਕੀਤੀ ਕਿ ਸਰਕਾਰ ਟਰੰਪ ਦੇ ਬਿਆਨਾਂ ਦਾ ਸਪੱਸ਼ਟ ਜਵਾਬ ਦੇਵੇ ਅਤੇ ਪਾਕਿਸਤਾਨ ਵਿਰੁੱਧ ਕੂਟਨੀਤਕ ਮੋਰਚੇ 'ਤੇ ਸਖਤੀ ਵਿਖਾਵੇ।



**ਪੰਜਾਬ ਟਾਈਮਜ ਅਨੁਸਾਰ ਭਾਰਤ ਦੀ ਇਸ ਕੂਟਨੀਤਕ ਹਾਰ ਦੇ ਬਾਵਜੂਦ ਕੁਝ ਰਸਤੇ ਹਨ, ਜਿਨ੍ਹਾਂ 'ਤੇ ਚੱਲ ਕੇ ਸਥਿਤੀ ਸੁਧਾਰੀ ਜਾ ਸਕਦੀ ਹੈ। ਪਹਿਲਾਂ, ਭਾਰਤ ਨੂੰ ਅਮਰੀਕਾ ਨਾਲ ਸਬੰਧਾਂ ਵਿੱਚ ਸੰਤੁਲਨ ਬਣਾਉਣ ਦੀ ਲੋੜ ਹੈ। ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰਤਾ ਦੀ ਬਜਾਏ ਰੂਸ, ਫਰਾਂਸ ਅਤੇ ਜਾਪਾਨ ਵਰਗੇ ਦੇਸ਼ਾਂ ਨਾਲ ਸਬੰਧ ਮਜ਼ਬੂਤ ਕਰਕੇ ਭਾਰਤ ਆਪਣੀ ਸਥਿਤੀ ਸੁਧਾਰ ਸਕਦਾ ਹੈ। ਦੂਜਾ, ਐਫ.ਏ.ਟੀ.ਐਫ. ਅਤੇ ਸੰਯੁਕਤ ਰਾਸ਼ਟਰ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਪਾਕਿਸਤਾਨ ਵਿਰੁੱਧ ਮਜ਼ਬੂਤ ਸਬੂਤ ਪੇਸ਼ ਕਰਕੇ ਦਬਾਅ ਬਣਾਇਆ ਜਾ ਸਕਦਾ ਹੈ। ਤੀਜਾ, ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਵਿੱਚ ਹਮਲਾਵਰ ਰੁਖ ਅਪਣਾਉਣ ਦੀ ਲੋੜ ਹੈ, ਜਿਸ ਨਾਲ ਅਮਰੀਕਾ ਵਰਗੇ ਦੇਸ਼ ਸਮਝਣ ਕਿ ਭਾਰਤ ਹੁਣ ਕਿਸੇ ਦੇ ਦਬਾਅ ਹੇਠ ਨਹੀਂ ਝੁਕੇਗਾ।**

# ਪ੍ਰਮਾਣੂ ਹਮਲਿਆਂ ਤੋਂ ਬਚਣ ਲਈ ਯੂ ਕੇ ਦੀਆਂ 20 ਸਭ ਤੋਂ ਸੁਰੱਖਿਅਤ ਥਾਵਾਂ ਦੀ ਸੂਚੀ ਆਈ ਸਾਹਮਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਾਲ ਹੀ ਦੇ ਦਿਨਾਂ ਵਿੱਚ ਅਮਰੀਕਾ ਦੁਆਰਾ ਈਰਾਨ ਵਿੱਚ ਪ੍ਰਮਾਣੂ ਟਿਕਾਣਿਆਂ 'ਤੇ ਕੀਤੇ ਗਏ ਬੰਬ ਹਮਲਿਆਂ ਨੇ ਦੁਨੀਆ ਭਰ ਵਿੱਚ ਯੁੱਧ ਛਿੜਨ ਦਾ ਡਰ ਪੈਦਾ ਕਰ ਦਿਤਾ ਹੈ। ਭਾਵੇਂ ਕਿ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ 'ਤੇ ਸਹਿਮਤੀ ਬਣ ਗਈ ਹੈ। ਪਰ ਫਿਰ ਵੀ ਜੇਕਰ ਦੁਨੀਆ ਭਰ ਵਿੱਚ ਪ੍ਰਮਾਣੂ ਯੁੱਧ ਸ਼ੁਰੂ ਹੋ ਜਾਵੇ, ਤਾਂ ਅੰਤਰਰਾਸ਼ਟਰੀ ਰੇਡੀਓਲੋਜੀਕਲ ਪ੍ਰੋਟੈਕਸ਼ਨ ਕਮਿਸ਼ਨ (ਆਈ ਸੀ ਆਰ ਪੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਮਾਣੂ ਹਮਲੇ ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਵਿੱਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ "ਕਿਸੇ ਇਮਾਰਤ ਜਾਂ ਬੇਸਮੈਂਟ ਵਿੱਚ ਜਾਣਾ ਸੁਰੱਖਿਅਤ ਹੋਵੇਗਾ।"

ਆਈ ਸੀ ਆਰ ਪੀ ਨੇ ਕਿਹਾ ਕਿ "6 ਅਗਸਤ, 1945 ਨੂੰ, ਸ਼੍ਰੀ ਈਜ਼ੋ ਨੋਮੁਰਾ ਨਾਮ ਦਾ ਵਿਅਕਤੀ ਹੀਰੋਸ਼ੀਮਾ ਵਿੱਚ ਇੱਕ ਇਮਾਰਤ ਦੇ ਬੇਸਮੈਂਟ ਵਿੱਚ ਸੀ, ਜੋ ਕਿ ਜ਼ਮੀਨ ਜ਼ੀਰੋ ਤੋਂ ਲਗਭਗ 170 ਮੀਟਰ ਹੇਠਾਂ ਸੀ। ਉਹ ਪ੍ਰਮਾਣੂ ਬੰਬ ਧਮਾਕੇ ਦੌਰਾਨ ਬਚ ਗਿਆ ਅਤੇ 1982 ਵਿੱਚ 84 ਸਾਲ ਦੀ ਉਮਰ ਤੱਕ ਜਿਉਂਦਾ ਰਿਹਾ। ਪ੍ਰਮਾਣੂ ਧਮਾਕੇ ਤੋਂ ਕੁਝ ਸੌ ਮੀਟਰ ਦੇ ਅੰਦਰ ਜ਼ਿਆਦਾ ਨੁਕਸਾਨ ਹੁੰਦਾ ਹੈ। ਅਜੇਹੇ ਮੌਕੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਧਮਾਕੇ ਤੋਂ ਬਾਅਦ, ਫਾਲਆਊਟ ਆਉਣ ਤੋਂ ਪਹਿਲਾਂ ਢੁਕਵੀਂ ਛੁਪਣਗਾਹ ਲੱਭਣ ਲਈ 10 ਮਿੰਟ ਜਾਂ ਵੱਧ ਸਮਾਂ ਹੁੰਦਾ ਹੈ। ਧਮਾਕੇ ਦੇ ਕੁਝ ਮਿੰਟਾਂ ਦੇ ਅੰਦਰ ਕਿਸੇ ਬਹੁ-ਮੰਜ਼ਿਲਾ ਇਮਾਰਤ ਜਾਂ ਬੇਸਮੈਂਟ ਤੱਕ ਸੁਰੱਖਿਅਤ ਢੰਗ ਨਾਲ ਪਹੁੰਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। "ਸਭ ਤੋਂ ਸੁਰੱਖਿਅਤ ਇਮਾਰਤਾਂ ਵਿੱਚ ਇੱਟਾਂ ਜਾਂ ਕੰਕਰੀਟ ਦੀਆਂ ਕੰਧਾਂ ਹੁੰਦੀਆਂ ਹਨ। "ਅੰਡਰਗਰਾਊਂਡ ਪਾਰਕਿੰਗ ਗੈਰੇਜ ਅਤੇ ਸਬਵੇਅ ਵੀ ਚੰਗੀ ਪਨਾਹ ਪ੍ਰਦਾਨ ਕਰ ਸਕਦੇ ਹਨ,"।

ਬਹੁਤ ਸਾਰੇ ਲੋਕ ਲੰਡਨ ਨੂੰ ਪਨਾਹ ਦਾ ਸਥਾਨ ਮੰਨਦੇ ਹਨ, ਕਿਉਂਕਿ ਸ਼ਹਿਰ ਦੇ ਹੇਠਾਂ ਵਿਆਪਕ ਟਿਊਬ ਸਿਸਟਮ ਹੈ। ਇਥੋਂ ਦੀ ਇੱਕ ਯੂਨੀਵਰਸਿਟੀ ਦੇ ਪ੍ਰੋਫੈਸਰ ਐਂਡਰਿਊ ਫਟਰ ਦਾ ਮੰਨਣਾ ਹੈ ਕਿ ਲੰਡਨ ਅੰਡਰਗਰਾਊਂਡ ਪ੍ਰਮਾਣੂ ਹਮਲੇ ਦੀ ਸਥਿਤੀ ਵਿੱਚ ਲੋੜੀਂਦੀ ਸੁਰੱਖਿਆ ਪ੍ਰਦਾਨ ਨਹੀਂ ਕਰ ਸਕਦਾ।

ਪ੍ਰਮਾਣੂ ਹਮਲੇ ਦੇ ਪ੍ਰਭਾਵ ਨੂੰ ਨਿਰਧਾਰਤ ਕਰਨ ਵਾਲੇ ਕਈ ਕਾਰਕ ਹਨ, ਜਿਸ ਵਿੱਚ ਰੇਡੀਏਸ਼ਨ, ਫਾਇਰਬਾਲ, ਏਅਰ ਬਲਾਸਟ, ਅਤੇ ਥਰਮਲ ਰੇਡੀਏਸ਼ਨ ਸ਼ਾਮਲ ਹਨ। ਮੌਸਮ ਦੀਆਂ ਸਥਿਤੀਆਂ ਵੀ ਨਿਰਭਰ ਕਰਦੀਆਂ ਹਨ, ਪਰ 2017 ਵਿੱਚ ਈਮੂਵ ਨੇ 20 ਖੇਤਰਾਂ ਦੀ ਪਛਾਣ ਕੀਤੀ ਹੈ ਜੋ ਵੱਡੇ ਸ਼ਹਿਰਾਂ ਨਾਲੋਂ ਵੱਧ ਸੁਰੱਖਿਅਤ ਹੋ ਸਕਦੇ ਹਨ। ਜਿਹਨਾਂ ਵਿੱਚ ਕੌਰਨਵਾਲ, ਵੇਮਾਊਥ, ਫੋਲਕਸਟੋਨ, ਡੋਵਰ, ਮਾਰਗੇਟ, ਕਲਾਕਟਨ-ਆਨ-ਸੀ, ਫੇਲਿਕਸਸਟੋ, ਬ੍ਰਿਕਸਵਰਥ, ਬਿਡਫੋਰਡ, ਐਬੇਰੀਸਟਵਿਥ, ਸਕੈਗਨੈਸ, ਐਂਗਲਸੀ ਦਾ ਟਾਪੂ, ਫਰਨੈਸ ਵਿੱਚ ਬੈਰੋ, ਲੈਂਕੈਸਟਰ, ਵਿਟਬੀ, ਕਾਰਲਿਸਲ, ਡਮਫ੍ਰਾਈਜ਼, ਬਰਵਿਕ-ਅਪੌਨ-ਟਵੀਡ, ਇਨਵਰਨੈਸ ਥਾਵਾਂ ਨੂੰ ਸੁਰੱਖਿਅਤ ਮੰਨਿਆ ਜਾ ਰਿਹਾ ਹੈ।

# ਪਟਨਾ ਸਾਹਿਬ ਦੀ ਕਮੇਟੀ ਉਪਰ ਗਿਆਨੀ ਗੌਹਰ ਭੜਕੇ

**○ ਕਿਹਾ ਕਿ ਪਟਨਾ ਸਾਹਿਬ ਦੀ ਕਮੇਟੀ ਦੀ ਮਿਆਦ ਪੁਗੀ ○ ਮੇਰੇ ਬਾਰੇ ਫੈਸਲੇ ਲੈਣ ਦਾ ਕੋਈ ਅਧਿਕਾਰ ਨਹੀਂ ○ 5 ਪਿਆਰਿਆਂ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਚਾਰ ਅਧੀਨ**



ਅੰਮ੍ਰਿਤਸਰ-ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਪਟਨਾ ਸਾਹਿਬ ਦੀ ਕਮੇਟੀ ਵੱਲੋਂ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਮਾਨਤਾ ਨਾ ਦਿੱਤੇ ਜਾਣ ਨੂੰ ਲੈ ਕੇ ਗਿਆਨੀ ਗੌਹਰ ਨੇ ਕਿਹਾ ਕਿ ਪਟਨਾ ਸਾਹਿਬ ਦੀ ਕਮੇਟੀ ਦਾ ਕਾਰਜਕਾਲ ਖਤਮ ਹੋ ਚੁੱਕਾ ਹੈ। ਕੋਈ ਵੀ ਕਮੇਟੀ ਪੰਜ ਸਾਲ ਲਈ ਬਣਾਈ ਜਾਂਦੀ ਹੈ ਪਰ ਦੋ ਸਾਲ ਪਹਿਲਾਂ ਇਸ ਕਮੇਟੀ ਦਾ ਕਾਰਜਕਾਲ ਖ਼ਤਮ ਹੋ ਚੁੱਕਿਆ ਹੈ। ਗਿਆਨੀ ਗੌਹਰ ਨੇ ਕਿਹਾ ਸਿਰਫ ਆਪਣੇ ਨਿੱਜੀ ਸਵਾਰਥ ਲਈ ਇਹ ਲੋਕ ਕਮੇਟੀ ਦੀ ਵਰਤੋਂ ਕਰ ਰਹੇ ਹਨ ਤੇ ਇਕ ਦੂਜੇ ਨਾਲ ਲੜਾ ਕੇ ਗੁਰੂ ਘਰਾਂ ਦੀ ਮਰਿਆਦਾ ਦਾ ਘਾਣ ਕਰ ਰਹੇ ਹਨ। ਪਟਨਾ ਸਾਹਿਬ ਵਿਖੇ ਜੋ ਉਨ੍ਹਾਂ 'ਤੇ ਰੋਕ ਲਗਾਈ ਗਈ ਸੀ, ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਟਾ ਦਿੱਤਾ ਗਿਆ ਹੈ। ਪਟਨਾ ਸਾਹਿਬ ਦੀ ਕਮੇਟੀ ਜਾਂ ਪੰਜ ਪਿਆਰਿਆਂ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰ ਅਧੀਨ ਹੈ। ਗਿਆਨੀ ਰਣਜੀਤ ਸਿੰਘ ਗੌਹਰ ਨੇ ਸਿੱਖ ਸੰਸਥਾਵਾਂ 'ਚ ਗੈਰ ਅੰਮ੍ਰਿਤਧਾਰੀ ਮੈਂਬਰਾਂ ਬਾਰੇ ਕਿਹਾ ਕਿ ਇਨ੍ਹਾਂ ਨੇ ਸਿੱਖ ਕੌਮ ਨੂੰ ਸਰਕਾਰਾਂ ਅੱਗੇ ਗਹਿਣੇ ਰੱਖ ਦਿੱਤਾ ਹੈ।

# ਘਰ ਦੇ ਬਾਹਰ ਬੈਠੇ ਨੌਜਵਾਨ 'ਤੇ 3 ਅਣਪਛਾਤੇ ਗੁੰਡਿਆਂ ਨੇ ਗੋਲੀਆਂ ਚਲਾਈਆਂ, ਹਾਲਤ ਗੰਭੀਰ

ਮੋਗਾ-ਮੋਗਾ ਦੇ ਮਹਾਵੀਰ ਨਗਰ 'ਚ ਤਿੰਨ ਅਣਪਛਾਤੇ ਗੁੰਡਿਆਂ ਵੱਲੋਂ ਇੱਕ ਨੌਜਵਾਨ ਨੂੰ 4 ਤੋਂ 5 ਗੋਲੀਆਂ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ, ਨੌਜਵਾਨ ਆਪਣੇ ਘਰ ਦੇ ਬਾਹਰ ਦੋਸਤਾਂ ਨਾਲ ਬੈਠਾ ਹੋਇਆ ਸੀ, ਉਦੋਂ ਹੀ ਤਿੰਨ ਅਣਜਾਣ ਲੋਕ ਉਥੇ ਪਹੁੰਚੇ ਅਤੇ ਉਸ 'ਤੇ ਗੋਲੀਆਂ ਚਲਾਈਆਂ। ਵਾਰਦਾਤ ਨੂੰ ਅੰਜਾਮ ਦੇ ਕੇ ਉਹ ਮੌਕੇ ਤੋਂ ਫਰਾਰ ਹੋ ਗਏ ਜ਼ਖ਼ਮੀ ਨੌਜਵਾਨ ਨੂੰ ਤੁਰੰਤ ਮੋਗਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਵੇਖਦਿਆਂ ਉਸ ਨੂੰ ਫਰੀਦਕੋਟ ਮੈਡੀਕਲ ਕਾਲਜ ਰੈਫਰ ਕਰ ਦਿੱਤਾ। ਥਾਣਾ ਮੁਖੀ ਵਰੁਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਵੱਲੋਂ ਜਾਂਚ ਜਾਰੀ ਹੈ ਅਤੇ ਬਿਆਨ ਲੈ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਬੀੜ ਤਲਾਬ ਬਸਤੀ ਵਿਚ ਨਸ਼ੇ ਦੀ ਤਸਕਰੀ ਜਾਰੀ, ਨੌਜਵਾਨ ਦੀ ਮੌਤ

**○ ਪੁਲਿਸ ਵਲੋਂ ਤਿੰਨ ਔਰਤਾਂ ਸਮੇਤ ਪੰਜ ਮੁਲਜ਼ਮਾਂ 'ਤੇ ਮਾਮਲਾ ਦਰਜ**

ਬਠਿੰਡਾ-ਬੀੜ ਤਲਾਬ ਬਸਤੀ ਵਿਚ ਨਸ਼ੇ ਦੀ ਤਸਕਰੀ ਨਾਲ ਜੁੜਿਆ ਇੱਕ ਹੋਰ ਮੰਦਭਾਗਾ ਮਾਮਲਾ ਸਾਹਮਣੇ ਆਇਆ। 21 ਜੂਨ ਨੂੰ ਗੁਰਮੀਤ ਸਿੰਘ (35) ਨੇ ਬਸਤੀ ਦੇ ਕੁਝ ਲੋਕਾਂ ਤੋਂ ਹੈਰੋਇਨ ਖਰੀਦੀ ਅਤੇ ਟੀਕਾ ਲਗਾਇਆ, ਜਿਸ ਤੋਂ ਬਾਅਦ ਉਸਦੀ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਜਸਵੰਤ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਪੰਜ ਮੁਲਜ਼ਮਾਂ-ਸਾਧੂ ਸਿੰਘ, ਕਿਰਨਾ ਕੌਰ, ਪ੍ਰੇਮ ਕੌਰ, ਆਰਤੀ ਅਤੇ ਕੁਲਵਿੰਦਰ ਕੌਰ-ਖ਼ਿਲਾਫ਼ ਮਾਮਲਾ ਦਰਜ ਕੀਤਾ। ਪੁਲਿਸ ਨੇ ਤਿੰਨ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਦੋ ਮੁਲਜ਼ਮ ਅਜੇ ਫਰਾਰ ਹਨ।

# ਲੁਟੇਰਿਆਂ ਨੇ ਕੁੜੀ ਦੀ ਸੋਨੇ ਦੀ ਚੇਨ ਖੋਹੀ

**○ ਪੰਚਾਇਤ ਪ੍ਰਧਾਨ ਨੇ ਲੁਟੇਰਿਆਂ ਨੂੰ ਗੋਲੀ ਮਾਰੀ ○ ਪੁਲਿਸ ਵਲੋਂ ਦੋਵੇਂ ਮੁਲਜ਼ਮ ਗ੍ਰਿਫਤਾਰ**

ਅੰਮ੍ਰਿਤਸਰ-ਰਾਜਾਸਾਂਸੀ ਇਲਾਕੇ ਵਿਚ ਸੋਨੇ ਦੀ ਚੇਨ ਖੋਹਣ ਦੀ ਘਟਨਾ ਵਾਪਰੀ। ਰਣਜੀਤ ਕੌਰ ਪੈਦਲ ਜਾ ਰਹੀ ਸੀ ਜਦੋਂ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ, ਹਰਪ੍ਰੀਤ ਸਿੰਘ ਅਤੇ ਜਰਮਨਪ੍ਰੀਤ ਸਿੰਘ, ਨੇ ਉਸਦੇ ਗਲੇ ਵਿਚੋਂ ਚੇਨ ਖੋਹ ਲਈ। ਰਣਜੀਤ ਦੇ ਸ਼ੋਰ ਮਚਾਉਣ 'ਤੇ ਨਗਰ ਪੰਚਾਇਤ ਪ੍ਰਧਾਨ ਅਰਵਿੰਦਰ ਸਿੰਘ ਨੇ ਸੈਲਫ ਡਿਫੈਂਸ ਵਿਚ ਗੋਲੀ ਚਲਾਈ, ਜੋ ਇੱਕ ਲੁਟੇਰੇ ਦੀ ਲੱਤ ਵਿਚ ਲੱਗੀ। ਜ਼ਖ਼ਮੀ ਹੋਣ ਦੇ ਬਾਵਜੂਦ ਲੁਟੇਰੇ ਮੋਟਰਸਾਈਕਲ 'ਤੇ ਭੱਜਣ ਵਿਚ ਕਾਮਯਾਬ ਹੋ ਗਏ। ਰਾਜਾਸਾਂਸੀ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

# ਕਮਲ ਕੌਰ ਭਾਬੀ ਦੇ ਕਤਲ ਦੀ ਹਮਾਇਤ ਕਰਨ ਵਾਲੇ 106 ਅਕਾਊਂਟ ਬੰਦ

ਬਠਿੰਡਾ-ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਕਮਲ ਕੌਰ ਭਾਬੀ ਦੇ ਕਤਲ ਦੀ ਹਮਾਇਤ ਕਰਨ ਵਾਲੇ 106 ਸੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਹਨ। 11 ਜੂਨ ਨੂੰ ਬਠਿੰਡਾ ਦੀ ਆਦੇਸ਼ ਯੂਨੀਵਰਸਿਟੀ ਨੇੜੇ ਕਮਲ ਕੌਰ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਜਾਂਚ ਵਿਚ ਪਤਾ ਲੱਗਾ ਕਿ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ, ਜੋ 'ਕੌਮ ਦੇ ਰਾਖੇ' ਜਥੇਬੰਦੀ ਦਾ ਮੁਖੀ ਹੈ, ਨੇ ਕਥਿਤ ਅਸ਼ਲੀਲ ਸਮੱਗਰੀ ਪੋਸਟ ਕਰਨ ਦੇ ਦੋਸ਼ ਵਿਚ ਕਤਲ ਕੀਤਾ। ਅੰਮ੍ਰਿਤਪਾਲ ਯੂਏਈ ਭੱਜ ਗਿਆ, ਜਦਕਿ ਉਸਦੇ ਸਾਥੀ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਗ੍ਰਿਫਤਾਰ ਹੋ ਚੁੱਕੇ ਹਨ। ਇਸ ਕਤਲ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਫਿਰਕੂ ਤਣਾਅ ਦੀ ਸੰਭਾਵਨਾ ਦੇਖਦਿਆਂ ਪੁਲਿਸ ਨੇ ਸਖਤ ਕਾਰਵਾਈ ਕੀਤੀ। ਹੋਰ ਇਨਫਲੂਐਂਸਰਾਂ ਨੂੰ ਵੀ ਧਮਕੀਆਂ ਮਿਲਣ ਦੀਆਂ ਰਿਪੋਰਟਾਂ ਹਨ।

# ਲੁਟੇਰਿਆਂ ਨੇ ਪੈਸੇ ਨਾ ਮਿਲਣ ਕਾਰਣ ਵਿਅਕਤੀ ਦੇ ਦੋਵਾਂ ਹੱਥਾਂ ਦੀਆਂ ਉਂਗਲਾਂ ਵੱਢੀਆਂ



ਲੁਧਿਆਣਾ-ਜਨਕਪੁਰੀ ਇਲਾਕੇ ਵਿਚ ਇਕ ਵਿਅਕਤੀ ਨੂੰ ਲੁਟੇਰਿਆਂ ਨੇ ਘੇਰ ਕੇ ਲੁੱਟ ਦੀ ਨੀਅਤ ਨਾਲ ਤਲਵਾਰ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਉਸ ਦੇ ਦੋਵਾਂ ਹੱਥਾਂ ਦੀਆਂ ਉਂਗਲਾਂ ਅੱਧੀਆਂ ਤੋਂ ਵੱਧ ਵੱਢੀਆਂ ਗਈਆਂ। ਸਥਾਨਕ ਲੋਕਾਂ ਨੇ ਗੰਭੀਰ ਹਾਲਤ 'ਚ ਸੰਨੀ (37) ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੇ ਦੋਵਾਂ ਹੱਥਾਂ ਦੀਆਂ ਉਂਗਲਾਂ 'ਤੇ ਲੱਗਭਗ ਦੋ ਦਰਜਨ ਟਾਂਕੇ ਲਾਏ ਗਏ ਹਨ। ਇਸ ਦੇ ਨਾਲ ਹੀ ਚੌਂਕੀ ਜਨਕਪੁਰੀ ਦੀ ਪੁਲਿਸ ਮੌਕੇ 'ਤੇ ਪਹੁੰਚੀ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਦੀਨਾਨਗਰ ਵਿਚ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ 7 ਲੱਖ ਦੀ ਠੱਗੀ

**○ ਪੁਲਿਸ ਵਲੋਂ ਦੋ ਮੁਲਜ਼ਮਾਂ 'ਤੇ ਮਾਮਲਾ ਦਰਜ, ਗ੍ਰਿਫਤਾਰੀ ਬਾਕੀ**



ਗੁਰਦਾਸਪੁਰ-ਦੀਨਾਨਗਰ ਵਿਚ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀ ਦਾ ਮਾਮਲਾ ਸਾਹਮਣੇ ਆਇਆ। ਸ਼ਿਵ ਨਗਰ ਦੇ ਵਸਨੀਕ ਅਰੁਣ ਕੁਮਾਰ ਨੇ ਪੁਲਿਸ ਨੂੰ ਦੱਸਿਆ ਕਿ ਉਹ ਵਿਦੇਸ਼ ਜਾਣ ਦਾ ਇੱਛੁਕ ਸੀ। ਮੁਲਜ਼ਮ ਵਿਕਰਮਜੀਤ ਸਿੰਘ ਅਤੇ ਸੰਨੀ ਸੰਧੂ ਨੇ ਨਿਊਜ਼ੀਲੈਂਡ ਭੇਜਣ ਦਾ ਵਾਅਦਾ ਕਰਕੇ ਉਸ ਤੋਂ 7 ਲੱਖ ਰੁਪਏ ਲੈ ਲਏ। ਪੈਸੇ ਲੈਣ ਤੋਂ ਬਾਅਦ ਨਾ ਤਾਂ ਅਰੁਣ ਨੂੰ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ। ਅਰੁਣ ਦੀ ਸ਼ਿਕਾਇਤ 'ਤੇ ਦੀਨਾਨਗਰ ਥਾਣੇ ਦੀ ਪੁਲਿਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਲੇ ਤੱਕ ਕਿਸੇ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਪੁਲਿਸ ਨੇ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ।

ਪੰਜਾਬ ਟਾਈਮਜ ਅਨੁਸਾਰ ਇਹ ਮਾਮਲਾ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੰਦਾ ਹੈ।

# ਲੜਕੀ ਨੇ ਨਵੇਂ ਬੁਆਏਫ੍ਰੈਂਡ ਨਾਲ ਮਿਲ ਕੇ ਪੁਰਾਣੇ ਦੋਸਤ ਨੂੰ ਕੁੱਟਿਆ, ਨਹਿਰ ਵਿਚ ਸੁੱਟਿਆ

**○ ਪੰਚਾਇਤ ਮੈਂਬਰ ਨੇ ਨੌਜਵਾਨ ਦੀ ਜਾਨ ਬਚਾਈ, ਪੁਲਿਸ ਵਲੋਂ ਮੁਲਜ਼ਮਾਂ 'ਤੇ ਮਾਮਲਾ ਦਰਜ**

ਲੁਧਿਆਣਾ ਦੇ ਜੋਧਾ ਥਾਣਾ ਖੇਤਰ ਵਿਚ ਇੱਕ ਹੈਰਾਨੀਜਨਕ ਘਟਨਾ ਵਾਪਰੀ, ਜਿੱਥੇ ਜਸਲੀਨ ਕੌਰ ਨਾਮੀ ਲੜਕੀ ਨੇ ਆਪਣੇ ਨਵੇਂ ਬੁਆਏਫ੍ਰੈਂਡ ਬਲਕਰਨ ਸਿੰਘ ਨਾਲ ਮਿਲ ਕੇ ਪੁਰਾਣੇ ਦੋਸਤ ਹਰਕੀਰਤ ਸਿੰਘ (20) ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਬੇਹੋਸ਼ੀ ਦੀ ਹਾਲਤ ਵਿਚ ਨਹਿਰ ਵਿਚ ਸੁੱਟ ਦਿੱਤਾ। ਜਸਲੀਨ ਨੇ ਇੰਸਟਾਗ੍ਰਾਮ 'ਤੇ ਸੁਨੇਹਾ ਭੇਜ ਕੇ ਹਰਕੀਰਤ ਨੂੰ ਮਿਲਣ ਲਈ ਬੁਲਾਇਆ। ਮੌਕੇ 'ਤੇ ਪਹੁੰਚਣ 'ਤੇ ਜਸਲੀਨ ਨੇ ਉਸਦਾ ਮੋਬਾਈਲ ਖੋਹ ਲਿਆ ਅਤੇ ਕਾਰ ਵਿਚ ਸੁੰਨਸਾਨ ਥਾਂ 'ਤੇ ਲੈ ਗਈ। ਉੱਥੇ ਬਲਕਰਨ ਸਿੰਘ ਨੇ ਹਰਕੀਰਤ ਨੂੰ ਕੁੱਟਿਆ, ਜ਼ਬਰਦਸਤੀ ਟੀਕਾ ਲਗਾਇਆ ਅਤੇ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਬੇਹੋਸ਼ੀ ਵਿਚ ਉਸਨੂੰ ਨਹਿਰ ਵਿਚ ਸੁੱਟ ਦਿੱਤਾ। ਪਿੰਡ ਸਹੋਲੀ ਦੇ ਪੰਚਾਇਤ ਮੈਂਬਰ ਜਗਮੇਲ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਹਰਕੀਰਤ ਨੂੰ ਬਚਾਇਆ। ਪੁਲਿਸ ਨੇ ਜਸਲੀਨ ਅਤੇ ਬਲਕਰਨ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਫਰੀਦਕੋਟ ਜੇਲ੍ਹ ਵਿਚ ਪਤੀਆਂ ਨੂੰ ਨਸ਼ਾ ਦੇਣ ਆਈਆਂ 3 ਔਰਤਾਂ ਗ੍ਰਿ.ਫਤਾਰ

**○ ਸਾਮਾਨ 'ਚ ਲੁਕਾ ਕੇ ਲਿਆਈਆਂ ਹੈਰੋਇਨ ਤੇ 9 ਸਿਮ ਕਾਰਡ ਬਰਾਮਦ**

ਫਰੀਦਕੋਟ-ਆਪਣੇ ਪਤੀਆਂ ਨੂੰ ਮਿਲਣ ਬਹਾਨੇ ਪੰਜਾਬ ਦੀ ਫਰੀਦਕੋਟ ਸੈਂਟਰਲ ਮਾਡਰਨ ਜੇਲ੍ਹ 'ਚ ਨਸ਼ੀਲੇ ਪਦਾਰਥਾਂ ਅਤੇ ਮੋਬਾਈਲ ਸਿਮ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਬੀਤੇ ਦਿਨੀਂ ਤਿੰਨ ਔਰਤਾਂ ਕੋਟਕਪੂਰਾ ਦੇ ਜੀਵਨ ਨਗਰ ਵਾਸੀ ਕਿਰਨਦੀਪ ਕੌਰ ਪਤਨੀ ਸੂਰਜ ਸਿੰਘ, ਲੁਧਿਆਣਾ ਵਾਸੀ, ਰੂਬੀ ਪਤਨੀ ਰਣਜੀਤ ਸਿੰਘ, ਮਮਤਾ ਰਾਣੀ ਪਤਨੀ ਗੁਰਭਿੰਦਰ ਸਿੰਘ ਪਿੰਡ ਧਰਮਪੁਰਾ, ਨੂੰ ਗ੍ਰਿ.ਫਤਾਰ ਕੀਤਾ ਗਿਆ। ਇਹ ਤਿੰਨੋ ਔਰਤਾਂ ਆਪਣੇ ਪਤੀਆਂ ਨੂੰ ਸਾਮਾਨ ਦੇਣ ਆਈਆਂ ਸਨ ਤੇ ਜਦੋਂ ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਤੋਂ 3.18 ਗ੍ਰਾਮ ਹੈਰੋਇਨ ਤੇ 9 ਮੋਬਾਈਲ ਸਿਮ ਬਰਾਮਦ ਹੋਏ। ਜੇਲ੍ਹ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਪੁਲਿਸ ਹਵਾਲੇ ਕਰ ਦਿੱਤਾ ਹੈ। ਇਸ ਮਾਮਲੇ ਵਿਚ ਐੱਸਪੀ ਸੰਦੀਪ ਕੁਮਾਰ ਨੇ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਪੁਲਿਸ ਨੇ ਦੋਵਾਂ ਮਾਮਲਿਆਂ ਵਿਚ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗੁਰੂ ਅਮਰਦਾਸ ਗੁਰਦੁਆਰਾ ਲੈਸਟਰ ਤੋਂ ਸਿੱਖ ਸੰਗਤਾਂ ਸਿੱਖ ਅਜਾਇਬਘਰ ਡਰਬੀ ਵਿਖੇ ਪੁਰਾਤਨ ਅਤੇ ਮੌਜੂਦਾ ਸਿੱਖ ਇਤਿਹਾਸ ਦੇ ਦਰਸ਼ਨ ਕਰਕੇ ਹੋਈਆਂ ਪ੍ਰਭਾਵਿਤ

ਡਰਬੀ – (ਪੰਜਾਬ ਟਾਈਮਜ਼) – ਇਥੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਸਿੱਖ ਅਜਾਇਬ ਘਰ ਦੇਖਣ ਲਈ ਹਰ ਸਾਲ ਸਿੱਖ ਸੰਗਤਾਂ ਦੂਜੇ ਸ਼ਹਿਰਾਂ ਤੋਂ ਕਾਫ਼ੀ ਗਿਣਤੀ ਵਿੱਚ ਆਉਂਦੀਆਂ ਹਨ। ਬੀਤੇ ਦਿਨੀਂ ਗੁਰੂ ਅਮਰਦਾਸ ਗੁਰਦੁਆਰਾ ਸਾਹਿਬ ਲੈਸਟਰ ਦੇ ਚੇਅਰਮੈਨ ਸ: ਸੁਖਦੇਵ ਸਿੰਘ, ਸੀ: ਵਾਈਸ ਪ੍ਰਧਾਨ ਦਰਸ਼ਨ ਸਿੰਘ ਜੌਹਲ, ਐਜੂਕੇਸ਼ਨ ਸੈਕਟਰੀ ਦਵਿੰਦਰ ਸਿੰਘ ਚੱਬੇਵਾਲ, ਪੰਜਾਬੀ ਸਕੂਲ ਦੇ ਇੰਨਚਾਰਜ, ਅਧਿਆਪਕ ਅਤੇ ਬੱਚਿਆਂ ਦੇ ਮਾਪੇ 80 ਦੇ ਕਰੀਬ ਸਿੱਖ ਸੰਗਤਾਂ ਸਿੱਖ ਅਜਾਇਬਘਰ ਡਰਬੀ ਵਿਖੇ ਸਿੱਖ ਇਤਿਹਾਸ ਦੇ ਦਰਸ਼ਨ ਕਰਨ ਲਈ ਪਹੁੰਚੀਆਂ, ਜਿਹਨਾਂ ਦਾ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਅਜਾਇਬਘਰ ਦੀ ਟੀਮ ਜਿਹਨਾਂ ਵਿੱਚ ਪ੍ਰਭਜੋਤ ਸਿੰਘ, ਰਣਜੀਤ ਸਿੰਘ, ਹਰਪਿੰਦਰ ਸਿੰਘ ਕੰਗ ਨੇ ਨਿੱਘਾ ਸਵਾਗਤ ਕੀਤਾ। ਬੱਚਿਆਂ ਨਾਲ ਪਹਿਲਾਂ ਇੱਕ ਘੰਟਾ ਸਾਂਝੀ ਕਲਾਸ ਲਗਾਈ ਗਈ ਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ। ਆਏ ਮਹਿਮਾਨਾਂ ਦੀ ਮਹਿਮਾਨ ਨਿਵਾਜ਼ੀ ਕੀਤੀ ਗਈ, ਬਹੁਤ ਵਧੀਆ ਢੰਗ ਨਾਲ ਜਾਣਕਾਰੀ ਦਿੱਤੀ ਗਈ।

ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਅਜਾਇਬਘਰ ਦਾ ਦਾਖਲਾ ਬੇਸ਼ੱਕ ਮੁਫ਼ਤ ਹੈ, ਕੋਈ ਟਿਕਟ ਵਗੈਰਾ ਨਹੀਂ ਹੈ, ਪਰ ਫਿਰ ਵੀ ਦਰਸ਼ਨ ਕਰਨ ਵਾਲੀਆਂ ਸੰਗਤਾਂ ਯਥਾ ਸ਼ਕਤ ਭੇਟਾ ਕਰਕੇ ਹੀ ਜਾਂਦੀਆਂ ਹਨ। ਸੰਗਤਾਂ ਨੇ ਅਜਾਇਬਘਰ ਦੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ, ਜਿਹਨਾਂ ਦੀ ਸਖਤ ਤੇ ਨਿਸ਼ਕਾਮ ਮਿਹਨਤ ਨਾਲ ਇਹ ਅਜਾਇਬਘਰ ਸੰਗਤਾਂ ਨੂੰ ਆਪਣੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਅਜਾਇਬ ਘਰ ਦੇ ਦੋ ਭਾਗ ਹਨ। ਇੱਕ ਹੇਠਾਂ ਜਿੱਥੇ ਵੱਖ–ਵੱਖ ਜੰਗਾਂ, ਵਿਸ਼ਵ ਯੁੱਧਾਂ ਦਾ ਵੇਰਵਾ ਅਤੇ ਸਿੱਖ ਰਾਜ ਵੇਲੇ ਦੀਆਂ ਤੋਪਾਂ ਤੇ ਸ਼ਸਤਰ–ਬਸਤਰ ਸੁਸ਼ੋਭਿਤ ਹਨ। ਉਪਰਲੇ ਭਾਗ ਵਿੱਚ ਆਰਟ ਗੈਲਰੀ (ਇਤਿਹਾਸਕ ਚਿੱਤਰ) ਅਤੇ ਮੌਜੂਦਾ ਇਤਿਹਾਸ ਨਾਲ ਸਬੰਧਿਤ ਕਲਾ ਕ੍ਰਿਤਾਂ, ਤੇ ਮਾਡਲ ਸੁਸ਼ੋਭਿਤ ਹਨ, ਜਿਵੇਂ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ (ਜੂਨ 1984 ਸਮੇਂ) ਅਤੇ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ ਦਰਸਾਉਂਦਾ ਹੋਇਆ ਮਾਡਲ, ਇਹ ਸਾਰੇ ਦਰਸ਼ਕਾਂ ਦੀ ਖਿੱਚ ਦਾ ਕਾਰਨ ਹਨ। ਸ: ਸੁਖਦੇਵ ਸਿੰਘ ਅਤੇ ਕਮੇਟੀ ਮੈਂਬਰਾਂ ਨੇ ਸਿੰਘ ਸਭਾ ਅਤੇ ਅਜਾਇਬਘਰ ਦੇ ਸੇਵਾਦਾਰਾਂ ਦਾ ਮਹਿਮਾਨ ਨਿਵਾਜ਼ੀ ਲਈ ਧੰਨਵਾਦ ਕੀਤਾ।






ਉੱਪਰਲੀਆਂ ਤਸਵੀਰਾਂ ਗੁਰੂ ਅਮਰਦਾਸ ਜੀ ਗੁਰਦੁਆਰਾ ਸਾਹਿਬ ਲੈਸਟਰ ਤੋਂ ਆਈਆਂ ਸੰਗਤਾਂ ਦੀਆਂ ਹਨ



# ਇੰਗਲੈਂਡ ਵਿੱਚ ਬ੍ਰਮਿੰਘਮ ਸਿਟੀ ਕੌਂਸਲ ਨੇ ਸਿੱਖਾਂ ਨੂੰ ਦਿੱਤੀ ਵਿਸ਼ੇਸ਼ ਮਾਨਤਾ, ਸਿੱਖਾਂ ਅਤੇ ਯਹੂਦੀਆਂ ਦਾ ਡਾਟਾ ਰੱਖਣ ਲਈ ਮਤਾ ਪਾਸ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਸਿਟੀ ਕੌਂਸਲ ਇੰਗਲੈਂਡ ਦੀ ਪਹਿਲੀ ਅਜਿਹੀ ਸੰਸਥਾ ਬਣਨ ਵਾਲੀ ਹੈ ਜੋ ਵਸਨੀਕਾਂ ਤੋਂ ਡਾਟਾ ਇਕੱਠਾ ਕਰਦੇ ਸਮੇਂ ਸਿੱਖ ਅਤੇ ਯਹੂਦੀ ਪਛਾਣਾਂ ਨੂੰ ਮਾਨਤਾ ਦੇਵੇਗੀ। ਬ੍ਰਮਿੰਘਮ ਲੇਬਰ ਗਰੁੱਪ ਵੱਲੋਂ ਭਵਿੱਖ ਵਿੱਚ ਜਾਣਕਾਰੀ ਇਕੱਠੀ ਕਰਨ ਦੇ ਤਰੀਕੇ ਨੂੰ ਬਦਲਣ ਲਈ ਪੇਸ਼ ਕੀਤਾ ਗਿਆ ਇੱਕ ਮਤਾ ਕੌਂਸਲ ਮੀਟਿੰਗ ਵਿੱਚ ਪਾਸ ਕੀਤਾ ਗਿਆ ਹੈ।**

ਬ੍ਰਮਿੰਘਮ ਸਿਟੀ ਕੌਂਸਲ ਦੇ ਪ੍ਰਸ਼ਨਾਵਲੀ ਵਿੱਚ ਇਸ ਵੇਲੇ ਸ਼੍ਰੇਣੀਆਂ ਸ਼ਾਮਲ ਨਹੀਂ ਹਨ, ਹਾਲਾਂਕਿ ਸ਼ਹਿਰ ਵਿੱਚ 30,000 ਤੋਂ ਵੱਧ ਸਿੱਖ ਨਿਵਾਸੀ ਅਤੇ 2,000-ਮਜ਼ਬੂਤ ਯਹੂਦੀ ਭਾਈਚਾਰਾ ਵੱਸਦਾ ਹੈ। ਲੇਬਰ ਗਰੁੱਪ ਨੇ ਕਿਹਾ ਕਿ ਇਹ ਇਤਿਹਾਸਕ ਕਦਮ ਕੌਂਸਲ ਨੂੰ ਆਪਣੇ ਭਾਈਚਾਰਿਆਂ ਨੂੰ



ਕੌਂਸਲਰ ਰਿੰਕਲ ਸ਼ੇਰਗਿੱਲ ਅਤੇ ਕੌਂਸਲਰ ਜੈਮੀ ਟੈਨੈਂਟ

ਬਿਹਤਰ ਢੰਗ ਨਾਲ ਸਮਝਣ ਅਤੇ ਵਿਤਕਰੇ ਨਾਲ ਨਜਿੱਠਣ ਵਿੱਚ ਮਦਦ ਕਰੇਗਾ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਸਿੱਖਾਂ ਅਤੇ ਯਹੂਦੀਆਂ ਨੂੰ 40 ਸਾਲਾਂ ਤੋਂ ਵੱਧ ਸਮੇਂ ਤੋਂ ਕਾਨੂੰਨੀ ਤੌਰ 'ਤੇ ਨਸਲੀ ਸਮੂਹਾਂ ਵਜੋਂ ਮਾਨਤਾ ਦਿੱਤੀ ਹੋਈ ਹੈ, ਪਰ ਜਨਤਕ ਸੰਸਥਾਵਾਂ ਦੁਆਰਾ ਡਾਟਾ ਨਿਯਮਤ ਤੌਰ 'ਤੇ ਇਕੱਠਾ ਨਹੀਂ ਕੀਤਾ ਗਿਆ। ਜਿਸ ਕਾਰਨ ਨੀਤੀ ਘਾੜਿਆਂ ਲਈ ਯਹੂਦੀ ਅਤੇ ਸਿੱਖ "ਅਣਦਿੱਖ" ਰਹਿ ਗਏ ਸੀ।

ਇਹ ਮਤਾ ਕੌਂਸਲਰ ਜੈਮੀ ਟੈਨੈਂਟ ਦੁਆਰਾ ਲਿਆਂਦਾ ਗਿਆ ਅਤੇ ਕੌਂਸਲਰ ਰਿੰਕਲ ਸ਼ੇਰਗਿੱਲ ਨੇ ਇਸ ਦਾ ਸਮਰਥਨ ਕੀਤਾ। ਟੈਨੈਂਟ ਨੇ ਕਿਹਾ ਕਿ ਇਹ ਮਤਾ ਇੱਕ ਵਿਭਿੰਨ ਅਤੇ ਸਵਾਗਤਯੋਗ ਫੈਸਲੇ ਲਈ ਦੇਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਇਹ ਹੋਰਾਂ ਨੂੰ ਇਸ ਦੀ ਪਾਲਣਾ ਕਰਨ ਲਈ ਲਾਬਿੰਗ ਕਰੇਗਾ।

ਸ਼ੇਰਗਿੱਲ ਨੇ ਕਿਹਾ ਕਿ ਉਸ ਨੂੰ ਸਿੱਖ ਹੋਣ ਤੇ ਮਾਣ ਹੈ ਮੈਂ ਪਿਛਲੇ 34 ਸਾਲਾਂ ਤੋਂ ਬਰਮਿੰਘਮ ਵਿੱਚ ਰਹਿ ਰਹੀ ਹਾਂ। ਇਹ ਤਬਦੀਲੀ ਇੱਕ ਬਹੁਤ ਹੀ ਮਹੱਤਵਪੂਰਨ ਕਦਮ ਹੈ।

## ਕੌਂਸਲਰ ਸੁਖਬੀਰ ਸਿੰਘ ਧਾਲੀਵਾਲ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਕੌਂਸਲ ਹੰਸਲੋ ਦੇ ਕੌਂਸਲਰ ਸੁਖਬੀਰ ਸਿੰਘ ਧਾਲੀਵਾਲ ਅਕਾਲ ਚਲਾਣਾ ਕਰ ਗਏ ਹਨ। ਉਹ 76 ਵਰ੍ਹਿਆਂ ਦੇ ਸਨ। ਕੌਂਸਲਰ ਰਘਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸ: ਧਾਲੀਵਾਲ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹ ਆਪਣੇ ਪਿੱਛੇ ਦੋ ਬੇਟੇ ਅਤੇ ਇੱਕ ਬੇਟੀ ਛੱਡ ਗਏ ਹਨ। ਸ: ਧਾਲੀਵਾਲ ਸ਼ੁਰੂ ਤੋਂ ਹੀ ਲੇਬਰ ਨਾਲ ਜੁੜੇ ਹੋਏ ਸਨ ਅਤੇ ਕਰੈਨਫੋਰਡ ਹਲਕੇ ਤੋਂ ਕੌਂਸਲਰ ਸਨ ਅਤੇ ਮੋਗਾ ਜ਼ਿਲ੍ਹੇ ਦੇ ਪਿੰਡ ਨਿਹਾਲ ਸਿੰਘ ਵਾਲਾ ਨਾਲ ਸਬੰਧਿਤ ਸਨ। ਐਮ ਪੀ ਸੀਮਾ ਮਲਹੋਤਰਾ, ਸਾਬਕਾ ਐਪ ਨੀ ਵਰਿੰਦਰ ਸ਼ਰਮਾ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ: ਸੁਖਬੀਰ ਸਿੰਘ ਧਾਲੀਵਾਲ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਉਹਨਾਂ ਦਾ ਅਕਾਲ ਚਲਾਣਾ ਭਾਈਚਾਰੇ ਲਈ ਅਸਹਿ ਹੈ।



ਕੌਂਸਲਰ ਸੁਖਬੀਰ ਸਿੰਘ ਧਾਲੀਵਾਲ

## ਐਮ ਪੀ ਮਾਲਵਿੰਦਰ ਸਿੰਘ ਕੰਗ ਦਾ ਇੰਗਲੈਂਡ ਫੇਰੀ ਦੌਰਾਨ ਨੋਰਥਮਟਨ ਸ਼ਹਿਰ ਵਿਖੇ ਨਿੱਘਾ ਸਵਾਗਤ



*ਐਮ ਪੀ ਮਾਲਵਿੰਦਰ ਸਿੰਘ ਕੰਗ ਨਾਲ ਨੋਰਥਮਟਨ ਸ਼ਹਿਰ ਵਿਖੇ ਪੰਜਾਬੀ ਭਾਈਚਾਰੇ ਦੇ ਆਗੂ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਐਮ ਪੀ ਮਾਲਵਿੰਦਰ ਸਿੰਘ ਕੰਗ ਦਾ ਇੰਗਲੈਂਡ ਫੇਰੀ ਦੌਰਾਨ ਨੋਰਥਮਟਨ ਸ਼ਹਿਰ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਥਾਨਿਕ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਭਾਈਚਾਰੇ ਦੇ ਆਗੂਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਸ: ਬਹਾਦਰ ਸਿੰਘ ਮਾਹਲ , ਸ: ਸੁਰਜੀਤ ਸਿੰਘ ਢੇਸੀ, ਸ: ਮਨਪ੍ਰੀਤ ਸਿੰਘ ਟਵਾਣਾ, ਮਨਦੀਪ ਸਿੰਘ ਢੇਸੀ, ਸਨਦੀਪ ਸਿੰਘ ਕੰਗ, ਜਤਿੰਦਰ ਸਿੰਘ ਢਡਵਾਲ, ਅਵਰਿੰਦਰ ਸਿੰਘ ਸੰਧੂ,ਅਜੀਤ ਪਾਲ ਸਿੰਘ ਪਾਲੀ , ਗਿਆਨੀ ਭਜਨ ਸਿੰਘ ਆਦਿ ਮੌਜੂਦ ਸਨ। ਇਸ ਮੌਕੇ ਉਹਨਾਂ ਵੱਲੋਂ ਸੰਗਤ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਆਪਣੇ ਪਿਛੋਕੜ ਨਾਲ ਜਰੂਰ ਜੋੜੋ ਅਤੇ ਪੰਜਾਬ ਲੈ ਕੇ ਜਾਓ ਤਾਂ ਕਿ ਉਹ ਆਪਣੇ ਵਿਰਸੇ ਤੋਂ ਜਾਣੂ ਹੋਣ। ਇਸ ਮੌਕੇ ਤੇ ਉਹਨਾਂ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਿਲਡਿੰਗ ਦੇ ਦਰਸ਼ਨ ਕਰਦਿਆਂ ਗੁਰੂ ਘਰ ਵਿੱਚ ਸਥਾਪਤ ਮਿਊਜ਼ੀਅਮ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਇਸ ਮੌਕੇ ਤੇ ਉਨਾਂ ਨੇ ਸੰਗਤਾਂ ਤੇ ਨੌਜਵਾਨਾਂ ਨਾਲ ਵੀ ਗੱਲਬਾਤ ਕੀਤੀ, ਤੇ ਉਨਾਂ ਨੂੰ ਪੰਜਾਬ ਵਿੱਚ ਆ ਰਹੀਆਂ ਪਰੇਸ਼ਾਨੀਆਂ ਬਾਰੇ ਪੁੱਛਿਆ ਤੇ ਉਨਾਂ ਦਾ ਹਲ ਕੱਢਣ ਦਾ ਭਰੋਸਾ ਵੀ ਦਿੱਤਾ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਖਾਲਿਸਤਾਨੀ ਮੁੱਦਾ: ਕੈਨੇਡਾ ਦੀ ਨਵੀਂ ਖੁਫੀਆ ਰਿਪੋਰਟ ਨੇ ਫਿਰ ਲਗਾਏ ਭਾਰਤ 'ਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਦੋਸ਼

**○ ਕੀ ਜੀ7 ਮੋਦੀ-ਕਾਰਨੀ ਦੀ ਗੱਲਬਾਤ ਨਾਲ ਭਾਰਤ-ਕੈਨੇਡਾ ਸਬੰਧ ਸੁਧਰ ਸਕਣਗੇ ? ○ ਖਾਲਿਸਤਾਨੀ ਕਿਉਂ ਨਿਰਾਸ਼ ਹਨ ਕਾਰਨੀ ਤੋਂ**

ਖਾਸ ਰਿਪੋਟ

ਜਦੋਂ ਅਸੀਂ ਗੱਲ ਕਰਦੇ ਹਾਂ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਦੀ, ਤਾਂ ਪਿਛਲੇ ਕੁਝ ਸਾਲਾਂ ਵਿੱਚ ਇਹ ਰਿਸ਼ਤੇ ਕਾਫੀ ਉਤਰਾਅ-ਚੜ੍ਹਾਅ ਵਾਲੇ ਰਹੇ ਹਨ। ਜੂਨ 2023 ਵਿੱਚ ਵੈਨਕੂਵਰ ਨੇੜੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੇ ਦੋਵਾਂ ਮੁਲਕਾਂ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ ਸੀ। ਕੈਨੇਡਾ ਨੇ ਭਾਰਤ 'ਤੇ ਨਿਜਰ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ।

ਇਸ ਤੋਂ ਬਾਅਦ ਦੋਵੇਂ ਮੁਲਕ ਆਹਮੋ-ਸਾਹਮਣੇ ਆ ਗਏ ਸਨ। ਹੁਣ ਜੂਨ 2025 ਵਿੱਚ, ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ ਦੀ ਨਵੀਂ ਰਿਪੋਰਟ ਨੇ ਇਸ ਮੁੱਦੇ ਨੂੰ ਇੱਕ ਵਾਰੀ ਫਿਰ ਚਰਚਾ ਦਾ ਕੇਂਦਰ ਬਣਾ ਦਿੱਤਾ ਹੈ। ਇਸ ਰਿਪੋਰਟ ਵਿੱਚ ਨਾ ਸਿਰਫ਼ ਕੁਝ ਖਾਲਿਸਤਾਨੀ ਗਤੀਵਿਧੀਆਂ ਨੂੰ "ਹਿੰਸਕ ਚਰਮਪੰਥ" ਨਾਲ ਜੋੜਿਆ ਗਿਆ ਹੈ, ਸਗੋਂ ਭਾਰਤ 'ਤੇ ਵੀ ਵਿਦੇਸ਼ੀ ਦਖਲਅੰਦਾਜ਼ੀ ਦੇ ਦੋਸ਼ ਲਗਾਏ ਗਏ ਹਨ।

ਸਵਾਲ ਇਹ ਹੈ-ਕੀ ਇਹ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਤੇ ਕੈਨੇਡਾ ਦੇ ਸਬੰਧ ਅਜੇ ਵੀ ਡਾਵਾਂਡੋਲ ਹਨ, ਜਾਂ ਕੋਈ ਸੁਧਾਰ ਦੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ ?

ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀਐਸਆਈਐਸ) ਦੀ ਰਿਪੋਰਟ ਨੇ ਕੁਝ ਖਾਲਿਸਤਾਨੀ ਗਤੀਵਿਧੀਆਂ ਨੂੰ "ਹਿੰਸਕ ਚਰਮਪੰਥ" ਨਾਲ ਜੋੜਦਿਆਂ ਸਾਫ ਕਿਹਾ ਸੀ ਕਿ ਕੁਝ ਖਾਲਿਸਤਾਨੀ ਕੱਟੜਪੰਥੀ ਭਾਰਤ ਵਿੱਚ ਹਿੰਸਾ ਨੂੰ ਹੁਲਾਰਾ ਦੇਣ, ਫੰਡ ਇਕੱਠੇ ਕਰਨ ਅਤੇ ਯੋਜਨਾਵਾਂ ਬਣਾਉਣ ਲਈ ਕੈਨੇਡਾ ਦੀ ਧਰਤੀ ਦੀ ਵਰਤੋਂ ਕਰ ਰਹੇ ਹਨ। ਪਰ ਇਸ ਦੇ ਨਾਲ ਹੀ, ਰਿਪੋਰਟ ਨੇ ਇਹ ਵੀ ਮੰਨਿਆ ਕਿ ਜ਼ਿਆਦਾਤਰ ਕੈਨੇਡੀਅਨ ਸਿੱਖ ਖਾਲਿਸਤਾਨ ਲਹਿਰ ਦਾ ਸਮਰਥਨ ਸਿਰਫ਼ ਸ਼ਾਂਤੀਪੂਰਨ ਅਤੇ ਜਾਇਜ਼ ਤਰੀਕਿਆਂ ਨਾਲ ਕਰਦੇ ਹਨ, ਜਿਸ ਨੂੰ ਕੈਨੇਡਾ ਵਿੱਚ ਅੱਤਵਾਦ ਨਹੀਂ ਮੰਨਿਆ ਜਾਂਦਾ।



## ਰਿਪੋਰਟ ਵਿਚ ਭਾਰਤ 'ਤੇ ਲਾਏ ਗਏ ਇਲਜ਼ਾਮ

ਇਸ ਖੁਫੀਆ ਰਿਪੋਟ ਵਿੱਚ ਕਿਹਾ ਗਿਆ ਸੀ ਕਿ ਭਾਰਤੀ ਅਧਿਕਾਰੀ ਅਤੇ ਉਨ੍ਹਾਂ ਦੇ ਪ੍ਰੌਕਸੀ ਏਜੰਟ ਕੈਨੇਡਾ ਵਿੱਚ ਸਿੱਖ ਭਾਈਚਾਰੇ ਅਤੇ ਖਾਲਿਸਤਾਨੀ ਆਗੂਆਂ ਨੂੰ ਧਮਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਖੁਫੀਆ ਰਿਪੋਟ ਅਨੁਸਾਰ ਇਹ ਗਤੀਵਿਧੀਆਂ ਕੈਨੇਡਾ ਦੀ ਸਥਿਤੀ ਨੂੰ ਭਾਰਤ ਦੇ ਹਿੱਤਾਂ ਮੁਤਾਬਕ ਢਾਲਣ ਦੀ ਕੋਸ਼ਿਸ਼ ਦਾ ਹਿੱਸਾ ਦੱਸੀਆਂ ਗਈਆਂ ਹਨ। ਖਾਸ ਕਰਕੇ, ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੂੰ "ਖਾਲਿਸਤਾਨ ਅੰਦੋਲਨ ਨੂੰ ਦਬਾਉਣ ਦੀਆਂ ਭਾਰਤੀ ਕੋਸ਼ਿਸ਼ਾਂ ਵਿੱਚ ਮਹੱਤਵਪੂਰਨ ਤੇਜ਼ੀ" ਦਾ ਸੰਕੇਤ ਮੰਨਿਆ ਗਿਆ ਹੈ। ਸੀਐਸਆਈਐਸ ਨੇ ਇਹ ਵੀ ਕਿਹਾ ਕਿ ਨਿੱਜਰ ਕਤਲ ਮਾਮਲੇ ਦੀ ਜਾਂਚ 2024 ਵਿੱਚ ਜਾਰੀ ਰਹੀ, ਜਿਸ ਵਿੱਚ ਮਈ 2024 ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ 'ਤੇ ਪਹਿਲੀ ਡਿਗਰੀ ਕਤਲ ਅਤੇ ਸਾਜ਼ਿਸ਼ ਦੇ ਇਲਜ਼ਾਮ ਹਨ। ਇਸ ਰਿਪੋਰਟ ਨੇ ਇੱਕ ਵਾਰ ਫਿਰ ਭਾਰਤ-ਕੈਨੇਡਾ ਸਬੰਧਾਂ ਉਪਰ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ।

ਜਿੱਥੇ ਭਾਰਤ ਨੇ ਹਮੇਸ਼ਾ ਇਨ੍ਹਾਂ ਇਲਜ਼ਾਮਾਂ ਨੂੰ "ਬੇਬੁਨਿਆਦ" ਅਤੇ "ਰਾਜਨੀਤੀ ਤੋਂ ਪ੍ਰੇਰਿਤ" ਦੱਸਿਆ ਹੈ, ਉੱਥੇ ਕੈਨੇਡਾ ਨੇ ਇਸ ਮੁੱਦੇ ਨੂੰ "ਕਾਨੂੰਨ ਦੇ ਰਾਜ" ਅਤੇ "ਰਾਸ਼ਟਰੀ ਸੁਰੱਖਿਆ" ਨਾਲ ਜੋੜ ਕੇ ਪੇਸ਼ ਕੀਤਾ।

## ਭਾਰਤ 'ਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਇਲਜ਼ਾਮ

ਸੀਐਸਆਈਐਸ ਦੀ ਰਿਪੋਰਟ ਨੇ ਸਿਰਫ਼ ਖਾਲਿਸਤਾਨੀ ਮੁੱਦੇ 'ਤੇ ਹੀ ਨਹੀਂ, ਸਗੋਂ ਭਾਰਤ 'ਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਗੰਭੀਰ ਇਲਜ਼ਾਮ ਵੀ ਲਾਏ ਹਨ। ਰਿਪੋਰਟ ਮੁਤਾਬਕ, ਭਾਰਤ, ਚੀਨ ਅਤੇ ਰੂਸ ਵਰਗੇ ਮੁਲਕਾਂ ਦੀ ਤਰ੍ਹਾਂ, ਕੈਨੇਡਾ ਦੇ ਨਸਲੀ, ਧਾਰਮਿਕ ਤੇ ਸੱਭਿਆਚਾਰਕ ਭਾਈਚਾਰਿਆਂ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ। ਨਾਲ ਹੀ, ਕੈਨੇਡਾ ਦੀ ਰਾਜਨੀਤਕ ਪ੍ਰਣਾਲੀ 'ਤੇ ਵੀ ਪ੍ਰਭਾਵ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਇਸ ਵਿੱਚ ਖਾਸ ਤੌਰ 'ਤੇ ਸਿੱਖ ਭਾਈਚਾਰੇ ਅਤੇ ਖਾਲਿਸਤਾਨੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਸੀ। ਰਿਪੋਰਟ ਨੇ ਦਾਅਵਾ ਕੀਤਾ ਕਿ ਅਕਤੂਬਰ 2024 ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਸਬੂਤ ਪੇਸ਼ ਕੀਤੇ ਸਨ, ਜਿਨ੍ਹਾਂ ਮੁਤਾਬਕ ਭਾਰਤ ਸਰਕਾਰ ਦੇ ਏਜੰਟਾਂ ਅਤੇ ਅਪਰਾਧਿਕ ਨੈੱਟਵਰਕ ਵਿਚਕਾਰ ਸਬੰਧ ਹਨ, ਜੋ ਕੈਨੇਡਾ ਵਿੱਚ ਦੱਖਣੀ ਏਸ਼ਿਆਈ ਭਾਈਚਾਰੇ ਵਿੱਚ ਹਿੰਸਕ ਗਤੀਵਿਧੀਆਂ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਹ ਇਲਜ਼ਾਮ ਭਾਰਤ ਲਈ ਬਹੁਤ ਗੰਭੀਰ ਹਨ, ਕਿਉਂਕਿ ਇਸ ਨਾਲ ਨਾ ਸਿਰਫ਼ ਉਸ ਦੀ ਅੰਤਰਰਾਸ਼ਟਰੀ ਸਾਖ 'ਤੇ ਅਸਰ ਪੈਂਦਾ ਹੈ, ਸਗੋਂ ਕੈਨੇਡਾ ਨਾਲ ਕੂਟਨੀਤਕ ਸਬੰਧਾਂ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਭਾਰਤ ਨੇ ਹਮੇਸ਼ਾ ਇਹ ਕਿਹਾ ਕਿ ਕੈਨੇਡਾ "ਭਾਰਤ ਵਿਰੋਧੀ" ਖਾਲਿਸਤਾਨੀ ਗਤੀਵਿਧੀਆਂ ਨੂੰ ਪਨਾਹ ਦੇ ਰਿਹਾ ਹੈ।

ਰਿਪੋਰਟ ਵਿੱਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਭਾਰਤ ਕੈਨੇਡਾ 'ਤੇ ਖਾਲਿਸਤਾਨੀਆਂ ਨੂੰ ਸੁਰੱਖਿਆ ਦੇਣ ਦਾ ਇਲਜ਼ਾਮ ਲਗਾਉਂਦਾ ਰਹਿੰਦਾ ਹੈ। ਪਰ ਸੀਐਸਆਈਐਸ ਦਾ ਇਹ ਕਹਿਣਾ ਕਿ ਭਾਰਤ ਖੁਦ ਕੈਨੇਡਾ ਦੀ ਸਰਜ਼ਮੀਂ 'ਤੇ "ਦਖਲਅੰਦਾਜ਼ੀ" ਕਰ ਰਿਹਾ ਹੈ, ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ।

## ਜੀ7 ਮੁਲਾਕਾਤ: ਮੋਦੀ-ਕਾਰਨੀ ਦੀ ਗੱਲਬਾਤ ਨੇ ਜਗਾਈ ਸੁਧਾਰ ਦੀ ਆਸ

ਹੁਣ ਗੱਲ ਕਰੀਏ ਜੂਨ 2025 ਵਿੱਚ ਹੋਏ ਜੀ7 ਸੰਮੇਲਨ ਦੀ, ਜੋ ਕੈਨੇਡਾ ਦੇ ਅਲਬਰਟਾ ਵਿੱਚ ਹੋਇਆ। ਇਸ ਸੰਮੇਲਨ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਮੁਲਾਕਾਤ ਨੇ ਸਭ ਦਾ ਧਿਆਨ ਖਿੱਚਿਆ ਹੈ।

ਇਸ ਮੁਲਾਕਾਤ ਨੂੰ "ਇਤਿਹਾਸਕ" ਕਿਹਾ ਗਿਆ, ਕਿਉਂਕਿ ਦੋਵਾਂ ਨੇਤਾਵਾਂ ਨੇ ਆਪਣੇ-ਆਪਣੇ ਹਾਈ ਕਮਿਸ਼ਨਰਾਂ ਨੂੰ ਮੁੜ ਸਥਾਪਤ ਕਰਨ ਅਤੇ ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਦਾ ਐਲਾਨ ਕੀਤਾ ਹੈ। ਮੋਦੀ ਨੇ ਕਿਹਾ ਕਿ ਭਾਰਤ-ਕੈਨੇਡਾ ਸਬੰਧ ਬਹੁਤ ਮਹੱਤਵਪੂਰਨ ਹਨ ਅਤੇ ਸਾਨੂੰ ਮਿਲ ਕੇ ਕਈ ਖੇਤਰਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।"

ਕਾਰਨੀ ਨੇ ਵੀ "ਕਾਨੂੰਨ ਦੇ ਸਾਂਝੇ ਸਹਿਯੋਗ" ਅਤੇ "ਅੰਤਰਰਾਸ਼ਟਰੀ ਦਮਨ" ਦੇ ਮੁੱਦੇ 'ਤੇ ਗੱਲਬਾਤ ਦੀ ਗੱਲ ਕੀਤੀ। ਇਸ ਮੁਲਾਕਾਤ ਨੇ ਇੱਕ ਪਲ ਲਈ ਅਜਿਹਾ ਲੱਗਿਆ ਕਿ ਦੋਵੇਂ ਮੁਲਕ ਪਿਛਲੇ ਦੋ ਸਾਲਾਂ ਦੀ ਕੁੜੱਤਣ ਨੂੰ ਪਿੱਛੇ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਅਗਲੇ ਹੀ ਦਿਨ ਸੀਐਸਆਈਐਸ ਦੀ ਰਿਪੋਰਟ ਨੇ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ।

ਇਸ ਰਿਪੋਰਟ ਨੇ ਭਾਰਤ ਨੂੰ "ਜ਼ਿੱਦੀ ਵਿਦੇਸ਼ੀ ਦਖਲਅੰਦਾਜ਼ੀ ਦਾ ਖਤਰਾ" ਦੱਸਿਆ, ਜਿਸ ਨਾਲ ਸਬੰਧਾਂ ਦੀ ਗੱਡੀ ਫਿਰ ਡਗਮਗਾਉਣ ਲੱਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੁਲਾਕਾਤ ਸੁਧਾਰ ਦੀ ਸੰਭਾਵਨਾ ਦੀ ਇੱਕ ਛੋਟੀ ਜਿਹੀ ਕਿਰਨ ਸੀ, ਪਰ ਰਿਪੋਰਟ ਨੇ ਇਸ ਨੂੰ ਮੱਧਮ ਕਰ ਦਿੱਤਾ।

## ਕੈਨੇਡਾ ਸਰਕਾਰ ਪ੍ਰਤੀ ਸਿੱਖ ਭਾਈਚਾਰੇ ਵਿਚ ਰੋਸ ਕਿ ਨਿਜਰ ਦਾ ਮਸਲਾ ਕਿਉਂ ਨਹੀਂ ਉਠਾਇਆ ?

ਕੈਨੇਡਾ ਦੇ ਸਿੱਖ ਭਾਈਚਾਰੇ ਅਤੇ ਪੰਥਕ ਜਥੇਬੰਦੀਆਂ ਨੇ ਜੀ7 ਸੰਮੇਲਨ ਵਿੱਚ ਮੋਦੀ ਨੂੰ ਸੱਦਾ ਦੇਣ 'ਤੇ ਸਖ਼ਤ ਇਤਰਾਜ਼ ਜਤਾਇਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਅਤੇ ਸਿੱਖਸ ਫਾਰ ਜਸਟਿਸ ਵਰਗੀਆਂ ਜਥੇਬੰਦੀਆਂ ਨੇ ਇਸ ਨੂੰ "ਕੈਨੇਡੀਅਨ ਮੁੱਲਾਂ ਨਾਲ ਧੋਖਾ" ਅਤੇ "ਸਿੱਖ ਭਾਵਨਾਵਾਂ ਦੀ ਤੌਹੀਨ" ਦੱਸਿਆ।

ਉਨ੍ਹਾਂ ਦਾ ਕਹਿਣਾ ਹੈ ਕਿ ਨਿੱਜਰ ਦੀ ਹੱਤਿਆ ਭਾਰਤ ਦੀ "ਅੰਤਰਰਾਸ਼ਟਰੀ ਦਮਨ" ਨੀਤੀ ਦਾ ਹਿੱਸਾ ਸੀ, ਅਤੇ ਕੈਨੇਡਾ ਵਿੱਚ ਸਿੱਖਾਂ ਨੂੰ ਅਜੇ ਵੀ ਭਾਰਤੀ ਖੁਫ਼ੀਆ ਏਜੰਸੀਆਂ ਤੋਂ ਜਾਨ ਦੇ ਖਤਰੇ ਦੀਆਂ ਚੇਤਾਵਨੀਆਂ ਮਿਲ ਰਹੀਆਂ ਹਨ ਐਨਡੀਪੀ ਸੰਸਦ ਮੈਂਬਰ ਜੈਨੀ ਕਵਾਨ ਨੇ ਵੀ ਕਾਰਨੀ ਨੂੰ ਪੱਤਰ ਲਿਖ ਕੇ ਕਿਹਾ ਕਿ ਨਿੱਜਰ ਦੀ ਹੱਤਿਆ ਲਈ ਜਵਾਬਦੇਹੀ ਤੋਂ ਬਿਨਾਂ ਸਬੰਧਾਂ ਨੂੰ ਸਧਾਰਨ ਕਰਨਾ ਸਿੱਖ ਕੈਨੇਡੀਅਨਾਂ ਲਈ "ਬਹੁਤ ਦੁਖਦਾਈ ਸੁਨੇਹਾ" ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਕਾਰਨੀ ਸਪੱਸ਼ਟ ਕਰਨ ਕਿ ਉਨ੍ਹਾਂ ਨੇ ਮੋਦੀ ਨਾਲ ਨਿੱਜਰ ਮਾਮਲੇ 'ਤੇ ਕੀ ਗੱਲਬਾਤ ਕੀਤੀ।

ਜੀ7 ਸੰਮੇਲਨ ਦੀ ਮੁਲਾਕਾਤ ਨੇ ਸੁਧਾਰ ਦੀ ਇੱਕ ਛੋਟੀ ਜਿਹੀ ਆਸ ਜਗਾਈ ਸੀ, ਪਰ ਸੀਐਸਆਈਐਸ ਦੀ ਰਿਪੋਰਟ ਅਤੇ ਸਿੱਖ ਜਥੇਬੰਦੀਆਂ ਦੇ ਵਿਰੋਧ ਨੇ ਇਸ ਉਪਰ ਪ੍ਰਸ਼ਨਚਿੰਨ ਲਗਾ ਦਿਤਾ ਹੈ। ਸਮਾਂ ਹੀ ਦੱਸੇਗਾ ਕਿ ਇਹ ਸਬੰਧ ਕਿਹੜੇ ਮੋੜ 'ਤੇ ਜਾਂਦੇ ਹਨ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**07966 388 388**

ੴ ਸਤਿਗੁਰ ਪ੍ਰਸਾਦਿ ॥

# ਲੈਸਟਰ ਕਬੱਡੀ ਕਲੱਬ ਵੱਲੋਂ

## ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ. ਦੀ ਸਰਪ੍ਰਸਤੀ ਹੇਠ ਸਮੂਹ ਲੈਸਟਰ ਨਿਵਾਸੀਆਂ ਦੇ ਸਹਿਯੋਗ ਨਾਲ

# ਕਬੱਡੀ ਟੂਰਨਾਮੈਂਟ

## 29 ਜੂਨ 2025 ਦਿਨ ਐਤਵਾਰ ਨੂੰ ਹੋਵੇਗਾ

## AYLESTONE PLAYING FIELDS LEICESTER LE3 2DG

**ਆਈਲਸਟੋਨ ਪਲੇਇੰਗ ਫੀਲਡਜ਼, ਗਰਾਊਂਡਾਂ ਵਿੱਚ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ**

ਪਿਆਰੇ ਦਰਸ਼ਕ ਵੀਰੋ, ਖੇਡ ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਲੈਸਟਰ ਕਬੱਡੀ ਕਲੱਬ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ, ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਜੀ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ ਅਤੇ ਸਮੂਹ ਲੈਸਟਰ ਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਸਮੂਹ ਲੈਸਟਰ ਵਾਸੀਆਂ ਅਤੇ ਕਬੱਡੀ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਅਪੀਲ ਕੀਤੀ ਜਾਂਦੀ ਹੈ ਕਿ ਆਓ ਲੈਸਟਰ ਕਬੱਡੀ ਕਲੱਬ ਨੂੰ ਹੋਰ ਬੁਲੰਦੀਆਂ ਤੇ ਲਿਜਾਣ ਲਈ ਵਧੀਆ ਟੂਰਨਾਮੈਂਟ ਕਰਵਾਉਣ ਅਤੇ ਵਧੀਆ ਟੀਮ ਬਣਾਉਣ ਲਈ ਕਲੱਬ ਨੂੰ ਵੱਧ ਤੋਂ ਵੱਧ ਹਰ ਪੱਖੋਂ ਸਹਿਯੋਗ ਦੇ ਕੇ ਧੰਨਵਾਦੀ ਬਣਾਓ। ਇਸ ਨਾਲ ਖਿਡਾਰੀਆਂ ਅਤੇ ਪ੍ਰਬੰਧਕਾਂ ਦੇ ਹੌਂਸਲੇ ਵਧਣਗੇ ਅਤੇ ਪੰਜਾਬੀਅਤ ਨੂੰ ਹੁਲਾਰਾ ਮਿਲੇਗਾ। ਜਿਹਨਾਂ ਨੇ ਕਿਸੇ ਵੀ ਰੂਪ ਵਿੱਚ ਕਲੱਬ ਦੀ ਮਦਦ ਕੀਤੀ ਹੈ, ਅਸੀਂ ਕਬੱਡੀ ਕਲੱਬ ਲੈਸਟਰ ਵੱਲੋਂ ਆਪਣੇ ਸਾਰੇ ਸੁਪੋਰਟਰਾਂ ਅਤੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕਰਦੇ ਹਾਂ।

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ**

**ਗੁਰੂ ਕਾ ਅਤੁੱਟ ਲੰਗਰ ਵਰਤੇਗਾ**

ਦਾਖਲਾ ਫੀਸ (£15) - ਟਿਕਟਾਂ ਗਰਾਊਂਡ ਵਿੱਚ ਹੀ ਮਿਲਣਗੀਆਂ

**ENTRY FEE: £15.00**
Tickets sold on the day of the venue

### = ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ =

* ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸੂਪਰਸਤੀ ਹੇਠ ਕਰਵਾਏ ਜਾ ਰਹੇ ਟੂਰਨਾਮੈਂਟ ਵਿੱਚ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਫੈਡਰੇਸ਼ਨ ਦਾ ਫੈਸਲਾ ਅੰਤਮ ਹੋਵੇਗਾ।
* ਹਰ ਇੱਕ ਟੀਮ ਦਿੱਤੇ ਹੋਏ ਸਮੇਂ ਉਪਰ ਪਹੁੰਚਣੀ ਚਾਹੀਦੀ ਹੈ।
* ਜੇ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਸ਼ਰਾਬ ਪੀ ਕੇ ਤੇ ਲੈ ਕੇ ਕਬੱਡੀ ਮੈਦਾਨ 'ਚ ਆਉਣਾ ਮਨ੍ਹਾ ਹੈ।
* ਸੁਰੱਖਿਆ ਦਾ ਸਖਤ ਪ੍ਰਬੰਧ ਕੀਤਾ ਗਿਆ ਹੈ।
* ਟੀਮਾਂ ਖਿਡਾਉਣ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਹੈ।

### GROUP-A ਲੈਸਟਰ ਟੂਰਨਾਮੈਂਟ 2025 ਦੀਆਂ ਟਾਈਆਂ

| Pool | Teams | Match |
|---|---|---|
| Pool - A | ST WOLVERHAMPTON / MEDWAY KC vs HAYES / DERBY KC | 3rd Match 11:40pm |
| Pool - A | SLOUGH / ICKENHAM KC vs ERITH / WOOLWICH/ SOUTHALL KC | 5th Match 12:50pm |
| Pool - A | Winners of 3rd and 5th Match | 7th Match 14:00pm |
| Pool - B | BIRMINGHAM / COVENTRY KC vs BARKING / GRAVESEND KC | 4th Match 12:15pm |
| Pool - B | LEICESTER / BRADFORD KC vs TELFORD KABADDI Club | 6th Match 13:25pm |
| Pool - B | Winners of 4th and 6th Match | 8th Match 14:45pm |
| | Winners of 7th and 8th Match | 10th Match Final 17:00 PM |

### GROUP - B

| Teams | Match |
|---|---|
| MIDLAND TIGERS (B TEAM) vs MAUR CLUB (B TEAM) | 1st Match 10:30am |
| ERITH / WOOLWICH (B TEAM) vs BABA DEEP SINGH JI (B TEAM) | 2nd Match 11:05am |
| Winners of 1st and 2nd Match | 9th Match 15:30pm B TEAM Final |

## ਬੇਨਤੀ ਕਰਤਾ – ਲੈਸਟਰ ਕਬੱਡੀ ਕਲੱਬ ਅਤੇ ਸਮੂਹ ਸਹਿਯੋਗੀ ਸੱਜਣ


ਕੁਲਵੀਰ ਸਿੰਘ ਖੱਖ ਪ੍ਰਧਾਨ 07710 359998, ਕੁਲਵੰਤ ਸਿੰਘ ਸੰਘਾ ਸਰਪ੍ਰਸਤ 07810 255560,
ਪਿਆਰਾ ਸਿੰਘ ਰੰਧਾਵਾ ਸਰਪ੍ਰਸਤ 07764 157559, ਨਿਰਮਲ ਸਿੰਘ ਲੱਡੂ ਚੇਅਰਮੈਨ 07711 112022,
ਜਿੰਦਰ ਸਿੰਘ ਬੋਇਲ ਵਾਈਸ ਚੇਅਰਮੈਨ 07730 345714, ਜਤਿੰਦਰ ਸਿੰਘ ਚਾਹਲ ਵਾਈਸ ਪ੍ਰਧਾਨ 07811 336753,
ਦਵਿੰਦਰ ਸਿੰਘ ਖਜ਼ਾਨਚੀ 07958 346951, ਜਿੰਦਰ ਸਿੰਘ ਬਾਂਦੀ ਟੀਮ ਮੈਨੇਜਰ 07817 496001

# ਸਿੰਧੂ-ਜੇਹਲਮ-ਚਨਾਬ ਦੇ ਪਾਣੀਆਂ ਦੀ ਸਿਆਸਤ : ਹੱਕਾਂ ਦੀ ਲੜਾਈ ਜਾਂ ਕੇਂਦਰੀ ਸਿਆਸਤ ਦੀ ਖੇਡ ?

## ✪ ਉਮਰ ਅਬਦੁੱਲਾ ਨੇ ਕਿਹਾ ਕਿ ਸਿੰਧੂ, ਜੇਹਲਮ ਤੇ ਚਨਾਬ ਦਰਿਆਵਾਂ ਦੇ ਪਾਣੀ ਨੂੰ ਹੋਰਨਾਂ ਨਾਲ ਸਾਂਝਾ ਨਹੀਂ ਕਰਾਂਗੇ ✪ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਖੇਤਰਵਾਦ ਦੇ ਉਲਟ ਸਟੈਂਡ

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਸਿੰਧੂ, ਜੇਹਲਮ ਅਤੇ ਚਨਾਬ ਦਰਿਆਵਾਂ ਦੇ ਪਾਣੀ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨਾਲ ਸਾਂਝਾ ਨਾ ਕਰਨ ਦੇ ਬਿਆਨ ਨੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਉਮਰ ਦਾ ਕਹਿਣਾ ਸੀ ਕਿ "ਪਹਿਲਾਂ ਸਾਡੇ ਰਾਜ ਦੀਆਂ ਲੋੜਾਂ, ਫਿਰ ਕਿਸੇ ਹੋਰ ਦੀ ਵਾਰੀ।" ਇਹ ਬਿਆਨ ਪੰਜਾਬ ਦੇ ਸਿਆਸੀ ਆਗੂਆਂ ਨੂੰ ਚੁਭਿਆ ਹੈ, ਜਿਨ੍ਹਾਂ ਨੇ ਪਾਣੀ ਨੂੰ 'ਰਾਸ਼ਟਰੀ ਜਾਇਦਾਦ' ਦਸਦਿਆਂ ਉਮਰ ਦਾ ਵਿਰੋਧ ਕੀਤਾ ਸੀ। ਪਰ ਸਵਾਲ ਇਹ ਹੈ ਕਿ ਪਾਣੀ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਇਹ ਬਿਆਨਬਾਜ਼ੀ ਕੀ ਸੱਚਮੁੱਚ ਸੂਬਿਆਂ ਦੇ ਹੱਕਾਂ ਦੀ ਗੱਲ ਕਰਦੀ ਹੈ, ਜਾਂ ਇਹ ਰਾਸ਼ਟਰਵਾਦੀ ਸਿਆਸਤ ਹੈ ਜਿਸ ਤਹਿਤ ਪੰਜਾਬ ਦੇ ਪਾਣੀ ਲੁਟੇ ਗਏ ਹਨ। ਉਮਰ ਦਾ ਸਟੈਂਡ ਰਿਪੇਰੀਅਨ ਸਿਧਾਂਤ ਦੇ ਨਜ਼ਰੀਏ ਤੋਂ ਜਾਇਜ਼ ਜਾਪਦਾ ਹੈ, ਪਰ ਇਹ ਮੋਦੀ ਸਰਕਾਰ ਦੀ ਕੇਂਦਰੀ ਨੀਤੀ ਅਨੁਸਾਰ ਕਿੰਨਾ ਕੁ ਵਿਹਾਰਕ ਹੈ, ਇਹ ਵਿਚਾਰਨ ਵਾਲੀ ਗੱਲ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ, ਖਾਸਕਰ 'ਆਮ ਆਦਮੀ ਪਾਰਟੀ' ਅਤੇ ਅਕਾਲੀ ਦਲ, ਨੇ ਉਮਰ ਦੇ ਬਿਆਨ ਨੂੰ ਸਿਰੇ ਤੋਂ ਰੱਦ ਕਰਦਿਆਂ ਪੰਜਾਬ ਦੇ ਪਾਣੀ ਦੇ ਹੱਕ ਦੀ ਗੱਲ ਚੁੱਕੀ ਹੈ। 'ਆਪ' ਦੇ ਨੀਲ ਗਰਗ ਨੇ ਕਿਹਾ ਕਿ ਸਿੰਧੂ ਦਾ ਪਾਣੀ 'ਰਾਸ਼ਟਰੀ ਜਾਇਦਾਦ' ਹੈ ਅਤੇ ਪੰਜਾਬ ਦਾ ਇਸ 'ਤੇ ਬਰਾਬਰ ਦਾ ਹੱਕ ਹੈ। ਅਕਾਲੀ ਦਲ ਦੇ ਦਲਜੀਤ ਸਿੰਘ ਚੀਮਾ ਨੇ ਵੀ ਉਮਰ ਨੂੰ ਸੰਜਮ ਵਾਲੀ ਬੋਲੀ ਬੋਲਣ ਦੀ ਸਲਾਹ ਦਿੱਤੀ, ਇਹ ਯਾਦ ਕਰਵਾਉਂਦੇ ਹੋਏ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਸੁਰੱਖਿਆ ਅਤੇ ਅਨਾਜ ਸਪਲਾਈ ਵਿੱਚ ਅਹਿਮ ਯੋਗਦਾਨ ਪਾਇਆ ਹੈ। ਪਰ ਸਵਾਲ ਇਹ ਹੈ ਕਿ ਪੰਜਾਬ ਦੀਆਂ ਇਹ ਪਾਰਟੀਆਂ ਜੋ ਦਲੀਲਾਂ ਦੇ ਰਹੀਆਂ ਹਨ, ਕੀ ਉਹ ਰਿਪੇਰੀਅਨ ਕਾਨੂੰਨ ਦੇ ਸਿਧਾਂਤਾਂ 'ਤੇ ਟਿਕਦੀਆਂ ਹਨ? ਰਿਪੇਰੀਅਨ ਸਿਧਾਂਤ ਅਨੁਸਾਰ, ਪਾਣੀ ਦਾ ਹੱਕ ਉਨ੍ਹਾਂ ਖੇਤਰਾਂ ਨੂੰ ਹੁੰਦਾ ਹੈ, ਜਿੱਥੋਂ ਦਰਿਆ ਲੰਘਦਾ ਹੈ। ਸਿੰਧੂ, ਜੇਹਲਮ ਅਤੇ ਚਨਾਬ ਪੰਜਾਬ ਦੇ ਕੁਝ ਹਿੱਸਿਆਂ ਵਿੱਚੋਂ ਨਹੀਂ ਵਗਦੇ, ਫਿਰ ਪੰਜਾਬ ਦਾ ਦਾਅਵਾ ਕਿੰਨਾ ਮਜ਼ਬੂਤ ਹੈ?



> ਪੰਜਾਬ ਟਾਈਮਜ ਅਨੁਸਾਰ ਉਮਰ ਅਬਦੁੱਲਾ ਦਾ ਇਸ ਮੁੱਦੇ ਬਾਰੇ ਸਟੈਂਡ ਖੇਤਰੀ ਅਧਿਕਾਰ ਤੇ ਰਿਪੇਰੀਅਨ ਸਿਧਾਂਤ 'ਤੇ ਆਧਾਰਿਤ ਹੈ, ਪਰ ਇਹ ਕੇਂਦਰੀ ਨੀਤੀਆਂ ਨੂੰ ਚੁਣੌਤੀ ਦਿੰਦਾ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੱਕਾਂ ਦੀ ਲੜਾਈ ਨੂੰ ਸਿਧਾਂਤਕ ਅਤੇ ਕਾਨੂੰਨੀ ਆਧਾਰ 'ਤੇ ਲੜਨ, ਨਾ ਕਿ ਇਸ ਮਸਲੇ ਉਪਰ ਕੇਂਦਰ ਦੀ ਨੀਤੀ ਵਾਲਾ ਸਟੈਂਡ ਲੈਣ।

ਰਿਪੇਰੀਅਨ ਕਾਨੂੰਨ ਦੇ ਸਿਧਾਂਤ ਅਨੁਸਾਰ, ਜਿਹੜਾ ਖੇਤਰ ਦਰਿਆ ਦੇ ਕੰਢੇ 'ਤੇ ਹੁੰਦਾ ਹੈ, ਉਸ ਨੂੰ ਪਾਣੀ ਦੀ ਵਰਤੋਂ ਦਾ ਪਹਿਲਾ ਹੱਕ ਹੁੰਦਾ ਹੈ। ਉਮਰ ਅਬਦੁੱਲਾ ਦਾ ਬਿਆਨ ਇਸ ਸਿਧਾਂਤ 'ਤੇ ਅਧਾਰਿਤ ਹੈ, ਕਿਉਂਕਿ ਸਿੰਧੂ, ਜੇਹਲਮ ਅਤੇ ਚਨਾਬ ਦਾ ਮੁੱਖ ਸਰੋਤ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਹੈ। ਉਮਰ ਦਾ ਕਹਿਣਾ ਹੈ ਕਿ ਜੰਮੂ-ਕਸ਼ਮੀਰ ਦੀਆਂ ਸਥਾਨਕ ਲੋੜਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਇਹ ਸਿਧਾਂਤਕ ਤੌਰ 'ਤੇ ਜਾਇਜ਼ ਜਾਪਦਾ ਹੈ, ਪਰ ਭਾਰਤ ਦੇ ਰਾਸ਼ਟਰੀ ਢਾਂਚੇ ਅਨੁਸਾਰ ਇਹ ਸਟੈਂਡ ਵਿਵਾਦਪੂਰਨ ਹੋ ਜਾਂਦਾ ਹੈ। ਕਿਉਂਕਿ ਕੇਂਦਰ ਸਰਕਾਰ ਧਕੇ ਨਾਲ ਰਾਜਾਂ ਦੇ ਪਾਣੀਆਂ ਉਪਰ ਕਬਜਾ ਕਰਨ ਵਲ ਰੁਚਿਤ ਹੈ। ਉਮਰ ਦਾ ਇਹ ਸਟੈਂਡ ਕੇਂਦਰੀਕਰਨ ਦੇ ਪ੍ਰਬੰਧਾਂ ਨੂੰ ਚੁਣੌਤੀ ਦਿੰਦਾ ਹੈ।

ਦੂਜੇ ਪਾਸੇ ਇਸ ਮਾਮਲੇ ਵਿਚ ਪੰਜਾਬ ਦੀਆਂ ਪਾਰਟੀਆਂ ਵੱਲੋਂ ਵਰਤੀਆਂ ਜਾ ਰਹੀਆਂ ਦਲੀਲਾਂ ਵੀ ਰਿਪੇਰੀਅਨ ਸਿਧਾਂਤ ਦੀ ਉਲੰਘਣਾ ਕਰਦੀਆਂ ਕੇਂਦਰੀਕਰਨ ਦੇ ਢਾਂਚੇ ਦੇ ਹੱਕ ਵਿਚ ਭੁਗਤ ਰਹੀਆਂ ਹਨ। ਜਿਸ ਤਰ੍ਹਾਂ ਕੇਂਦਰ ਸਰਕਾਰ ਵਲੋਂ ਪੰਜਾਬ ਦੇ 70% ਪਾਣੀ ਨੂੰ ਗੈਰ-ਰਿਪੇਰੀਅਨ ਸੂਬਿਆਂ (ਰਾਜਸਥਾਨ, ਹਰਿਆਣਾ) ਨੂੰ ਜਬਰੀ ਦਿੱਤਾ ਗਿਆ, ਉਸੇ ਤਰ੍ਹਾਂ ਹੁਣ ਸਿੰਧੂ-ਜੇਹਲਮ-ਚਨਾਬ ਦੇ ਪਾਣੀ 'ਤੇ ਦਾਅਵਾ ਕਰਨਾ ਵੀ ਉਸੇ 'ਰਾਸ਼ਟਰੀ ਜਾਇਦਾਦ' ਦੀ ਦਲੀਲ 'ਤੇ ਆਧਾਰਿਤ ਹੈ। ਪੰਜਾਬ ਦੇ ਸਿਆਸੀ ਆਗੂਆਂ ਨੂੰ ਚਾਹੀਦਾ ਸੀ ਕਿ ਉਹ ਉਮਰ ਅਬਦੁੱਲਾ ਦੇ ਸਟੈਂਡ ਦੀ ਹਮਾਇਤ ਕਰਦੇ ਅਤੇ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਪੰਜਾਬ ਦੇ ਪਾਣੀ ਦੀ ਲੁੱਟ ਨੂੰ ਰੋਕਣ ਦੀ ਮੰਗ ਕਰਦੇ। ਪਰ ਇਸ ਦੀ ਬਜਾਏ, ਉਹ ਕੇਂਦਰ ਦੀ ਲੋਟੂ ਨੀਤੀ ਦੇ ਹੱਕ ਵਿੱਚ ਬਿਆਨਬਾਜ਼ੀ ਕਰ ਰਹੇ ਹਨ, ਜੋ ਪੰਜਾਬ ਦੇ ਲੰਬੇ ਸਮੇਂ ਦੇ ਹਿਤਾਂ ਖ਼ਿਲਾਫ਼ ਜਾਂਦਾ ਹੈ। ਇਹ ਸਿਆਸੀ ਬੇਈਮਾਨੀ ਹੈ, ਜੋ ਪੰਜਾਬ ਦੇ ਕੁਦਰਤੀ ਹੱਕਾਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਵੋਟਾਂ ਦੀ ਸਿਆਸਤ ਨੂੰ ਅੱਗੇ ਵਧਾਉਂਦੀ ਹੈ।

ਇਸ ਪੂਰੇ ਵਿਵਾਦ ਵਿੱਚ ਕੇਂਦਰ ਸਰਕਾਰ ਦੀ ਭੂਮਿਕਾ ਸਭ ਤੋਂ ਅਹਿਮ ਹੈ। ਸਿੰਧੂ ਜਲ ਸੰਧੀ, ਜੋ 1960 ਵਿੱਚ ਵਿਸ਼ਵ ਬੈਂਕ ਦੀ ਵਿਚੋਲਗੀ ਸਦਕਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਸੀ, ਨੂੰ ਰੱਦ ਕਰਨ ਦੀ ਗੱਲ ਹੁਣੇ ਜਿਹੇ ਭਾਰਤ ਤੇ ਪਾਕਿਸਤਾਨ ਵਿਚ ਤਕਰਾਰ ਤੋਂ ਬਾਅਦ ਚੱਲੀ ਸੀ, ਤਾਂ ਕੇਂਦਰ ਨੇ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀਆਂ ਨੂੰ ਭਾਰਤ ਦੇ ਹੋਰ ਸੂਬਿਆਂ ਵਿੱਚ ਵੰਡਣ ਦੀ ਯੋਜਨਾ ਬਣਾਈ। ਪਰ ਇਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਹਿੱਸੇ ਦੀ ਸਪਸ਼ਟਤਾ ਨਹੀਂ ਹੈ।

ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦੀ ਗੱਲ ਅੰਤਰਰਾਸ਼ਟਰੀ ਪੱਧਰ 'ਤੇ ਵੀ ਵਿਵਾਦ ਦਾ ਮੁੱਦਾ ਹੈ। ਇਹ ਸੰਧੀ ਵਿਸ਼ਵ ਬੈਂਕ ਦੀ ਵਿਚੋਲਗੀ ਨਾਲ ਹੋਈ ਸੀ, ਅਤੇ ਇਸ ਨੂੰ ਇਕਪਾਸੜ ਰੱਦ ਕਰਨਾ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਹੋਵੇਗਾ। ਜੇਕਰ ਭਾਰਤ ਨੇ ਸੰਧੀ ਨੂੰ ਰੱਦ ਕਰਕੇ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀ ਨੂੰ ਪੂਰੀ ਤਰ੍ਹਾਂ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਪਾਕਿਸਤਾਨ ਕੋਲ ਵਿਸ਼ਵ ਬੈਂਕ ਜਾਂ ਅੰਤਰਰਾਸ਼ਟਰੀ ਅਦਾਲਤ ਵਿੱਚ ਜਾਣ ਦਾ ਬਦਲ ਹੋਵੇਗਾ। ਇਸ ਤੋਂ ਇਲਾਵਾ, ਪਾਕਿਸਤਾਨ ਵੀ ਸਿੰਧੂ ਬੇਸਿਨ ਦਾ ਹਿੱਸਾ ਹੈ, ਅਤੇ ਰਿਪੇਰੀਅਨ ਸਿਧਾਂਤ ਅਨੁਸਾਰ, ਉਸ ਦਾ ਵੀ ਪਾਣੀ 'ਤੇ ਹੱਕ ਬਣਦਾ ਹੈ। ਭਾਰਤ ਲਈ ਅਜਿਹਾ ਕਰਨਾ ਸੌਖਾ ਨਹੀਂ ਹੋਵੇਗਾ।

# ਮੋਦੀ ਸਰਕਾਰ ਦਾ ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਕਿਉਂ ਨਹੀਂ ਪੂਰਾ ਹੋਇਆ ?

## ✪ ਸਵਿਸ ਨੈਸ਼ਨਲ ਬੈਂਕ ਦੀ 2024 ਦੀ ਰਿਪੋਰਟ ਮੁਤਾਬਕ, ਸਵਿਸ ਬੈਂਕਾਂ ਵਿਚ ਭਾਰਤੀਆਂ ਦੀ ਜਮ੍ਹਾਂ ਰਕਮ ਕਰੀਬ 37,600 ਕਰੋੜ ਰੁਪਏ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੱਡਾ ਵਾਅਦਾ ਕੀਤਾ ਸੀ ਕਿ ਸਵਿਸ ਬੈਂਕਾਂ ਵਿਚ ਪਿਆ ਭਾਰਤੀਆਂ ਦਾ ਕਾਲਾ ਧਨ ਵਾਪਸ ਲਿਆਉਣਗੇ ਤੇ ਹਰ ਭਾਰਤੀ ਦੇ ਖਾਤੇ ਵਿਚ 15 ਲੱਖ ਰੁਪਏ ਪਾਉਣਗੇ। ਇਹ ਵਾਅਦਾ ਲੋਕਾਂ ਨੂੰ ਬਹੁਤ ਚੰਗਾ ਲੱਗਾ, ਪਰ 11 ਸਾਲ ਬੀਤ ਜਾਣ 'ਤੇ ਵੀ ਇਹ ਪੂਰਾ ਨਹੀਂ ਹੋਇਆ। ਸਵਿਸ ਨੈਸ਼ਨਲ ਬੈਂਕ ਦੀ 2024 ਦੀ ਰਿਪੋਰਟ ਮੁਤਾਬਕ, ਸਵਿਸ ਬੈਂਕਾਂ ਵਿਚ ਭਾਰਤੀਆਂ ਦੀ ਜਮ੍ਹਾਂ ਰਕਮ 1.22 ਅਰਬ ਸਵਿਸ ਫਰੈਂਕ (2014) ਤੋਂ ਵਧ ਕੇ 3.53 ਅਰਬ ਸਵਿਸ ਫਰੈਂਕ ਯਾਨੀ ਲਗਪਗ 37,600 ਕਰੋੜ ਰੁਪਏ ਹੋ ਗਈ ਹੈ। ਇਹ ਵਾਧਾ ਸਰਕਾਰ ਦੇ ਵਾਅਦਿਆਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਸਵਿਟਜ਼ਰਲੈਂਡ ਨਾਲ ਸੂਚਨਾ ਸਾਂਝੀ ਕਰਨ ਦੇ ਸਮਝੌਤੇ ਕਾਰਨ ਹੁਣ ਜਮ੍ਹਾਂ ਰਕਮਾਂ ਦੀ ਸਹੀ ਜਾਣਕਾਰੀ ਮਿਲਣ ਲੱਗੀ ਹੈ। ਵਿੱਤ ਮੰਤਰਾਲੇ ਮੁਤਾਬਕ, ਇਹ ਵਾਧਾ ਭਾਰਤੀ ਅਰਥ-ਵਿਵਸਥਾ ਦੇ ਵਿਸ਼ਵੀਕਰਨ ਅਤੇ ਨਿਵੇਸ਼ ਵਧਣ ਕਾਰਨ ਹੋਇਆ, ਨਾ ਕਿ ਕਾਲੇ ਧਨ ਕਾਰਨ। ਪਰ ਸਰਕਾਰ ਨੇ 2021 ਵਿਚ ਸੰਸਦ ਵਿਚ ਮੰਨਿਆ ਸੀ ਕਿ ਸਵਿਸ ਬੈਂਕਾਂ 'ਵਿਚ ਕਾਲੇ ਧਨ ਦਾ ਕੋਈ ਅਧਿਕਾਰਤ ਅੰਕੜਾ ਨਹੀਂ ਹੈ। ਇਸ ਤੋਂ ਸਾਫ ਹੈ ਕਿ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਠੋਸ ਕਦਮ ਨਹੀਂ ਚੁੱਕੇ ਗਏ। ਸਵਿਸ ਬੈਂਕਾਂ ਨਾਲ ਸਮਝੌਤੇ ਤਾਂ ਹੋਏ, ਪਰ ਕਾਲੇ ਧਨ ਨੂੰ ਟਰੇਸ ਕਰਨ ਜਾਂ ਵਾਪਸ ਲਿਆਉਣ ਵਿਚ ਕੋਈ ਵੱਡੀ ਸਫਲਤਾ ਨਹੀਂ ਮਿਲੀ।

ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਇਸ ਮੁੱਦੇ 'ਤੇ ਸਿਰਫ ਜੁਮਲੇਬਾਜ਼ੀ ਕੀਤੀ, ਜਦਕਿ ਅਮੀਰ ਲੋਕਾਂ ਦਾ ਪੈਸਾ ਸਵਿਸ ਬੈਂਕਾਂ ਵਿਚ ਸੁਰੱਖਿਅਤ ਰੱਖਿਆ ਜਾ ਰਿਹਾ ਹੈ। ਕਾਂਗਰਸ ਅਨੁਸਾਰ ਸਵਿਸ ਬੈਂਕਾਂ ਵਿਚ ਭਾਰਤੀਆਂ ਦਾ ਪੈਸਾ ਤਿੰਨ ਗੁਣਾ ਵਧਣਾ ਸਰਕਾਰ ਦੀ ਨਾਕਾਮੀ ਦਰਸਾਉਂਦਾ ਹੈ। ਸਵਿਸ ਨੈਸ਼ਨਲ ਬੈਂਕ ਦੀ 2024 ਦੀ ਰਿਪੋਰਟ ਮੁਤਾਬਕ, ਸਵਿਸ ਬੈਂਕਾਂ 'ਚ ਭਾਰਤੀਆਂ ਦੀ ਜਮ੍ਹਾਂ ਰਕਮ 3.53 ਅਰਬ ਸਵਿਸ ਫਰੈਂਕ (ਕਰੀਬ 37,600 ਕਰੋੜ ਰੁਪਏ) ਹੈ। ਇਹ 2014 ਦੇ 1.22 ਅਰਬ ਸਵਿਸ ਫਰੈਂਕ (ਕਰੀਬ 12,000 ਕਰੋੜ ਰੁਪਏ) ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਇਸ ਵਿਚ ਵਿਅਕਤੀਆਂ, ਕੰਪਨੀਆਂ ਅਤੇ ਟਰੱਸਟਾਂ ਦੀਆਂ ਜਮ੍ਹਾਂ ਰਕਮਾਂ ਸਮੇਤ ਸਾਰੇ ਤਰ੍ਹਾਂ ਦੇ ਖਾਤੇ ਸ਼ਾਮਲ ਹਨ। ਪਰ ਸਰਕਾਰ ਇਸ ਨੂੰ ਕਾਲਾ ਧਨ ਮੰਨਣ ਲਈ ਤਿਆਰ ਨਹੀਂ। ਵਿੱਤ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਪੈਸਾ ਕਾਨੂੰਨੀ ਨਿਵੇਸ਼ ਅਤੇ ਵਪਾਰਕ ਗਤੀਵਿਧੀਆਂ ਕਾਰਨ ਵਧਿਆ ਹੈ। ਹਾਲਾਂਕਿ, ਵਿਰੋਧੀ ਪਾਰਟੀਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਿਚ ਵੱਡਾ ਹਿੱਸਾ ਕਾਲੇ ਧਨ ਦਾ ਹੋ ਸਕਦਾ ਹੈ, ਜਿਸ ਨੂੰ ਸਰਕਾਰ ਟਰੇਸ ਨਹੀਂ ਕਰ ਸਕੀ। ਸਵਿਸ ਬੈਂਕਾਂ ਦੀ ਗੁਪਤਤਾ ਨੀਤੀ ਕਾਰਨ ਸਹੀ ਅੰਕੜੇ ਜਾਣਨਾ ਮੁਸ਼ਕਲ ਹੈ, ਪਰ ਸੂਚਨਾ ਸਾਂਝੀ ਕਰਨ ਦੇ ਸਮਝੌਤੇ ਨੇ ਕੁਝ ਪਾਰਦਰਸ਼ਤਾ ਜ਼ਰੂਰ ਵਧਾਈ ਹੈ।

ਦੂਜੇ ਪਾਸੇ, ਸਰਕਾਰ ਅਤੇ ਭਾਜਪਾ ਦਾ ਕਹਿਣਾ ਹੈ ਕਿ ਸਵਿਸ ਬੈਂਕਾਂ ਵਿਚ ਵਧਿਆ ਪੈਸਾ ਅਰਥਵਿਵਸਥਾ ਦੀ ਮਜ਼ਬੂਤੀ ਅਤੇ ਵਿਦੇਸ਼ੀ ਨਿਵੇਸ਼ ਦਾ ਨਤੀਜਾ ਹੈ। ਉਹ ਸੂਚਨਾ ਸਾਂਝੀ ਕਰਨ ਦੇ ਸਮਝੌਤਿਆਂ ਨੂੰ ਆਪਣੀ ਸਫਲਤਾ ਦੱਸਦੇ ਹਨ, ਜਿਸ ਨਾਲ ਜਮ੍ਹਾਂ ਰਕਮਾਂ ਦੀ ਜਾਣਕਾਰੀ ਮਿਲਣ ਲੱਗੀ ਹੈ। ਪਰ ਕਾਲੇ ਧਨ ਨੂੰ ਵਾਪਸ ਲਿਆਉਣ ਦੇ ਮੁੱਦੇ 'ਤੇ ਉਹ ਚੁੱਪ ਹਨ।

# 26 ਜੂਨ ਨੂੰ ਖੁੱਲ੍ਹੇਗਾ ਕੈਲੀਫੋਰਨੀਆ ’ਚ ਜਸਵੰਤ ਸਿੰਘ ਖਾਲੜਾ ਦੇ ਨਾਂ ’ਤੇ ਬਣਿਆ ਸਕੂਲ

ਕੈਲੀਫੋਰਨੀਆ-ਭਾਈ ਜਸਵੰਤ ਸਿੰਘ ਖਾਲੜਾ ਜੀ ਨੇ ਤਾਂ ਗੁੰਮਸ਼ੁਦਾ ਮ੍ਰਿਤਕ ਦੇਹਾਂ ਦੇ ਹੱਕਾਂ ਦੇ ਲਈ ਹੀ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ ਸੀ ਅਤੇ ਹੁਣ ਉਹਨਾਂ ਨੂੰ ਬਣਦਾ ਮਾਨ ਸਨਮਾਨ ਨੂੰ ਦੇਣਾ ਵੀ ਜ਼ਰੂਰੀ ਹੈ। ਜਸਵੰਤ ਸਿੰਘ ਖਾਲੜਾ ਜੀ ਤੇ ਬਣੀ ਫਿਲਮ ’ਤੇ ਰੋਕ ਲਗਾਉਣ ਵਾਲੇ ਮੁਲਕ ਭਾਰਤ ਤੋਂ ਲੱਖਾਂ ਕੋਹਾਂ ਦੂਰ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਨੇ ਇਹ ਕਰ ਦਿਖਾਇਆ ਹੈ। ਉਹ ਮਾਨ ਸਨਮਾਨ ਦਿੱਤਾ ਜੋ ਆਉਂਦੀਆਂ ਪੀੜੀਆਂ ਤੱਕ ਯਾਦ ਰਹੇਗਾ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਸਿੱਖਿਅਤ ਵੀ ਕਰੇਗਾ। ਦਰਅਸਲ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਤੋਂ ਸਿੱਖ ਭਾਈਚਾਰੇ ਲਈ ਬੇਹੱਦ ਮਾਣ ਵਾਲੀ ਖਬਰ ਸਾਹਮਣੇ ਆ ਰਹੀ ਹੈ। ਮਨੁੱਖੀ ਅਧਿਕਾਰਾਂ ਦੇ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਜੀ ਦੇ ਨਾਂ ‘ਤੇ ਬਣਿਆ ਸੁਕਲ ਅਗਲੇ ਹਫਤੇ ਤੋਂ ਖੁੱਲਣ ਜਾ ਰਿਹਾ ਹੈ. 26 ਜੂਨ 2025 ਨੂੰ ਕੈਲੀਫੋਰਨੀਆ ਦੇ ਫਰੈਂਸਕੋ ਵਿਖੇ ਜਸਵੰਤ ਸਿੰਘ ਖਾਲੜਾ ਐਲੀਮੈਂਟਰੀ ਸਕੂਲ ਦਾ ਉਦਘਾਟਨ ਹੋਵੇਗਾ।

ਸਿੱਖ ਭਾਈਚਾਰੇ ਵੱਲੋਂ 2018 ਤੋਂ ਹੀ ਇਹ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਹੁਣ ਬੂਰ ਪਿਆ ਹੈ। ਜਸਵੰਤ ਸਿੰਘ ਖਾਲੜਾ ਐਲਿਮੈਂਟਰੀ ਸਕੂਲ, ਸੈਂਟਰਲ ਯੂਨੀਫਾਈਡ



ਸਕੂਲ ਡਿਸਟਿਕ ਦਾ 15ਵਾਂ ਐਲਿਮੈਂਟਰੀ ਸਕੂਲ ਹੋਵੇਗਾ। ਇਸ ਵਿੱਚ ਪ੍ਰੀ-ਸਕੂਲ ਤੋਂ ਛੇਵੀਂ ਕਲਾਸ ਤੱਕ ਦੇ 600 ਤੋਂ ਵੱਧ ਵਿਦਿਆਰਥੀ ਪੜ੍ਹ ਸਕਣਗੇ। ਇਸ ਸਕੂਲ ਵਿੱਚ ਪੰਜਾਬੀ ਅਤੇ ਦੱਖਣੀ ਏਸ਼ੀਅਨ ਵਿਦਿਆਰਥੀਆਂ ਦੀ ਸੰਭਾਵਿਤ ਗਿਣਤੀ ਲਗਭਗ 9% ਹੋਣ ਦੀ ਉਮੀਦ ਹੈ. ਜਿਕਰੇਖਾਸ ਹੈ ਕਿ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਧੀ ਨਵਕਿਰਨ ਕੌਰ ਖਾਲੜਾ ਵੀ ਫਰੈਂਸਸਕੋ ਸਟੇਟ ਯੂਨੀਵਰਸਿਟੀ ਦੀ ਵਿਦਿਆਰਥੀ ਰਹੀ ਹੈ ਅਤੇ ਉਹਨਾਂ ਦਾ ਸਹੁਰਾ ਪਰਿਵਾਰ ਵੀ ਕੈਲੀਫੋਰਨੀਆ ਦੀ ਸੈਂਟ੍ਰਲ ਵੈਲੀ ਤੋਂ ਹੈ।

ਲਗਭਗ ਹਰ ਸਿੱਖ ਭਾਈ ਜਸਵੰਤ ਸਿੰਘ ਖਾਲੜਾ ਜੀ ਦੇ ਨਾਂ ਤੋਂ ਜਾਣੂ ਹੈ. ਉਹਨਾਂ ਨੇ 1984 ਤੋਂ ਬਾਅਦ ਪੰਜਾਬ ‘ਚ ਗਾਇਬ ਕੀਤੇ ਗਏ ਹਜ਼ਾਰਾਂ ਨੌਜਵਾਨਾਂ ਦੀਆਂ ਗੁਪਤ ਮੌਤਾਂ ਨੂੰ ਜੱਗ ਜਾਹਰ ਕੀਤਾ ਸੀ। ਭਾਈ ਖਾਲੜਾ ਜੀ ਗੁਮਸ਼ੁਦਾ ਮ੍ਰਿਤਕ ਦੇਹਾਂ ਦੀ ਆਵਾਜ਼ ਬਣੇ ਪਰ ਪੰਜਾਬ ਪੁਲਿਸ ਨੇ ਉਹਨਾਂ ਦੀ ਆਵਾਜ਼ ਦਬਾਉਣ ਲਈ ਭਾਈ ਖਾਲੜਾ ਨੂੰ ਹੀ ਗੁੰਮਸ਼ੁਦਾ ਮ੍ਰਿਤਕ ਦੇਹ ਬਣਾ ਛੱਡਿਆ ਪਰ ਹੁਣ ਐਨੇ ਦਹਾਕਿਆਂ ਬਾਅਦ ਉਨ੍ਹਾਂ ਦੇ ਨਾਂ ‘ਤੇ ਬਣੇ ਇਸ ਸਕੂਲ ਵਿੱਚ ਮੁੜ ਉਹਨਾਂ ਦੀ ਆਵਾਜ਼ ਗੂੰਜੇਗੀ।

ਜ਼ਿਕਰਯੋਗ ਹੈ ਕਿ ਇਸੇ ਸਮੇਂ ਜਦੋਂ ਅਮਰੀਕਾ ਵਿੱਚ ਜਸਵੰਤ ਸਿੰਘ ਖਾਲੜਾ ਜੀ ਦੇ ਨਾਂ ਦਾ ਇਹ ਸਕੂਲ ਖੁਲ ਰਿਹਾ ਹੈ ਤਾਂ ਭਾਰਤ ਵਿੱਚ ਭਾਈ ਖਾਲੜਾ ਜੀ ਦੀ ਜ਼ਿੰਦਗੀ ‘ਤੇ ਬਣੀ ਫਿਲਮ ਪੰਜਾਬ 95 ਦੀ ਰਿਲੀਜ਼ ‘ਤੇ ਹਜੇ ਵੀ ਰੋਕ ਲੱਗੀ ਹੋਈ ਹੈ। ਵਿਦੇਸ਼ ਵਿੱਚ ਭਾਈ ਖਾਲੜਾ ਜੀ ਦੇ ਨਾਂ ‘ਤੇ ਸਕੂਲ ਖੋਲਣ ਦਾ ਉਪਰਾਲਾ ਸਿਰਫ਼ ਸਿੱਖ ਭਾਈਚਾਰੇ ਲਈ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਹਰ ਇੱਕ ਆਵਾਜ਼ ਦੇ ਲਈ ਪ੍ਰੇਰਨਾ ਦਾ ਸਰੋਤ ਹੈ।

## ਪੰਜਾਬ ਵਿਚ ਫੈਲਣ ਲੱਗਾ ਕੋਰੋਨਾ, ਸਾਹਮਣੇ ਆਏ ਨਵੇਂ ਮਾਮਲੇ

### ✪ 6 ਵਿਅਕਤੀ ਤੇ 3 ਔਰਤਾਂ ਕੋਰੋਨਾ ਪੀੜਤ

ਲੁਧਿਆਣਾ-ਕੋਰੋਨਾ ਦੇ ਬੀਤੇ ਦਿਨੀਂ 9 ਨਵੇਂ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਮਾਮਲਿਆਂ ਵਿੱਚ ਵਿੱਚ 6 ਵਿਅਕਤੀ ਅਤੇ ਤਿੰਨ ਔਰਤਾਂ ਕੋਰੋਨਾ ਤੋਂ ਪੀੜਤ ਪਾਈਆਂ ਗਈਆਂ ਹਨ, ਜਿਨ੍ਹਾਂ ਦੀ ਉਮਰ ਕਰਮਵਾਰ ਵਿਅਕਤੀਆਂ ਦੀ ਉਮਰ - 64,75,19,33 ਜਦੋਂਕਿ 3 ਪੀੜਤ ਔਰਤਾਂ ਕਰਮਵਾਰ ਉਮਰ 71,63, ਅਤੇ 29 ਸਾਲ ਹੈ। ਹੁਣ ਤੱਕ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 73 ਤੱਕ ਪਹੁੰਚ ਚੁੱਕੀ ਹੈ। ਲੁਧਿਆਣਾ ਵਿੱਚ ਸਰਗਰਮ ਕੇਸ 22 ਹਨ। ਹੁਣ ਤੱਕ ਕੋਰੋਨਾ ਨਾਲ ਤਿੰਨ ਮੌਤਾਂ ਹੋ ਚੁੱਕੀਆਂ ਹਨ।

# ਪਾਕਿਸਤਾਨੀ ਡੌਨ ਨੇ ਜਲੰਧਰ ਵਿੱਚ ਪ੍ਰਵਾਸੀ ਪੰਜਾਬੀ ਦੇ ਘਰ ’ਤੇ ਚਲਵਾਈਆਂ ਗੋਲੀਆਂ

ਜਲੰਧਰ-ਜਲੰਧਰ ਦੇ ਗੁਲਾਬ ਦੇਵੀ ਰੋਡ ‘ਤੇ ਸਥਿਤ ਇੱਕ ਐਨਆਰਆਈ ਦੇ ਘਰ ਸੋਮਵਾਰ ਰਾਤ ਨੂੰ ਇੱਕ ਵੱਡੀ ਘਟਨਾ ਵਾਪਰੀ। ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਦੇ ਨਿਰਦੇਸ਼ਾਂ ‘ਤੇ, ਦੋ ਬਾਈਕ ਸਵਾਰ ਬਦਮਾਸ਼ਾਂ ਨੇ ਪੁਰਤਗਾਲ ਵਿੱਚ ਰਹਿਣ ਵਾਲੇ ਇੱਕ ਐਨਆਰਆਈ ਦੇ ਘਰ ‘ਤੇ ਲਗਭਗ 10 ਗੋਲੀਆਂ ਚਲਾਈਆਂ। ਇਸ ਤੋਂ ਪਹਿਲਾਂ ਬੀਤੇ ਦਿਨੀਂ ਫਿਰੌਤੀ ਦੀ ਕਾਲ ਕੀਤੀ ਗਈ ਸੀ। ਘਟਨਾ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਨੌਜਵਾਨ ਦੋਵੇਂ ਹੱਥਾਂ ਵਿੱਚ ਹਥਿਆਰ ਲੈ ਕੇ ਲਗਾਤਾਰ ਫਾਇਰਿੰਗ ਕਰਦਾ ਦਿਖਾਈ ਦੇ ਰਿਹਾ ਹੈ। ਪਾਕਿਸਤਾਨ ਦੇ ਡੌਨ ਸ਼ਹਿਜ਼ਾਦ ਭੱਟੀ ਨੇ ਖੁਦ ਇਸ ਘਟਨਾ ਦੀ ਵੀਡੀਓ ਜਾਰੀ ਕੀਤੀ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਥਾਣਾ ਡਿਵੀਜ਼ਨ ਨੰਬਰ-1 ਦੀ ਪੁਲਿਸ ਮਾਮਲੇ ਦੀ ਜਾਂਚ ਲਈ ਮੌਕੇ ‘ਤੇ ਪਹੁੰਚ ਗਈ। ਪੁਲਿਸ ਪਾਕਿਸਤਾਨੀ ਡੌਨ ਭੱਟੀ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ। ਭੱਟੀ ਦੀ ਇੱਕ ਰਿਕਾਰਡਿੰਗ ਵੀ ਵਾਇਰਲ ਹੋ ਰਹੀ ਹੈ। ਜਿਸ ਵਿੱਚ ਭੱਟੀ ਵਿਦੇਸ਼ ਵਿੱਚ ਰਹਿੰਦੇ ਉਕਤ ਘਰ ਦੇ ਮਾਲਕ ਨਾਲ ਗੱਲ ਕਰ ਰਿਹਾ ਹੈ। ਦੋਵਾਂ ਵਿਚਕਾਰ ਹੋਈ ਗੱਲਬਾਤ ਦੀ ਕਥਿਤ ਰਿਕਾਰਡਿੰਗ ਹੈ, ਜਿਸ ਵਿੱਚ ਦੋਵੇਂ ਇੱਕ ਦੂਜੇ ਨੂੰ ਗਾਲ੍ਹਾਂ ਕੱਢ ਰਹੇ ਹਨ। ਪੁਲਿਸ ਨੇ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਹੈ।

## -ਮਾਮਲਾ ਨਾਜ਼ਾਇਜ ਕਲੋਨੀਆਂ ਕਟਣ ਦਾ-

# ‘ਆਪ’ ਵਿਧਾਇਕ ਰਮਨ ਅਰੋੜਾ ਦਾ ਨਵਾਂ ਸੈਕੰਡਲ ਆਇਆ ਸਾਹਮਣੇ, ਹੁਣ ਭੋਗਪੁਰ ਨਾਲ ਜੁੜੇ ਤਾਰ

ਜਲੰਧਰ-ਵਿਧਾਇਕ ਰਮਨ ਅਰੋੜਾ ਨੇ ਜਲੰਧਰ ਹੀ ਨਹੀਂ, ਸਗੋਂ ਭੋਗਪੁਰ ਵਿਚ ਵੀ ਆਪਣਾ ਕਾਫ਼ੀ ਵਧੀਆ ਸੈਟਅਪ ਬਣਾਇਆ ਹੋਇਆ ਸੀ। ਜਲੰਧਰ ਦੇ ਵਪਾਰੀ ਅਤੇ ‘ਆਪ’ ਵਰਕਰ ਨੂੰ ਧਮਕਾਉਣ ਵਾਲੇ ਭੋਗਪੁਰ ਦੇ ਨਗਰ ਕੌਂਸਲ ਦੇ ਅਧਿ ਕਾਰੀ ਨੇ ਵਿਧਾਇਕ ਰਮਨ ਅਰੋੜਾ ਨਾਲ ਮਿਲ ਕੇ ਕਈ ਗੈਰ-ਕਾਨੂੰਨੀ ਕਾਲੋਨੀਆਂ ਕੱਟੀਆਂ। ਇਸ ਤੋਂ ਇਲਾਵਾ ਕਈ ਦੁਕਾਨਾਂ ਅਤੇ ਮਾਰਕੀਟ ਵੀ ਗੈਰ-ਕਾਨੂੰਨੀ ਬਣਾਈਆਂ ਪਰ ਉਨ੍ਹਾਂ ’ਤੇ ਕਦੀ ਐਕਸ਼ਨ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਪੁੱਡਾ ਦੇ ਅਧਿਕਾਰੀਆਂ ਨੂੰ ਰਮਨ ਅਰੋੜਾ ਦਾ ਫੋਨ ਚਲਾ ਗਿਆ ਸੀ।

ਅਕਸਰ ਪਾਰਟੀਆਂ ਬਦਲਣ ਵਾਲੇ ਨਗਰ ਕੌਂਸਲ ਦੇ ਪ੍ਰਧਾਨ ਦੇ ਇਲਾਵਾ ਭੋਗਪੁਰ ਦਾ ਹੀ ਰਮਨ ਅਰੋੜਾ ਦਾ ਰਿਸ਼ਤੇਦਾਰ ਇਹ



ਸਾਰਾ ਕੰਮ ਵੇਖਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉਥੇ ਵੀ ਰਮਨ ਅਰੋੜਾ ਨੇ ਕਰੋੜਾਂ ਰੁਪਏ ਇਨਵੈਸਟ ਕੀਤੇ ਹੋਏ ਹਨ, ਜੋ ਕਿ ਬਲੈਕਮਨੀ ਸੀ। ਸੂਤਰਾਂ ਦੀ ਮੰਨੀਏ ਤਾਂ ਰਮਨ ਅਰੋੜਾ ਦੀ ਇਨਵੈਸਟਮੈਂਟ ਅਤੇ ਸ਼ਹਿ ਦੇ ਕਾਰਨ ਭੋਗਪੁਰ ਵਿਚ ਵੀ 20 ਕਾਲੋਨੀਆਂ ਕੱਟੀਆਂ ਗਈਆਂ, ਜਦੋਂ ਕਿ ਦੁਕਾਨਾਂ ਅਤੇ ਮਾਰਕੀਟਾਂ ਦੀ ਕੋਈ ਗਿਣਤੀ ਹੀ ਨਹੀਂ ਹੈ। ਜੇਕਰ ਨਗਰ ਕੌਂਸਲ ਦੇ ਅਧਿਕਾਰੀ ਤੋਂ ਵਿਜੀਲੈਂਸ ਪੁੱਛਗਿੱਛ ਕਰੇ ਤਾਂ ਕਈ ਬੇਨਾਮੀ ਜਾਇਦਾਦਾਂ ਸਾਹਮਣੇ ਆ ਸਕਦੀਆਂ ਹਨ, ਜਿਨ੍ਹਾਂ ਵਿਚੋਂ ਵਧੇਰੇ ਰਮਨ ਅਰੋੜਾ ਦੀਆਂ ਨਿਕਲ ਸਕਦੀਆਂ ਹਨ।

ਸ਼ਹਿਰ ਵਿਚ ਗੈਰ-ਕਾਨੂੰਨੀ ਢੰਗ ਨਾਲ ਪਟਾਕੇ ਡੰਪ ਕਰਵਾ ਕੇ ਵੀ ਬਟੋਰੇ ਸਨ ਲੱਖਾਂ ਰੁਪਏ-ਸੂਤਰਾਂ ਦੀ ਮੰਨੀਏ ਤਾਂ ਰਮਨ ਅਰੋੜਾ ਨੇ 2023 ਅਤੇ 2024 ਸਾਲ ਦੀ ਦੀਵਾਲੀ ਵਿਚ ਸ਼ਹਿਰ ਵਿਚ ਗੈਰ-ਕਾਨੂੰਨੀ ਢੰਗ ਨਾਲ ਪਟਾਕੇ ਡੰਪ ਕਰਵਾ ਦਿੱਤੇ ਸਨ। ਇਕ ਵਾਰ ਤਾਂ ਕਿਸੇ ਜਾਗਰੂਕ ਸ਼ਹਿਰ ਵਾਸੀ ਨੇ ਇਸ ਦੀ ਸੂਚਨਾ ਮੀਡੀਆ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਸ ਤਕ ਜਾਣਕਾਰੀ ਪਹੁੰਚੀ। ਮੌਕੇ ’ਤੇ ਮੀਡੀਆ ਅਤੇ ਪੁਲਸ ਦੋਵੇਂ ਪਹੁੰਚ ਗਏ ਪਰ ਪੁਲਸ ਦੀ ਹਿੰਮਤ ਨਹੀਂ ਪਈ ਕਿ ਟਰੱਕ ਅਤੇ ਗੋਦਾਮ ਨੂੰ ਖੋਲ੍ਹ ਸਕੇ।

ਇਹ ਮਾਮਲਾ ਥਾਣਾ ਨੰਬਰ 2 ਅਧੀਨ ਇਲਾਕੇ ਦਾ ਸੀ। ਦੱਸਿਆ ਜਾ ਰਿਹਾ ਹੈ ਕਿ ਰਮਨ ਅਰੋੜਾ ਨੇ ਪਟਾਕੇ ਡੰਪ ਕਰਵਾਉਣ ਲਈ ਲੱਖਾਂ ਰੁਪਏ ਲਏ ਸਨ ਅਤੇ ਪੁਲਸ ਨੂੰ ਸਾਫ਼ ਤੌਰ ’ਤੇ ਕਿਹਾ ਸੀ ਕਿ ਉਕਤ ਗੋਦਾਮ ਵਿਚ ਨਾ ਤਾਂ ਰੇਡ ਹੋਣੀ ਚਾਹੀਦੀ ਹੈ ਅਤੇ ਨਾ ਹੀ ਪਟਾਕੇ ਲਿਆਉਣ ਵਾਲੇ ਟਰੱਕਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਇਸੇ ਤਰ੍ਹਾਂ ਸ਼ੇਖਾਂ ਬਾਜ਼ਾਰਾਂ ਦੇ ਪਤੰਗਾਂ ਵਾਲਿਆਂ ਕੋਲੋਂ ਵੀ ਲੱਖਾਂ ਰੁਪਏ ਲੈ ਕੇ ਰਮਨ ਅਰੋੜਾ ਨੇ ਸ਼ਹਿਰ ਵਿਚ ਚਾਈਨਾ ਡੋਰ ਵਿਕਣ ਦਿੱਤੀ ਸੀ। ਇਨ੍ਹਾਂ ਵਿਚੋਂ ਇਕ ਪਤੰਗ ਵਾਲੇ ਭਰਾ ਨੇ ਦਿੱਲੀ ਵਿਚ ਚਾਈਨਾ ਡੋਰ ਦੀ ਫੈਕਟਰੀ ਵੀ ਲਾਈ ਹੋਈ ਹੈ, ਜਦਕਿ ਇਕ ਭਰਾ ਮੈਚਾਂ ’ਤੇ ਸੱਟੇ ਦੇ ਨਾਲ-ਨਾਲ ਪਤੰਗਾਂ ਅਤੇ ਚਾਈਨਾ ਡੋਰ ਦਾ ਕੰਮ ਕਰਦਾ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਗਿਆਨੀ ਗੁਰਮੁਖ ਸਿੰਘ ਦੀ ਅਕਾਲ ਤਖਤ ਦੇ ਮੁੱਖ ਗ੍ਰੰਥੀ ਵਜੋਂ ਹੋਈ ਮੁੜ ਵਿਵਾਦਮਈ ਨਿਯੁਕਤੀ

## ✪ ਸ਼੍ਰੋਮਣੀ ਕਮੇਟੀ ਉਪਰ ਉਠੇ ਸਵਾਲ, ਕੀ ਪੰਥ ਦੇ ਉਲਟ ਫੈਸਲਾ ਕਰਨ ਵਾਲਾ ਗ੍ਰੰਥੀ ਨਿਯੁਕਤ ਕਰਨਾ ਸਹੀ ਹੈ ? ✪ ਗਿਆਨੀ ਗੁਰਮੁਖ ਸਿੰਘ ਉਪਰ ਲੱਗੇ ਸਨ ਸੌਦਾ ਸਾਧ ਨੂੰ ਮਾਫ ਕਰਨ ਦੇ ਦੋਸ਼

ਅਕਾਲ ਤਖਤ ਸਾਹਿਬ ਸਿੱਖ ਪੰਥ ਦਾ ਸਰਬਉੱਚ ਧਾਰਮਿਕ ਅਤੇ ਰਾਜਸੀ ਅਸਥਾਨ ਹੈ। ਇਹ ਉਹ ਪਾਵਨ ਥਾਂ ਹੈ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਸਥਾਪਿਤ ਕਰਕੇ ਸਿੱਖ ਪੰਥ ਨੂੰ ਸਚਿਆਰੀ, ਅਣਖੀ ਅਤੇ ਨਿਆਂ ਪਖੀ ਸੰਸਥਾ ਦਿੱਤੀ। ਪਰ ਬੀਤੇ ਸਮੇਂ ਦੌਰਾਨ ਇਸ ਪਾਵਨ ਅਸਥਾਨ ਦੀ ਮਰਯਾਦਾ ਨੂੰ ਲਗਾਤਾਰ ਠੇਸ ਪਹੁੰਚ ਰਹੀ ਹੈ। ਤਾਜ਼ਾ ਵਿਵਾਦ ਗਿਆਨੀ ਗੁਰਮੁਖ ਸਿੰਘ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਮੁੜ ਨਿਯੁਕਤੀ ਨੂੰ ਲੈ ਕੇ ਉਠਿਆ ਹੈ, ਜਿਸ ਨੇ ਸਿੱਖ ਸੰਗਤ ਦੇ ਮਨਾਂ ਵਿੱਚ ਗੰਭੀਰ ਸਵਾਲ ਖੜੇ ਕੀਤੇ ਹਨ। ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖਤ,,ਗਿਆਨੀ ਗੁਰਮੁਖ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਵਲੋਂ 2015 ਵਿੱਚ ਡੇਰਾ ਸਿਰਸਾ ਮੁਖੀ ਬਲਾਤਕਾਰੀ ਸਾਧ ਗੁਰਮੀਤ ਰਾਮ ਰਹੀਮ ਨੂੰ ਮਾਫੀ ਦੇਣ ਦੇ ਮਾਮਲੇ ਕਾਰਣ ਸਿੱਖ ਪੰਥ ਭਾਰੀ ਰੋਸ ਪੈਦਾ ਹੋਇਆ ਸੀ, ਕਿਉਂਕਿ ਡੇਰਾ ਮੁਖੀ 'ਤੇ ਸਿੱਖ ਧਰਮ ਦੀ ਮਰਯਾਦਾ ਨਾਲ ਖਿਲਵਾੜ ਕਰਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਉਤਾਰਨ ਦੇ ਗੰਭੀਰ ਦੋਸ਼ ਸਨ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਨੇ 2 ਦਸੰਬਰ 2024 ਨੂੰ ਗਿਆਨੀ ਗੁਰਮੁਖ ਸਿੰਘ ਦੇ ਸਪਸ਼ਟੀਕਰਣ ਨੂੰ ਅਸੰਤੁਸ਼ਟੀਜਨਕ ਮੰਨਿਆ ਗਿਆ ਸੀ ਅਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਤੋਂ ਹਟਾ ਕੇ ਸ੍ਰੀ ਮੁਕਤਸਰ ਸਾਹਿਬ ਭੇਜ ਦਿੱਤਾ ਸੀ। ਨਾਲ ਹੀ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਉਨ੍ਹਾਂ ਨੂੰ 11 ਦਿਨਾਂ ਦੀ ਧਾਰਮਿਕ ਸਜ਼ਾ ਸੁਣਾਈ ਗਈ ਸੀ, ਜਿਸ ਵਿੱਚ ਵੱਖ-ਵੱਖ ਸੇਵਾਵਾਂ ਨਿਭਾਉਣ ਦਾ ਹੁਕਮ ਸੀ।



ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਦੀ ਨਿਯੁਕਤੀ ਲਈ ਅਜਿਹੇ ਵਿਅਕਤੀ ਦੀ ਚੋਣ ਕੀਤੀ ਜਾਣੀ ਚਾਹੀਦੀ, ਜਿਸ ਦੀ ਪੰਥਕ ਸੇਵਾ, ਮਰਯਾਦਾ ਅਤੇ ਸਚਿਆਰੀ ਹੋਂਦ 'ਤੇ ਕੋਈ ਸ਼ੰਕਾ ਨਾ ਹੋਵੇ। ਪਰ ਗਿਆਨੀ ਗੁਰਮੁਖ ਸਿੰਘ ਦੀ ਨਿਯੁਕਤੀ ਨੇ ਇਸ ਮਾਪਦੰਡ ਨੂੰ ਪੂਰਾ ਨਹੀਂ ਕੀਤਾ। ਸੰਗਤ ਵਿੱਚ ਇਹ ਚਰਚਾ ਤੇਜ਼ ਹੈ ਕਿ ਕੀ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਕਿਸੇ ਰਾਜਨੀਤਕ ਦਬਾਅ ਜਾਂ ਸਿਆਸੀ ਸਮੀਕਰਨ ਨੂੰ ਸਾਧਣ ਲਈ ਲਿਆ ਹੈ? ਜੇਕਰ ਅਜਿਹਾ ਹੈ, ਤਾਂ ਇਹ ਸ੍ਰੀ ਅਕਾਲ ਤਖਤ ਸਾਹਿਬ ਦੀ ਆਜ਼ਾਦੀ ਅਤੇ ਪਵਿੱਤਰਤਾ ਨਾਲ ਸਿੱਧਾ ਖਿਲਵਾੜ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਮੁੱਦੇ 'ਤੇ ਸੰਥਕ ਜਥੇਬੰਦੀਆਂ ਅਤੇ ਸੰਗਤ ਦੀ ਰਾਇ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ, ਤਾਂ ਜੋ ਅਕਾਲ ਤਖਤ ਸਾਹਿਬ ਦੀ ਮਰਯਾਦਾ ਅਤੇ ਸੰਗਤ ਦਾ ਵਿਸ਼ਵਾਸ ਬਰਕਰਾਰ ਰਹੇ।

ਹੁਣ, ਗਿਆਨੀ ਗੁਰਮੁਖ ਸਿੰਘ ਵਲੋਂ ਸੇਵਾ ਪੂਰੀ ਕਰਨ ਬਾਅਦ 21 ਜੂਨ 2025 ਨੂੰ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਨਿਯੁਕਤ ਕਰ ਦਿੱਤਾ ਹੈ। ਇਹ ਫੈਸਲਾ ਸਿੱਖ ਸੰਗਤ ਵਿੱਚ ਵਿਵਾਦ ਦਾ ਕਾਰਨ ਬਣਿਆ ਹੈ। ਸਵਾਲ ਇਹ ਹੈ ਕਿ ਕੀ ਇੱਕ ਅਜਿਹਾ ਵਿਅਕਤੀ, ਜਿਸ ਨੂੰ ਪੰਜ ਸਿੰਘ ਸਾਹਿਬਾਨ ਨੇ ਪੰਥ ਵਿਰੁੱਧ ਫੈਸਲੇ ਦਾ ਦੋਸ਼ੀ ਮੰਨਿਆ, ਉਸੇ ਪਾਵਨ ਅਸਥਾਨ ਦੀ ਸੇਵਾ ਦਾ ਹੱਕਦਾਰ ਹੋ ਸਕਦਾ ਹੈ? ਕੀ ਸਜ਼ਾ ਪੂਰੀ ਕਰਨ ਨਾਲ ਉਸ ਦੋਸ਼ ਦੀ ਗੰਭੀਰਤਾ ਮੁੱਕ ਜਾਂਦੀ ਹੈ? ਅਤੇ ਸਭ ਤੋਂ ਵੱਡਾ ਸਵਾਲ-ਕੀ ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਤੇ ਪਵਿੱਤਰਤਾ ਨੂੰ ਢਾਹ ਨਹੀਂ ਲਗਾਉਂਦਾ?

ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦੀ ਸਾਂਝੀ ਅਵਾਜ਼ ਅਤੇ ਨਿਆਂ ਦਾ ਪ੍ਰਤੀਕ ਹੈ। ਇਹ ਉਹ ਅਸਥਾਨ ਹੈ, ਜਿੱਥੋਂ ਪੰਥਕ ਫੈਸਲੇ ਸੰਗਤ ਦੀ ਸਹਿਮਤੀ ਅਤੇ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿੱਚ ਲਏ ਜਾਂਦੇ ਹਨ। ਪਰ 2015 ਦੇ ਮਾਫੀ ਵਿਵਾਦ ਨੇ ਪਹਿਲਾਂ ਹੀ ਇਸ ਅਸਥਾਨ ਦੀ ਸਰਬਉੱਚਤਾ 'ਤੇ ਸਵਾਲ ਖੜੇ ਕਰ ਦਿੱਤੇ ਸਨ। ਉਸ ਸਮੇਂ ਸੰਗਤ ਨੇ ਇਹ ਮਹਿਸੂਸ ਕੀਤਾ ਸੀ ਕਿ ਅਕਾਲ ਤਖਤ ਸਾਹਿਬ ਦੇ ਫੈਸਲਿਆਂ 'ਤੇ ਰਾਜਨੀਤਕ ਦਬਾਅ ਹਾਵੀ ਹੋ ਰਿਹਾ ਹੈ। ਖਾਸ ਕਰਕੇ, ਸੁਖਬੀਰ ਸਿੰਘ ਬਾਦਲ ਅਤੇ ਬਾਦਲ ਅਕਾਲੀ ਦਲ 'ਤੇ ਇਹ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਡੇਰਾ ਸਿਰਸਾ ਮੁਖੀ ਨੂੰ ਮਾਫੀ ਦਿਵਾਉਣ ਲਈ ਧਾਰਮਿਕ ਸੰਸਥਾਵਾਂ 'ਤੇ ਦਬਾਅ ਪਾਇਆ ਸੀ। ਗਿਆਨੀ ਗੁਰਮੁਖ ਸਿੰਘ ਨੇ ਆਪਣੇ ਸਪਸ਼ਟੀਕਰਨ ਵਿੱਚ ਇਹ ਨਹੀਂ ਦੱਸਿਆ ਕਿ ਮਾਫੀ ਦੇ ਫੈਸਲੇ ਪਿੱਛੇ ਕਿਸ ਰਾਜਨੀਤਕ ਸ਼ਕਤੀ ਦਾ ਹੱਥ ਸੀ। ਸੰਗਤ ਨੂੰ ਅੱਜ ਵੀ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ।

ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਦੀ ਇਹ ਨਿਯੁਕਤੀ ਅਜਿਹਾ ਮਸਲਾ ਨਹੀਂ, ਜਿਸ ਨੂੰ ਸਿਰਫ਼ ਪ੍ਰਬੰਧਕੀ ਫੈਸਲਾ ਮੰਨ ਕੇ ਟਾਲਿਆ ਜਾ ਸਕੇ। ਇਹ ਸਿੱਧੇ ਤੌਰ 'ਤੇ ਪੰਥ ਦੀ ਮਰਯਾਦਾ, ਸੰਗਤ ਦੇ ਵਿਸ਼ਵਾਸ ਅਤੇ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨਾਲ ਜੁੜਿਆ ਮੁੱਦਾ ਹੈ।

ਗੁਰਮੁਖ ਸਿੰਘ ਦੀ ਮੁੜ ਨਿਯੁਕਤੀ ਦਾ ਸਿੱਖ ਸੰਗਤ, ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੇ ਸਖ਼ਤ ਵਿਰੋਧ ਕੀਤਾ ਹੈ। ਪੰਥਕ ਆਗੂਆਂ ਨੇ ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਅਤੇ ਸੰਗਤ ਦੇ ਵਿਸ਼ਵਾਸ ਨਾਲ ਧੋਖਾ ਮੰਨਿਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਨੇ ਬਿਆਨ ਜਾਰੀ ਕਰਕੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੀ ਨਿਖੇਧੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਵਿਅਕਤੀ ਨੂੰ ਪੰਥ ਵਿਰੁੱਧ ਫੈਸਲੇ ਦੀ ਸਜ਼ਾ ਮਿਲੀ, ਉਸ ਨੂੰ ਮੁੜ ਇੰਨੇ ਵੱਡੇ ਅਹੁਦੇ 'ਤੇ ਬਿਠਾਉਣਾ ਸਿੱਖ ਪੰਥ ਦੀ ਸਰਬਉੱਚ ਸੰਸਥਾ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ।

ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਤੇਜਾ ਸਿੰਘ ਕਮਾਲਪੁਰ, ਜਸਵੰਤ ਸਿੰਘ ਪੁੜੈਨ , ਮਲਕੀਤ ਸਿੰਘ ਚੰਗਾਲ, ਬੀਬੀ ਜਗੀਰ ਕੌਰ ਨੇ ਵੀ ਇਸ ਫੈਸਲੇ 'ਤੇ ਇਤਰਾਜ਼ ਜਤਾਇਆ ਹੈ। ਉਹਨਾਂ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਦੀ ਨਿਯੁਕਤੀ ਲਈ ਕਿਹੜੇ ਮਾਪਦੰਡ ਅਪਣਾਏ ਗਏ? ਉਨ੍ਹਾਂ ਨੇ ਮੰਗ ਕੀਤੀ ਕਿ ਅਜਿਹੇ ਅਹੁਦਿਆਂ 'ਤੇ ਨਿਯੁਕਤੀ ਤੋਂ ਪਹਿਲਾਂ ਸੰਗਤ ਅਤੇ ਪੰਥਕ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਭ ਤੋਂ ਵੱਡੀ ਪ੍ਰਬੰਧਕੀ ਸੰਸਥਾ ਹੈ, ਜਿਸ ਦੀ ਸਥਾਪਨਾ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਸਿੱਖ ਧਰਮ ਦੀ ਮਰਯਾਦਾ ਦੀ ਸੰਭਾਲ ਲਈ ਕੀਤੀ ਗਈ ਸੀ। ਪਰ ਬੀਤੇ ਸਮੇਂ ਵਿੱਚ ਇਸ ਸੰਸਥਾ ਦੇ ਫੈਸਲਿਆਂ ਨੇ ਸੰਗਤ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ ਹੈ। ਗਿਆਨੀ ਗੁਰਮੁਖ ਸਿੰਘ ਦੀ ਮੁੜ ਨਿਯੁਕਤੀ ਵੀ ਅਜਿਹਾ ਹੀ ਇੱਕ ਫੈਸਲਾ ਹੈ, ਜਿਸ ਨੇ ਸ਼੍ਰੋਮਣੀ ਕਮੇਟੀ ਦੀ ਨੀਅਤ ਅਤੇ ਸਮਰੱਥਾ 'ਤੇ ਸਵਾਲ ਖੜੇ ਕੀਤੇ ਹਨ।

# ਬੱਚੇ ਪੈਦਾ ਕਰਨ ਵਿਚ ਜਰਮਨੀ ਪਛੜਿਆ

## ✪ ਜਰਮਨੀ ਦੀ ਆਬਾਦੀ ਵਿਚ ਵਾਧਾ ਸਿਰਫ਼ ਪ੍ਰਵਾਸੀਆਂ ਕਾਰਨ ਹੋਣ ਲੱਗਾ

ਜਰਮਨੀ ਵਿਚ ਬੱਚੇ ਪੈਦਾ ਕਰਨ ਦੀ ਗਿਣਤੀ ਵਿਚ ਲਗਾਤਾਰ ਕਮੀ ਦੇਖਣ ਨੂੰ ਮਿਲ ਰਹੀ ਹੈ। 2024 ਵਿਚ ਜਰਮਨ ਔਰਤਾਂ ਦੀ ਔਸਤਨ ਬੱਚੇ ਪੈਦਾ ਕਰਨ ਦੀ ਸੰਖਿਆ 1.38 ਹੈ, ਜੋ 2021 ਵਿਚ 1.58 ਸੀ। ਪਹਿਲੇ ਬੱਚੇ ਦੇ ਜਨਮ ਸਮੇਂ ਔਰਤਾਂ ਦੀ ਔਸਤ ਉਮਰ 30.3 ਸਾਲ ਹੈ। ਜੀਵਨ ਸ਼ੈਲੀ 'ਵਿਚ ਬਦਲਾਅ ਅਤੇ ਸਮਾਜਿਕ ਢਾਂਚੇ ਦੀਆਂ ਤਬਦੀਲੀਆਂ ਕਾਰਨ ਨੌਜਵਾਨਾਂ ਵਿਚ ਵਿਆਹ ਅਤੇ ਬੱਚੇ ਪੈਦਾ ਕਰਨ ਦੀ ਦਿਲਚਸਪੀ ਘਟਦੀ ਜਾ ਰਹੀ ਹੈ। 1971 ਤੋਂ ਬਾਅਦ ਜਰਮਨੀ ਵਿਚ ਮਰਨ ਵਾਲਿਆਂ ਦੀ ਗਿਣਤੀ ਜਨਮ ਲੈਣ ਵਾਲਿਆਂ ਨਾਲੋਂ ਵੱਧ ਹੈ। 2024 ਵਿਚ ਜਨਮ ਅਤੇ ਮੌਤ ਦਾ ਅੰਤਰ 3.3 ਲੱਖ ਸੀ, ਜੋ ਪਿਛਲੇ ਸਾਲਾਂ ਵਾਂਗ ਹੀ ਹੈ।

ਜਰਮਨੀ ਦੀ ਆਬਾਦੀ ਵਿਚ ਵਾਧਾ ਸਿਰਫ਼ ਪ੍ਰਵਾਸੀਆਂ ਕਾਰਨ ਹੋ ਰਿਹਾ ਹੈ। 2024 ਵਿਚ ਜਰਮਨੀ ਦੀ ਕੁੱਲ ਆਬਾਦੀ 8.36 ਕਰੋੜ ਸੀ, ਜੋ 2023 ਨਾਲੋਂ 1.21 ਲੱਖ (0.1%) ਜ਼ਿਆਦਾ ਹੈ। ਪਰ ਪ੍ਰਵਾਸੀਆਂ ਦੀ ਸ਼ੁੱਧ ਗਿਣਤੀ (ਆਉਣ ਅਤੇ ਜਾਣ ਵਾਲਿਆਂ ਦਾ ਅੰਤਰ) 2023 ਵਿਚ 6.6 ਲੱਖ ਸੀ, ਜੋ 2024 ਵਿਚ ਘਟ ਕੇ 4.2 ਲੱਖ ਰਹਿ ਗਈ। ਇਸ ਦੇ ਨਾਲ ਹੀ, ਹਰ ਚੌਥਾ ਪ੍ਰਵਾਸੀ ਜਰਮਨੀ ਛੱਡਣ ਦੀ ਸੋਚ ਰਿਹਾ ਹੈ। ਵਿਦੇਸ਼ੀ ਲੋਕਾਂ ਦੀ ਗਿਣਤੀ 2.3% ਵਧ ਕੇ 1.24 ਕਰੋੜ ਹੋ ਗਈ, ਜੋ ਕੁੱਲ ਆਬਾਦੀ ਦਾ 14.8% ਹੈ।

ਜਰਮਨੀ ਵਿਚ ਵਿਦੇਸ਼ੀਆਂ ਦਾ ਸਭ ਤੋਂ ਵੱਡਾ ਸਮੂਹ ਤੁਰਕੀ ਮੂਲ ਦਾ ਹੈ, ਜਿਨ੍ਹਾਂ ਦੀ ਗਿਣਤੀ 1.403 ਕਰੋੜ ਹੈ। ਇਸ ਤੋਂ ਬਾਅਦ ਯੂਕਰੇਨ (10.85 ਲੱਖ), ਸੀਰੀਆ (8.89 ਲੱਖ), ਪੋਲੈਂਡ (7.23 ਲੱਖ), ਅਫ਼ਰੀਕੀ ਦੇਸ਼ (7 ਲੱਖ), ਅਫ਼ਗਾਨਿਸਤਾਨ (4.4 ਲੱਖ), ਇਰਾਕ (2.6 ਲੱਖ) ਅਤੇ ਭਾਰਤ (2.7 ਲੱਖ) ਦੇ ਲੋਕ ਹਨ। ਜਰਮਨੀ ਵਿਚ ਵੱਖ-ਵੱਖ ਨਸਲਾਂ ਅਤੇ ਧਰਮਾਂ ਦੇ ਲੋਕ ਵਸਦੇ ਹਨ, ਜਿਨ੍ਹਾਂ ਵਿਚ ਇਸਲਾਮ, ਈਸਾਈ, ਯਹੂਦੀ ਅਤੇ ਹੋਰ ਧਰਮ ਸ਼ਾਮਲ ਹਨ। ਸਿੱਖ ਧਰਮ ਦੀ ਗੱਲ ਕਰੀਏ ਤਾਂ, ਸਿੱਖਾਂ ਦੀ ਅੰਦਾਜ਼ਨ ਗਿਣਤੀ 15,000 ਤੋਂ 25,000 ਦੇ ਵਿਚਕਾਰ ਹੈ, ਪਰ ਸਹੀ ਅੰਕੜੇ ਉਪਲਬਧ ਨਹੀਂ ਹਨ।

ਜਰਮਨੀ ਵਿਚ ਬੁਢਾਪੇ ਦੀ ਆਬਾਦੀ ਵਧ ਰਹੀ ਹੈ। 2024 ਵਿਚ 60-79 ਸਾਲ ਦੇ ਲੋਕਾਂ ਦੀ ਗਿਣਤੀ 2.2% ਅਤੇ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ 0.2% ਵਧੀ ਹੈ। ਕੁੱਲ ਆਬਾਦੀ ਵਿਚ 30.5% ਲੋਕ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ। 'ਬੇਬੀ ਬੂਮਰ' ਪੀੜ੍ਹੀ (1946-1966) ਦੇ ਬੁਢਾਪੇ ਵਿਚ ਦਾਖਲ ਹੋਣ ਕਾਰਨ ਇਹ ਵਾਧਾ ਹੋਇਆ। ਇਸ ਦੇ ਉਲਟ, ਜਨਮ ਦਰ ਦੀ ਕਮੀ ਜਰਮਨੀ ਦੀ ਆਬਾਦੀ ਨੂੰ ਸੁੰਗੜਨ ਵੱਲ ਲੈ ਜਾ ਰਹੀ ਹੈ।

ਪੰਜਾਬ ਟਾਈਮਜ਼ ਅਨੁਸਾਰ ਜਰਮਨੀ ਦੀ ਆਬਾਦੀ ਦਾ ਇਹ ਬਦਲਦਾ ਰੰਗ-ਰੂਪ ਦੱਸਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਪ੍ਰਵਾਸੀਆਂ ਦੀ ਭੂਮਿਕਾ ਹੋਰ ਅਹਿਮ ਹੋਵੇਗੀ, ਪਰ ਬੱਚਿਆਂ ਦੀ ਘਟਦੀ ਗਿਣਤੀ ਅਤੇ ਬੁਢਾਪੇ ਦੀ ਵਧਦੀ ਮੌਜੂਦਗੀ ਜਰਮਨੀ ਮੂਲ ਦੇ ਲੋਕਾਂ ਲਈ ਚੁਣੌਤੀਆਂ ਵਧਾਉਣ ਵਾਲੀ ਹੈ।

# ਪੰਜਾਬ ਨੂੰ ਚੰਗੀ ਨੀਤੀ, ਨੀਅਤ ਤੇ ਚੰਗੇ ਨੇਤਾ ਦੀ ਲੋੜ : ਇਕਬਾਲ ਸਿੰਘ ਲਾਲਪੁਰਾ

## ✪ ਕਿਹਾ ਕਿ ਸਰਕਾਰਾਂ 1992 ਤੋਂ ਹਮੇਸ਼ਾ ਪੁਲਿਸ ਦੇ ਦਬਾਅ ਹੇਠ ਕੰਮ ਕਰਦੀਆਂ ਰਹੀਆਂ
## ✪ ਅਕਾਲੀ ਦਲ ਨਾਲ ਸਮਝੌਤਾ ਨਹੀਂ ਕਰਾਂਗੇ, ਭਾਜਪਾ ਚੋਣਾਂ ਆਪਣੇ ਦਮ 'ਤੇ ਹੀ ਜਿੱਤੇਗੀ

ਜਲੰਧਰ-ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਤੇ ਦੇਸ਼ ਵਿਚ ਮੋਹਰੀ ਸੂਬਾ ਬਣਾਉਣ ਲਈ ਚੰਗੀ ਨੀਤੀ, ਨੀਅਤ ਅਤੇ ਚੰਗੇ ਨੇਤਾ ਦੀ ਲੋੜ ਹੈ। ਭਾਰਤੀ ਜਨਤਾ ਪਾਰਟੀ ਕੋਲ ਇਹ ਤਿੰਨੇ ਚੀਜ਼ਾਂ ਹੀ ਹਨ ਅਤੇ ਇਸ ਕੋਲ ਚੰਗਾ ਨੇਤਾ, ਵਿਕਾਸਮਈ ਨੀਤੀ ਅਤੇ ਆਮ ਲੋਕਾਂ ਲਈ ਕੰਮ ਕਰਨ ਦੀ ਨੀਅਤ ਵੀ ਹੈ। ਇਹ ਪ੍ਰਗਟਾਵਾ ਸੀਨੀਅਰ ਭਾਜਪਾ ਆਗੂ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਭਾਰਤ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕੀਤਾ।

ਪੰਜਾਬ ਦੀ ਮੌਜੂਦਾ ਸਥਿਤੀ ਲਾਲਪੁਰਾ ਨੇ ਕਿਹਾ ਕਿ ਪੰਜਾਬ ਨੂੰ ਲੰਮੇ ਸਮੇਂ ਤੋਂ ਨਾ ਤਾਂ ਚੰਗਾ ਨੇਤਾ ਮਿਲਿਆ, ਨਾ ਹੀ ਕਿਸੇ ਸਰਕਾਰ ਨੇ ਚੰਗੀ ਨੀਤੀ ਬਣਾਈ ਅਤੇ ਨਾ ਹੀ ਇੱਥੋਂ ਦੀਆਂ ਮੁੱਖ ਸਿਆਸੀ ਪਾਰਟੀਆ ਦੇ ਸਿਆਸਤਦਾਨਾਂ ਦੀ ਨੀਅਤ ਪੰਜਾਬ ਨੂੰ ਵਿਕਾਸ ਵੱਲ ਤੋਰਨ ਦੀ ਰਹੀ ਹੈ। ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ, ਉਨ੍ਹਾਂ ਦੇ ਮੁਖੀਆਂ ਨੇ ਸੂਬੇ ਨੂੰ ਲੁੱਟਣ ਤੇ ਲੋਕਾਂ ਨੂੰ ਕੁੱਟਣ ਦੀ ਨੀਤੀ ਹੀ ਅਪਣਾਈ ਰੱਖੀ ਹੈ। ਇਥੋਂ ਦੀਆਂ ਸਰਕਾਰਾਂ ਹਮੇਸ਼ਾ ਪੁਲਿਸ ਦੇ ਦਬਾਅ ਹੇਠ ਕੰਮ ਕਰਦੀਆਂ ਰਹੀਆਂ ਹਨ ਅਤੇ 1992 ਤੋਂ ਲੈ ਕੇ



ਹੁਣ ਤੱਕ ਸੂਬੇ 'ਚ ਪੁਲਿਸ ਦਾ ਰਾਜ ਹੀ ਚੱਲਦਾ ਆ ਰਿਹਾ ਹੈ। ਸੀਨੀਅਰ ਭਾਜਪਾ ਆਗੂ ਨੇ ਕਿਹਾ ਕਿ 1992 'ਚ ਪੰਜਾਬ ਪੁਲਿਸ ਨੇ ਅੱਤਵਾਦ ਦਾ ਸਫ਼ਾਇਆਂ ਕਰਨ ਦੌਰਾਨ ਸਰਕਾਰਾਂ 'ਤੇ ਇਸ ਕਦਰ ਦਬਾਅ ਕਾਇਮ ਕਰ ਲਿਆ ਕਿ ਤਿੰਨ ਦਹਾਕਿਆਂ ਬਾਅਦ ਵੀ ਸਰਕਾਰਾਂ ਤੇ ਸਿਆਸਤਦਾਨ ਪੁਲਿਸ ਦੇ ਗਲਬੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਜੇਕਰ ਪੰਜਾਬ ਨੂੰ ਤਰੱਕੀ ਦੀ ਰਾਹ 'ਤੇ ਤੋਰਨਾ ਹੈ ਤਾਂ ਪੁਲਿਸ ਦਾ ਰਾਜ ਖ਼ਤਮ ਕਰਨਾ ਪਵੇਗਾ ਅਤੇ ਸੱਚਮੁੱਚ ਲੋਕਾਂ ਦੀ ਭਲਾਈ ਕਰਨ ਵਾਲੀ ਸਰਕਾਰ ਬਣਾਉਣੀ ਪਵੇਗੀ, ਜਿਸ ਲਈ ਭਾਰਤੀ ਜਨਤਾ ਪਾਰਟੀ ਹੀ ਢੁੱਕਵਾਂ ਸਿਆਸੀ ਬਦਲ ਹੈ।

ਪੰਜਾਬ ਸਿਰ ਚੜ੍ਹੇ ਕਰਜ਼ੇ ਬਾਰੇ ਲਾਲਪੁਰਾ ਨੇ ਕਿਹਾ ਕਿ ਪੰਜਾਬ ਸੰਤਾਪ ਤੋਂ ਬਾਅਦ ਬਣੀਆਂ ਸਰਕਾਰਾਂ ਨੇ ਸੰਤਾਪ ਦੌਰਾਨ ਪੰਜਾਬ 'ਤੇ ਚੜ੍ਹੇ ਕਰਜ਼ੇ ਨੂੰ ਮੋਹਰਾ ਬਣਾ ਕੇ ਸੂਬੇ ਨੂੰ ਹੋਰ ਕਰਜ਼ਾਈ ਕਰ ਦਿੱਤਾ ਹੈ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਉਸੇ ਰਾਹ 'ਤੇ ਤੁਰੀ ਹੋਈ ਹੈ। ਜਦੋਂ ਉਨ੍ਹਾਂ ਨੂੰ ਸੰਤਾਪ ਵੇਲੇ ਦਾ ਕਰਜ਼ਾ ਮੁਆਫ਼ ਕੀਤੇ ਜਾਣ ਬਾਰੇ ਪੁੱਛਿਆ ਗਿਆ ਤਾਂ ਲਾਲਪੁਰਾ ਨੇ ਕਿਹਾ ਕਿ ਸੰਤਾਪ ਵੇਲੇ ਦਾ 8000 ਕਰੋੜ ਰੁਪਏ ਦਾ ਕਰਜ਼ੇ ਤਤਕਾਲੀਨ ਪ੍ਰਧਾਨ ਮੰਤਰੀ ਆਈਕੇ ਗੁਜਰਾਲ ਨੇ ਮੁਆਫ਼ ਕਰ ਦਿੱਤਾ ਸੀ। ਮੌਜੂਦਾ ਕਰਜ਼ਾ ਸਰਕਾਰਾਂ ਨੇ ਆਪਣੀ ਮਰਜ਼ੀ ਨਾਲ ਲੈ ਕੇ ਪੰਜਾਬ ਦੇ ਲੋਕਾਂ ਨੂੰ ਕਰਜ਼ਾਈ ਕੀਤਾ ਹੋਇਆ ਹੈ।

ਆਪਣੇ ਦਮ 'ਤੇ ਲੜਾਂਗੇ 2027 ਦੀਆਂ ਚੋਣਾਂ-2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ ਲਾਲਪੁਰਾ ਨੇ ਭਾਜਪਾ ਵੱਲੋਂ ਕਿਸੇ ਪਾਰਟੀ ਨਾਲ ਗੱਠਜੋੜ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਇਹ ਚੋਣਾਂ ਆਪਣੇ ਦਮ 'ਤੇ ਹੀ ਜਿੱਤੇਗੀ।

ਉਨ੍ਹਾਂ ਕਿਹਾ ਕਿ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਵੋਟ ਫੀਸਦੀ ਵਧਿਆ ਹੈ ਅਤੇ ਪਾਰਟੀ ਦਾ ਗ੍ਰਾਫ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਤੇ ਕਸਬਿਆਂ 'ਚ ਵਧਿਆ ਹੈ। ਇਸ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਵੱਲੋਂ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਭਾਜਪਾ ਇਨ੍ਹਾਂ ਚੋਣਾਂ ਦੌਰਾਨ ਪੰਜਾਬ ਅੰਦਰ ਆਪਣੀ ਸਰਕਾਰ ਬਣਾਉਣ ਦੇ ਸਮਰੱਥ ਹੋਵੇਗੀ।

ਉਨ੍ਹਾਂ ਦੀ ਪਾਰਟੀ ਸੰਗਠਾਨਤਮਕ ਤੌਰ 'ਤੇ ਪੰਜਾਬ ਅੰਦਰ ਪੂਰੀ ਤਰ੍ਹਾਂ ਮਜ਼ਬੂਤ ਹੈ ਅਤੇ ਸਾਰੇ ਆਗੂ ਤੇ ਵਰਕਰ ਇਕਜੁਟ ਹੋ ਕੇ ਪਾਰਟੀ ਲਈ ਕੰਮ ਕਰ ਰਹੇ ਹਨ।

# ਭਾਰਤ ਸਰਕਾਰ ਵਲੋਂ ਦਲ ਖ਼ਾਲਸਾ ਦਾ ਸੋਸ਼ਲ ਮੀਡੀਆ ਖਾਤਾ 'ਦਲ ਖ਼ਾਲਸਾ ਆਫੀਸ਼ੀਅਲ' ਬੰਦ




ਅੰਮ੍ਰਿਤਸਰ-ਬੀਤੇ ਦਿਨੀਂ ਗਰਮ ਖਿਆਲੀ ਸਿੱਖ ਜਥੇਬੰਦੀ ਦਲ ਖ਼ਾਲਸਾ ਦਾ ਇੰਸਟਾਗਰਾਮ ਖਾਤਾ 'ਦਲ ਖ਼ਾਲਸਾ ਆਫੀਸ਼ੀਅਲ' ਭਾਰਤ ਸਰਕਾਰ ਵਲੋਂ ਬੰਦ ਕਰ ਦਿੱਤਾ ਗਿਆ ਹੈ। ਦਲ ਖਾਲਸਾ ਦੇ ਸੀਨੀਅਰ ਆਗੂ ਕਵਰਪਾਲ ਸਿੰਘ ਨੇ ਕਿਹਾ ਕਿ ਇਸ ਇੰਸਟਾਗ੍ਰਾਮ ਖਾਤੇ ਰਾਹੀਂ ਦਲ ਖਾਲਸਾ ਵਲੋਂ ਪੰਜਾਬ ਵਿਚ ਖਾਲਿਸਤਾਨ ਦੀ ਲਹਿਰ ਨੂੰ ਦੁਨੀਆ ਨੂੰ ਦਿਖਾਇਆ ਜਾ ਰਿਹਾ ਸੀ ਤੇ ਇਕ ਮਹੀਨਾ ਪਹਿਲਾਂ ਬਣੇ ਇਸ ਖਾਤੇ ਨੇ ਆਪਣੀ ਰੀਚ ਤਕਰੀਬਨ ਇਕ ਮਿਲੀਅਨ ਬਣਾ ਲਈ ਸੀ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਇਸ ਮੁਹਿੰਮ ਅਤੇ ਇੰਸਟਾਗਰਾਮ ਖਾਤੇ ਦੀ ਵਧ ਰਹੀ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਇਹ ਖਾਤਾ ਬੰਦ ਕਰ ਦਿੱਤਾ ਗਿਆ ਹੈ।

# ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿਚ ਬੰਦ ਨੌਜਵਾਨ ਦੀ ਮੌਤ

## ✪ ਪਰਿਵਾਰ ਨੇ ਲਗਾਏ ਜੇਲ੍ਹ ਅਧਿਕਾਰੀ 'ਤੇ ਤਸ਼ਦਦ ਦੇ ਦੋਸ਼

ਝਬਾਲ-ਬੱਚੇ ਨਾਲ ਛੇੜਛਾੜ ਦੇ ਮਾਮਲੇ ਵਿਚ ਥਾਣਾ ਝਬਾਲ ਵਿਖੇ ਦਰਜ ਕੀਤੇ ਗਏ ਕੇਸ ਤਹਿਤ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿਚ ਬੰਦ ਪਿੰਡ ਲਾਲੂ ਘੁੰਮਣ ਦੇ ਨੌਜਵਾਨ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਸਰਬਜੀਤ ਸਿੰਘ ਨਾਮਕ ਉਕਤ ਨੌਜਵਾਨ ਤਿੰਨ ਸਾਲਾਂ ਤੋਂ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿਚ ਬੰਦ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਸਿਹਤ ਵਿਗੜਨ ਕਾਰਨ 16,17 ਅਤੇ 18 ਜੂਨ ਤੱਕ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਦਾਖਲ ਰੱਖਿਆ ਗਿਆ ਜਦੋਂ ਹਾਲਤ ਵਿਗੜ ਗਈ ਤਾਂ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਸਿਵਲ ਹਸਪਤਾਲ ਤਰਨ ਤਾਰਨ ਰੈਫਰ ਕੀਤਾ ਗਿਆ ਸੀ। ਉੱਥੋਂ ਉਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਜਿੱਥੇ ਸ਼ਨਿਚਰਵਾਰ ਨੂੰ ਉਸ ਦੀ ਮੌਤ ਹੋ ਗਈ।

ਇਸ ਦੌਰਾਨ ਪਰਿਵਾਰ ਨੇ ਦੋਸ਼ ਲਗਾਇਆ ਕਿ ਸਰਬਜੀਤ ਸਿੰਘ ਦੀ ਸਿਹਤ ਖਰਾਬ ਹੋਣ ਅਤੇ ਹਸਪਤਾਲ ਵਿਚ ਦਾਖ਼ਲ ਕਰਵਾਉਣ ਸਬੰਧੀ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਨੇ ਸਰਬਜੀਤ ਦੀ ਕੁੱਟਮਾਰ ਕਰਨ ਦੇ ਦੋਸ਼ ਵੀ ਲਗਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਪੁੱਤਰ ਦੇ ਕਾਫੀ ਸੱਟਾਂ ਦੇ ਨਿਸ਼ਾਨ ਹਨ ਤੇ ਕੰਨ ਵੀ ਪਾਟਾ



ਸੀ ਜਿਸ 'ਤੇ ਟਾਂਕੇ ਲੱਗੇ ਹੋਏ ਹਨ। ਪਰਿਵਾਰ ਨੇ ਸਰਬਜੀਤ ਸਿੰਘ ਦੀ ਵੀਡੀਓ ਵੀ ਪੇਸ਼ ਕੀਤੀ, ਜਿਸ ਵਿਚ ਉਹ ਕੇਂਦਰੀ ਜੇਲ੍ਹ ਨਾਲ ਸਬੰਧਤ ਇਕ ਅਧਿਕਾਰੀ ਉੱਪਰ ਆਪਣੀ ਕੁੱਟਮਾਰ ਕਰਨ ਦਾ ਦੋਸ਼ ਲਗਾਉਂਦਾ ਹੈ।

ਦਲਬੀਰ ਕੌਰ ਨੇ ਕਿਹਾ ਕਿ ਸਰਬਜੀਤ ਸਿੰਘ ਨੂੰ ਸਾਜ਼ਿਸ਼ ਤਹਿਤ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ ਭੇਜ ਦਿੱਤਾ ਗਿਆ। ਆਰਥਿਕ ਤੰਗੀ ਦੇ ਚੱਲਦਿਆਂ ਉਹ ਵਕੀਲ ਦੀ ਫੀਸ ਨਹੀਂ ਭਰ ਸਕੇ, ਜਿਸ ਕਾਰਨ ਸਰਬਜੀਤ ਸਿੰਘ ਦੀ ਜ਼ਮਾਨਤ ਨਹੀਂ ਹੋ ਸਕੀ। ਪਰਿਵਾਰਕ ਮੈਂਬਰਾਂ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਮ੍ਰਿਤਕ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਨ ਲਈ ਤਰਨਤਾਰਨ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਪਰਿਵਾਰ ਕੋਲੋਂ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਪੁਲਿਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਸਾਰੇ ਮਾਮਲੇ ਦੀ ਬਾਰੀਕੀ ਨਾਲ ਹਾਈ ਕੋਰਟ ਦੇ ਸੇਵਾਮੁਕਤ ਜੱਜ ਤੋਂ ਜਾਂਚ ਕਰਵਾ ਕੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ ਤੇ ਕੁਟਮਾਰ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਇਸ ਸਬੰਧੀ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਜਤਿੰਦਰਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਰਬਜੀਤ ਸਿੰਘ ਦੀ ਕੁੱਟਮਾਰ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਾਲਾਂਕਿ ਉਸ ਨੂੰ ਟੀਬੀ ਰੋਗ ਲੱਗਦਾ ਸੀ ਅਤੇ ਉਸ ਦੀ ਹਾਲਤ ਖਰਾਬ ਹੋਣ ਕਰਕੇ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ। ਦੂਜੇ ਪਾਸੇ ਡੀਐੱਸਪੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਦਾ ਕਹਿਣਾ ਹੈ ਕਿ ਇਹ ਮਾਮਲਾ ਅਜੇ ਪੁਲਿਸ ਕੋਲ ਨਹੀਂ ਆਇਆ। ਬਾਕੀ ਮੌਤ ਦੇ ਕਾਰਨਾਂ ਦਾ ਪਤਾ ਤਾਂ ਪੋਸਟਮਾਰਟਮ ਉਪਰੰਤ ਲੱਗ ਸਕੇਗਾ।

## ਔਰਤ ਵਲੋਂ ਮੰਦਰ ਵਿਖੇ ਬੇਅਦਬੀ, ਔਰਤ ਗ੍ਰਿਫਤਾਰ ਤੇ ਮਾਮਲਾ ਦਰਜ



ਲੁਧਿਆਣਾ-ਥਾਣਾ ਸਲੇਮ ਟਾਬਰੀ ਇਲਾਕੇ ਵਿੱਚ ਪੈਂਦੀ ਭਗਤ ਸਿੰਘ ਕਾਲੋਨੀ ਵਿਚ ਸਦਾ ਸ਼ਿਵ ਮੰਦਰ ਵਿੱਚ ਇੱਕ ਔਰਤ ਵੱਲੋਂ ਸ਼ਿਵ ਪਰਿਵਾਰ ਮੂਰਤ ਦੀ ਬੇਅਦਬੀ ਕੀਤੀ ਗਈ। ਇਲਾਕਾ ਨਿਵਾਸੀਆਂ ਤੇ ਹਿੰਦੂ ਆਗੂਆਂ ਨੇ ਇਸਦੀ ਸੂਚਨਾ ਥਾਣਾ ਸਲੇਮ ਟਾਬਰੀ ਨੂੰ ਦਿੱਤੀ ਜਿਸ ਤੋਂ ਬਾਅਦ ਪੁਲਿਸ ਨੇ ਬੇਅਦਬੀ ਕਰਨ ਵਾਲੀ ਔਰਤ ਨੂੰ ਗ੍ਰਿਫਤਾਰ ਕਰ ਲਿਆ। ਤਫਤੀਸ਼ੀ ਅਫਸਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਮੁਦਈ ਰਜੇਸ਼ ਕੁਮਾਰ ਪਾਲੀ ਸਹਿਜਪਾਲ ਨੇ ਸ਼ਿਕਾਇਤ ਦਿੱਤੀ ਸੀ ਕਿ ਸ਼ਿਵ ਮੰਦਰ ਭਗਤ ਸਿੰਘ ਕਾਲੋਨੀ ਦੇ ਪੁਜਾਰੀ ਤੇ ਮਹੱਲੇ ਦੇ ਮੋਹਤਵਾਰ ਵਿਅਕਤੀਆਂ ਨੇ ਫੋਨ ਕਰਕੇ ਉਹਨਾਂ ਨੂੰ ਦੱਸਿਆ ਕਿ ਸ਼ਿਵ ਮੰਦਿਰ ਵਿੱਚ ਇੱਕ ਔਰਤ ਭੱਜਦੀ ਹੋਈ ਆਈ ਤੇ ਆਪਣੇ ਹੱਥ ਵਿੱਚ ਫੜੀ ਚੱਪਲ ਨਾਲ ਸ਼ਿਵਲਿੰਗ ਤੇ ਬਣੀਆਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ 'ਤੇ ਮਾਰਨੀ ਸ਼ੁਰੂ ਕਰ ਦਿੱਤੀ। ਅਜਿਹਾ ਕਰਕੇ ਉਸ ਨੇ ਹਿੰਦੂ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸੋਨੀਆ ਖਿਲਾਫ਼ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਕੈਨੇਡਾ ਪਹੁੰਚ ਕੇ ਲੜਕੀ ਨੇ ਕੀਤਾ ਧੋਖਾ, ਦੁਖੀ ਲੜਕੇ ਨੇ ਕੀਤੀ ਆਤਮ ਹੱਤਿਆ

## ✪ ਪੁਲਿਸ ਵਲੋਂ ਲੜਕੀ ਪਰਿਵਾਰ ਦੇ 6 ਮੈਂਬਰ ਨਾਮਜ਼ਦ

ਹੁਸ਼ਿਆਰਪੁਰ-ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਸੈਲਾ ਖ਼ੁਰਦ ਦੇ ਇੱਕ ਨੌਜਵਾਨ ਨੇ ਆਈਲੈਟਸ ਕੀਤੀ ਲੜਕੀ ਵਲੋਂ ਮੰਗਣੀ ਅਤੇ ਕੈਨੇਡਾ ਪਹੁੰਚਣ ਤੋਂ ਬਾਅਦ ਠੱਗੇ ਜਾਣ ਕਾਰਨ ਜਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਥਾਣਾ ਮਾਹਿਲਪੁਰ ਦੀ ਪੁਲਿਸ ਨੇ ਲੜਕੀ ਅਤੇ ਉਸ ਦੇ ਛੇ ਪਰਿਵਾਰਕ ਮੈਂਬਰਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਲਵਿੰਦਰ ਸਿੰਘ ਸੈਲਾ ਕਲਾਂ ਨੇ ਥਾਣਾ ਮਾਹਿਲਪੁਰ ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੇ ਤਿੰਨ ਲੜਕੇ ਹਨ। ਵੱਡੇ ਲੜਕੇ ਕਰਨਵੀਰ ਸਿੰਘ 23 ਦਾ ਰਿਸ਼ਤਾ 16 ਮਈ 2022 ਨੂੰ ਨਵਜੋਤ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਬੁਰਜ ਰਈਆ ਥਾਣਾ ਬਟਾਲਾ ਗੁਰਦਾਸਪੁਰ ਨਾਲ ਟਾਂਡਾ ਵਿਖੇ ਕੀਤਾ ਸੀ। ਉਸ ਨੇ ਦੱਸਿਆ ਕਿ ਰਿਸ਼ਤੇ ਵਿਚ ਵਿਚੋਲਾ ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਬੇਬੀ ਵਾਸੀ ਜਹੂਰਾ ਥਾਣਾ ਭੋਗਪੁਰ ਨੇ ਕਰਵਾਇਆ ਸੀ। ਉਸ ਨੇ ਦੱਸਿਆ ਕਿ ਲੜਕੀ ਨਵਜੋਤ ਨੇ ਆਈਲੈਟਸ ਕੀਤੀ ਹੋਈ ਸੀ ਅਤੇ ਮੰਗਣੀ ਕਰਨ ਵੇਲੇ ਇਨ੍ਹਾਂ ਐਗਰੀਮੈਂਟ ਕੀਤਾ ਸੀ ਕਿ ਸਾਰਾ ਖ਼ਰਚਾ ਉਹ ਕਰਨਗੇ ਅਤੇ ਲੜਕੀ ਕਰਨਵੀਰ ਨੂੰ ਕੈਨੇਡਾ ਲੈ ਜਾਵੇਗੀ।




ਉਨ੍ਹਾਂ ਦੱਸਿਆ ਕਿ ਮੰਗਣੀ ਤੋਂ ਬਾਅਦ ਉਨ੍ਹਾਂ ਕੈਨੇਡਾ ਭੇਜਣ ਲਈ ਲੜਕੀ ਦੇ ਪਿਤਾ ਬਲਵਿੰਦਰ ਕੌਰ ਅਤੇ ਲੜਕੀ ਦੇ ਭਰਾ ਦੇ ਖ਼ਾਤੇ ਵਿਚ 14 ਲੱਖ ਰੁਪਏ ਪਾਏ ਸਨ।

ਉਨ੍ਹਾਂ ਦੱਸਿਆ ਕਿ ਉਸ ਤੋਂ ਬਾਅਦ ਉਸ ਦੇ ਰਿਸ਼ਤੇਦਾਰਾਂ ਨੇ ਸਾਢੇ ਛੇ ਲੱਖ ਰੁਪਏ ਹੋਰ ਪਾ ਦਿੱਤੇ। ਉਸ ਨੇ ਦੱਸਿਆ ਕਿ ਏਅਰ ਟਿਕਟ ਦੇ 1, 22, 000 ਰੁਪਏ ਵੀ ਉਨ੍ਹਾਂ ਖ਼ਰਚੇ ਅਤੇ 500 ਕੈਨੇਡੀਅਨ ਡਾਲਰ ਦੇ ਕੇ ਲੜਕੀ ਨਵਜੋਤ ਕੌਰ 2022 ਵਿਚ ਕੈਨੇਡਾ ਭੇਜ ਦਿੱਤਾ ਜਿਥੇ ਉਹ ਉਸ ਦੇ ਸਾਲੇ ਗੁਰਮੁਖ ਸਿੰਘ ਵਾਸੀ ਕੈਂਡੋਵਾਲ ਕੋਲ ਰਹੀ ਅਤੇ ਉਹ ਇੱਧਰੋਂ ਵੀ ਉਸ ਦਾ ਸਾਰਾ ਖ਼ਰਚਾ ਭੇਜਦੇ ਰਹੇ। ਉਸ ਨੇ ਦੱਸਿਆ ਕਿ ਡੇਢ ਸਾਲ ਉੱਥੇ ਰਹਿਣ ਤੋਂ ਬਾਅਦ ਨਵਜੋਤ ਉਨ੍ਹਾਂ ਵਿਸ਼ਵਾਸ ਦਿਵਾਉਂਦੀ ਰਹੀ ਕਿ ਉਹ ਕਰਵਨਵੀਰ ਨੂੰ ਬੁਲਾ ਲਵੇਗੀ। ਉਸ ਨੇ ਦੱਸਿਆ ਕਿ ਉਹ ਪਹਿਲਾਂ ਆਪਣੇ ਭਰਾ ਨੂੰ ਬਾਅਦ ਵਿਚ ਕਰਨਵੀਰ ਨੂੰ ਬੁਲਾਵੇਗੀ। ਉਸ ਨੇ ਦੱਸਿਆ ਕਿ ਉਸ ਨੂੰ ਆਪਣੇ ਵਾਕਫਕਾਰ ਤੋਂ ਪਤਾ ਲੱਗਾ ਕਿ ਕੈਨੇਡਾ ਵਿਚ ਨਵਜੋਤ ਦੇ ਕਿਸੇ ਨਾਲ ਗੱਲਬਾਤ ਹੈ ਜਿਸ ਤੋਂ ਬਾਅਦ ਉਨ੍ਹਾਂ ਰਿਸ਼ਤੇਦਾਰੀ ਵਿਚ ਗੱਲ ਕੀਤੀ ਤਾਂ ਨਵਜੋਤ ਦੇ ਪਰਿਵਾਰਕ ਮੈਂਬਰਾਂ ਨੇ ਪੈਸੇ ਮੋੜਨ ਦੀ ਗੱਲ ਕਹੀ ਅਤੇ ਬਾਅਦ ਵਿਚ 31 ਮਈ ਨੂੰ ਇਕਰਾਰ ਕਰਕੇ ਪੈਸੇ ਮੋੜਨ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਉਸ ਦੇ ਲੜਕੇ ਨੂੰ ਅਪਸ਼ਬਦ ਬੋਲੇ ਜਿਸ ਕਾਰਨ ਟੈਂਸ਼ਨ ਵਿਚ ਰਹਿਣ ਕਾਰਨ ਅਤੇ ਨਵਜੋਤ ਕੌਰ ਵਲੋਂ ਕੀਤੀ ਬੇਵਫਾਈ ਤੋਂ ਦੁਖੀ ਹੋ ਕੇ ਉਸ ਦੇ ਪੁੱਤਰ ਕਰਨਵੀਰ ਜਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮੰਗੇਤਰ ਨਵਜੋਤ ਕੌਰ, ਉਸ ਦਾ ਭਰਾ ਪ੍ਰਭਜੋਤ ਸਿੰਘ, ਪਿਤਾ ਬਲਵਿੰਦਰ ਸਿੰਘ, ਉਸ ਦੀ ਪਤਨੀ ਰਾਜਵਿੰਦਰ ਕੌਰ ਬੁਰਜ ਰਈਆ ਥਾਣਾ ਬਟਾਲਾ, ਵਿਚੋਲਾ ਲਖਵਿੰਦਰ ਸਿੰਘ ਅਤੇ ਬੇਬੀ ਵਾਸੀ ਜਹੂਰਾ ਥਾਣਾ ਭੋਗਪੁਰ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੁਜਾਰੀ ਹੀ ਠਰਕੀ ਨਿਕਲਿਆ, ਮੰਦਰ ਵਿਚ ਰਹਿ ਕੇ ਬਣਾਉਂਦਾ ਸੀ, ਨਾਬਾਲਿਗਾਂ ਦੀਆਂ ਪੋਰਨ ਵੀਡੀਓ

## ✪ ਸੀਬੀਆਈ ਦੇ ਅੜਿਕੇ ਚੜ੍ਹਿਆ, ਪਿੰਡ ਵਾਲੇ ਹੈਰਾਨ

ਮਥੁਰਾ-ਭਗਵਾਨ ਦੀ ਸ਼ਰਨ ਵਿਚ ਰਹਿਣ ਵਾਲਾ ਪੁਜਾਰੀ ਹੀ ਅਧਰਮੀ ਨਿਕਲਿਆ। ਉਹ ਮੰਦਰ ਵਿਚ ਰਹਿ ਕੇ ਨਾਬਾਲਿਗਾਂ ਦੀਆਂ ਪੋਰਨ ਵੀਡੀਓ ਬਣਾਉਂਦਾ ਸੀ। ਇਸ ਘਟਨਾ ਦੀ ਕਿਸੇ ਵੀ ਪਿੰਡਵਾਸੀ ਨੂੰ ਭਿਣਕ ਤੱਕ ਨਹੀਂ ਸੀ। ਉਸਦੇ ਕਾਰਨਾਮੇ ਨੂੰ ਸੁਣ ਕੇ ਹਰ ਪਿੰਡ ਵਾਸੀ ਹੈਰਾਨ ਰਹਿ ਗਿਆ। ਹੁਣ ਪਿੰਡ ਵਿਚ ਚਰਚਾਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਉਹ ਆਪਣਾ ਮੂਲ ਪਤਾ ਵੀ ਕਿਸੇ ਨੂੰ ਨਹੀਂ ਦੱਸਦਾ ਸੀ। ਲਗਪਗ 10 ਸਾਲਾਂ ਤੋਂ ਉਹ ਪਿੰਡ ਦੇ ਮੰਦਰ ਵਿਚ ਸੇਵਾ ਅਤੇ ਪੂਜਾ ਕਰ ਰਿਹਾ ਸੀ। ਜੈਂਤ ਥਾਣਾ ਖੇਤਰ ਦੇ ਪਿੰਡ ਬਾਟੀ ਦੇ ਨਿਵਾਸੀ 55 ਸਾਲਾ ਸ਼ਿਆਮ ਬਿਹਾਰੀ ਲਗਪਗ 10 ਸਾਲ ਪਹਿਲਾਂ ਪਿੰਡ ਬਾਟੀ ਵਿਚ ਆਇਆ ਸੀ। ਉਹ ਇੱਥੇ ਆ ਕੇ ਮੰਦਰ ਦੀ ਸੇਵਾ ਅਤੇ ਪੂਜਾ ਕਰਨ ਲੱਗੇ। ਇਸ ਮੰਦਰ ਵਿਚ ਸ਼ਿਵ ਜੀ ਸਮੇਤ ਕਈ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਨ। ਮੰਦਰ ਵਿਚ ਹੀ ਸ਼ਿਆਮ ਬਿਹਾਰੀ ਰਹਿੰਦਾ ਸੀ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ 19 ਜੂਨ ਨੂੰ ਸੀਬੀਆਈ ਦੀ ਟੀਮ ਸਾਦੇ ਕਪੜੇ ਪਾ ਕੇ ਇੱਥੇ ਪਹੁੰਚੀ ਅਤੇ ਪੁਜਾਰੀ ਤੋਂ ਪੁੱਛਗਿਛ ਕੀਤੀ। ਇਸ ਤੋਂ ਬਾਅਦ ਪੁਜਾਰੀ ਨੂੰ ਆਪਣੇ ਨਾਲ ਲੈ ਗਈ। ਬਾਅਦ ਵਿਚ ਪੁਜਾਰੀ ਮੰਦਰ ਆ ਗਿਆ। ਬੀਤੇ ਦਿਨੀਂ ਸੀਬੀਆਈ ਦੀ ਟੀਮ ਉਸਨੂੰ ਫਿਰ ਉਠਾ ਕੇ ਲੈ ਗਈ। ਪੁਜਾਰੀ ਦੀ ਕਰਤੂਤ ਨੂੰ ਸੁਣ ਕੇ ਪਿੰਡ ਵਾਸੀ ਹੈਰਾਨ ਰਹਿ ਗਏ।

### ਪੁਜਾਰੀ ਦੀ ਇਕ ਧੀ ਹੈ

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪੁਜਾਰੀ ਦੀ ਇਕ ਧੀ ਹੈ, ਜਿਸ ਨਾਲ ਮਿਲਣ ਲਈ ਉਹ ਕੁਝ ਦਿਨਾਂ ਲਈ ਬਾਹਰ ਜਾਂਦੇ ਰਹਿੰਦੇ ਸਨ। ਪਰ, ਪਿੰਡ ਵਿਚ ਉਸਦੀ ਇਸ ਤਰ੍ਹਾਂ ਦੀ ਕਰਤੂਤ ਦੀ ਕੋਈ ਵੀ ਘਟਨਾ ਹੁਣ ਤੱਕ ਸਾਹਮਣੇ ਨਹੀਂ ਆਈ। ਪਰ, ਜੋ ਵੀ ਹੋਵੇ, ਜਿਸ ਤਰ੍ਹਾਂ ਦੇ ਦੋਸ਼ ਪੁਜਾਰੀ 'ਤੇ ਲੱਗੇ ਹਨ, ਉਸਨੇ ਹਰ ਕਿਸੇ ਨੂੰ ਸ਼ਰਮਸਾਰ ਕਰ ਦਿੱਤਾ ਹੈ। ਉਸ 'ਤੇ ਨਾਬਾਲਿਗਾਂ ਦੇ ਪੋਰਨ ਵੀਡੀਓ ਬਣਾਉਣ ਦਾ ਦੋਸ਼ ਹੈ।

### ਪੁਲਿਸ ਨੂੰ ਕਾਰਵਾਈ ਦੀ ਭਣਕ ਤੱਕ ਨਹੀਂ

ਸੀਬੀਆਈ ਨੇ ਇਸ ਮਾਮਲੇ ਵਿਚ ਪੂਰੀ ਕਾਰਵਾਈ ਨੂੰ ਗੁਪਤ ਰੱਖਿਆ ਸੀ। ਜੈਂਤ ਥਾਣਾ ਮੁਖੀ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਬਾਟੀ ਪਿੰਡ ਤੋਂ ਕਿਸੇ ਪੁਜਾਰੀ ਨੂੰ ਸੀਬੀਆਈ ਦੁਆਰਾ ਉਠਾਏ ਜਾਣ ਦੀ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਨਾ ਹੀ ਟੀਮ ਨੇ ਇਸ ਸੰਬੰਧ ਵਿਚ ਉਨ੍ਹਾਂ ਨੂੰ ਜਾਣੂ ਕਰਵਾਇਆ ਹੈ।

## ਬੀਬੀਸੀ ਦਸਤਾਵੇਜ਼ੀ ਵਿਵਾਦ ਬਾਰੇ ਅਗਲੀ ਸੁਣਵਾਈ 1 ਜੁਲਾਈ ਨੂੰ




ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਬਾਰੇ ਬੀਬੀਸੀ ਵੱਲੋਂ ਬਣਾਈ ਦਸਤਾਵੇਜ਼ੀ ਦਾ ਕਿਲਿੰਗ ਕਾਲ ਨਾਲ ਸਬੰਧਤ ਮਾਮਲੇ ਵਿਚ ਅੱਜ ਮੂਸੇਵਾਲਾ ਦੇ ਪਰਿਵਾਰ ਵੱਲੋਂ ਕੋਰਟ ਵਿਚ ਕੋਈ ਜਵਾਬ ਨਾ ਦਿੱਤੇ ਜਾਣ ਕਰਕੇ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਲਈ ਨਿਰਧਾਰਿਤ ਕਰ ਦਿੱਤੀ ਹੈ। ਬੀਬੀਸੀ ਨੇ ਪਿਛਲੀ ਸੁਣਵਾਈ ਮੌਕੇ ਗਾਇਕ ਦੇ ਪਰਿਵਾਰ ਵੱਲੋਂ ਦਸਤਾਵੇਜ਼ੀ ਬਾਰੇ ਕੀਤੇ ਦਾਅਵੇ ਨੂੰ ਅਯੋਗ ਕਰਾਰ ਦਿੱਤਾ ਸੀ। ਮਾਨਸਾ ਦੀ ਅਦਾਲਤ ਵਿੱਚ ਬੀਬੀਸੀ ਵੱਲੋਂ ਵਕੀਲ ਬਲਵੰਤ ਸਿੰਘ ਭਾਟੀਆ ਅਤੇ ਬੀਬੀਸੀ ਦੀ ਐਂਕਰ ਅਸ਼ਲੀਨ ਕੌਰ ਅਤੇ ਬੀਬੀਸੀ ਦੇ ਰਿਪੋਰਟਰ ਅੰਕੁਰ ਜੈਨ ਵੱਲੋਂ ਐਡਵੋਕੇਟ ਗੁਰਦਾਸ ਸਿੰਘ ਮਾਨ ਪੇਸ਼ ਹੋਏ। ਹਾਲਾਂਕਿ ਮੂਸੇਵਾਲਾ ਪਰਿਵਾਰ ਦੇ ਵਕੀਲ ਸਤਿੰਦਰਪਾਲ ਸਿੰਘ ਮਿੱਤਲ ਵੱਲੋਂ ਪੇਸ਼ ਹੋ ਕੇ ਸੀਪੀਸੀ ਦੇ ਹੁਕਮ 7 ਰੂਲ-11 ਅਧੀਨ ਜਵਾਬ ਨਾ ਦੇਣ ਕਰਕੇ ਅਗਲੀ ਤਰੀਕ ਮੁਕੱਰਰ ਕੀਤੀ ਗਈ ਹੈ।

# ਆਈ ਐਸ ਆਈ ਨਾਲ ਜੁੜੀਆਂ ਜਾਸੂਸੀ ਗਤੀਵਿਧੀਆਂ ਦੇ ਸ਼ੱਕ ਵਿਚ 2 ਗ੍ਰਿਫ਼ਤਾਰ

ਅੰਮ੍ਰਿਤਸਰ-ਇੱਕ ਵੱਡੀ ਖੁਫੀਆ ਜਾਣਕਾਰੀ-ਅਧਾਰਿਤ ਕਾਰਵਾਈ ਵਿੱਚ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਦੋ ਵਿਅਕਤੀਆਂ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫੌਜੀ ਅਤੇ ਸਾਹਿਲ ਮਸੀਹ ਸ਼ਾਲੀ ਨੂੰ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ ਨਾਲ ਜੁੜੀਆਂ ਜਾਸੂਸੀ ਗਤੀਵਿਧੀਆਂ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਗੁਰਪ੍ਰੀਤ ਸਿੰਘ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਦੇ ਕਾਰਕੁਨਾਂ ਨਾਲ ਸਿੱਧੇ ਸੰਪਰਕ ਵਿੱਚ ਸੀ ਅਤੇ ਉਸ 'ਤੇ ਪੈੱਨ ਡਰਾਈਵ ਰਾਹੀਂ ਸੰਵੇਦਨਸ਼ੀਲ ਅਤੇ ਗੁਪਤ ਜਾਣਕਾਰੀ ਸਾਂਝੀ ਕਰਨ ਦਾ ਸ਼ੱਕ ਹੈ। ਇਸ ਮਾਮਲੇ ਵਿੱਚ ਸ਼ਾਮਲ ਮੁੱਖ ਆਈਐਸਆਈ ਹੈਂਡਲਰ ਦੀ ਪਛਾਣ ਰਾਣਾ ਜਾਵੇਦ ਵਜੋਂ ਹੋਈ ਹੈ। ਕਥਿਤ ਤੌਰ 'ਤੇ ਆਈਐਸਆਈ ਕਾਰਕੁਨਾਂ ਨਾਲ ਗੱਲਬਾਤ ਕਰਨ ਲਈ ਵਰਤੇ ਗਏ ਦੋ ਮੋਬਾਈਲ ਫੋਨ ਜ਼ਬਤ ਕਰ ਲਏ ਗਏ ਹਨ।

# ਕੀ ਹਾਲਾਤ ਹਨ ਇਰਾਨ ਵਿਚ ਸਿੱਖ ਭਾਈਚਾਰੇ ਦੇ ?

## ✪ ਈਰਾਨ ਵਿੱਚ ਸਿੱਖ ਪੰਥ : ਇੱਕ ਸੱਭਿਆਚਾਰਕ ਤੇ ਇਤਿਹਾਸਕ ਸਫ਼ਰ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916




ਈਰਾਨ, ਜਿਹੜਾ ਇਸਲਾਮੀ ਜਹਾਨ ਦਾ ਮੋਹਰੀ ਮੁਲਕ ਹੈ, ਉਹਦੇ ਵਿੱਚ ਸਿੱਖ ਧਰਮ ਦੀ ਮਹਿਕ ਅਤੇ ਗੁਰਬਾਣੀ ਦੀ ਗੂੰਜ ਕਿਸੇ ਅਜੂਬੇ ਤੋਂ ਘੱਟ ਨਹੀਂ। ਪਰ ਸਵਾਲ ਉੱਠਦਾ ਹੈ, ਕਿ ਸਿੱਖ ਇਸ ਇਸਲਾਮੀ ਮੁਲਕ ਵਿੱਚ ਕਦੋਂ ਪਹੁੰਚੇ ਸਨ? ਉਹਨਾਂ ਦੀ ਜ਼ਿੰਦਗੀ, ਕਾਰੋਬਾਰ, ਬੋਲੀ-ਭਾਸ਼ਾ, ਪਹਿਰਾਵਾ ਤੇ ਇਰਾਨੀ ਲੋਕਾਂ ਨਾਲ ਸਬੰਧ ਕਿਹੋ ਜਿਹੇ ਹਨ? ਅਤੇ ਅੱਜ ਜਦੋਂ ਈਰਾਨ-ਇਜ਼ਰਾਈਲ ਵਿਚਕਾਰ ਜੰਗ ਦੀਆਂ ਤਪਸ਼ਾਂ ਤਹਿਰਾਨ ਤੱਕ ਪਹੁੰਚ ਗਈਆਂ ਨੇ, ਤਾਂ ਸਿੱਖਾਂ ਦੇ ਹਾਲਾਤ ਕੀ ਹਨ?

### ਸਿੱਖ ਕਦੋਂ ਪਹੁੰਚੇ ਈਰਾਨ ਵਿਚ?

ਈਰਾਨ ਦੀ ਧਰਤੀ ਨਾਲ ਸਿੱਖਾਂ ਦਾ ਮੇਲ-ਜੋਲ ਕੋਈ ਨਵਾਂ ਨਹੀਂ। ਸਾਡੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ, ਜਿਨ੍ਹਾਂ ਦੀਆਂ ਉਦਾਸੀਆਂ ਨੇ ਸੰਸਾਰ ਨੂੰ ਸੱਚ ਦਾ ਸੁਨੇਹਾ ਦਿੱਤਾ ਸੀ, ਆਪਣੀ ਚੌਥੀ ਉਦਾਸੀ ਦੌਰਾਨ ਈਰਾਨ ਪਹੁੰਚੇ ਸਨ। ਉਹ ਬੁਸ਼ਹਿਰ, ਬਸਰਾ, ਤਬਰੀਜ਼, ਤਹਿਰਾਨ, ਇਸਫਹਾਨ, ਕਰਮਨ ਤੇ ਮਸ਼ਹਦ ਵਰਗੇ ਸ਼ਹਿਰਾਂ ਵਿੱਚ ਗਏ ਸਨ, ਜਿੱਥੇ ਉਹਨਾਂ ਨੇ ਸੱਚ ਦੀ ਜੋਤ ਜਗਾਈ। ਭਾਈ ਮਰਦਾਨਾ ਜੀ ਨਾਲ ਉਹਨਾਂ ਦੀ ਯਾਤਰਾ ਨੇ ਈਰਾਨੀਆਂ ਦੇ ਦਿਲਾਂ ਵਿੱਚ ਗੁਰੂ ਜੀ ਦੀ ਯਾਦ ਸਦਾ ਲਈ ਵਸਾ ਦਿੱਤੀ। ਪਰ ਸਿੱਖ ਵਜੋਂ ਵਸਣ ਦੀ ਸ਼ੁਰੂਆਤ 20ਵੀਂ ਸਦੀ ਦੇ ਮੁੱਢ ਵਿੱਚ ਹੋਈ ਸੀ। 1900 ਤੋਂ 1920 ਦੇ ਦਰਮਿਆਨ, ਜਦੋਂ ਪੰਜਾਬ ਅਜੇ ਅਣਵੰਡਿਆ ਸੀ, ਰਾਵਲਪਿੰਡੀ ਅਤੇ ਹੋਰ ਇਲਾਕਿਆਂ ਤੋਂ ਸਿੱਖ ਕੰਮ ਦੀ ਭਾਲ ਵਿੱਚ ਪਰਸੀਆ (ਈਰਾਨ) ਪਹੁੰਚੇ ਸਨ। ਕੁਝ ਸਿੱਖ, ਜੋ ਬ੍ਰਿਟਿਸ਼ ਭਾਰਤੀ ਫੌਜ ਦਾ ਹਿੱਸਾ ਸਨ, ਜ਼ਾਹੇਦਾਨ ਵਿੱਚ ਵਸੇ ਸਨ।

ਦਸਿਆ ਜਾਂਦਾ ਹੈ ਕਿ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਕਹਿੰਦੇ ਹਨ, "ਇੱਕ ਵਾਰ ਈਰਾਨ ਦਾ ਬਾਦਸ਼ਾਹ ਰਜਾ ਸ਼ਾਬ ਪਹਿਲਵੀ ਪਿੰਡ ਦੁਸ਼ਟੇਆਬ ਵਿੱਚੋਂ ਲੰਘ ਰਿਹਾ ਸੀ ਤਾਂ ਉਸ ਨੂੰ ਲੰਮੀਆਂ ਦਾੜ੍ਹੀਆਂ ਵਾਲੇ ਕਿਸਾਨ ਮਿਲੇ ਸਨ। ਉਨ੍ਹਾਂ ਦੀਆਂ ਦਾੜ੍ਹੀਆਂ ਖੁੱਲ੍ਹੀਆਂ ਸਨ ਅਤੇ



ਦਸਤਾਰਾਂ ਬੰਨ੍ਹੀਆਂ ਹੋਈਆਂ ਸਨ।" ਬਾਦਸ਼ਾਹ ਘੋੜੇ ਤੋਂ ਉਤਰ ਕੇ ਉਨ੍ਹਾਂ ਨੂੰ ਸਲਾਮ ਕਰਨ ਲੱਗਾ। ਜਦੋਂ ਬਾਦਸ਼ਾਹ ਦੇ ਸਾਥੀਆਂ ਨੇ ਪੁੱਛਿਆ ਕਿ ਤੁਸੀਂ ਇਨ੍ਹਾਂ ਨੂੰ ਸਲਾਮ ਕਿਉਂ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਬੰਦਗੀ ਕਰਨ ਵਾਲੇ ਫ਼ਕੀਰ ਹਨ ਪਰ ਉਨ੍ਹਾਂ ਦੱਸਿਆ ਕਿ ਇਹ ਫ਼ਕੀਰ ਨਹੀਂ, ਸਗੋਂ ਹਿੰਦੋਸਤਾਨ ਦੇ ਕਿਸਾਨ ਹਨ, ਜੋ ਖੇਤੀ ਕਰਨ ਆਏ ਹਨ।"

ਪੰਨੂ ਅੱਗੇ ਦੱਸਦੇ ਹਨ, "ਪਿੰਡ ਵਿੱਚ ਦਰਬਾਰ ਲਗਾਉਣ ਤੋਂ ਬਾਅਦ ਬਾਦਸ਼ਾਹ ਨੇ ਕਿਸਾਨਾਂ ਨੂੰ ਦੁਬਾਰਾ ਬੁਲਾਇਆ। ਕਿਸਾਨਾਂ ਨੇ ਉਨ੍ਹਾਂ ਦਾ ਫਕੀਰ ਕਹਿਣ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡੇ ਫਕੀਰ ਹੋਣ ਦਾ ਕੀ ਫਾਇਦਾ ਹੋਇਆ ਜੇ ਸਾਡੇ ਕੋਲ ਬੰਦਗੀ ਕਰਨ ਲਈ ਥਾਂ ਨਹੀਂ ਹੈ।"

ਬਾਦਸ਼ਾਹ ਦੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ "ਸਾਨੂੰ ਇਸ ਲਈ ਇੱਕ ਏਕੜ ਜ਼ਮੀਨ ਚਾਹੀਦੀ ਹੈ। ਬਾਦਸ਼ਾਹ ਨੇ ਇੱਕ ਏਕੜ ਜ਼ਮੀਨ ਦਾਨ ਦੇਣ ਦੀ ਗੱਲ ਆਖੀ ਪਰ ਕਿਸਾਨਾਂ ਨੇ ਕਿਹਾ ਸਾਡਾ ਧਰਮ ਦਾਨ ਦੀ ਵਕਾਲਤ ਨਹੀਂ ਕਰਦਾ, ਸਗੋਂ ਕਿਰਤ ਕਰਕੇ ਇਬਾਦਤਗਾਹਾਂ ਉਸਾਰਨ ਦੀ ਗੱਲ ਕਰਦਾ ਹੈ।" ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਬਾਦਸ਼ਾਹ ਤੋਂ ਜ਼ਮੀਨ ਖਰੀਦਣ ਦੀ ਇਜਾਜ਼ਤ ਮੰਗੀ ਜੋ ਬਾਦਸ਼ਾਹ ਨੇ ਤੁਰੰਤ ਹੀ ਦੇ ਦਿੱਤੀ ਅਤੇ ਨਾਲ ਹੀ ਕਿਸਾਨਾਂ ਦੀ ਸਹਿਮਤੀ ਬਾਅਦ ਨਜ਼ਰਾਨਾ ਵੀ ਦਿੱਤਾ। ਬਾਦਸ਼ਾਹ ਨੇ ਕਿਹਾ ਜਿੱਥੇ ਇਹੋ ਜਿਹੇ ਫ਼ਕੀਰ ਹੋਣ ਉਸ ਪਿੰਡ ਦਾ ਨਾਂ ਦੁਸ਼ਟੇਆਬ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਦਾ ਅਰਥ ਸੀ ਪਾਣੀ ਚੋਰ। ਇਸ ਤੋਂ ਬਾਅਦ ਪਿੰਡ ਦਾ ਨਾਮ ਜ਼ਾਹੇਦਾਨ ਰੱਖ ਦਿੱਤਾ ਗਿਆ, ਜਿਸ ਦਾ ਅਰਥ ਹੈ 'ਰੱਬ ਦੀ ਬੰਦਗੀ ਕਰਨ ਵਾਲੇ'।"

ਪਹਿਲੀ ਵਿਸ਼ਵ ਜੰਗ ਤੋਂ ਬਾਅਦ, ਕਈ ਸਿੱਖਾਂ ਨੂੰ ਮੁਆਵਜ਼ੇ ਵਜੋਂ ਟਰੱਕ ਮਿਲੇ, ਜਿਨ੍ਹਾਂ ਨਾਲ ਉਹਨਾਂ ਨੇ ਜ਼ਾਹੇਦਾਨ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਸ਼ੁਰੂਆਤ ਵਿੱਚ ਸਿੱਖ ਟਰਾਂਸਪੋਰਟ ਦੇ ਕਾਰੋਬਾਰ ਨਾਲ ਜੁੜੇ ਸਨ, ਪਰ ਸਮੇਂ ਨਾਲ ਉਹ ਵਪਾਰ, ਖੇਤੀ, ਨੌਕਰੀਆਂ ਵਿੱਚ ਵੀ ਸਰਗਰਮ ਹੋ ਗਏ। ਜ਼ਾਹੇਦਾਨ ਵਿੱਚ ਸਿੱਖ ਕਿਸਾਨਾਂ ਨੇ ਜ਼ਮੀਨਾਂ ਖਰੀਦੀਆਂ ਸਨ ਅਤੇ ਪਿੰਡ ਦੁਸ਼ਟੇਆਬ ਨੂੰ ਆਪਣੀ ਮਿਹਨਤ ਨਾਲ ਅਬਾਦ ਕੀਤਾ ਸੀ।

ਪੂਰੇ ਇਰਾਨ ਵਿਚ 1000 ਦੇ ਕਰੀਬ ਸਿੱਖ ਵਸਦੇ ਹਨ। ਅੱਜ ਤਹਿਰਾਨ ਵਿੱਚ 100 ਸਿੱਖ ਪਰਿਵਾਰ ਵੱਸਦੇ ਹਨ, ਜੋ ਜ਼ਿਆਦਾਤਰ ਵਪਾਰੀ ਹਨ। ਈਰਾਨੀ ਸਿੱਖ ਆਪਣੇ ਪੰਜ ਕਕਾਰਾਂ-ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਨੂੰ ਸੰਭਾਲਦੇ ਹਨ, ਪਰ ਉਹ ਈਰਾਨੀ ਸੱਭਿਆਚਾਰ ਨਾਲ ਘੁਲ-ਮਿਲ ਗਏ ਹਨ। ਘਰਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ, ਪਰ ਬਾਹਰ ਫ਼ਾਰਸੀ ਭਾਸ਼ਾ ਦੀ ਵਰਤੋਂ ਹੁੰਦੀ ਹੈ।

ਸੀਨੀਅਰ ਪੱਤਰਕਾਰ ਸਈਦ ਨਕਵੀ, ਜੋ 2001 ਵਿੱਚ ਅਟਲ ਬਿਹਾਰੀ ਵਾਜਪਾਈ ਦੇ ਨਾਲ ਈਰਾਨ ਗਏ ਸਨ, ਦੱਸਦੇ ਹਨ ਕਿ ਸਿੱਖ ਤੇ ਈਰਾਨੀ ਇੱਕ-ਦੂਜੇ ਦੇ ਘਰ ਆਉਂਦੇ-ਜਾਂਦੇ ਹਨ। ਸਿੱਖ ਈਰਾਨੀ ਸੱਭਿਆਚਾਰ ਨੂੰ ਅਪਣਾਉਂਦੇ ਹਨ, ਪਰ ਆਪਣੀ ਪਛਾਣ ਨੂੰ ਵੀ ਸੰਭਾਲਦੇ ਹਨ। ਸਿੱਖ ਮਰਦ ਆਮ ਤੌਰ 'ਤੇ ਦਸਤਾਰ ਬੰਨ੍ਹਦੇ ਹਨ, ਜਦਕਿ ਔਰਤਾਂ ਪੰਜਾਬੀ ਸਲਵਾਰ-ਕੁੜਤਾ ਜਾਂ ਈਰਾਨੀ ਸੱਭਿਆਚਾਰ ਨਾਲ ਮਿਲਦਾ ਪਹਿਰਾਵਾ ਪਾਉਂਦੀਆਂ ਹਨ।

ਈਰਾਨ ਵਿੱਚ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਹੈ। ਜਿਵੇਂ ਤਹਿਰਾਨ ਵਿੱਚ ਅਰਮੇਨੀਅਨ ਚਰਚ ਅਤੇ ਯਹੂਦੀ ਸਮਾਜ ਨੂੰ ਸਤਿਕਾਰ ਮਿਲਦਾ ਹੈ, ਤਿਵੇਂ ਸਿੱਖ ਵੀ ਆਪਣੇ ਗੁਰਦੁਆਰਿਆਂ ਵਿਚ ਅਜ਼ਾਦੀ ਨਾਲ ਬੰਦਗੀ ਕਰਦੇ ਹਨ।

### ਗੁਰਦੁਆਰਿਆਂ ਦੀ ਹੋਂਦ

ਈਰਾਨ ਵਿੱਚ ਪਹਿਲਾਂ ਤਿੰਨ ਗੁਰਦੁਆਰੇ ਸਨ-ਤਹਿਰਾਨ, ਜ਼ਾਹੇਦਾਨ ਅਤੇ ਅਬਾਦਾਨ। ਅਬਾਦਾਨ ਦਾ ਗੁਰਦੁਆਰਾ ਹੁਣ ਅਜਾਇਬ-ਘਰ ਬਣ ਗਿਆ, ਪਰ ਤਹਿਰਾਨ ਦਾ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਅਤੇ ਜ਼ਾਹੇਦਾਨ ਦਾ ਗੁਰਦੁਆਰਾ ਅਜੇ ਵੀ ਸੁਸ਼ੋਭਿਤ ਹਨ। ਤਹਿਰਾਨ ਦਾ ਗੁਰਦੁਆਰ 1941 ਵਿੱਚ ਬਣਿਆ ਸੀ, ਜਿਸ ਨੂੰ 1967 ਵਿੱਚ ਪੱਕਾ ਕੀਤਾ ਗਿਆ। ਇਹ ਗੁਰਦੁਆਰੇ ਸਿੱਖੀ ਦਾ ਇਤਿਹਾਸਕ ਨੀਂਹ ਪੱਥਰ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੇ ਰਾਤ ਬਿਤਾਈ ਸੀ। ਗੁਰਦੁਆਰੇ ਵੱਲ ਜਾਣ ਵਾਲੀ ਸੜਕ ਦਾ ਨਾਮ "ਸਦਖੀ ਕਬੀਰੀ ਐੱਲੀ" ਹੈ, ਜੋ ਸਿੱਖੀ ਦੀ ਸਤਿਕਾਰ ਦੀ ਮਿਸਾਲ ਹੈ। 2016 ਵਿੱਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ 2001 ਵਿੱਚ ਅਟਲ ਬਿਹਾਰੀ ਵਾਜਪੇਈ ਇਸ ਗੁਰਦੁਆਰੇ ਵਿੱਚ ਮੱਥਾ ਟੇਕਣ ਪਹੁੰਚੇ ਸਨ।

### ਮੌਜੂਦਾ ਹਾਲਾਤ ਅਤੇ ਜੰਗ ਦੀ ਤਪਸ਼

ਅੱਜ ਜਦੋਂ ਈਰਾਨ-ਇਜ਼ਰਾਈਲ ਜੰਗ ਦੀਆਂ ਲਪਟਾਂ ਤਹਿਰਾਨ ਤੱਕ ਪਹੁੰਚ ਗਈਆਂ ਹਨ, ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਵਧ ਗਈਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ, ਤਹਿਰਾਨ ਦਾ ਭਾਈ ਗੰਗਾ ਸਿੰਘ ਸਭਾ ਬੰਦ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾਵੇ। ਈਰਾਨ ਦੇ ਹਾਲਾਤ ਅਜਿਹੇ ਹਨ ਕਿ ਲੋਕ ਪਨਾਹ ਲੈਣ ਲਈ ਭੱਜ ਰਹੇ ਹਨ। ਅਜਿਹੇ ਵਿੱਚ ਸਿੱਖਾਂ ਦੀ ਗਿਣਤੀ ਘਟ ਰਹੀ ਹੈ। ਈਰਾਨੀ ਸਰਕਾਰ ਦੀ ਉਦਾਰਤਾ ਅਤੇ ਸਿੱਖਾਂ ਦੀ ਮਿਹਨਤ ਨੇ ਹੁਣ ਤੱਕ ਉਹਨਾਂ ਨੂੰ ਸੁਰੱਖਿਅਤ ਰੱਖਿਆ ਹੈ।



# ਬੀ.ਸੀ. ਪ੍ਰੀਮੀਅਰ ਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਕੀਤੀ ਮੰਗ

ਖਾਸ ਖ਼ਬਰ

## ✪ ਗੈਂਗ ਉਪਰ ਸਿੱਖ ਕਾਰੋਬਾਰੀਆਂ ਤੇ ਸਿੱਖ ਭਾਈਚਾਰੇ 'ਤੇ ਹਮਲੇ ਅਤੇ ਵਸੂਲੀ ਦੇ ਦੋਸ਼



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਬੀਤੇ ਦਿਨੀਂ ਕੈਨੇਡੀਅਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਰਤ ਦੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕੀਤਾ ਜਾਵੇ। ਇਹ ਮੰਗ ਸਾਊਥ ਏਸ਼ੀਆਈ, ਖਾਸਕਰ ਸਿੱਖ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਜਬਰੀ ਵਸੂਲੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਕੀਤੀ ਗਈ ਹੈ। ਈਬੀ ਨੇ ਕਿਹਾ ਕਿ ਇਹ ਗੈਂਗ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ ਸਿੱਖ ਭਾਈਚਾਰੇ ਨੂੰ ਡਰਾਉਣ ਅਤੇ ਧਮਕਾਉਣ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ, ਜਿਸ ਨਾਲ ਜਨਤਕ ਸੁਰੱਖਿਆ ਅਤੇ ਕਾਨੂੰਨ ਦੀ ਸਾਖ ਨੂੰ ਖਤਰਾ ਪੈਦਾ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ "ਭਾਰਤ ਦੇ ਕੁਝ ਗੈਂਗ ਸਾਡੇ ਸੂਬੇ ਅਤੇ ਹੋਰ ਸੂਬਿਆਂ ਵਿੱਚ ਕਾਰਜਸ਼ੀਲ ਹਨ, ਜੋ ਕਿ ਵਪਾਰੀਆਂ ਨੂੰ ਡਰਾ ਕੇ ਪੈਸਾ ਵਸੂਲ ਰਹੇ ਹਨ।" ਉਨ੍ਹਾਂ ਦੱਸਿਆ ਕਿ ਉਹ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣਗੇ, ਜਿਸ ਰਾਹੀਂ ਬਿਸ਼ਨੋਈ ਗੈਂਗ ਨੂੰ ਆਤੰਕੀ ਸੰਗਠਨ ਵਜੋਂ ਐਲਾਨਣ ਦੀ ਮੰਗ ਕੀਤੀ ਜਾਵੇਗੀ।

ਇਹ ਦਬਾਅ ਖਾਸ ਕਰਕੇ ਸਰੀ ਵਿੱਚ ਵਧ ਰਹੇ ਵਸੂਲੀ ਮਾਮਲਿਆਂ ਤੋਂ ਬਾਅਦ ਵਧਿਆ ਹੈ। ਸਿਰਫ਼ ਪਿਛਲੇ ਛੇ ਮਹੀਨਿਆਂ ਵਿੱਚ ਸਰੀ ਪੁਲਿਸ ਨੂੰ 10 ਵਸੂਲੀ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਨਵੀਂ ਬਣੀ "ਐਕਸਟੌਰਸ਼ਨ ਇਨਵੈਸਟੀਗੇਸ਼ਨ ਟੀਮ" ਹੁਣ ਇਹ ਮਾਮਲੇ ਜਾਂਚ ਰਹੀ ਹੈ। ਸਰੀ ਪੁਲਿਸ ਦੇ ਅਨੁਸਾਰ ਇਹ ਧਮਕੀਆਂ ਚਿੱਠੀਆਂ, ਫੋਨ ਕਾਲਾਂ ਜਾਂ ਸੋਸ਼ਲ ਮੀਡੀਆ ਰਾਹੀਂ ਮਿਲ ਰਹੀਆਂ ਹਨ, ਜਿਨ੍ਹਾਂ ਰਾਹੀਂ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕਾਂ ਤੋਂ ਲੱਖਾਂ ਡਾਲਰ ਦੀ ਮੰਗ ਕੀਤੀ ਜਾਂਦੀ ਹੈ।

ਸਰੀ ਦੇ ਆਰ.ਸੀ.ਐਮ.ਪੀ. ਦੀ ਲਾਈਜ਼ਨ ਅਧਿਕਾਰੀ ਚੀਫ ਸੁਪਰੀਟੈਂਡੈਂਟ ਵੈਂਡੀ ਮਹਾਤ ਨੇ ਕਿਹਾ ਕਿ "ਅਸੀਂ ਇਨ੍ਹਾਂ ਅਪਰਾਧਿਕ ਸਥਿਤੀਆਂ ਨੂੰ ਰੋਕਣ ਅਤੇ ਜ਼ਿੰਮੇਵਾਰ ਦੋਸ਼ੀਆਂ ਨੂੰ ਕਾਬੂ ਕਰਨ ਲਈ ਕੰਮ ਕਰ ਰਹੇ ਹਾਂ।"

ਬੀ.ਸੀ. ਦੇ ਜਨ ਸੁਰੱਖਿਆ ਮੰਤਰੀ ਗੈਰੀ ਬੈਗ ਨੇ ਸਰੀ ਵਿੱਚ ਇੱਕ ਫੋਰਮ ਦੌਰਾਨ ਦੱਸਿਆ ਕਿ ਬਹੁਤ ਸਾਰੇ ਕਾਰੋਬਾਰੀ ਲੱਖਾਂ ਡਾਲਰ ਦੀ ਵਸੂਲੀ ਦੀਆਂ ਧਮਕੀਆਂ ਦੇ ਕੇਸ ਸਾਹਮਣੇ ਆ ਰਹੇ ਹਨ।

ਡੇਵਿਡ ਈਬੀ ਨੇ ਕਿਹਾ ਕਿ "ਇਹ ਸਿਰਫ਼ ਕਾਨੂੰਨੀ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਝਟਕਾ ਨਹੀਂ ਹੈ, ਸਗੋਂ ਲੋਕਤੰਤਰ ਅਤੇ ਭਾਈਚਾਰੇ ਦੀ ਸੁਰੱਖਿਆ ਨੂੰ ਵੀ ਖ਼ਤਰੇ ਵਿੱਚ ਪਾ ਰਿਹਾ ਹੈ। ਇਹ ਬਹੁਤ ਗੰਭੀਰ ਮਾਮਲਾ ਹੈ। ਇਸ ਨੂੰ ਨਜਿਠਣਾ ਜ਼ਰੂਰੀ ਹੈ।"

ਕੈਨੇਡਾ ਦੇ ਘੱਟੋ ਘੱਟ ਛੇ ਸ਼ਹਿਰਾਂ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਖ਼ਾਸ ਕਰਕੇ ਭਾਰਤੀ ਨਿਵਾਸੀਆਂ ਨੂੰ ਨਿਸ਼ਾਨਾ ਬਣਾਕੇ ਕੀਤੀਆਂ ਜਾ ਰਹੀਆਂ ਵਸੂਲੀਆਂ ਦੀ ਜਾਂਚ ਚੱਲ ਰਹੀ ਹੈ।

ਦਸੰਬਰ 2023 ਵਿੱਚ ਐਬਟਸਫੋਰਡ (ਬੀ.ਸੀ.) ਪੁਲਿਸ ਨੇ ਵੀ ਦੱਸਿਆ ਸੀ ਕਿ ਉਹ ਦੱਖਣੀ ਏਸ਼ੀਆਈ ਭਾਈਚਾਰੇ ਦੇ ਅਮੀਰ ਲੋਕਾਂ ਨਾਲ ਸੰਬੰਧਤ ਵਸੂਲੀ ਮਾਮਲਿਆਂ ਦੀ ਜਾਂਚ ਕਰ ਰਹੇ ਹਨ ਅਤੇ ਇਸ ਦੇ ਦੋਸ਼ੀ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਹਨ।

ਕੈਨੇਡਾ ਦੀ ਰਾਇਲ ਮਾਊਂਟਡ ਪੁਲਿਸ ਨੇ ਵੀ ਬਿਸ਼ਨੋਈ ਗੈਂਗ ਨੂੰ ਕੈਨੇਡਾ ਦੀ ਜ਼ਮੀਨ 'ਤੇ ਹੋ ਰਹੇ ਕੁਝ ਹਿੰਸਕ ਅਪਰਾਧਾਂ ਦੇ ਦੋਸ਼ੀ ਭੂਮਿਕਾ ਦੱਸਿਆ ਹੈ, ਜੋ ਭਾਰਤ-ਕਨੇਡਾ ਦੇ ਸਬੰਧਾਂ ਵਿੱਚ ਤਣਾਅ ਪੈਦਾ ਕਰ ਰਹੇ ਹਨ।

ਸਿੱਖ ਸੰਗਠਨਾਂ, ਜਿਵੇਂ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ, ਨੇ ਈਬੀ ਦੀ ਮੰਗ ਦਾ ਸਮਰਥਨ ਕੀਤਾ ਹੈ। ਉਹਨਾਂ ਦਾਅਵਾ ਕਰਦਿਆਂ ਕਿਹਾ ਕਿ ਬਿਸ਼ਨੋਈ ਗੈਂਗ ਨੂੰ ਖਾਲਿਸਤਾਨ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਸਰੀ ਵਿੱਚ 15 ਜੂਨ 2025 ਨੂੰ ਹੋਏ ਇੱਕ ਜਨਤਕ ਸੁਰੱਖਿਆ ਫੋਰਮ ਵਿੱਚ ਸਿੱਖ ਕਾਰੋਬਾਰੀਆਂ ਨੇ ਲੱਖਾਂ ਰੁਪਏ ਦੀਆਂ ਵਸੂਲੀ ਮੰਗਾਂ ਅਤੇ ਸੰਪਤੀਆਂ 'ਤੇ ਹਮਲਿਆਂ ਦੀਆਂ ਸ਼ਿਕਾਇਤਾਂ ਕੀਤੀਆਂ ਸਨ। ਮੁੱਖ ਮੰਤਰੀ ਈਬੀ ਨੇ ਕਿਹਾ ਸੀ ਕਿ ਇਹ ਰਵਾਇਤੀ ਅਪਰਾਧ ਨਹੀਂ, ਇਹ ਆਤੰਕ ਹੈ। ਸਿੱਖ ਭਾਈਚਾਰਾ ਡਰਿਆ ਹੋਇਆ ਹੈ। ਉਮੀਦ ਕਰਦਾ ਹਾਂ ਕਿ ਪ੍ਰਧਾਨ ਮੰਤਰੀ ਸਖਤ ਕਦਮ ਚੁੱਕਣਗੇ , ਪੁਲਿਸ ਨੂੰ ਅੰਤਰਰਾਸ਼ਟਰੀ ਅਪਰਾਧ ਨਾਲ ਨਜਿੱਠਣ ਲਈ ਹੋਰ ਸਾਧਨ ਮਿਲਣਗੇ।"

### ਲਾਰੈਂਸ ਬਿਸ਼ਨੋਈ ਸਾਬਰਮਤੀ ਜੇਲ੍ਹ ਵਿਚ ਕਿਉਂ ਬੰਦ ਹੈ?

ਗੁਜਰਾਤ ਦੇ ਇੱਕ ਸੇਵਾਮੁਕਤ ਅਧਿਕਾਰੀ ਟੀਐਸ ਬਿਸਟ ਅਨੁਸਾਰ ਇਹ ਸੈੱਲ ਦੂਜੇ ਸੈੱਲਾਂ ਤੋਂ ਵੱਖਰਾ ਹੈ, ਇਸ ਵਿੱਚ ਡਬਲ ਰਿੰਗ ਸੁਰੱਖਿਆ ਹੈ। ਜੇਲ੍ਹ ਦੇ ਹੋਰ ਹਿੱਸਿਆਂ ਨਾਲੋਂ ਇੱਥੇ ਵਧੇਰੇ ਸਿਖਲਾਈ ਪ੍ਰਾਪਤ ਸਟਾਫ਼ ਮੌਜੂਦ ਹੈ ਅਤੇ ਇਨ੍ਹਾਂ ਉੱਚ ਸੁਰੱਖਿਆ ਸੈੱਲਾਂ ਦੇ ਆਲੇ-ਦੁਆਲੇ ਵਾਚ ਟਾਵਰ ਬਣਾਏ ਗਏ ਹਨ। ਗੁਜਰਾਤ ਜੇਲ੍ਹ ਮੈਨੂਅਲ ਅਨੁਸਾਰ ਇਸ ਕਿਸਮ ਦੇ ਸੈੱਲ ਦੇ ਆਲੇ-ਦੁਆਲੇ ਇੱਕ 'ਨੋ-ਮੈਨਜ਼ ਲੈਂਡ' ਖੇਤਰ ਹੁੰਦਾ ਹੈ, ਜਿਸ ਵਿੱਚ ਸਿਰਫ਼ ਡਿਊਟੀ 'ਤੇ ਤਾਇਨਾਤ ਜੇਲ੍ਹ ਕਰਮਚਾਰੀ ਹੀ ਦਾਖ਼ਲ ਹੋ ਸਕਦੇ ਹਨ। ਇਸ ਸੈੱਲ ਵਿੱਚ ਕਿਸੇ ਵੀ ਕੈਦੀ ਨੂੰ ਅਦਾਲਤ ਦੀ ਸੁਣਵਾਈ ਲਈ ਬਾਹਰ ਨਹੀਂ ਕੱਢਿਆ ਜਾਂਦਾ। ਵੀਡੀਓ ਕਾਨਫਰੰਸ ਰਾਹੀਂ ਹੀ ਅਦਾਲਤ ਵਿੱਚ ਪੇਸ਼ੀ ਹੁੰਦੀ ਹੈ। ਹਾਲਾਂਕਿ, ਬਿਸ਼ਨੋਈ ਅਤੇ ਉਸ ਵਰਗੇ ਕੁਝ ਹੋਰ ਕੈਦੀ ਜੋ ਉੱਚ ਸੁਰੱਖਿਆ ਸੈੱਲ ਵਿੱਚ ਬੰਦ ਹਨ, ਉਨ੍ਹਾਂ ਨੂੰ ਕਿਸੇ ਨਾਲ ਮਿਲਣ ਦੀ ਇਜਾਜ਼ਤ ਨਹੀਂ ਹੈ। ਜੇਲ੍ਹ ਦੇ ਕੈਦੀਆਂ ਨੂੰ ਆਮ ਤੌਰ 'ਤੇ ਹਫ਼ਤੇ ਵਿੱਚ ਦੋ ਦਿਨ ਮਿਲਣ ਦਾ ਮੌਕਾ ਦਿੱਤਾ ਜਾਂਦਾ ਹੈ।

ਸਤੰਬਰ-2022 ਵਿੱਚ ਜਦੋਂ ਤੋਂ ਭਾਰਤੀ ਤੱਟ ਰੱਖਿਅਕ ਅਤੇ ਗੁਜਰਾਤ ਏਟੀਐਸ ਨੇ ਅਰਬ ਸਾਗਰ ਵਿੱਚ ਇੱਕ ਪਾਕਿਸਤਾਨੀ ਬੇੜੀ ਵਿੱਚੋਂ 40 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਸੀ ਤਾਂ ਉਦੋਂ ਤੋਂ ਹੀ ਲਾਰੈਂਸ ਬਿਸ਼ਨੋਈ ਦਾ ਨਾਮ ਗੁਜਰਾਤ ਮੀਡੀਆ ਵਿੱਚ ਅਕਸਰ ਸੁਣਾਈ ਦਿੰਦਾ ਰਿਹਾ ਹੈ। ਜਦੋਂ ਗੁਜਰਾਤ ਐਂਟੀ-ਟੈਰਰਿਸਟ ਸਕੁਐਡ (ਏਟੀਐਸ) ਕਾਰਵਾਈ ਕਰ ਰਿਹਾ ਸੀ ਤਾਂ ਉਹ ਪੰਜਾਬ ਦੀ ਕਪੂਰਥਲਾ ਜੇਲ੍ਹ ਵਿੱਚ ਬੰਦ ਸੀ। ਜਦੋਂ ਬਿਸ਼ਨੋਈ ਨੂੰ 2023 ਵਿੱਚ ਗੁਜਰਾਤ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ, ਤਾਂ ਏਟੀਐਸ ਦੇ ਪੁਲਿਸ ਸੁਪਰਡੈਂਟ ਸੁਨੀਲ ਜੋਸ਼ੀ ਨੇ ਕਿਹਾ ਸੀ ਕਿ "ਸਾਡੀ ਜਾਣਕਾਰੀ ਮੁਤਾਬਕ, ਉਸ ਨੇ ਜੇਲ੍ਹ ਵਿੱਚ ਬੈਠ ਕੇ ਹੀ ਨਸ਼ੀਲੇ ਪਦਾਰਥਾਂ ਦੀ ਖੇਪ ਦਾ ਪ੍ਰਬੰਧ ਕੀਤਾ ਸੀ। ਗੁਜਰਾਤ ਦੇ ਸਮੁੰਦਰ ਤੋਂ ਫੜੇ ਗਏ ਨਸ਼ੀਲੇ ਪਦਾਰਥਾਂ ਦੀ ਖੇਪ ਉਸ ਦੇ ਲੋਕਾਂ ਲਈ ਆਈ ਸੀ।"

## ਫ਼ਾਜ਼ਿਲਕਾ ਤੋਂ ਕੌਮਾਂਤਰੀ ਅਪਰਾਧ ਤੱਕ ਲਾਰੈਂਸ ਬਿਸ਼ਨੋਈ

ਲਾਰੈਂਸ ਬਿਸ਼ਨੋਈ ਦਾ ਜਨਮ ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੂਤਰਾਂ ਵਾਲੀ ਵਿੱਚ ਹੋਇਆ ਸੀ। ਆਰਸੀਐੱਮਪੀ ਵੱਲੋਂ ਦਿੱਤੀ ਜਾਣਕਾਰੀ ਨੇ ਲਾਰੈਂਸ ਬਿਸ਼ਨੋਈ ਗੈਂਗ ਦੀਆਂ ਅਪਰਾਧ ਦੀ ਦੁਨੀਆਂ ਵਿੱਚ ਡੂੰਘੀਆਂ ਜੜ੍ਹਾਂ ਬਾਰੇ ਚਰਚਾ ਛੇੜ ਦਿੱਤੀ ਹੈ।

ਪੰਜਾਬ ਪੁਲਿਸ ਰਿਕਾਰਡ ਮੁਤਾਬਕ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਮ ਸਤਵਿੰਦਰ ਸਿੰਘ ਹੈ। ਹਾਲਾਂਕਿ ਲਾਰੈਂਸ ਵੱਖ-ਵੱਖ ਅਪਰਾਧਕ ਮਾਮਲਿਆਂ ਦੇ ਚੱਲਦਿਆਂ ਬੀਤੇ ਕਈ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ ਪਰ ਉਨ੍ਹਾਂ ਦਾ ਨਾਮ ਕਈ 'ਹਾਈ ਪ੍ਰੋਫਾਈਲ' ਅਪਰਾਧਕ ਕਾਰਵਾਈਆਂ ਨਾਲ ਵਾਰ-ਵਾਰ ਜੁੜਦਾ ਰਿਹਾ ਹੈ।

ਇਨ੍ਹਾਂ ਕੇਸਾਂ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ। ਸਿੱਧੂ ਮੂਸੇਵਾਲਾ ਨੂੰ ਮਈ 2022 ਵਿੱਚ ਮਾਨਸਾ ਦੇ ਪਿੰਡ ਜਵਾਹਰ ਕੇ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਅਤੇ ਵਿਦੇਸ਼ ਵਿੱਚ ਰਹਿੰਦੇ ਮੰਨੇ ਜਾਂਦੇ ਉਨ੍ਹਾਂ ਦੇ ਹੀ ਸਾਥੀ ਗੋਲਡੀ ਬਰਾੜ ਵੱਲੋਂ ਲਈ ਗਈ ਸੀ।

ਮਾਰਚ 2023 ਵਿੱਚ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ 12 ਹੋਰ ਜਣਿਆਂ ਦੇ ਬੱਬਰ ਖਾਲਸਾ ਇੰਟਰਨੈਸ਼ਨਲ ਜਿਹੀਆਂ ਜਥੇਬੰਦੀਆਂ ਨਾਲ ਸਬੰਧਾਂ ਬਾਰੇ ਕੇਸ ਵਿੱਚ ਚਾਰਜਸ਼ੀਟ ਦਾਇਰ ਕੀਤੀ ਸੀ। ਐੱਨਆਈਏ ਨੇ ਆਪਣੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਸੀ ਕਿ ਸਾਲ 2015 ਤੋਂ ਪੁਲਿਸ ਹਿਰਾਸਤ ਵਿੱਚ ਕੈਦ ਲਾਰੈਂਸ ਬਿਸ਼ਨੋਈ ਵੱਖ-ਵੱਖ ਜੇਲ੍ਹਾਂ ਵਿੱਚੋਂ ਕੈਨੇਡਾ ਵਿਚਲੇ ਗੋਲਡੀ ਬਰਾੜ ਨਾਲ ਰਲ ਕੇ 'ਟੈਰਰ-ਕ੍ਰਾਈਮ ਸਿੰਡੀਕੇਟ' ਚਲਾ ਰਿਹਾ ਹੈ। ਗੋਲਡੀ ਬਰਾੜ ਫਰੀਦਕੋਟ ਵਿੱਚ ਨਵੰਬਰ 2022 ਵਿੱਚ ਡੇਰਾ ਸੱਚਾ ਸੌਦਾ ਨਾਲ ਜੁੜੇ ਪ੍ਰਦੀਪ ਕੁਮਾਰ ਦੇ ਕਤਲ ਵਿੱਚ ਮੁਲਜ਼ਮ ਹੈ।

ਐੱਨਆਈਏ ਅਨੁਸਾਰ "ਲਾਰੈਂਸ ਬਿਸ਼ਨੋਈ 'ਟੈਰਰ ਕ੍ਰਾਈਮ ਐਕਸਟੋਰਸ਼ਨ ਸਿੰਡੀਕੇਟ' ਦੀ ਮੋਹਾਲੀ ਵਿਚਲੇ ਪੰਜਾਬ ਸਟੇਟ ਇੰਟੈਲੀਜੈਂਸ ਹੈੱਡਕੁਆਰਟਰ ਉੱਤੇ ਹੋਏ ਆਰਪੀਜੀ ਹਮਲੇ ਵਿੱਚ ਵੀ ਭੂਮਿਕਾ ਸੀ। ਜਨਵਰੀ 2024 ਵਿੱਚ ਜਾਰੀ ਕੀਤੀ ਗਈ ਪ੍ਰੈੱਸ ਰਿਲੀਜ਼ ਵਿੱਚ ਏਜੰਸੀ ਨੇ ਕਿਹਾ ਸੀ ਕਿ ਐੱਨਆਈਏ ਨੇ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਸਾਥੀਆਂ ਦੇ ਸੰਗਠਤ ਅਪਰਾਧਕ ਸਿੰਡੀਕੇਟ ਦੇ ਖਿਲਾਫ਼ ਯੂਏਪੀਏ ਦੇ ਤਹਿਤ ਅਗਸਤ 2022 ਵਿੱਚ ਕੇਸ ਦਰਜ ਕੀਤਾ ਸੀ।"

ਐੱਨਆਈਏ ਨੇ ਕਿਹਾ ਸੀ ਕਿ ਇਹ ਨੈੱਟਵਰਕ ਵਪਾਰੀਆਂ ਅਤੇ ਪੇਸ਼ੇਵਰਾਂ ਕੋਲੋਂ ਵੱਡੇ ਪੱਧਰ ਉੱਤੇ ਫ਼ਿਰੌਤੀਆਂ ਲੈਣ ਵਿੱਚ ਸ਼ਾਮਲ ਸੀ। ਲਾਰੈਂਸ ਬਿਸ਼ਨੋਈ ਪੰਜਾਬ ਦੀ ਬਠਿੰਡਾ ਜੇਲ੍ਹ ਤੇ ਦਿੱਲੀ ਦੀ ਤਿਹਾੜ ਜੇਲ੍ਹ ਸਣੇ ਵੱਖ-ਵੱਖ ਜੇਲ੍ਹਾਂ ਵਿੱਚ ਕੈਦ ਰਿਹਾ ਹੈ। ਫ਼ਿਲਹਾਲ ਉਹ ਭਾਰਤ ਦੇ ਗੁਜਰਾਤ ਸੂਬੇ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਹੈ।

ਵੱਖ-ਵੱਖ ਮੌਕਿਆਂ ਉੱਤੇ ਸਿਆਸੀ ਆਗੂਆਂ ਤੇ ਕਾਰਕੁਨਾਂ ਵੱਲੋਂ ਇਹ ਸਵਾਲ ਖੜ੍ਹਾ ਕੀਤਾ ਜਾਂਦਾ ਰਿਹਾ ਹੈ ਕਿ 'ਆਖ਼ਰ ਜੇਲ੍ਹ ਵਿੱਚ ਬੰਦ ਇੱਕ ਅਪਰਾਧੀ ਜੇਲ੍ਹ ਤੋਂ ਬਾਹਰ ਹੁੰਦੀਆਂ ਅਜਿਹੀਆਂ ਅਪਰਾਧਕ ਗਤੀਵਿਧੀਆਂ 'ਚ ਸਰਗਰਮ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ।' ਇਸ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਧਮਕੀਆਂ ਦਿੱਤੇ ਜਾਣ ਦੇ ਮਾਮਲੇ ਵਿੱਚ ਵੀ ਉਨ੍ਹਾਂ ਦਾ ਨਾਮ ਸਾਹਮਣੇ ਆਉਂਦਾ ਹੈ। ਅਪ੍ਰੈਲ 2024 ਵਿੱਚ ਸਲਮਾਨ ਖਾਨ ਦੇ ਘਰ ਦੇ ਬਾਹਰ ਹੋਈ ਫਾਇਰਿੰਗ ਦੇ ਕੇਸ ਵਿੱਚ ਵੀ ਲਾਰੈਂਸ ਬਿਸ਼ਨੋਈ ਦਾ ਨਾਮ ਸਾਹਮਣੇ ਆਇਆ ਸੀ।

# ਸ਼ਹੀਦ ਭਾਈ ਗੁਰਚਰਨਜੀਤ ਸਿੰਘ ਜੀ ਦੀ ਧਰਮ ਪਤਨੀ ਅਤੇ ਭਾਈ ਹਰਵਿੰਦਰ ਸਿੰਘ (ਯੂ.ਕੇ.) ਦੇ ਸਤਿਕਾਰਯੋਗ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ - ਵਰਲਡ ਸਿੱਖ ਪਾਰਲੀਮੈਂਟ

**ਭਾਈ ਹਰਵਿੰਦਰ ਸਿੰਘ (ਯੂ.ਕੇ.) ਦੇ ਸਤਿਕਾਰਯੋਗ ਮਾਤਾ ਜੀ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਸ਼ਹੀਦ, ਭਾਈ ਗੁਰਚਰਨਜੀਤ ਸਿੰਘ ਜੀ ਦੀ ਧਰਮ ਪਤਨੀ, ਆਪਣੇ ਸੰਸਾਰਕ ਸਫ਼ਰ ਨੂੰ ਪੂਰਾ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।**

ਮਾਤਾ ਜੀ ਨੇ ਇੱਕ ਅਜਿਹੇ ਜੀਵਨ ਸਾਥੀ ਦਾ ਸਾਥ ਨਿਭਾਇਆ ਜਿਨ੍ਹਾਂ ਨੇ ਕੌਮ ਦੀ ਆਨ ਅਤੇ ਸ਼ਾਨ ਲਈ ਇੱਕ ਨਵੰਬਰ 1984 ਨੂੰ ਹਕੂਮਤ ਦੀ ਸ਼ਹਿ 'ਤੇ ਚੜ੍ਹ ਕੇ ਆਈਆਂ ਹਿੰਸਕ ਭੀੜਾਂ ਦਾ ਡੱਟ ਕੇ ਮੁਕ-ਾਬਲਾ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ। ਅਜਿਹੇ ਸੂਰਬੀਰ ਯੋਧੇ ਦੀ ਪਤਨੀ ਅਤੇ ਇੱਕ ਗੁਰਸਿੱਖ ਪਰਿਵਾਰ ਦੀ ਪਾਲਣਹਾਰ ਹੋਣ ਦੇ ਨਾਤੇ ਮਾਤਾ ਜੀ ਦਾ ਜੀਵਨ ਵੀ ਸਿਦਕ, ਸਬਰ ਅਤੇ ਕੁਰਬਾਨੀ ਦੀ ਇੱਕ ਮਿਸਾਲ ਹੈ।

ਇਸ ਦੁੱਖ ਦੀ ਘੜੀ ਵਿੱਚ, ਵਰਲਡ ਸਿੱਖ ਪਾਰਲੀਮੈਂਟ ਸਮੂਹ ਪਰਿਵਾਰ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਅਸੀਂ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਹੋਈ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਇਸ ਕਦੇ ਨਾ ਪੂਰੇ ਹੋਣ ਵਾਲੇ ਘਾਟੇ ਨੂੰ ਸਹਿਣ ਅਤੇ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਅਮਰੀਕਾ ਨੇ 3 ਭਾਰਤੀ ਮੁਲਾਜਮਾਂ ਦਾ H-1B ਵੀਜ਼ਾ ਕੀਤਾ ਰੱਦ, ਇਜਾਜ਼ਤ ਤੋਂ ਵੱਧ ਸਮੇਂ ਲਈ ਰੁਕੇ ਸਨ ਭਾਰਤ

ਆਬੂਧਾਬੀ ਏਅਰਪੋਰਟ ਤੇ ਅਮਰੀਕਾ ਵਿਚ H-1B ਵੀਜ਼ੇ ਤੇ ਕੰਮ ਕਰਨ ਵਾਲੇ ਤਿੰਨ ਭਾਰਤੀਆਂ ਨੂੰ US ਵਿਚ ਐਂਟਰੀ ਤੋਂ ਰੋਕ ਦਿੱਤਾ ਗਿਆ। ਨਾਲ ਹੀ ਅਮਰੀਕੀ ਅਧਿਕਾਰੀਆਂ ਨੇ ਉਨ੍ਹਾਂ ਦੇ H-1B ਵੀਜ਼ਾ ਰੱਦ ਕਰ ਦਿੱਤਾ। ਇਨ੍ਹਾਂ ਲੋਕਾਂ ਨੇ ਭਾਰਤ ਵਿਚ ਇਜਾਜ਼ਤ ਤੋਂ ਜ਼ਿਆਦਾ ਸਮਾਂ ਬਿਤਾਇਆ ਸੀ।

ਇਕ ਅਧਿਕਾਰੀ ਲਗਭਗ ਤਿੰਨ ਮਹੀਨੇ ਤੱਕ ਭਾਰਤ ਵਿਚ ਰਿਹਾ ਜਦੋਂ ਕਿ ਹੋਰਨਾਂ ਨੇ ਤਿੰਨ ਮਹੀਨੇ ਤੋਂ ਵੱਧ ਸਮੇਂ ਤੱਕ ਓਵਰ ਸਟੇਅ ਕੀਤਾ। ਇਨ੍ਹਾਂ ਭਾਰਤੀ ਨਾਗਰਿਕਾਂ ਕੋਲ ਓਵਰ-ਸਟੇ ਨੂੰ ਜਸਟੀਫਾਈ ਕਰਨ ਲਈ ਐਮਰਜੈਂਸੀ ਪਰੂਫ ਤੇ ਇੰਪਲਾਇਰਸ ਵੱਲੋਂ ਜਾਰੀ ਕੀਤਾ ਗਿਆ ਪੱਤਰ ਸੀ ਪਰ ਫਿਰ ਵੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਭਾਰਤ ਪਰਤਣ ਨੂੰ ਕਿਹਾ।

ਦੱਸ ਦੇਈਏ ਕਿ H-1B ਵੀਜ਼ਾ ਧਾਰਕਾਂ ਲਈ ਅਮਰੀਕਾ ਤੋਂ ਬਾਹਰ ਅਧਿਕਤਮ 60 ਦਿਨ ਰੁਕਣ ਦੀ ਇਜਾਜ਼ਤ ਹੈ, ਉਹ ਵੀ ਵੈਲਿਡ ਰੀਜਨ ਦੇ ਨਾਲ। ਹਾਲਾਂਕਿ ਵੀਜ਼ਾ ਰੱਦ ਹੋਣ ਤੋਂ ਬਚਣ ਲਈ 30-40 ਦਿਨ ਤੋਂ ਜ਼ਿਆਦਾ ਨਹੀਂ ਰੁਕਣਾ ਚਾਹੀਦਾ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com


# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਵਿਸ਼ਵ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਜੀਵਨ ਜੀਊਣ ਦਾ ਸੰਦੇਸ਼ ਦੇ ਰਹੇ ਹਨ-ਜੌਹਲ



***ਅੱਜ ਜਦੋਂ ਦੁਨੀਆਂ ਦੇ ਸਾਰੇ ਦੇਸ਼ ਤੀਜੀ ਸੰਸਾਰ ਜੰਗ ਦੀ ਕਗਾਰ 'ਤੇ ਖੜ੍ਹੇ ਵਿਖਾਈ ਦੇ ਰਹੇ ਹਨ। ਅੱਜ ਸਮੁੱਚੀ ਦੁਨੀਆਂ ਦੇ ਵੱਡੇ ਦੇਸ਼ ਇਕ ਦੂਸਰੇ ਨੂੰ ਅੱਖਾਂ ਵਿਖਾ ਰਹੇ ਹਨ। ਇਸ ਸਬੰਧ ਵਿੱਚ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਮਨੁੱਖ ਨੂੰ ਜੀਵਨ-ਜਾਚ ਦਾ ਸੰਦੇਸ਼ ਦੇ ਰਹੀ ਹੈ। ਵਿਸ਼ਵ ਦੀ ਸ਼ਾਂਤੀ ਲਈ ਸਦਭਾਵਨਾ ਤੇ ਪਿਆਰ ਨਾਲ ਜੀਵਨ ਬਸਰ ਕਰਦਿਆਂ ਪਾਵਨ ਬਾਣੀ ਵਿਸ਼ਵ ਦੀ ਇਕਲੌਤੀ ਆਸ ਵਜੋਂ ਵੱਡੀ ਗਲਵਕੜੀ ਤੇ ਪ੍ਰੇਮ ਦੀਆਂ ਪੱਕੀਆਂ ਤੇ ਪੀਡੀਆਂ ਗੰਢਾਂ ਪਾਕੇ ਸਰਬੱਤ ਦੇ ਭਲੇ ਲਈ ਮੂਹਰੀ ਰੋਲ ਨਿਭਾ ਰਹੀ ਹੈ।***

ਇਹ ਵਿਚਾਰ ਗੁਰਦੁਆਰਾ ਸ੍ਰੀ ਗੁਰੂ ਹਰਰਾਇ ਸਾਹਿਬ ਵੈਸਟ-ਬਰੋਮਿਚ ਬਰਮਿੰਘਮ (ਯੂ.ਕੇ.) ਵਿਖੇ ਰਸੀ ਹੋਈ ਆਤਮਾ ਬਾਬਾ ਬਿਸ਼ਨ ਸਿੰਘ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੀ 31ਵੀਂ ਸਲਾਨਾ ਯਾਦ ਵਿੱਚ ਹੋ ਰਹੇ ਗੁਰਮਤਿ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਾਮਿਲ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਸਿੱਖ ਚਿੰਤਕ ਤੇ ਪੰਥ ਦੇ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਪ੍ਰਗਟ ਕੀਤੇ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਦਇਆ ਸਿੰਘ ਅਤੇ ਸਮੁੱਚੇ ਪ੍ਰਬੰਧਕਾਂ ਨੇ ਸ. ਜੌਹਲ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਵੀ ਕੀਤਾ। ਸਮਾਗਮ ਤੋਂ ਉਪਰੰਤ ਭਾਈ ਦਇਆ ਸਿੰਘ ਨੇ ਅੱਜ ਦੇ ਗੁਰਮਤਿ ਸਮਾਗਮ ਵਿੱਚ ਸ਼ਾਮਿਲ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਲੰਮਾਂ ਸਮਾਂ ਮੁਖੀ ਰਹੇ ਬਾਬਾ ਬਿਸ਼ਨ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ ਤੇ ਸਿਮਰਨ ਵਿੱਚ ਪ੍ਰਪੱਕ ਹੋਣ ਲਈ ਬੇਨਤੀ ਵੀ ਕੀਤੀ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ



*ਭਾਗ ਲੈਣ ਵਾਲੇ ਸਮੂਹ ਕਵੀਆਂ ਨੂੰ ਸ: ਜਰਨੈਲ ਸਿੰਘ ਰਾਣਾ, ਗਿ: ਬਲਵੰਤ ਸਿੰਘ ਲਿੱਤਰਾਂਵਾਲਿਆਂ ਅਤੇ ਗਿ: ਸੁਖਚੈਨ ਸਿੰਘ ਨੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ।*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤ ਦੇ ਸਹਿਯੋਗ ਨਾਲ ਗੁਰੂ ਨਾਨਕ ਸੰਗੀਤ ਸਭਾ ਲੰਡਨ ਵੱਲੋਂ ਸੰਗੀਤ ਅਚਾਰੀਆ ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂਵਾਲਿਆਂ ਦੇ ਸ਼ਲਾਘਾ ਯੋਗ ਉੱਦਮ ਦੁਆਰਾ ਵਿਸ਼ੇਸ਼ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਜਾਏ ਗਏ ਦੀਵਾਨ ਵਿੱਚ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਜੀ ਨੇ ਆਪਣੇ ਸਾਥੀਆਂ ਸਹਿਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗਿਆਨੀ ਬਲਵੰਤ ਸਿੰਘ ਲਿੱਤਰਾਂ ਦੀ ਅਗਵਾਈ ਵਿੱਚ ਕਵੀ ਦਰਬਾਰ ਦੀ ਅਰੰਭਤਾ ਕੀਤੀ ਗਈ, ਜਿਸ ਵਿੱਚ ਕਵੀਆਂ ਦੇ ਨਾਇਕ ਸ: ਮਹਿੰਦਰ ਪਾਲ ਸਿੰਘ ਗਿਆਨੀ ਜਤਿੰਦਰ ਸਿੰਘ, ਬੇਟੀ ਕਿਰਨਦੀਪ ਕੌਰ, ਰਣਧੀਰ ਸਿੰਘ ਸੰਭਲ, ਬੀਬੀ ਅਮਰਜੀਤ ਕੌਰ ਰਾਣਾ, ਸੰਤੋਖ ਸਿੰਘ ਜੀ ਅਟਵਾਲ, ਭਾਈ ਮਨਵਿੰਦਰ ਸਿੰਘ, ਭਾਈ ਰਾਮ ਸਿੰਘ ਜੀ ਫਰਵਾਲਾ, ਸ: ਕੁਲਦੀਪ ਸਿੰਘ ਭੰਮਰਾ ਇਤਿਆਦਿ ਉਚੇਚੇ ਤੌਰ 'ਤੇ ਕਵੀਆਂ ਸੰਗਤਾਂ ਨੂੰ ਕਿਰਤਾਰਥ ਕੀਤਾ, ਸਟੇਜ ਸੰਚਾਲਨ ਸ: ਜਸਪਾਲ ਸਿੰਘ ਢਿੱਲੋਂ ਨੇ ਅਤੇ ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂਵਾਲਿਆਂ ਨੇ ਸਾਹਿਤ ਕਲਾ ਦੀ ਰੋਸ਼ਨੀ ਵਿੱਚ ਬਾਖੂਬੀ ਨਿਭਾਇਆ। ਅੰਤ ਵਿੱਚ ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂਵਾਲੇ, ਸ: ਜਰਨੈਲ ਸਿੰਘ ਰਾਣਾ, ਗਿਆਨੀ ਸੁਖਚੈਨ ਸਿੰਘ ਹੈੱਡ ਗ੍ਰੰਥੀ ਨੇ ਪ੍ਰਬੰਧਕ ਕਮੇਟੀ ਤੇ ਸੰਗਤ ਦਾ ਧੰਨਵਾਦ ਕਰਦਿਆਂ ਆਗਮਨ ਦਿਵਸ ਦੀ ਵਧਾਈ ਦਿੰਦਿਆਂ ਸਮੂਹ ਕਵੀ ਜਨਾ ਅਤੇ ਭਾਈ ਹਰਜਿੰਦਰ ਸਿੰਘ, ਭਾਈ ਜਸਪਾਲ ਸਿੰਘ ਢਿੱਲੋਂ ਨੂੰ ਗੁਰੂ ਘਰ ਵੱਲੋਂ ਸਿਰੋਪਾਉ ਦੀ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ।

## ਕਰਾਈਮ ਨਿਊਜ਼

## ਦਿਹਾਤੀ ਪੁਲਿਸ ਵਲੋਂ 6 ਕਿਲੋ ਹੈਰੋਇਨ ਤੇ ਪਿਸਤੌਲ ਸਮੇਤ 2 ਸਮਗਲਰ ਗ੍ਰਿਫ਼ਤਾਰ



ਅੰਮ੍ਰਿਤਸਰ-ਅੰਮ੍ਰਿਤਸਰ (ਦਿਹਾਤੀ) ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਹੈਰੋਇਨ ਤਸਕਰੀ ਕਰਨ ਵਾਲੇ ਗਿਰੋਹ ਦੇ ਦੋ ਤਸਕਰਾਂ ਲਵਪ੍ਰੀਤ ਸਿੰਘ ਉਰਫ਼ ਲਵ ਅਤੇ ਬਲਵਿੰਦਰ ਸਿੰਘ ਬੌਬੀ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਛੇ ਕਿਲੋ 15 ਗ੍ਰਾਮ ਹੈਰੋਇਨ, ਇੱਕ 30 ਬੋਰ ਪਿਸਤੌਲ, ਚਾਰ ਕਾਰਤੂਸ ਅਤੇ ਦਸ ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ ਅਤੇ ਮਾਮਲਾ ਦਰਜ ਕੀਤਾ ਗਿਆ ਹੈ।

ਐਸਐਸਪੀ ਮਨਿੰਦਰ ਸਿੰਘ ਅਨੁਸਾਰ ਦੋਵੇਂ ਮੁਲਜ਼ਮ ਪਾਕਿਸਤਾਨੀ ਤਸਕਰਾਂ ਦੇ ਸੰਪਰਕ ਵਿੱਚ ਹਨ ਅਤੇ ਲੰਬੇ ਸਮੇਂ ਤੋਂ ਪਾਕਿਸਤਾਨ ਤੋਂ ਹੈਰੋਇਨ ਦੀ ਖੇਪ ਸਪਲਾਈ ਕਰ ਰਹੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਲਵਪ੍ਰੀਤ ਸਿੰਘ ਅਤੇ ਬਲਵਿੰਦਰ ਸਿੰਘ ਨੇ ਹੈਰੋਇਨ ਸਪਲਾਈ ਕਰਨ ਲਈ ਇੱਕ ਗਿਰੋਹ ਬਣਾਇਆ ਹੈ ਅਤੇ ਇਸ ਗਿਰੋਹ ਵਿੱਚ ਦਸ ਤੋਂ ਵੱਧ ਮੈਂਬਰ ਸ਼ਾਮਲ ਹਨ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕਰ ਰਹੇ ਸਨ।

### -ਮਾਮਲਾ ਕਰਜ਼ਾ ਦਿਵਾਉਣ ਦੀ ਆੜ ਵਿਚ ਲੋਕਾਂ ਨਾਲ ਠੱਗੀਆਂ ਮਾਰਨ ਦਾ-

# ਅੰਤਰਰਾਜੀ ਗਰੋਹ ਦੇ 6 ਮੈਂਬਰ ਗ੍ਰਿਫ਼ਤਾਰ

## ✪ 67 ਮੋਬਾਈਲ, 18 ਏ.ਟੀ.ਐਮ., 17 ਸਿੰਮ ਕਾਰਡ, ਇਕ ਲੈਪਟਾਪ, 55 ਹਜ਼ਾਰ ਰੁਪਏ ਦੀ ਨਗਦੀ ਬਰਾਮਦ



ਬਰਨਾਲਾ-ਜ਼ਿਲ੍ਹਾ ਸਾਈਬਰ ਕ੍ਰਾਈਮ ਵਲੋਂ ਕਾਲ ਸੈਂਟਰ ਰਾਹੀਂ ਲੋਨ ਕਰਵਾਉਣ ਦੀ ਆੜ ਵਿਚ ਭੋਲੇ ਭਾਲੇ ਲੋਕਾਂ ਨਾਲ ਕਰੋੜਾਂ ਦੀਆਂ ਠੱਗੀਆਂ ਮਾਰਨ ਵਾਲੇ ਇੰਟਰ ਸਟੇਟ ਗਰੋਹ ਦੇ 6 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਐਸ.ਐਸ.ਪੀ. ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਲੰਘੀ 9 ਜੂਨ ਨੂੰ ਤੇਜਾ ਸਿੰਘ ਤਲਵੰਡੀ ਨੇ ਜ਼ਿਲ੍ਹਾ ਸਾਈਬਰ ਕ੍ਰਾਈਮ ਕੋਲ ਇਕ ਬਿਆਨ ਦਰਜ ਕਰਵਾਏ ਸਨ ਕਿ ਉਸ ਕੋਲ ਕਿਸੇ ਨਾਮਾਲੂਮ ਵਿਅਕਤੀ ਦਾ ਫ਼ੋਨ ਆਇਆ ਸੀ ਜਿਸ ਨੇ ਕਿਹਾ ਕਿ ਮੈਂ ਤੁਹਾਡਾ 10 ਲੱਖ ਰੁਪਏ ਦਾ ਲੋਨ ਕਰਵਾ ਦੇਵਾਂਗਾ। ਜਿਸ ਬਦਲੇ ਉਸ ਨੇ ਮੁੱਦਈ ਤੋਂ ਪਹਿਲਾਂ 70 ਹਜ਼ਾਰ ਰੁਪਏ ਅਤੇ ਫਿਰ 21 ਹਜ਼ਾਰ 499 ਰੁਪਏ ਆਪਣੇ ਵਲੋਂ ਦੱਸੇ ਹੋਏ ਖਾਤੇ ਵਿਚ ਪਵਾ ਲਏ ਸਨ।

ਬਾਅਦ ਵਿਚ ਉਸ ਵਿਅਕਤੀ ਨੇ ਆਪਣਾ ਫ਼ੋਨ ਬੰਦ ਕਰ ਲਿਆ। ਮੁੱਦਈ ਤੇਜਾ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਸਾਈਬਰ ਕ੍ਰਾਈਮ ਵਲੋਂ ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਵਲੋਂ ਇਸ ਮਾਮਲੇ ਸੰਬੰਧੀ ਇਕ ਵੱਖਰੀ ਟੀਮ ਬਣਾਈ ਗਈ। ਟੀਮ ਨੂੰ ਪਤਾ ਲੱਗਿਆ ਕਿ ਕੁਝ ਵਿਅਕਤੀਆਂ ਨੇ ਗਰੋਹ ਬਣਾਇਆ ਹੋਇਆ ਹੈ। ਉਹ ਕਾਲ ਸੈਂਟਰ ਰਾਹੀਂ ਲੋਕਾਂ ਨਾਲ ਠੱਗੀਆਂ ਮਾਰਦੇ ਹਨ ਤਾਂ ਸਾਈਬਰ ਕ੍ਰਾਈਮ ਟੀਮ ਵਲੋਂ ਕਾਲ ਸੈਂਟਰ ਢਕੋਲੀ (ਜ਼ੀਰਕਪੁਰ) ਵਿਖੇ ਛਾਪੇਮਾਰੀ ਕੀਤੀ ਗਈ। ਛਾਪੇਮਾਰੀ ਦੌਰਾਨ ਪਵਨ ਕੁਮਾਰ ਮੁਬਾਰਕਪੁਰ (ਐਸ.ਏ.ਐਸ. ਨਗਰ), ਪਵਨ ਮੇਵਾਰਾ ਗਾਜ਼ੀਆਬਾਦ (ਉਤਰ ਪ੍ਰਦੇਸ਼) ਹਾਲ ਆਬਾਦ ਜੋਧਪੁਰ (ਰਾਜਸਥਾਨ), ਅੰਬਿਕਾ ਡਿਰਮੋਲੀ, ਸ਼ਿਮਲਾ (ਹਿਮਾਚਲ ਪ੍ਰਦੇਸ਼), ਜੀ ਚੈਨਾ ਰੈਡੀ ਵਾਸੀ ਕੱੜਪਾ (ਆਂਧਰਾ ਪ੍ਰਦੇਸ਼), ਜੱਦਾ ਵੀਰਾ ਸ਼ਿਵਾ ਭਾਗਿਆਰਾਜ ਵਾਸੀ ਆਂਧਰਾ ਪ੍ਰਦੇਸ਼ ਅਤੇ ਕੋਨਾ ਚਿਰਨਜੀਵੀ ਵਿਸਾਖਾਪਟਨਮ (ਆਂਧਰਾ ਪ੍ਰਦੇਸ਼) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦਕਿ ਇਸ ਗਰੋਹ ਦਾ ਮੁਖ ਸਰਗਨਾ ਅਮਿਤ ਕੁਮਾਰ ਜ਼ੀਰਕਪੁਰ ਫ਼ਰਾਰ ਹੈ। ਗ੍ਰਿਫ਼ਤਾਰ 6 ਜਣਿਆਂ ਤੋਂ 67 ਮੋਬਾਈਲ, 18 ਏ.ਟੀ.ਐਮ., 17 ਸਿੰਮ ਕਾਰਡ, ਇਕ ਲੈਪਟਾਪ, ਇਕ ਸੀ.ਪੀ.ਯੂ., 55 ਹਜ਼ਾਰ ਰੁਪਏ ਦੀ ਨਗਦੀ ਵੀ ਬਰਾਮਦ ਹੋਈ ਹੈ।

### -ਮਾਮਲਾ 30 ਲੱਖ ਦੀ ਫ਼ਿਰੌਤੀ ਲਈ ਡਾਕਟਰ ਦੇ ਘਰ 'ਤੇ ਗੋਲੀਆਂ ਚਲਾਉਣ ਦਾ-

## ਫਿਰੌਤੀ ਮੰਗਣ ਦੇ ਦੋਸ਼ ਹੇਠ ਕੌਮਾਂਤਰੀ ਕਬੱਡੀ ਖਿਡਾਰੀ ਗ੍ਰਿਫ਼ਤਾਰ

✪ ਪੁਲਿਸ ਵਲੋਂ 6 ਹੋਰਾਂ ਦੀ ਭਾਲ ਜਾਰੀ



ਅੰਮ੍ਰਿਤਸਰ-ਦਿਹਾਤੀ ਖੇਤਰ ਦੇ ਥਾਣਾ ਲੋਪੋਕੇ ਦੀ ਪੁਲਿਸ ਵਲੋਂ 30 ਲੱਖ ਦੀ ਫਿਰੌਤੀ ਲਈ ਇਕ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਕੌਮਾਂਤਰੀ ਕਬੱਡੀ ਖਿਡਾਰੀ ਗੁਰਲਾਲ ਸਿੰਘ ਵਾਸੀ ਪਿੰਡ ਸੋਹਲ ਠੱਠੀ ਜ਼ਿਲ੍ਹਾ ਤਰਨ ਤਾਰਨ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਪਾਸੋਂ ਪੁਲਿਸ ਨੇ 30 ਬੋਰ ਦਾ ਇਕ ਪਿਸਤੌਲ ਸਮੇਤ 2 ਮੈਗਜ਼ੀਨ ਤੇ ਕਾਰ ਵੀ ਬਰਾਮਦ ਕੀਤੀ ਹੈ। ਇਹ ਪ੍ਰਗਟਾਵਾ ਐੱਸ. ਐੱਸ. ਪੀ. ਮਨਿੰਦਰ ਸਿੰਘ ਨੇ ਕਰਦਿਆਂ ਦੱਸਿਆ ਕਿ ਬੀਤੇ 5 ਜੂਨ ਨੂੰ ਡਾ. ਯੁਵਰਾਜ ਨੰਦਾ ਵਾਸੀ ਭੀਲੋਵਾਲ ਪੱਕਾ ਨੇ ਥਾਣਾ ਲੋਪੋਕੇ ਪੁਲਿਸ ਨੂੰ ਇਤਲਾਹ ਦਿੱਤੀ ਕਿ ਉਸਦੇ ਘਰ ਤੇ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਫਿਰੌਤੀ ਲਈ ਗੋਲੀਆਂ ਚਲਾ ਕੇ ਜਾਨ ਲੇਵਾ ਹਮਲਾ ਕੀਤਾ ਗਿਆ ਹੈ। ਇਸ ਸੰਬੰਧੀ ਪਰਚਾ ਦਰਜ ਕਰਕੇ ਕੀਤੀ ਤਫਤੀਸ਼ ਵਿਚ ਉਕਤ ਗੁਰਲਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤਾ ਮੁਲਜ਼ਮ ਇਕ ਨਾਮੀ ਖਿਡਾਰੀ ਹੈ ਅਤੇ ਉਸਨੇ ਦੱਸਿਆ ਕਿ ਇਸ ਵਾਰਦਾਤ ਵਿਚ ਉਸ ਨਾਲ 6 ਹੋਰ ਵਿਅਕਤੀ ਸ਼ਾਮਿਲ ਹਨ। ਜਿਨ੍ਹਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਡਰੋਨ ਰਾਹੀਂ ਸੁੱਟੀ 7.4 ਆਈਸ ਡਰੱਗ ਬੀਐੱਸਐੱਫ ਵਲੋਂ ਜ਼ਬਤ

ਅੰਮ੍ਰਿਤਸਰ-ਸੀਮਾ ਸੁਰੱਖਿਆ ਬਲ (ਬੀਐੱਸਐੱਫ) ਨੇ ਪਾਕਿਸਤਾਨ ਤੋਂ ਡਰੋਨ ਰਾਹੀਂ ਕੌਮਾਂਤਰੀ ਸਰਹੱਦ ਨੇੜੇ ਛੁੱਟੀ ਗਈ 7.4 ਕਿਲੋਗ੍ਰਾਮ ਆਈਸ ਜ਼ਬਤ ਕੀਤੀ ਹੈ। ਆਈਸ ਜਾਂ ਕ੍ਰਿਸਟਲ ਮਿਥ ਵਜੋਂ ਜਾਣੇ ਜਾਂਦੇ ਮੈਥਾਮਫੈਟਾਮਾਈਨ ਦੀ ਬਰਾਮਦ ਕੀਤੀ ਇਹ ਸਭ ਤੋਂ ਵੱਡੀ ਖੇਪ ਹੈ। ਬੀਐੱਸਐੱਫ ਨੇ ਇਸ ਨੂੰ ਨਸ਼ਟ ਕਰ ਦਿੱਤਾ ਹੈ। ਇਸ ਦੌਰਾਨ ਡਰੋਨ ਅਤੇ ਇਸ ਨਾਲ ਬੰਨ੍ਹਿਆ ਇੱਕ ਵੱਡਾ ਕਾਲੇ ਰੰਗ ਦਾ ਬੈਗ ਬਰਾਮਦ ਹੋਇਆ। ਖੋਲ੍ਹਣ 'ਤੇ ਇਸ ਵਿੱਚੋਂ ਆਈਸ (ਮੈਥਾਮਫੈਟਾਮਾਈਨ) ਦੇ ਸੱਤ ਪੈਕੇਟ ਮਿਲੇ।

## ਲੜਕੇ ਤੇ ਲੜਕੀ ਵਲੋਂ ਪਿਸਤੌਲ ਦਿਖਾ ਕੇ ਸਾਬਕਾ ਫ਼ੌਜੀ ਤੋਂ 15 ਲੱਖ ਰੁਪਏ ਲੁੱਟੇ

ਕੋਟਫੱਤਾ (ਬਠਿੰਡਾ)-ਥਾਣਾ ਕੋਟਫੱਤਾ ਅਧੀਨ ਪੈਂਦੇ ਪਿੰਡ ਗਹਿਰੀ ਬਾਰਾ ਸਿੰਘ ਕੋਲੋਂ ਇਕ ਲੜਕੇ ਤੇ ਲੜਕੀ ਵਲੋਂ ਪਿਸਤੌਲ ਦਿਖਾ ਕੇ ਇਕ ਸਾਬਕਾ ਫ਼ੌਜੀ ਅਵਤਾਰ ਸਿੰਘ ਤੋਂ 15 ਲੱਖ ਰੁਪਏ ਉਦੋਂ ਖੋਹ ਲਏ ਗਏ, ਜਦੋਂ ਬਠਿੰਡਾ ਦੇ ਇਕ ਬੈਂਕ ਤੋਂ ਪੈਸੇ ਲੈ ਕੇ ਵਾਪਸ ਆਪਣੇ ਪਿੰਡ ਜਾ ਰਿਹਾ ਸੀ। ਥਾਣਾ ਕੋਟਫੱਤਾ ਮੁਖੀ ਜਸਵਿੰਦਰ ਕੌਰ ਨੇ ਦੱਸਿਆ ਕਿ ਸਾਬਕਾ ਫੌਜੀ ਬਠਿੰਡਾ ਦੇ ਆਈ.ਡੀ.ਐਫ.ਸੀ. ਬੈਂਕ ਤੋਂ 15 ਲੱਖ ਰੁਪਏ ਕਢਵਾ ਕੇ ਆਪਣੇ ਪਿੰਡ ਕੋਟਲੀ ਖੁਰਦ ਜਾ ਰਿਹਾ ਸੀ, ਕਿ ਬਠਿੰਡਾ-ਮਾਨਸਾ ਰੋਡ 'ਤੇ ਕੋਟਸ਼ਮੀਰ ਕੋਲ ਇਕ ਪ੍ਰਾਈਵੇਟ ਸਕੂਲ ਦੇ ਨਜ਼ਦੀਕ ਇਕ ਲੜਕੇ ਤੇ ਲੜਕੀ ਵਲੋਂ ਲਿਫ਼ਟ ਮੰਗੀ ਗਈ। ਸਾਬਕਾ ਫ਼ੌਜੀ ਨੇ ਇਸ ਲੜਕੇ ਤੇ ਲੜਕੀ ਨੂੰ ਲਿਫ਼ਟ ਦੇ ਦਿੱਤੀ, ਜਿਨ੍ਹਾਂ ਨੇ ਪਿੰਡ ਗਹਿਰੀ ਬਾਰਾ ਸਿੰਘ ਨਜ਼ਦੀਕ ਜਾਕੇ ਪਿਸਤੌਲ ਦਿਖਾ ਕੇ ਉਸ ਕੋਲੋਂ 15 ਲੱਖ ਰੁਪਏ ਖੋਹ ਲਏ ਤੇ ਉੱਥੇ ਖੜੀ ਆਲਟੋ ਗੱਡੀ 'ਤੇ ਆਪਣੇ ਸਾਥੀ ਨਾਲ ਸਵਾਰ ਹੋ ਕੇ ਪਿੰਡ ਗਹਿਰੀ ਬਾਰਾ ਸਿੰਘ ਵੱਲ ਫ਼ਰਾਰ ਹੋ ਗਏ। ਮੁੱਦਈ ਨੇ ਦੱਸਿਆ ਕਿ ਉਸ ਨੂੰ ਕੋਈ ਜ਼ਹਿਰੀ ਵਸਤੂ ਸੁੰਘਾ ਦਿੱਤੀ ਗਈ, ਜਿਸ ਕਰਕੇ ਉਹ ਏਮਜ਼ ਹਸਪਤਾਲ ਬਠਿੰਡਾ ਵਿਚ ਦਾਖ਼ਲ ਹੈ। ਪੁਲਿਸ ਮੁਤਾਬਿਕ ਮਾਮਲਾ ਸ਼ੱਕੀ ਲੱਗਦਾ ਹੈ, ਜਿਸ ਕਰਕੇ ਪੁਲਿਸ ਵਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸੈਕਸੁਅਲ ਹਰਾਸਮੈਂਟ ਦੇ ਦੋਸ਼ਾਂ ਕਾਰਣ ਪੰਜਾਬੀ ਯੂਵਰਸਿਟੀ ਦੇ ਪੰਜਾਬੀ ਵਿਭਾਗ ਦਾ ਪ੍ਰੋਫੈਸਰ ਸਸਪੈਂਡ

ਪਟਿਆਲਾ-ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਗੁਰਜੰਟ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਯੂਨੀਵਰਸਿਟੀ ਮੁਤਾਬਕ ਵਿਦਿਆਰਥਣਾਂ ਨੇ ਸਹਾਇਕ ਪ੍ਰੋ. ਗੁਰਜੰਟ ਖਿਲਾਫ਼ ਉਨ੍ਹਾਂ ਤੰਗ ਨੂੰ ਪਰੇਸ਼ਾਨ ਕਰਨ ਸਬੰਧੀ ਸ਼ਿਕਾਇਤ ਦਿੱਤੀ ਸੀ। ਪੜਤਾਲ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਨੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਗੁਰਜੰਟ ਸਿੰਘ ਦੀ ਮੁਅੱਤਲੀ ਦਾ ਹੁਕਮ ਜਾਰੀ ਕੀਤਾ ਹੈ।

ਰਜਿਸਟਰ ਵੱਲੋਂ ਜਾਰੀ ਪੱਤਰ ਮੁਤਾਬਕ ਪੰਜਾਬੀ ਯੂਨੀਵਰਸਿਟੀ ਦੇ ਪ੍ਰੀਵੈਂਸ਼ਨ ਆਫ ਸੈਕਸੁਅਲ ਹਰਾਸਮੈਂਟ ਆਫ ਵੂਮਨ ਐਟ ਵਰਕ ਪਲੇਸ ਸੈੱਲ ਨੂੰ ਮਿਲੀ ਸ਼ਿਕਾਇਤ ਦੀ ਜਾਂਚ ਰਿਪੋਰਟ ਦੇ ਅਧਾਰ 'ਤੇ ਵਾਈਸ ਚਾਂਸਲਰ ਦੇ ਹੁਕਮਾਂ ਮੁਤਾਬਕ ਪ੍ਰੋ. ਗੁਰਜੰਟ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮੁਅੱਤਲੀ ਦੌਰਾਨ ਪ੍ਰੋ. ਗੁਰਜੰਟ ਦਾ ਹੈੱਡ ਕੁਆਰਟਰ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦਸਿਆ ਜਾਂਦਾ ਹੈ।

# ਮਾਛੀਵਾੜਾ ਵਿੱਚ ਵਿਆਹੁਤਾ ਨੇ ਅੱਗ ਲਗਾ ਕੀਤੀ ਆਤਮਹੱਤਿਆ, ਸੱਸ-ਪਤੀ 'ਤੇ ਦੋਸ਼



ਮਾਛੀਵਾੜਾ-ਥਾਣਾ ਕੂੰਮਕਲਾਂ ਅਧੀਨ ਪੈਂਦੇ ਪਿੰਡ ਰੌੜ ਦੀ ਵਾਸੀ ਪਿੰਕੀ ਕੌਰ (29), ਜੋ ਨੇੜਲੇ ਪਿੰਡ ਢੋਲਣਵਾਲ ਵਿਖੇ ਵਿਆਹੀ ਸੀ, ਨੇ ਆਪਣੇ ਸਹੁਰੇ ਘਰ ਵਿੱਚ ਅੱਗ ਲਗਾ ਕੇ ਆਤਮਹੱਤਿਆ ਕਰ ਲਈ। ਮ੍ਰਿਤਕਾ ਦੇ ਭਰਾ ਫਤਹਿ ਸਿੰਘ ਨੇ ਦੱਸਿਆ ਕਿ ਪਿੰਕੀ ਦਾ ਵਿਆਹ ਡੇਢ ਸਾਲ ਪਹਿਲਾਂ ਅੰਗਰੇਜ਼ ਸਿੰਘ ਨਾਲ ਹੋਇਆ ਸੀ। ਵਿਆਹ ਸਮੇਂ ਪਰਿਵਾਰ ਨੇ ਪੂਰੇ ਰੀਤੀ-ਰਿਵਾਜ਼ਾਂ ਨਾਲ ਸਮਰੱਥਾ ਤੋਂ ਵੱਧ ਦਾਜ ਦਿੱਤਾ। ਪਰ, ਵਿਆਹ ਤੋਂ ਬਾਅਦ ਪਤੀ ਅੰਗਰੇਜ਼ ਸਿੰਘ ਅਤੇ ਸੱਸ ਹੁਕਮ ਕੌਰ ਨੇ ਘੱਟ ਦਾਜ ਦੇ ਕਾਰਨ ਪਿੰਕੀ ਨੂੰ ਤੰਗ-ਪ੍ਰੇਸ਼ਾਨ ਕੀਤਾ ਅਤੇ ਅਕਸਰ ਝਗੜੇ ਕੀਤੇ। 16 ਜੂਨ ਨੂੰ ਪਿੰਕੀ ਨੇ ਸਹੁਰੇ ਘਰ ਵਿੱਚ ਆਪਣੇ ਆਪ ਨੂੰ ਅੱਗ ਲਗਾ ਲਈ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਉਸ ਨੂੰ ਸੀਐਮਸੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਨੇ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਦਮ ਤੋੜ ਦਿੱਤਾ। ਫਤਹਿ ਸਿੰਘ ਨੇ ਸ਼ੱਕ ਜਤਾਇਆ ਕਿ ਪਿੰਕੀ ਨੂੰ ਅੱਗ ਲਗਾ ਕੇ ਸਾੜਿਆ ਗਿਆ ਹੋ ਸਕਦਾ ਹੈ ਥਾਣਾ ਮੁਖੀ ਜਗਦੀਪ ਸਿੰਘ ਗਿੱਲ ਨੇ ਦੱਸਿਆ ਕਿ ਪਿੰਕੀ ਦੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਸੱਸ ਹੁਕਮ ਕੌਰ ਅਤੇ ਪਤੀ ਅੰਗਰੇਜ਼ ਸਿੰਘ ਖਿਲਾਫ ਆਤਮਹੱਤਿਆ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਨਸ਼ਾ ਤਸਕਰਾਂ 'ਤੇ ਪੁਲਿਸ ਦੀ ਸਖਤ ਕਾਰਵਾਈ, 132 ਗ੍ਰਿਫਤਾਰ

### ✪ 1.08 ਕਿਲੋ ਹੈਰੋਇਨ ਬਰਾਮਦ, 87,540 ਰੁਪਏ ਜ਼ਬਤ

ਚੰਡੀਗੜ੍ਹ-ਬੀਤੇ ਦਿਨੀਂ ਪੰਜਾਬ ਪੁਲਿਸ ਦੀ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਤਹਿਤ 110ਵੇਂ ਦਿਨ 132 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਨੇ 1.08 ਕਿਲੋ ਹੈਰੋਇਨ ਅਤੇ 87,540 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ 110 ਦਿਨਾਂ ਵਿਚ 18,236 ਤਸਕਰ ਫੜੇ ਗਏ ਸਨ।

96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਪੁਲਿਸ ਕਰਮਚਾਰੀਆਂ ਨੇ 544 ਥਾਵਾਂ 'ਤੇ ਛਾਪੇ ਮਾਰੇ, 571 ਮਸ਼ਕੂਕਾਂ ਦੀ ਤਲਾਸ਼ੀ ਲਈ ਅਤੇ 100 ਕੇਸ ਦਰਜ ਕੀਤੇ ਸਨ। ਪੁਲਿਸ ਨੇ 67 ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਮੁੜ-ਵਸੇਬਾ ਕੇਂਦਰਾਂ ਵਿਚ ਭੇਜਣ ਲਈ ਰਾਜ਼ੀ ਕੀਤਾ ਸੀ। ਇਹ ਕਾਰਵਾਈ ਨਸ਼ਿਆਂ ਦੀ ਦਲਦਲ ਵਿਚੋਂ ਨੌਜਵਾਨਾਂ ਨੂੰ ਬਚਾਉਣ ਦੀ ਦਿਸ਼ਾ ਵਿਚ ਮਹੱਤਵਪੂਰਨ ਕਦਮ ਸੀ।

# ਇੰਸਟਾਗ੍ਰਾਮ ਫਾਲੋਅਰ ਘਟਣ 'ਤੇ ਪਤੀ-ਪਤਨੀ ਦਾ ਹੋਇਆ ਝਗੜਾ


### ✪ ਫਾਲੋਅਰ ਘਟਣ ਕਾਰਨ ਮਹਿਲਾ ਨੇ ਪਤੀ 'ਤੇ ਥਾਣੇ 'ਚ ਕੀਤੀ ਸ਼ਿਕਾਇਤ

### ✪ ਸੋਸ਼ਲ ਮੀਡੀਆ ਦੀ ਲਤ ਨੇ ਵਿਗਾੜਿਆ ਵਿਆਹੁਤਾ ਜੀਵਨ

ਚੰਡੀਗੜ੍ਹ-ਉੱਤਰ ਪ੍ਰਦੇਸ਼ ਦੇ ਹਾਪੁੜ ਵਿਚ ਸੋਸ਼ਲ ਮੀਡੀਆ ਦੀ ਲਤ ਕਾਰਨ ਪਤੀ-ਪਤਨੀ ਦਾ ਝਗੜਾ ਪੁਲਿਸ ਥਾਣੇ ਪਹੁੰਚਿਆ। ਨਿਸ਼ਾ ਨਾਮਕ ਮਹਿਲਾ ਨੇ ਦੋਸ਼ ਲਾਇਆ ਕਿ ਪਤੀ ਵਿਜੇਂਦਰ ਦੀਆਂ ਘਰੇਲੂ ਕੰਮਾਂ ਦੀਆਂ ਮੰਗਾਂ ਕਾਰਨ ਉਹ ਇੰਸਟਾਗ੍ਰਾਮ 'ਤੇ ਰੀਲਜ਼ ਬਣਾਉਣ ਲਈ ਸਮਾਂ ਨਹੀਂ ਦੇ ਸਕੀ, ਜਿਸ ਨਾਲ ਉਸ ਦੇ ਦੋ ਫਾਲੋਅਰ ਘਟ ਗਏ। ਗੁੱਸੇ ਵਿਚ ਨਿਸ਼ਾ ਨੇ ਪਤੀ ਨੂੰ ਛੱਡ ਕੇ ਮਾਤਾ-ਪਿਤਾ ਦੇ ਘਰ ਪਿਲਖੁਆ ਚਲੀ ਗਈ ਅਤੇ ਮਹਿਲਾ ਥਾਣੇ ਵਿਚ ਸ਼ਿਕਾਇਤ ਕੀਤੀ। ਵਿਜੇਂਦਰ ਨੇ ਵੀ ਜਵਾਬੀ ਸ਼ਿਕਾਇਤ ਵਿਚ ਕਿਹਾ ਕਿ ਨਿਸ਼ਾ ਸੋਸ਼ਲ ਮੀਡੀਆ 'ਤੇ ਰੁੱਝੀ ਰਹਿੰਦੀ ਸੀ। ਮਹਿਲਾ ਥਾਣਾ ਇੰਚਾਰਜ ਅਰੁਣਾ ਰਾਏ ਨੇ ਚਾਰ ਘੰਟੇ ਸੁਣਵਾਈ ਕਰਕੇ ਸੁਲ੍ਹਾ ਕਰਵਾਈ ਤੇ ਪਤਨੀ ਨੂੰ ਸਮਝਾਇਆ।

# ਪੰਜਾਬ ਵਿੱਚ ਸੋਸ਼ਲ ਮੀਡੀਆ 'ਤੇ ਅਸ਼ਲੀਲ ਤੇ ਹਿੰਸਕ ਸਮਗਰੀ 'ਤੇ ਸਖ਼ਤੀ, ਕਿਹਾ ਨੋਡਲ ਅਫਸਰ ਨਿਯੁਕਤ ਕਰੋ

### ✪ ਰੋਕ ਲਗਾਉਣ ਲਈ ਚਾਇਲਡ ਕਮਿਸ਼ਨ ਨੇ ਸਾਈਬਰ ਸੈੱਲ ਨੂੰ ਸਖ਼ਤ ਹਦਾਇਤਾਂ ਕੀਤੀਆਂ ਜਾਰੀ



ਦਿੱਲੀ-ਕਮਿਸ਼ਨ ਨੇ ਸਾਈਬਰ ਸੈੱਲ ਨੂੰ ਪੱਤਰ ਭੇਜ ਕੇ ਅਸ਼ਲੀਲ ਭਾਸ਼ਾ, ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਵੀਡੀਓਜ਼ ਅਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੀ ਸਮਗਰੀ 'ਤੇ ਪੂਰਨ ਪਾਬੰਦੀ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ ਅਜਿਹੀ ਸਮਗਰੀ 'ਤੇ ਨਜ਼ਰ ਰੱਖਣ ਲਈ ਨੋਡਲ ਅਫਸਰ ਨਿਯੁਕਤ ਕਰਨ ਅਤੇ ਵਿਦੇਸ਼ਾਂ ਤੋਂ ਅਪਲੋਡ ਹੋਣ ਵਾਲੇ ਅਸ਼ਲੀਲ ਤੇ ਹਿੰਸਕ ਕੰਟੈਂਟ 'ਤੇ ਰੋਕ ਲਗਾਉਣ ਦੀ ਮੰਗ ਕੀਤੀ। ਅਜਿਹੀਆਂ ਵੈਬਸਾਈਟਾਂ ਨੂੰ ਬੈਨ ਕਰਨ ਦੇ ਨਾਲ-ਨਾਲ ਅਪਲੋਡ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਹਦਾਇਤ ਵੀ ਦਿੱਤੀ ਗਈ ਹੈ। ਕਮਿਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਅਸ਼ਲੀਲ ਸਮਗਰੀ ਦਾ ਬੱਚਿਆਂ 'ਤੇ ਮਾੜਾ ਅਸਰ ਪੈਂਦਾ ਹੈ, ਇਸ ਲਈ ਤੁਰੰਤ ਕਾਰਵਾਈ ਜ਼ਰੂਰੀ ਹੈ।

# ਦਲ ਖਾਲਸਾ ਨੇ ਅੰਮ੍ਰਿਤਪਾਲ ਸਿੰਘ ਮਹਿਰੋਂ ਦਾ ਕੀਤਾ ਸਮਰਥਨ

### ✪ ਅਸ਼ਲੀਲ ਸਮੱਗਰੀ 'ਤੇ ਪ੍ਰਸ਼ਾਸਨ ਦੀ ਚੁੱਪ 'ਤੇ ਸਵਾਲ




ਅੰਮ੍ਰਿਤਸਰ-ਸਿੱਖ ਜਥੇਬੰਦੀ ਦਲ ਖਾਲਸਾ ਦੇ ਮੈਂਬਰ ਕੰਵਰਪਾਲ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਨੇ ਸਮਾਜਿਕ ਕੁਰੀਤੀਆਂ, ਖਾਸਕਰ ਅਸ਼ਲੀਲ ਸਮੱਗਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਦੀ ਸਰਾਹਨਾ ਜਰੂਰੀ ਹੈ। ਉਨ੍ਹਾਂ ਪ੍ਰਸ਼ਾਸਨ 'ਤੇ ਸਵਾਲ ਉਠਾਇਆ ਕਿ ਅਸ਼ਲੀਲਤਾ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਸੋਸ਼ਲ ਮੀਡੀਆ 'ਤੇ ਅਸ਼ਲੀਲਤਾ ਦਾ ਕਾਰਨ ਕਮਾਈ ਅਤੇ ਆਰਥਿਕ ਮਜਬੂਰੀਆਂ ਨੂੰ ਦੱਸਿਆ। ਪਰਮਜੀਤ ਸਿੰਘ ਮੰਡ ਨੇ ਸ਼੍ਰੋਮਣੀ ਕਮੇਟੀ 'ਤੇ ਜਥੇਦਾਰਾਂ ਦੀ ਨਿਯੁਕਤੀ ਸਬੰਧੀ ਫੈਸਲੇ ਦੀ ਦੇਰੀ 'ਤੇ ਚਿੰਤਾ ਜਤਾਈ, ਜੋ ਸ੍ਰੀ ਅਕਾਲ ਤਖਤ ਦੇ ਸਿਧਾਂਤਾਂ ਨੂੰ ਠੇਸ ਪਹੁੰਚਾਉਂਦੀ ਹੈ। ਜਥੇਬੰਦੀ ਨੇ ਸਰਕਾਰ ਤੋਂ ਜਲਦ ਕਾਰਵਾਈ ਦੀ ਮੰਗ ਕੀਤੀ।

# ਸ਼ੇਅਰ ਬਾਜ਼ਾਰ ਦੀ ਆੜ ਵਿਚ 18 ਲੱਖ ਦੀ ਠੱਗੀ, ਗਿਰੋਹ ਕਾਬੂ

### ✪ ਸਾਈਬਰ ਧੋਖੇਬਾਜ਼ਾਂ ਦਾ ਪਰਦਾਫਾਸ਼, ਸੰਗਰੂਰ ਪੁਲਿਸ ਦੀ ਕਾਰਵਾਈ



ਸੰਗਰੂਰ-ਬੀਤੇ ਦਿਨੀਂ ਸਾਈਬਰ ਕ੍ਰਾਈਮ ਸੈੱਲ ਨੇ ਸ਼ੇਅਰ ਬਾਜ਼ਾਰ ਦੇ ਨਾਂ 'ਤੇ 18 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਗਿਰੋਹ ਨੂੰ ਗ੍ਰਿਫ਼ਤਾਰ ਕੀਤਾ ਸੀ। ਸੁਨਾਮ ਦੇ ਕਾਰੋਬਾਰੀ ਕਰਨਵੀਰ ਕਾਂਸਲ ਨੂੰ ਧੋਖੇਬਾਜ਼ਾਂ ਨੇ ਵਟਸਐਪ ਗਰੁੱਪ ਰਾਹੀਂ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਦਾ ਲਾਲਚ ਦਿੱਤਾਸੀ। ਉਸ ਨੂੰ ਏਂਜਲਐੱਪ 'ਤੇ ਜਨਵਰੀ-ਫਰਵਰੀ 2025 ਵਿਚ 17.93 ਲੱਖ ਰੁਪਏ ਟਰਾਂਸਫਰ ਕਰਵਾਏ, ਜਿਸ ਵਿਚ 45 ਲੱਖ ਦਾ ਲਾਭ ਦਿਖਾਇਆ ਗਿਆ ਸੀ। ਧੋਖੇਬਾਜ਼ਾਂ ਨੇ 20% ਹੋਰ ਰਕਮ ਮੰਗੀ, ਜਿਸ ਨਾਲ ਕਰਨਵੀਰ ਨੂੰ ਠੱਗੀ ਦਾ ਅਹਿਸਾਸ ਹੋਇਆ। ਉਸ ਦੀ ਸ਼ਿਕਾਇਤ 'ਤੇ ਪੁਲਿਸ ਨੇ 6 ਮਾਰਚ, 2025 ਨੂੰ ਕੇਸ ਦਰਜ ਕੀਤਾ ਸੀ। ਮੁਹਾਲੀ ਵਿਚ ਛਾਪੇਮਾਰੀ ਕਰਕੇ ਪੁਲਿਸ ਨੇ ਗਿਰੋਹ ਦੇ 8 ਮੈਂਬਰਾਂ ਨੂੰ ਫੜਿਆ, ਜਦਕਿ 2 ਪਹਿਲਾਂ ਹੀ ਜੇਲ੍ਹ ਵਿਚ ਸਨ। ਗ੍ਰਿਫ਼ਤਾਰ ਮੈਂਬਰਾਂ 'ਚ ਪਰਵੀਨ ਕੁਮਾਰ, ਰੋਹਿਤ ਕੁਮਾਰ, ਨਿਤੀਸ਼, ਅਹੀਰ ਜੀਵਨਭਾਈ, ਪਟੇਲ ਅਕਸ਼ੈ, ਸੁਮਿਤ ਰੰਜਨ, ਸਾਮੂਨ, ਆਕਾਸ਼ ਰਾਜਪੂਤ ਅਤੇ ਦਿਵਯਾਂਸ਼ੂ ਸਿੰਘ ਸ਼ਾਮਲ ਹਨ। ਪੁਲਿਸ ਨੇ 17 ਮੋਬਾਈਲ, 6 ਚੈੱਕ ਬੁੱਕਾਂ, 5 ਏਟੀਐੱਮ ਕਾਰਡ ਅਤੇ 1 ਪਾਸਪੋਰਟ ਬਰਾਮਦ ਕੀਤੇ ਸਨ। ਐੱਸਪੀ ਦਿਲਪ੍ਰੀਤ ਸਿੰਘ ਨੇ ਅਨੁਸਾਰ ਇਹ ਗਿਰੋਹ ਐਪ ਰਾਹੀਂ ਧੋਖਾਧੜੀ ਕਰਦਾ ਸੀ।

# ਕੈਨੇਡਾ ਵਿਚ ਜਬਰੀ ਵਸੂਲੀ ਦੀਆਂ ਧਮਕੀਆਂ ਨੇ ਵਪਾਰੀਆਂ ਵਿਚ ਪਾਇਆ ਡਰ

### ✪ ਸਰੀ ਪੁਲਿਸ ਵਲੋਂ ਕਾਰਵਾਈ ਦਾ ਭਰੋਸਾ

ਸਰੀ-ਕੈਨੇਡਾ 'ਚ ਪੰਜਾਬੀ ਕਾਰੋਬਾਰੀ ਜਬਰੀ ਵਸੂਲੀ ਦੀਆਂ ਧਮਕੀਆਂ ਕਾਰਨ ਦਹਿਸ਼ਤ ਵਿਚ ਹਨ। ਗਿਰੋਹ ਫੋਨ 'ਤੇ ਪੈਸੇ ਮੰਗਦੇ ਹਨ ਅਤੇ ਨਾ ਦੇਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਸਰੀ ਵਿਚ ਰਿਫਲੈਕਸ਼ਨ ਬੈਂਕੁਏਟ ਹਾਲ ਵਿਚ ਕਾਰੋਬਾਰੀਆਂ ਨੇ ਪੁਲਿਸ ਨਾਲ ਮੀਟਿੰਗ ਕੀਤੀ, ਜਿਸ ਵਿਚ ਸਤੀਸ਼ ਕੁਮਾਰ ਨੇ 20 ਲੱਖ ਡਾਲਰ ਦੀ ਮੰਗ ਅਤੇ ਧਮਕੀਆਂ ਵਾਲੇ ਸੁਨੇਹੇ ਸਕ੍ਰੀਨ 'ਤੇ ਦਿਖਾਏ।

ਸਰੀ ਪੁਲਿਸ ਮੁਖੀ ਲੈਪਿੰਸਕੀ, ਆਰਸੀਐਮਪੀ ਅਧਿਕਾਰੀ ਮੈਂਡੀ, ਜਨ ਸੁਰੱਖਿਆ ਮੰਤਰੀ ਗੈਰੀ ਬੇਗ ਅਤੇ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਸ਼ਿਕਾਇਤਾਂ ਸੁਣੀਆਂ। ਪੁਲਿਸ ਨੇ ਕਾਰਵਾਈ ਦਾ ਭਰੋਸਾ ਦਿੱਤਾ, ਪਰ ਨਤੀਜੇ ਸਾਂਝੇ ਨਹੀਂ ਕੀਤੇ। ਕਾਰੋਬਾਰੀਆਂ ਵਿਚ ਅਸੁਰੱਖਿਆ ਦਾ ਮਾਹੌਲ ਬਣਿਆ ਹੋਇਆ ਹੈ। ਸੰਸਦ ਮੈਂਬਰ ਸੁੱਖ ਧਾਲੀਵਾਲ ਦੇ ਨਾਲ ਸਰੀ ਫਲੀਟਵੁੱਡ ਦੇ ਸੰਸਦ ਮੈਂਬਰ ਗੁਰਬਖਸ਼ ਸੈਣੀ ਅਤੇ ਸਰੀ ਕਲੋਵਰਡੇਲ ਦੇ ਸੰਸਦ ਮੈਂਬਰ ਤਾਮਿਰ ਜੇਨਸਨ ਵੀ ਸ਼ਾਮਲ ਹੋਏ।

ਇਸ ਜਨਤਕ ਮੀਟਿੰਗ ਦੇ ਮੁੱਖ ਪ੍ਰਬੰਧਕ ਸਤੀਸ਼ ਕੁਮਾਰ ਨੇ ਆਪਣੇ ਨਾਲ ਵਾਪਰੀਆਂ ਘਟਨਾਵਾਂ ਅਤੇ ਆਪਣੇ ਦਰਦ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਸਨੇ ਇੱਕ ਵੱਡੀ ਸਕਰੀਨ 'ਤੇ ਆਪਣੇ ਮੋਬਾਈਲ ਫੋਨ 'ਤੇ ਬਦਮਾਸ਼ਾਂ ਦੁਆਰਾ ਭੇਜੇ ਗਏ ਧਮਕੀ ਭਰੇ ਸੁਨੇਹੇ ਅਤੇ ਫਿਰੌਤੀ ਨਾ ਦੇਣ 'ਤੇ ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵਾਲੇ ਸੁਨੇਹੇ ਦਿਖਾਏ ਸਨ। ਅਜਿਹੇ ਸੁਨੇਹੇ ਵੀ ਸਨ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਤੁਸੀਂ ਜਵਾਬ ਨਹੀਂ ਦੇ ਰਹੇ, ਠੀਕ ਹੈ? ਹੁਣ ਮਰਨ ਲਈ ਤਿਆਰ ਹੋ ਜਾਓ। ਇੱਕ ਹੋਰ ਸੁਨੇਹੇ ਵਿੱਚ ਉਨ੍ਹਾਂ ਨੇ 20 ਲੱਖ ਡਾਲਰ ਦੀ ਮੰਗ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਉਨ੍ਹਾਂ ਕੋਲ ਜਵਾਬ ਦੇਣ ਲਈ ਕੱਲ੍ਹ ਤੱਕ ਦਾ ਸਮਾਂ ਹੈ। ਜੇਕਰ ਤੁਸੀਂ ਜਵਾਬ ਨਹੀਂ ਦਿੱਤਾ... ਤਾਂ ਮਰਨ ਲਈ ਤਿਆਰ ਹੋ ਜਾਓ। ਅਜਿਹੇ ਸੁਨੇਹੇ ਲਗਾਤਾਰ ਭੇਜੇ ਜਾ ਰਹੇ ਹਨ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅਕੋਈ

ਇਹ ਅਕੋਈ ਸਾਹਿਬ ਕਰਕੇ ਪ੍ਰਸਿੱਧ ਹੈ। ਸੰਗਰੂਰ ਜਿਸ ਦਾ ਅਕਸ਼ਾਸ਼ 300-14 ਅਤੇ ਰੇਖਾਸ਼ ਦੇਸ਼ਾਤਰ 750-50 ਹੈ ਤੋਂ ਅਕੋਈ ਪਿੰਡ ਉੱਤਰ ਵੱਲ ਚਾਰ ਕਿਲੋਮੀਟਰ ਦੂਰ ਪੰਜਾਬ ਵਿੱਚ ਆਉਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਲਵਾ ਫੇਰੀ ਸਮੇਂ 1616 ਈ. ਵਿੱਚ ਇਥੇ ਆਏ ਸਨ। ਗੁਰੂ ਸਾਹਿਬ ਦੀ ਸੇਵਾ ਬੜੇ ਪਿਆਰ ਨਾਲ ਭਾਈ ਮਾਨਕ ਚੰਦ ਨੇ ਕੀਤੀ ਸੀ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਵੀ ਇਸ ਪਿੰਡ ਆਏ ਸਨ। ਗੁਰਦੁਆਰੇ ਦੀ ਇਮਾਰਤ ਪਹਿਲਾਂ ਸ. ਦੀਵਾਨ ਸਿੰਘ (ਬਦਰੁੱਖ ਖਾਨ) ਨੇ ਬਣਾਈ। ਇਕ ਛੋਟੇ ਜਿਹੇ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। 1979 ਵਿੱਚ ਇਸ ਕਮਰੇ ਨਾਲ ਵੱਡਾ ਦਰਬਾਰ ਹਾਲ, ਗੁਰੂ ਕਾ ਲੰਗਰ ਅਤੇ ਯਾਤਰੂਆਂ ਦੇ ਕਮਰੇ ਆਦਿ ਬਣੇ ਹੋਏ ਹਨ। ਗੁਰਦੁਆਰੇ ਨਾਲ ਆਸ-ਪਾਸ ਤਿੰਨ ਪਿੰਡਾਂ ਵਿੱਚ 50 ਏਕੜ ਜ਼ਮੀਨ ਲੱਗੀ ਹੋਈ ਹੈ। ਪਰਿਕਰਮਾਂ ਵਿੱਚ ਇਕ ਕਰੀਰ ਦਾ ਦਰੱਖਤ ਵੀ ਸੀ ਜਿਸ ਨਾਲ ਛੇਵੇਂ ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆ ਸੀ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਇਸ ਗੁਰ-ਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਜੋ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ, ਰਾਹੀਂ ਸ਼੍ਰੋਮਣੀ ਕਮੇਟੀ ਕਰਦੀ ਹੈ। ਸੰਗਰੂਰ-ਲੁਧਿਆਣਾ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ।

**ਪੁਸਤਕ ਸੂਚੀ**:-

ਸ: ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਅਗੌਲ

ਇਹ ਪਿੰਡ ਨਾਭਾ ਤੋਂ 10 ਕਿਲੋਮੀਟਰ ਪਟਿਆਲਾ ਜ਼ਿਲ੍ਹੇ ਵਿੱਚ ਆਉਂਦਾ ਹੈ। ਨਾਭਾ ਦਾ ਅਕਸ਼ਾਸ਼ 300-22 ਅਤੇ ਰੇਖਾਸ਼ ਦੇਸ਼ਾਤਰ 760-9 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਜਦੋਂ ਗੁਰੂ ਸਾਹਿਬ ਇਸ ਪਿੰਡ ਵਿੱਚੋਂ ਗੁਜ਼ਰੇ ਸਨ ਤਾਂ ਆਪ ਜੀ ਇਕ ਪਿੱਪਲ ਦੇ ਬ੍ਰਿਛ ਦੇ ਹੇਠ ਬੈਠੇ ਸਨ ਜੋ ਇਕ ਤਲਾਬ ਦੇ ਕੰਢੇ ਸੀ। ਇਹ ਪੁਰਾਣਾ ਪਿੱਪਲ ਹੁਣ ਤੇ ਨਹੀਂ ਪਰ ਤਲਾਬ ਜਿਸ ਨੂੰ ਰਾਮ ਤਲਾਬ ਆਖਦੇ ਹਨ। ਆਖਿਆ ਜਾਂਦਾ ਹੈ ਕਿ ਇਸ ਦੇ ਪਾਣੀ ਵਿੱਚ ਰੋਗ-ਨਾਸ਼ਕ ਤੱਤ ਹੋਣ ਕਾਰਨ ਇਹ ਚਮੜੀ ਰੋਗਾਂ ਲਈ ਬੜਾ ਗੁਣਕਾਰੀ ਹੈ। ਅੱਜ ਕੱਲ੍ਹ ਇਸ ਤਲਾਬ ਨੂੰ ਪਵਿੱਤਰ ਸਰੋਵਰ ਵਿੱਚ ਬਦਲ ਦਿੱਤਾ ਗਿਆ ਹੈ।

ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰ-ਦੁਆਰਾ 1919 ਈ. ਵਿੱਚ ਬਣਨਾ ਸ਼ੁਰੂ ਹੋਇਆ ਸੀ ਅਤੇ 14 ਮਾਰਚ 1935 ਈ. ਨੂੰ ਮੁਕੰਮਲ ਹੋਇਆ। ਇਸ ਇਮਾਰਤ ਵਿੱਚ ਇਕ ਚੌਰਸ ਦੀਵਾਨ ਹਾਲ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਸ ਗੁਰ-ਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਪੱਥਰ ਛਾਪੇ ਵਾਲੀ ਬੀੜ ਵੀ ਮੌਜੂਦ ਹੈ ਜਿਸ 'ਤੇ 424 ਨਾਨਕਸ਼ਾਹੀ ਸੰਮਤ (1893 ਸੀ.ਈ.) ਲਿਖਿਆ ਹੈ। ਇਸ ਬੀੜ ਦੇ 2134 ਪੰਨੇ ਹਨ ਅਤੇ ਇਹ ਬੀੜ ਰਾਗਮਾਲਾ ਨਾਲ ਸੰਪੂਰਨ ਹੁੰਦੀ ਹੈ। ਅੱਠ ਏਕੜ ਜ਼ਮੀਨ ਭਾਈ ਨੱਥਾ ਸਿੰਘ ਅਗੌਲ ਵਾਸੀ ਨੇ ਗੁਰਦੁਆਰੇ ਨਾਲ ਲਗਾਈ ਹੈ। ਕਾਫੀ ਸਮਾਂ ਇਹ ਗੁਰਦੁਆਰੇ ਦੀ ਸੇਵਾ ਵੀ ਕਰਦੇ ਰਹੇ। ਗੁਰਦੁਆਰੇ ਦਾ ਪ੍ਰਬੰਧ ਪਿੰਡ ਦੀ ਕਮੇਟੀ ਕਰਦੀ ਹੈ। ਇਹ ਪਿੰਡ ਨਾਭਾ-ਅਗੌਲ ਸੜਕ 'ਤੇ ਆਉਂਦਾ ਹੈ।

**ਪੁਸਤਕ ਸੂਚੀ**:-

ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪਟਿਆਲਾ 1998


## ਅਗੰਮਪੁਰ

ਅਨੰਦਪੁਰ ਸਾਹਿਬ ਤੋਂ ਇਹ ਪਿੰਡ ਅਗੰਮਪੁਰ ਤਕਰੀਬਨ ਇਕ ਕਿਲੋਮੀਟਰ ਦੂਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਅਨੰਦਪੁਰ ਸਾਹਿਬ ਤੋਂ ਆ ਕੇ ਇਥੇ ਹੋਲੇ ਦਾ ਦੀਵਾਨ ਲਾਇਆ ਕਰਦੇ ਸਨ। ਇਸ ਪਿੰਡ ਵਿੱਚ ਦੋ ਇਤਿਹਾਸਕ ਗੁਰਦੁਆਰੇ ਹਨ:

**(ੳ) ਹੋਲਗੜ੍ਹ ਗੁਰਦੁਆਰਾ ਸਾਹਿਬ**

ਹੋਲਗੜ੍ਹ ਨਾਂ ਹੋਲਾ-ਮਹੱਲਾ ਨਾਲ ਜੁੜਿਆ ਹੋਇਆ ਹੈ। ਡਾ. ਦਿਲਗੀਰ ਦੇ ਕਹਿਣ ਅਨੁਸਾਰ (ਤਵਾਰੀਖ ਦੇ ਕੁਝ ਸੋਮਿਆਂ ਮੁਤਾਬਕ) ਜਿਸ ਜਗ੍ਹਾ ਗੁਰ-ਦੁਆਰਾ ਕਿਲ੍ਹਾ ਹੋਲਗੜ੍ਹ ਹੈ, ਉਥੇ ਕਿਲ੍ਹਾ ਅਗੰਮਗੜ੍ਹ ਹੁੰਦਾ ਸੀ ਅਤੇ ਕਿਲ੍ਹਾ ਹੋਲਗੜ੍ਹ ਚਰਨ ਗੰਗਾ ਦੇ ਇਸ ਪਾਸੇ ਹੁੰਦਾ ਸੀ। ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਹੋਲਗੜ੍ਹ ਦੇ ਕਿਲ੍ਹੇ ਦੇ ਅੱਗੇ ਚਰਨ ਗੰਗਾ ਦਾ ਖੁੱਲ੍ਹਾ ਵੱਡਾ ਮੈਦਾਨ ਸੀ। ਭੱਟ ਵਹੀਆਂ ਅਨੁਸਾਰ ਹੋਲਗੜ੍ਹ ਤੇ ਅਗੰਮਗੜ੍ਹ ਦੋਵੇਂ ਕਿਲ੍ਹੇ ਮੌਜੂਦ ਸਨ। ਇਸ ਕਿਲ੍ਹੇ 'ਤੇ ਪਹਾੜੀ ਫੌਜਾਂ ਨੇ 31 ਅਗਸਤ 1700 ਈ. ਨੂੰ ਹੱਲਾ ਬੋਲ ਕੇ ਹਮਲਾ ਕੀਤਾ ਸੀ ਜਿਸ ਲੜਾਈ ਵਿਚ ਭਾਈ ਮਨੀ ਸਿੰਘ ਦਾ ਚਚੇਰਾ ਭਰਾ ਭਾਈ ਬਾਘ ਸਿੰਘ (ਪੁੱਤਰ ਭਾਈ ਰਾਇ ਸਿੰਘ), ਦੀਵਾਨ ਦਰਬਾਰਾ ਸਿੰਘ ਦਾ ਭਰਾ ਭਾਈ ਘਰਬਾਰਾ ਸਿੰਘ (ਪੁੱਤਰ ਭਾਈ ਨਾਨੂੰ ਸਿੰਘ ਦਿਲਵਾਲੀ) ਸ਼ਹੀਦ ਹੋਏ ਸਨ।

**(ਅ) ਗੁਰਦੁਆਰਾ ਮਾਤਾ ਜੀਤ ਕੌਰ ਜੀ**



ਹੋਲਗੜ੍ਹ ਗੁਰਦੁਆਰਾ ਸਾਹਿਬ

ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਦੇ ਪਹਿਲੇ ਮਹਿਲ ਮਾਤਾ ਜੀਤ ਕੌਰ ਜੀ ਦੀ ਯਾਦ ਵਿੱਚ ਬਣਿਆ ਹੈ ਜੋ 5 ਦਸੰਬਰ 1700 ਈ. ਦੇ ਦਿਨ ਚੜ੍ਹਾਈ ਕਰ ਗਏ ਸਨ। ਮਾਤਾ ਜੀ ਦਾ ਸਸਕਾਰ ਉਸੇ ਸ਼ਾਮ ਨੂੰ ਚਰਨ ਗੰਗਾ ਦੇ ਦੂਜੇ ਬੰਨੇ ਪਿੰਡ ਅਗੰਮਪੁਰ ਦੇ ਬਾਹਰ ਕੀਤਾ ਗਿਆ ਸੀ। ਇਥੇ ਇਕ ਪੁਰਾਤਨ ਪਿੱਪਲ ਬਿਰਛ ਅਤੇ ਦੇਹਰਾ ਵੀ ਵਿਦਯਮਾਨ ਹੈ। ਕਾਫ਼ੀ ਸਮੇਂ ਬਾਅਦ ਇਸੇ ਜਗ੍ਹਾ ਦੇ ਨੇੜੇ ਗੁਰਦੁਆਰਾ ਮਾਤਾ ਜੀਤ ਕੌਰ ਬਣਾਇਆ ਗਿਆ ਸੀ। ਮਾਤਾ ਜੀਤ ਕੌਰ ਤੋਂ ਇਲਾਵਾ ਚੱਕ-ਨਾਨਕੀ-ਅਨੰਦਪੁਰ ਦੇ ਹੋਰ ਸਾਰੇ ਵਾਸੀਆਂ ਅਤੇ ਸੋਢੀ ਪਰਿਵਾਰ ਦੇ ਸਸਕਾਰ ਇਸੇ ਥਾਂ ਹੁੰਦੇ ਰਹੇ ਸਨ। ਸਮੇਂ-ਸਮੇਂ ਇਸ ਗੁਰਦੁਆਰੇ ਨਾਲ ਕਈ ਜਗੀਰਾਂ ਲਗਾਈਆਂ ਗਈਆਂ ਹਨ।

ਪੁਸਤਕ ਸੂਚੀ:-

(1) ਦਿਲਗੀਰ, ਐਚ.ਐਸ. (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1990
(2) ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅੰਗਮ ਪੁਰਾ

ਇਹ ਗੁਰਦੁਆਰਾ ਪਿੰਡ ਬਲਾਚੌਰ ਦੇ ਬਾਹਰਵਾਰ, ਜਗਾਧਰੀ ਰੇਲਵੇ ਸਟੇਸ਼ਨ (ਹਰਿਆਣਾ) ਤੋਂ 11 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਦੱਸਵੇਂ ਪਾਤਸ਼ਾਹ ਦਾ ਇਤਿਹਾਸਕ ਗੁਰਦੁਆਰਾ ਹੈ। ਗੁਰੂ ਸਾਹਿਬ ਇਸ ਪਿੰਡ ਵਿੱਚ 1688 ਈ. ਨੂੰ ਆਏ ਸਨ ਜਦੋਂ ਉਹ ਮਹਾਨ ਕੋਸ਼ ਅਨੁਸਾਰ ਕਪਾਲਮੋਚਨ ਤੋਂ ਅਨੰਦਪੁਰ ਸਾਹਿਬ ਵੱਲ ਗਏ ਸਨ। ਗੁਰਦੁਆਰੇ ਨਾਲ ਪਿੰਡ ਵਾਸੀਆਂ ਨੇ ਤਕਰੀਬਨ 30 ਏਕੜ ਜ਼ਮੀਨ ਲਾਈ ਹੋਈ ਹੈ। ਜਗਾਧਰੀ ਦਾ ਅਕਸ਼ਾਸ਼ 300-10 ਅਤੇ ਰੇਖਾਸ਼ ਦੇਸ਼ਾਤਰ 770-18 ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ, ਜੋ ਗੁਰ-ਦੁਆਰਾ ਐਕਟ ਦੇ ਸੈਕਸ਼ਨ 87 ਦੇ ਅਧੀਨ ਹੈ ਅਤੇ ਇਹ ਗੁਰਦੁਆਰਾ ਨੋਟੀਫਾਈਡ ਹੈ।

**ਪੁਸਤਕ ਸੂਚੀ**:-

ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

**VACANCY - Religious Worker Langari (non-pastoral role)**

**NANAKSAR GURDWARA GURSIKH TEMPLE**

**224-226 FOLESHILL ROAD, COVENTRY, WEST MIDLANDS CV1 4HW, U.K.**

**An opportunity has arisen for the posts of Religious Workers at Nanaksar Gurdwara Gursikh Temple, Coventry.**

**We need religious workers to do the following duties:**

**Job Purpose:** Perform and Understand Duties include: Preparing Langar (food) 3 times a day for Blessings and Performing Nitnem, Sukhmani Sahib Path, Sehaj Patth Rohles, Ardaas and Sukhasan duties, alongside other general Gurdwara duties. Daily Vegatarian Food preparations for Blessing and for the congregation in accordance with Sikh Maryada.

Recite the daily Sikh prayer from Sri Guru Granth Sahib Ji, conduct weekly Diwan and preach Sikh Religion to congregation. Home visitation. To work collaboratively with all internal teams, departments and external agencies.

**Any other job as directed by the Gurdwara Committee.**

The Workers will be responsible for locking and unlocking the Gurdwara premises. The workers would only be assisting the Head Priest and would not be involved in leading the congregation.

**Personnel Specification:** Working Flexible Hours: **20-30 hours** per week

**Salary**: National Minimum Wage per working hour.

**Benefits**: Accommodation and food is provided free of charge.

**Requirements**: Must be able to read and speak Gurmukhi. Must be able to cook for large congregation on special occasions. Must have sufficient experience and Amritdhari (Baptised). Good communicational and interper-sonal skills.

**Other details:** Applicants have to be a UK resident or have the right to work in the UK.

***Please apply with your C.V., and send your details on Emial below.***

***Closing date: 7th July 2025***

**For information please Contact:**

**S. Bulraj Singh Johal– 07899 937663 or info@nanaksarglobal.com**

**NANAKSAR GURDWARA GURSIKH TEMPLE**

***UK Registered Charity No. 512089***

**224-226 FOLESHILL ROAD, COVENTRY, WEST MIDLANDS CV1 4HW, U.K.**

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

ਕਿਸ਼ਤ-30

# ਗੰਧਲੇ ਰਿਸ਼ਤੇ

**ਦੇਖਦਿਆਂ-ਦੇਖਦਿਆਂ ਅਸੀਂ ਬਾਹਰ ਮੇਨ ਰੋਡ ’ਤੇ ਆ ਗਏ । ਬਹੁਤ ਹੀ ਸੋਹਣਾਂ ਮੌਸਮ ਸੀ ਸੜਕਾਂ ਬਹੁਤ ਹੀ ਸਾਫ ਸੁਥਰੀਆਂ, ਸੜਕੇ ਕੰਢੇ ਲਾਏ ਖਜੂਰਾਂ ਦੇ ਦੱਰਖਤ ਝੂਮ ਰਹੇ ਸਨ, ਵਾਹ ਕਿੰਨਾਂ ਸੋਹਣਾ ਆਈਲੈਂਡ ਹੈ ਇਹ, ਕਿੰਨਾਂ ਸਾਫ ਸੁੱਥਰਾ। ਰਾਊਂਡ ਅਬਾਊਟ ਫੁੱਲ ਲੱਦੇ। ਰਾਹ ’ਚ ਬਹੁਤ ਸੋਹਣੇ ਕਾਲੇ ਰੰਗ ਦੇ ਲਾਵੇ ਵਾਲੇ ਪਹਾੜ ਤੇ ਉਨ੍ਹਾਂ ’ਤੇ ਜੰਮੀ ਨਿੱਕੀ-ਨਿੱਕੀ ਆਰੇਂਜ ਰੰਗ ਦੀ ਬੂਟੀ। ਦੂਰੋਂ ਬਹੁਤ ਹੀ ਸੋਹਣੇ ਲੱਗ ਰਹੇ ਸਨ।**

**‘‘ਆਪਾਂ ਕਿੱਥੇ ਜਾ ਰਹੇ ਹਾਂ ਕੈਲਾਸ਼ ਜੀ?’’**

**‘‘ਮੈ ਸੋਚਿਆ ਤੈਨੂੰ ਇੱਥੋ ਦੇ ਨੈਸ਼ਨਲ ਪਾਰਕ ਦੀ ਸੈਰ ਕਰਵਾ ਕੇ ਲਿਆਵਾਂ । ਉੱਥੇ ਜਾ ਰਹੇ ਹਾਂ ਬੀਰਾਂ। ਤੈਨੂ ਪੰਸਦ ਹੈ ਉਹ ਜਗ੍ਹਾ?’’**

**‘‘ਉਹ ਹਾਂਜੀ ਬਹੁਤ ਸੋਹਣੀ ਜਗ੍ਹਾ ਹੈ, ਆਈ ਲਵ ਡੈਟ ਪਲੈਸ।’’**




ਅੱਜ ਦਾ ਦਿਨ ਕਿੱਧਰ ਗਿਆ ਕੁਝ ਪਤਾ ਹੀ ਨਾ ਲੱਗਾ।

‘‘ਮੈ ਹੁਣ ਚੱਲਦੀ ਹਾਂ ਕੈਲਾਸ਼ ਜੀ, ਤੁਸੀਂ ਵੀ ਅਰਾਮ ਕਰ ਲਓ।’’

ਮੈਂ ਹੁਣ ਹੋਟਲ ਵਾਪਸ ਜਾਣਾ ਹੀ ਠੀਕ ਸਮਝਿਆ। ਉਨ੍ਹਾਂ ਦਾ ਵੀ ਦਿਨ ਬਹੁਤ ਲੰਬਾ ਤੇ ਹਾਰਡ ਰਿਹਾ ਹੋਵੇਗਾ ਕਿੰਨਾਂ ਕੁਝ ਪੁਰਾਣਾ ਅੱਖਾਂ ਵਿੱਚੋਂ ਅੱਜ ਦੁਬਾਰਾ ਲੰਘਿਆ ਸੀ। ਮੈਂ ਉਨ੍ਹਾਂ ਦੀ ਪੀੜ ਤੋਂ ਜਾਣੂੰ ਸੀ ।

‘‘ਤੂੰ ਇੱਥੇ ਹੀ ਰਹਿ ਲੈ ਬੀਰਾ, ਹੋਟਲ ’ਚ ਇੱਕਲੀ ਕੀ ਕਰੇਂਗੀ।’’

ਉਨ੍ਹਾਂ ਦੀ ਅਵਾਜ਼ ਵਿੱਚ ਇੱਕ ਤਰਲਾ ਜਿਹਾ ਸੀ, ਜਿਵੇਂ ਉਹ ਵੀ ਮੇਰਾ ਸਾਥ ਮਾਨਣਾ ਚਾਹੁੰਦੇ ਸਨ।

‘‘ਕੋਈ ਨੀ ਕੈਲਾਸ਼ ਜੀ ਫਿਕਰ ਨਾ ਕਰੋ ਮੈਂ ਹਾਲੇ ਬਹੁਤ ਦਿਨ ਇੱਥੇ ਹੀ ਹਾਂ, ਆਪਾਂ ਹੁਣ ਰੋਜ਼ ਮਿਲਣਾ।’’

‘‘ਲੈ ਤੂੰ ਇੱਥੇ ਲੈਜ਼ਰੋਟੀ ਘੁੰਮਣ ਆਈ ਹੈ ਇੰਨੇ ਪੈਸੇ ਲਾ ਕੇ ਕੀ ਮੇਰੇ ਦੁੱਖੜੇ ਸੁਣਨ, ਕੋਈ ਨੀ ਟੇਕ ਯੂਅਰ ਟਾਇਮ ਪੁੱਤ। ਤੂੰ ਆਰਾਮ ਨਾਲ ਆਪਣੇ ਬਣਾਏ ਹੋਏ ਪ੍ਰੋਗਰਾਮਾਂ ਅਨੁਸਾਰ ਘੁੰਮ- ਫਿਰ। ਮੇਰੇ ਚੱਕਰ ਵਿੱਚ ਆਪਣੇ ਹੋਲੀਡੇ ਨਾ ਖਰਾਬ ਕਰ।’’

‘‘ਮੇਰਾ ਕੋਈ ਸੈੱਟ ਪ੍ਰੋਗਰਾਮ ਨਹੀਂ ਹੈ ਕੈਲਾਸ਼ ਜੀ, ਮੈਂ ਵਿਹਲੀ ਹੀ ਹਾਂ, ਸਾਰਾ ਲੈਜ਼ਰੋਟੀ ਮੇਰਾ ਦੇਖਿਆ ਹੋਇਆ ਹੈ, ਜੇ ਤੁਸੀ ਮਸ਼ਰੂਫ ਨਹੀਂ ਤਾਂ ਮੈਂ ਆਪਣੇ ਇਹ ਦਿਨ ਤੁਹਾਡੇ ਨਾਲ ਹੀ ਬਤਾਉਣੇ ਚਾਹੁੰਦੀ ਹਾਂ।’’

‘‘ਠੀਕ ਹੈ ਫਿਰ ਕੋਈ ਚਿੰਤਾਂ ਨਹੀਂ ਆਪਾਂ ਦੋਵੇਂ ਬਾਹਰ ਘੁੰਮਣ ਫਿਰਨ ਚਲਾਂਗੇ ਕੱਲ ਫਿਰ।’’

‘‘ਠੀਕ ਹੈ ਕੇਲਾਸ਼ ਜੀ ਮੈ ਸਵੇਰੇ ਦੱਸ ਵਜੇ ਮਿਲਦੀ ਫਿਰ।‘‘

ਸਵੇਰ ਦੀ ਮਿਲਣੀ ਤੈਅ ਕਰ ਮੈਂ ਵਾਪਸ ਹੋਟਲ ਵਿਚ ਆ ਗਈ।

ਸਿੱਧਾ ਉੱਪਰ ਰੂਮ ਵਿੱਚ ਜਾ ਕਿ ਰਵੀ ਨੂੰ ਕਾਲ ਲਾਈ ਅਤੇ ਕੈਲਾਸ਼ ਜੀ ਦੀ ਮੁਲਾਕਾਤ ਬਾਰੇ ਮੋਟ-ਮੋਟਾ ਦੱਸਿਆ।

ਦੱਸ ਤੋ ਉੱਪਰ ਦਾ ਸਮ੍ਹਾਂ ਹੋ ਗਿਆ ਸੀ, ਹੋਟਲ ਵਿੱਚ ਓਨੀ ਹੀ ਰੌਣਕ ਸੀ। ਰਾਤ ਦੀ ਇੰਟਰਟੇਨਮਿੰਟ ਵਾਲਿਆਂ ਨੇ ਥੱਲੇ ਰੌਣਕ ਲਾਈ ਹੋਈ ਸੀ। ਉਨ੍ਹਾਂ ਦੀ ਮਾੜੀ-ਮਾੜੀ ਆਵਾਜ਼ ਮੇਰੇ ਕਮਰੇ ਵਿੱਚ ਵੀ ਆ ਰਹੀ ਸੀ।

ਮੈਂ ਫਿਰ ਸੱਤ ਵਜੇ ਦਾ ਅਲਾਰਮ ਲਾਇਆ ਤੇ ਕੈਲਾਸ਼ ਜੀ ਦੇ ਖਿਆਲਾ ’ਚ ਡੁੱਬੀ ਨੂੰ ਕਦ ਨੀਂਦ ਆ ਗਈ ਪਤਾ ਨਹੀਂ ਲੱਗਾ ।

ਅਲਾਰਮ ਵੱਜਦੇ ਸਾਰ ਸਵੇਰੇ ਅੱਖ ਖੁੱਲੀ, ਮੈਂ ਫਰੈੱਸ਼ ਹੋ ਕੇ ਬੀਚ ’ਤੇ ਲੌਂਗ ਵਾਕ ਲਈ ਨਿਕਲ ਗਈ ।

ਵਾਕ ਕਰ ਕੇ ਵਾਪਸ ਆ ਸ਼ਾਵਰ ਲੈ ਬ੍ਰੇਕਫਾਸਟ ਕਰਨ ਜਾ ਪਹੁੰਚੀ । ਥੋੜਾ ਬਹੁਤ ਖਾ-ਪੀ ਕੇ ਸਮ੍ਹਾਂ ਦੇਖ ਆਪਣਾ ਬੈਗ ਚੁੱਕ ਫਿਰ ਕੈਲਾਸ਼ ਜੀ ਦੇ ਦਰਵਾਜ਼ੇ ਅੱਗੇ ਡੋਰ ਬੈੱਲ ਜਾ ਵਜਾਈ।

ਥੋੜੇ ਜਿਹੇ ਸੰਕਿੰਟਾਂ ’ਚ ਹੀ ਉਨ੍ਹਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਮੈਨੂੰ ਬਾਹਰ ਹੀ ਵੇਟ ਕਰਨ ਲਈ ਕਿਹਾ ।

ਮੈਨੂੰ ਕੁੱਝ ਸਮਝ ਨਾ ਆਈ ਕਿ ਮੈਨੂੰ ਅੰਦਰ ਲੈ ਕੇ ਜਾਣ ਦੀ ਬਜਾਏ ਉਹ ਆਪ ਕੱਲੇ ਅੰਦਰ ਚਲੇ ਗਏ।

ਮੈਂ ਬਾਹਰ ਡੋਰ ’ਤੇ ਖੜੀ ਉਨ੍ਹਾਂ ਦੇ ਘਰ ਅੱਗੇ ਲੱਗੇ ਗਮਲਿਆਂ ਦੇ ਫੁੱਲ ਨਿਹਾਰਦੀ ਰਹੀ ।

‘‘ਆਹ ਫੜ ਬੀਰਾ ਇਹ ਆਪਣੇ ਬੈਗ ਚ ਰੱਖ ਪਹਿਲਾਂ ਤਾਂ।’’

ਮੇਰੇ ਹੱਥ ਵਿੱਚ ਆਪਣੇ ਘਰ ਦੀ ਦੂਸਰੀ ਚਾਬੀ ਫੜਾਉਂਦਿਆਂ ਉਨ੍ਹਾਂ ਕਿਹਾ ।

‘‘ਹੁਣ ਤੂੰ ਜਿੰਨੇ ਦਿਨ ਇੱਥੇ ਹੈ ਜਦ ਜੀਅ ਕੀਤਾ ਆ ਗਈ, ਤੈਨੂੰ ਡੋਰ ਖੜਕਾਉਣ ਦੀ ਲੋੜ ਨਹੀਂ ਪੁੱਤ ਤੇਰਾ ਆਪਣਾ ਘਰ ਹੈ, ਭਾਵੇਂ ਆਪਣਾ ਕੋਈ ਖ਼ੂਨੀ ਰਿਸ਼ਤਾ ਨਹੀਂ ਪਰ ਤੈਨੂੰ ਦੇਖ ਕੇ ਇਹ ਫੀਲ ਹੁੰਦਾ ਹੈ ਜਿਵੇਂ ਤੂੰ ਮੇਰੀ ਆਪਣੀ ਧੀ ਹੋਵੇ। ਜੇ ਮੇਰੀ ਕੋਈ ਧੀ ਹੁੰਦੀ ਤਾਂ ਬਿਲਕੁੱਲ ਤੇਰੇ ਵਰਗੀ ਹੋਣੀ ਸੀ।’’

ਮੈਂ ਬੱਚਿਆਂ ਵਾਂਗ ਉਨ੍ਹਾਂ ਨਾਲ ਫਿਰ ਲਿਪਟ ਗਈ।

‘‘ਅੱਛਾ ਚੱਲ ਛੱਡ ਮੈਨੂੰ ਆਹ ਮੇਰਾ ਝੋਲਾ ਜਿਹਾ ਫੜ ਤੇ ਗੱਡੀ ’ਚ ਰੱਖ।’’

ਸਾਹਮਣੇ ਖੜੀ ਚਿੱਟੇ ਰੰਗ ਦੀ ਔਡੀ ਕਿਓ ਟੂ ਦਾ ਲੌਕ ਖੋਲਦਿਆਂ ਉਨ੍ਹਾਂ ਕਿਹਾ।

‘‘ਵਾਓ ਆਹ ਤੁਹਾਡੀ ਕਾਰ ਹੈ? ਕਿੰਨੀ ਸੋਹਣੀ ਕਾਰ ਹੈ, ਆਈ ਲਵ ਦਿਸ ਕਾਰ।’’ ਤੁਹਾਡੀਆਂ ਮੌਜਾਂ ਆ ਇੱਥੇ, ਇੰਨਾਂ ਸੋਹਣਾ ਘਰ ਇੰਨੀ ਸੋਹਣੀ ਕਾਰ ਇੰਨਾਂ ਸੋਹਣਾ ਮੌਸਮ ਤੁਹਾਨੂੰ ਸਾਡੀ ਵਲੈਤ ਦੀ ਯਾਦ ਕਿੱਥੋਂ ਆਉਣੀ ਹੁਣ।’’

ਮੈਂ ਟਿੱਚਰ ਕਰਦਿਆਂ ਆਖਿਆ ।

‘‘ਥੈਂਕਸ ਕਮਲੀਏ ਕੁੜੀਏ, ਐਵੇਂ ਗੱਲਾਂ ਨਾ ਮਾਰੀ ਜਾ ਬਾਹਰ ਖੜੀ ਹੁਣ, ਚੱਲ ਆ ਕਾਰ ’ਚ ਬੈਠ।’’

ਮੇਰੇ ਵੱਲ ਦੇਖ ਉਹ ਸ਼ਰਾਰਤੀ ਅੰਦਾਜ਼ ’ਚ ਹੱਸ ਰਹੇ ਸਨ। ਅੱਜ ਉਹ ਕਾਫੀ ਖੁਸ਼ ਨਜ਼ਰ ਆ ਰਹੀ ਸੀ।

ਅਸੀਂ ਦੋਵੇ ਕਾਰ ’ਚ ਬੈਠ ਗਈਆਂ। ਕਾਰ ਦੀ ਪਿਛਲੀ ਸੀਟ ’ਤੇ ਉਹਨਾਂ ਦਾ ਜਿੰਮ ਵਾਲਾ ਬੈਗ ਪਿਆ ਸੀ, ਉਸ ਤੋਂ ਬਿਨ੍ਹਾਂ ਸਾਰੀ ਕਾਰ ਸਾਫ ਸੁਥਰੀ ਨਵੀ ਨਕੋਰ।

‘‘ਆਪਾਂ ਕਿੱਥੇ ਜਾਂ ਰਹੇ ਹਾਂ ਕੈਲਾਸ਼ ਜੀ?’’

ਮੈਂ ਡਰਾਇਵ ਕਰ ਰਹੀ ਕੈਲਾਸ਼ ਨੂੰ ਸਵਾਲ ਕੀਤਾ।

‘‘ਤੈਨੂੰ ਘੁਮਾਉਣ ਲੈ ਕੇ ਜਾ ਰਹੀ ਹਾਂ ਬਾਹਰ, ਹੁਣ ਤੇਰੀਆਂ ਛੁੱਟੀਆਂ ਮੈਂ ਐਵੇਂ ਜਾਇਆ ਥੋੜਾ ਜਾਣ ਦੇਣੀਆਂ।’’

ਦੇਖਦਿਆਂ-ਦੇਖਦਿਆਂ ਅਸੀਂ ਬਾਹਰ ਮੇਨ ਰੋਡ ’ਤੇ ਆ ਗਏ । ਬਹੁਤ ਹੀ ਸੋਹਣਾਂ ਮੌਸਮ ਸੀ ਸੜਕਾਂ ਬਹੁਤ ਹੀ ਸਾਫ ਸੁਥਰੀਆਂ, ਸੜਕੇ ਕੰਢੇ ਲਾਏ ਖਜੂਰਾਂ ਦੇ ਦੱਰਖਤ ਝੂਮ ਰਹੇ ਸਨ, ਵਾਹ ਕਿੰਨਾਂ ਸੋਹਣਾ ਆਈਲੈਂਡ ਹੈ ਇਹ, ਕਿੰਨਾਂ ਸਾਫ ਸੁੱਥਰਾ। ਰਾਊਂਡ ਅਬਾਊਟ ਫੁੱਲ ਲੱਦੇ। ਰਾਹ ’ਚ ਬਹੁਤ ਸੋਹਣੇ ਕਾਲੇ ਰੰਗ ਦੇ ਲਾਵੇ ਵਾਲੇ ਪਹਾੜ ਤੇ ਉਨ੍ਹਾਂ ’ਤੇ ਜੰਮੀ ਨਿੱਕੀ-ਨਿੱਕੀ ਆਰੇਂਜ ਰੰਗ ਦੀ ਬੂਟੀ। ਦੂਰੋਂ ਬਹੁਤ ਹੀ ਸੋਹਣੇ ਲੱਗ ਰਹੇ ਸਨ।

‘‘ਆਪਾਂ ਕਿੱਥੇ ਜਾ ਰਹੇ ਹਾਂ ਕੈਲਾਸ਼ ਜੀ?’’

‘‘ਮੈ ਸੋਚਿਆ ਤੈਨੂੰ ਇੱਥੋ ਦੇ ਨੈਸ਼ਨਲ ਪਾਰਕ ਦੀ ਸੈਰ ਕਰਵਾ ਕੇ ਲਿਆਵਾਂ । ਉੱਥੇ ਜਾ ਰਹੇ ਹਾਂ ਬੀਰਾਂ। ਤੈਨੂ ਪੰਸਦ ਹੈ ਉਹ ਜਗ੍ਹਾ?’’

‘‘ਉਹ ਹਾਂਜੀ ਬਹੁਤ ਸੋਹਣੀ ਜਗ੍ਹਾ ਹੈ, ਆਈ ਲਵ ਡੈਟ ਪਲੈਸ।’’

‘‘ਬਸ ਆਪਾ ਉੱਥੇ ਹੀ ਜਾ ਰਹੇ ਹਾਂ।’’

‘‘ਵਾਹੋ ਦੈਟਸ ਇਕਸਾਇਟਿਮੈਂਟ ਡੇ ਫੋਰ ਮੀ, ਥੈਂਕਸ ਫੋਰ ਦਿਸ ਸਰਪ੍ਰਇਜ ਕੈਲਾਸ਼ ਜੀ।’’

ਮੈ ਬਹੁਤ ਖੁਸ਼ ਸਾਂ ਇਹ ਨੈਸ਼ਨਲ ਪਾਰਕ ਜਿੱਥੇ ਅਸੀਂ ਜਾ ਰਹੇ ਸਾਂ ਬਹੁਤ ਹੀ ਸੋਹਣੀ ਜਗ੍ਹਾ ਸੀ । ਇਸ ਦਾ ਪੂਰਾ ਨਾਮ ਟਿੰਮਨਫਾਇਆ ਨੈਸ਼ਨਲ ਪਾਰਕ ਸੀ । ਬਹੁਤ ਹੀ ਵੱਡਾ ਵਲਕੀਨੋ ਇੱਥੇ ਆਇਆ ਸੀ ਬਹੁਤ ਸਾਲਾਂ ਪਹਿਲਾਂ, ਸਭ ਕੁੱਝ ਤਬਾਹ ਹੋ ਗਿਆ ਸੀ । ਉਹ ਤਬਾਹੀ ਤੋਂ ਬਾਅਦ ਇਸ ਜਗ੍ਹਾ ਦੀ ਖੂਬਸੂਰਤੀ ਬਹੁਤ ਸੋਹਣੇ ਰੂਪ ਵਿੱਚ ਬਾਹਰ ਆਈ ਸੀ। ਇਹ ਆਈਲੈਂਡ ਇੰਗਲੈਂਡ ਤੋਂ ਕੋਈ 3000 ਕਿਲੋਮੀਟਰ ਦੂਰ ਚਾਰ ਘੰਟੇ ਦੀ ਫਲਾਇਟ ਦੀ ਦੂਰੀ ’ਤੇ ਹੀ ਸੀ ।

‘‘ਖ਼ੈਰ ਅਸੀਂ ਦੋਵੇਂ ਗੱਲਾਂ-ਬਾਤਾਂ ਕਰਦਿਆਂ ਕਰਉਂਦਿਆਂ ਇੱਥੇ ਆ ਪਹੁੰਚੇ ਸੀ ਕੋਈ ਬਾਰਾਂ ਕੁ ਪੌਡਾਂ ਦੀ ਈਚ ਟਿਕਟ ਸੀ, ਇਸੇ ਟਿਕਟ ਵਿੱਚ ਹੀ ਅਗਾਂਹ ਉਹ ਆਪਣੀ ਕੋਚ ਵਿੱਚ ਇਹ ਸਾਰਾ ਲਾਵੇ ਨਾਲ ਤਬਾਹ ਹੋਇਆ ਏਰੀਆ ਘਮਾਉਣ ਲੈ ਕੇ ਜਾਂਦੇ ਹਨ।

ਮੈਂ ਤੇ ਕੈਲਾਸ਼ ਜੀ ਕੋਚ ਵਿੱਚ ਫਰੰਟ ਸੀਟ ’ਤੇ ਬੈਠੇ ਕੋਈ ਚਾਲੀ-ਪੰਤਾਲੀ ਮਿੰਟ ਉਨ੍ਹਾਂ ਨੇ ਸਾਨੂੰ ਸਾਰਾ ਕੋਚ ’ਚ ਘੁੰਮਾਇਆ ਤੇ ਸਾਰੀ ਹਿਸਟਰੀ ਵੀ ਦੱਸੀ।

ਮੈਂ ਪਹਿਲਾਂ ਵੀ ਬਹੁਤ ਵਾਰ ਇਸ ਜਗ੍ਹਾ ’ਤੇ ਗਈ ਸੀ ਪਰ ਅੱਜ ਕੈਲਾਸ਼ ਜੀ ਨਾਲ ਇਹ ਜਗ੍ਹਾ ਦੇਖਣ ਦਾ ਆਪਣਾ ਹੀ ਨਜ਼ਾਰਾ ਸੀ।

ਕੋਚ ਨੇ ਵਾਪਸ ਲਿਆ ਕੇ ਸਾਨੂੰ ਵਾਲਕੀਨੋ ਵਾਲੀ ਥਾਂ ’ਤੇ ਉਤਾਰ ਦਿੱਤਾ। ਉੱਥੇ ਅਸੀਂ ਲਾਈਵ ਵਾਲਕੀਨੋ ਵੀ ਦੇਖਿਆ ।

ਕਾਲੀ ਸੈਡ ਵਾਲਾ ਨੀਲਾ ਸਮੁੰਦਰ ਤੇ ਚਿੱਟੇ ਰੰਗ ਦੇ ਘਰਾਂ ਵਾਲੇ ਛੋਟੇ-ਛੋਟੇ ਪਿੰਡ, ਅੱਧਾ ਦਿਨ ਸਾਡਾ ਆਈਲੈਂਡ ਘੁੰਮਦਿਆਂ ਦਾ ਗੁਜ਼ਰ ਗਿਆ। ਇਕ ਬਹਤ ਹੀ ਸੋਹਣੇ ਸਪੈਨਿਸ਼ ਰੈਸਟੋਰੈਂਟ ’ਤੇ ਕੈਲਾਸ਼ ਜੀ ਨੇ ਮੈਨੂੰ ਲੰਚ ਕਰਾਇਆ।

ਤੇ ਕੋਈ ਤਿੰਨ ਵਜੇ ਦੇ ਕਰੀਬ ਅਸੀਂ ਵਾਪਸ ਘਰ ਆ ਗਈਆਂ ।

ਰਾਹ ਵਿਚ ਮੈਂ ਰਵੀ ਦੀ ਕੈਲਾਸ਼ ਜੀ ਨਾਲ ਗੱਲ ਵੀ ਕਰਾਈ ਤੇ ਤਕਰੀਬਨ ਦੋ ਕੁ ਵਾਰ ਤਾਜ ਅਤੇ ਨਿਮਰਤ ਦਾ ਫੂਨ ਵੀ ਆਇਆ। ਉਹ ਦੋਵੇ ਬੱਚੇ ਵੀ ਬਹੁਤ ਖੁਸ਼ ਸਨ ਕਿ ਕੈਲਾਸ਼ ਜੀ ਮੇਰੇ ਆਉਣ ਨਾਲ ਕਾਫੀ ਖੁਸ਼ ਸਨ ।

ਅੰਦਰ ਵੜਦਿਆਂ ਕੈਲਾਸ਼ ਜੀ ਨੇ ਜਿਵੇ ਮੈਨੂੰ ਹੁਕਮ ਸੁਣਾ ਦਿੱਤਾ।

‘‘ਬੀਰਾ ਤੂੰ ਆਪਣੇ ਹੋਟਲ ਜਾ ਹੁਣ ਤੇ ਜੇ ਥੋੜਾ ਆਰਾਮ ਕਰਨਾ ਤਾਂ ਕਰ ਲਈ ਨਹੀਂ ਤਾਂ ਜਾ ਕੇ ਆਪਣੇ ਰਾਤ ਵਾਲੇ ਕੱਪੜੇ ਤੇ ਆਪਣਾ ਨਿੱਕੜ-ਸੁਕੱੜ ਚੁੱਕ ਲਿਆ, ਅੱਜ ਰਾਤ ਤੂੰ ਮੇਰੇ ਕੋਲ ਰਹਿਣਾ ਆ ।’’

‘‘ਠੀਕ ਹੈ ਨੋ ਪ੍ਰੋਬਲਮ, ਮੈਂ ਨਹੀਂ ਆਰਾਮ ਕਰਨਾ ਮੈਂ ਹੁਣ ਹੀ ਆਈ, ਤੁਸੀਂ ਫਰੈਸ਼ ਹੋ ਜਾਓ, ਮੈਂ ਹੋਟਲ ਜਾ ਕੇ ਸ਼ਾਵਰ ਲੈ ਕੇ ਤੇ ਆਪਣੀ ਜੁੱਲੀ-ਦੱਪੜੀ ਲੈ ਕੇ ਆਈ ਤੇ ਫਿਰ ਆਪਾਂ ਦੇਸੀ ਚਾਹ ਪੀਂਦੇ ਹਾਂ।’’

**ਚਲਦਾ....**

**3 ਜੁਲਾਈ ਨੂੰ ਵਿਆਹ ਪੁਰਬ 'ਤੇ ਵਿਸ਼ੇਸ਼**

– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



# ਜਦੋਂ ਪਿੰਡ ਬਿਲਗਾ ਵਿਖੇ ਪੰਚਮ ਪਾਤਸ਼ਾਹ ਬਰਾਤ ਸਮੇਤ ਠਹਿਰੇ



ਦੁਆਬੇ ਦੀ ਧਰਤੀ ਦਾ ਇਤਿਹਾਸਕ ਪਿੰਡ ਬਿਲਗਾ (ਜਲੰਧਰ) ਸ਼ਹੀਦਾਂ ਦੇ ਸਿਰ-ਤਾਜ, ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਹੈ। ਇਹ ਪਿੰਡ ਪੰਜਾਬ ਦੇ ਵੱਡੇ ਪਿੰਡਾਂ ਵਿੱਚੋਂ ਪ੍ਰਸਿੱਧੀ ਪ੍ਰਾਪਤ ਨਗਰ ਹੈ। ਇਸ ਧਰਤੀ ਨੇ ਸਮੇਂ-ਸਮੇਂ ਅਨੇਕਾਂ ਧਾਰਮਿਕ, ਰਾਜਨੀਤਿਕ ਅਤੇ ਉਘੀਆਂ ਸਮਾਜ ਸੇਵਕ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ। ਇਹ ਪਿੰਡ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿਖੇ ਸਥਿਤ ਹੈ। ਇਤਿਹਾਸਕ ਤੱਥਾਂ ਮੁਤਾਬਕ ਇਹ ਪਿੰਡ ਗੁਰੂ-ਕਾਲ ਸਮੇਂ ਝੌਂਪੜੀਆਂ ਵਿੱਚ ਵੱਸਦਾ ਸੀ। ਇਹ ਝੌਂਪੜੀਆਂ ਹਰ ਸਾਲ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦੀਆਂ ਸਨ। ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਮਾਤਾ ਗੰਗਾ ਜੀ ਨੂੰ ਵਿਆਹੁਣ ਲਈ ਇਥੋਂ ਨੇੜੇ ਵੱਸੇ ਪਿੰਡ ਮੌ-ਸਾਹਿਬ ਬਰਾਤ ਸਮੇਤ ਪਿੰਡ ਬਿਲਗਾ ਤੋਂ ਗੁਜ਼ਰ ਰਹੇ ਸਨ। ਇਸ ਸਮੇਂ ਪਿੰਡ ਬਿਲਗਾ ਵਿੱਚ ਵੱਸਣ ਵਾਲੇ ਸ਼ਰਧਾਵਾਨ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਦੇ ਬੇਨਤੀ ਕਰਨ 'ਤੇ ਕੁਝ ਅਰਸੇ ਲਈ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ। ਸਮੁੱਚੇ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅਤੇ ਬਰਾਤ ਦੀ ਆਉ ਭਗਤ ਅਤੇ ਸੇਵਾ ਬੜੀ ਸ਼ਰਧਾ ਤੇ ਪ੍ਰੇਮ ਨਾਲ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪੜਾਅ ਦੌਰਾਨ ਇਸ਼ਨਾਨ ਤੋਂ ਬਾਅਦ ਪਹਿਨਣ ਵਾਲੇ ਬਸਤਰ ਬਦਲੇ ਸਨ। ਇਸ ਸਮੇਂ ਗੁਰੂ ਸਾਹਿਬ ਦੇ ਨਾਲ ਆਏ ਸੰਗੀ ਬਰਾਤੀਆਂ ਵਿੱਚ ਆਏ ਭਾਈ ਸੱਤਾ ਜੀ ਅਤੇ ਭਾਈ ਬਲਵੰਤ ਜੀ ਨੇ ਧੁਰ ਕੀ ਬਾਣੀ ਦਾ ਕੀਰਤਨ ਵੀ ਕੀਤਾ।

ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਸਾਡੀਆਂ ਕੱਚੀਆਂ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਹਰ ਸਾਲ ਅੱਗ ਨਾਲ ਸੜ ਕੇ ਤਬਾਹ ਹੋ ਜਾਂਦੀਆਂ ਹਨ। ਕਈ ਵਾਰ ਕੁਦਰਤ ਦੇ ਕਹਿਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਤੁਸੀਂ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਹੋ ਸਾਡੇ 'ਤੇ ਕ੍ਰਿਪਾ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਤੇ ਸ਼ਹਿਰ ਤੋਂ ਇਲਾਵਾ, ਛੇਹਰਟਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ), ਸ੍ਰੀ ਹਰਗੋਬਿੰਦਪੁਰ ਆਦਿ ਸ਼ਹਿਰਾਂ ਤੇ ਨਗਰਾਂ ਦੀ ਉਸਾਰੀ ਕਰਵਾਈ, ਨੇ ਬਚਨ ਕੀਤਾ ਸਮਾਂ ਆਉਣ 'ਤੇ ਸ੍ਰੀ ਅਕਾਲ ਪੁਰਖ ਦੇ ਹੁਕਮ ਮੁਤਾਬਕ ਵੱਡਾ ਪਿੰਡ/ਨਗਰ ਵੱਸੇਗਾ। ਅੱਜ ਪਿੰਡ ਬਿਲਗਾ ਦੀਆਂ ਸਤ ਪੱਤੀਆਂ ਹਨ। ਪੰਜਾਬ ਦਾ ਵੱਡਾ ਪਿੰਡ ਹੋਣ ਕਰਕੇ ਹਜ਼ਾਰਾਂ ਲੋਕ ਦੇਸ਼-ਵਿਦੇਸ਼ ਵਿੱਚ ਚੰਗਾ ਕਾਰੋਬਾਰ ਕਰ ਰਹੇ ਹਨ।

ਗੁਰੂ ਸਾਹਿਬ ਦਾ ਵਿਆਹ ਮਾਤਾ ਗੰਗਾ ਜੀ ਨਾਲ 1589 ਈ: ਵਿੱਚ ਹੋਇਆ, ਪਿੰਡ ਬਿਲਗਾ ਜਿਥੇ ਗੁਰੂ ਸਾਹਿਬ ਬਰਾਤ ਸਮੇਤ ਠਹਿਰੇ, ਉਸੇ ਪਵਿੱਤਰ ਅਸਥਾਨ 'ਤੇ ਸਿੱਖ ਸੰਗਤ ਨੇ ਸ਼ਰਧਾ ਸਹਿਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਾਰੀ ਕੀਤੀ। ਜਿਥੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਦੀਆਂ ਰਸਮਾਂ ਮਾਤਾ ਗੰਗਾ ਜੀ ਨਾਲ ਸੰਪੂਰਨ ਹੋਈਆਂ, ਉਥੇ ਵੀ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਤੇ ਪਿੰਡ ਮੌ-ਸਾਹਿਬ ਵਿੱਚ ਵੀ ਸੁਸ਼ੋਭਿਤ ਹੈ। ਬਿਲਗਾ ਪਿੰਡ ਦੇ ਵਿੱਚਕਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਭਾਇਮਾਨ ਹੈ। ਦੱਸਿਆ ਜਾਂਦਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਇਸ ਪਵਿੱਤਰ ਅਸਥਾਨ ਦੇ ਨਾਂਅ ਜਗੀਰ ਵੀ ਲੱਗਵਾਈ। ਅੱਜ ਕੱਲ੍ਹ ਇਸ ਬਿਲਗਾ ਦੇ ਇਸ ਗੁਰਦੁਆਰਾ ਸਾਹਿਬ ਅਤੇ ਮੌ-ਸਾਹਿਬ (ਮਾਉ-ਸਾਹਿਬ) ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁ: ਸ੍ਰੀ ਗੁਰੂ ਅਰਜਨ ਦੇਵ ਜੀ ਬਿਲਗਾ ਵਿਖੇ ਗੁਰੂ ਸਾਹਿਬ ਜੀ ਦੀਆਂ ਸਰੀਰਕ ਛੋਹ ਪ੍ਰਾਪਤ ਪਵਿੱਤਰ ਬਸਤਰ, ਕੁੜਤਾ, ਪਜਾਮਾ, ਸਿਮਰਨਾ, ਸੇਲੀ-ਟੋਪੀ, ਚੰਦਨ ਦੀ ਚੌਕੀ ਆਦਿ ਸੁਸ਼ੋਭਿਤ ਹਨ। ਇਨ੍ਹਾਂ ਦੇ ਦਰਸ਼ਨ ਸਮੇਂ-ਸਮੇਂ ਕਰਵਾਏ ਜਾਂਦੇ ਹਨ। ਪ੍ਰਵਾਸੀ ਭਾਰਤੀ ਇਲਾਕੇ ਦੀ ਸੰਗਤ ਦੇ ਉੱਦਮ ਨਾਲ ਮਾਹਿਰਾਂ ਦੇ ਸਹਿਯੋਗ ਨਾਲ ਇਨ੍ਹਾਂ ਵਸਤੂਆਂ ਦੀ ਸਾਂਭ ਸੰਭਾਲ ਵਿਗਿਆਨਕ ਢੰਗ ਨਾਲ ਸੁਚੱਜੀ ਤਰ੍ਹਾਂ ਕੀਤੀ ਜਾਂਦੀ ਹੈ। ਗੁਰੂ ਸਾਹਿਬ ਦੀ ਬਰਾਤ ਵਿੱਚ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਜੀ, ਭਾਈ ਸੰਗ ਜੀ, ਸਾਂਈ ਮੀਆਂ ਮੀਰ ਜੀ, ਭਾਈ ਮੰਝ ਜੀ, ਭਾਈ ਸਾਹਲੋ ਆਦਿ ਵਰਗੀਆਂ ਅਨੇਕਾਂ ਆਤਮ-ਰਸੀ ਪਵਿੱਤਰ ਰੂਹਾਂ ਦੇ ਮਾਲਕ ਗੁਰਸਿੱਖ ਵੀ ਸ਼ਾਮਿਲ ਸਨ।

ਇਸ ਪਵਿੱਤਰ ਅਸਥਾਨ 'ਤੇ ਹਰ ਸਾਲ ਵਿਆਹ ਪੁਰਬ ਦੇ ਸਬੰਧ ਵਿੱਚ 18 ਤੋਂ 20 ਹਾੜ ਨੂੰ ਤਿੰਨ ਦਿਨਾਂ ਸਲਾਨਾ ਜੋੜ-ਮੇਲਾ ਹੁੰਦਾ ਹੈ। ਇਸ ਤੋਂ ਅਗਲੇ ਤਿੰਨ ਦਿਨ ਮੌ-ਸਾਹਿਬ ਵਿਖੇ ਵੀ ਵਿਆਹ ਪੁਰਬ ਦੇ ਸਮਾਗਮ ਹੁੰਦੇ ਹਨ। ਲਗਾਤਾਰ ਧਾਰਮਿਕ ਦੀਵਾਨ ਸਜਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਵਾਰ ਵੀ ਤਿੰਨ ਜੁਲਾਈ ਦੀ ਰਾਤ ਨੂੰ ਸੋਦਰ ਰਹਿਰਾਸ ਜੀ ਦੇ ਪਾਠ ਤੋਂ ਉਪਰੰਤ ਮਹਾਨ ਗੁਰਮਤਿ ਸਮਾਗਮ ਹੋ ਰਿਹਾ ਹੈ। ਇਸੇ ਰਾਤ ਅੰਮ੍ਰਿਤ ਵੇਲੇ ਪੰਜ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਵੀ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਰਾਤ ਭਰ ਪੰਥ ਪ੍ਰਸਿੱਧ ਜਥੇ ਪਾਵਨ ਬਾਣੀ ਦੇ ਕੀਰਤਨ ਨਾਲ ਸੰਗਤ ਨੂੰ ਸਰਸ਼ਾਰ ਕਰਦੇ ਹਨ। ਇਹ ਕਾਰਜ ਪਿੰਡ ਵਾਸੀਆਂ, ਇਲਾਕਾ ਵਾਸੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ (ਜੋ ਇਸੇ ਪਿੰਡ ਦੇ ਜੰਮਪਲ ਹਨ) ਦੁਆਰਾ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਸਮਾਜ ਸੇਵੀ ਕਾਰਜਾਂ ਵਿੱਚ ਲੋੜ-ਵੰਦ ਪਰਿਵਾਰਾਂ ਵਿੱਚ ਮੁਫ਼ਤ ਰਾਸ਼ਨ, ਲੋੜ-ਵੰਦ ਬੱਚਿਆਂ ਦੀ ਪੜ੍ਹਾਈ ਆਦਿ ਕਾਰਜ ਵੀ ਕੀਤੇ ਜਾਂਦੇ ਹਨ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠਾਂ ਦੇ ਭੋਗਾਂ ਤੋਂ ਉਪਰੰਤ ਲਗਾਤਾਰ ਦੀਵਾਨ ਸਜਦਾ ਹੈ। ਲੰਗਰਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵਿਆਹ ਪੁਰਬ ਜਾਣ ਕੇ ਸੰਗਤ ਦੀ ਸੇਵਾ ਲਈ ਤਿਆਰ ਕਰਕੇ ਵਰਤਾਏ ਜਾਂਦੇ ਹਨ। ਪਿੰਡ ਬਿਲਗਾ ਅਤੇ ਮੌ-ਸਾਹਿਬ ਵਿਖੇ ਲਗਾਤਾਰ ਜੋੜ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਗੁਰੂ-ਘਰਾਂ ਵਿੱਚ ਸੰਗਤ ਹਾਜ਼ਰੀ ਭਰਦੀ ਹੈ। ਹਰ ਸਾਲ ਇਹ ਸਮਾਗਮ ਯਾਦਗਾਰੀ ਹੋ ਨਿਬੜਦਾ ਹੈ।

* * * * * *

# ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ (ਜਰਮਨੀ) ਵਿਖੇ ਭਾਈ ਸਰਬਜੀਤ ਸਿੰਘ ਧੂੰਦਾ ਹੋਰਾਂ ਨੂੰ ਪ੍ਰੋਫੈਸਰ ਗੁਰਮੁੱਖ ਸਿੰਘ ਯਾਦਗਾਰੀ ਗੋਲਡ ਮੈਡਲ ਨਾਲ ਕੀਤਾ ਸਨਮਾਨਿਤ









ਫਰੈਂਕਫੋਰਟ-ਜੋ ਲੋਕ ਗੁਰਮਤ ਸਿਧਾਂਤ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ ਦੀ ਗੱਲ ਕਰਦੇ ਹਨ ਉਹਨਾਂ ਨੂੰ ਸਰਕਾਰੀ ਕਿਹਾ ਜਾ ਰਿਹਾ ਹੈ ਅਤੇ ਜਿਹੜੇ ਮਨਘੜਤ ਗੱਪ ਕਹਾਣੀਆਂ ਸੁਣਾ ਸਟੇਜਾਂ ਤੇ ਬਹਿ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ ਉਹਨਾਂ ਨੂੰ ਪੰਥਕ ਹੋਣ ਦੇ ਖਿਤਾਬ ਦਿੱਤੇ ਜਾਂਦੇ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਰਬਜੀਤ ਸਿੰਘ ਧੂੰਦਾ ਹੋਰਾਂ ਨੇ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਜਰਮਨੀ ਵਿਖੇ ਹੋਏ ਗੁਰਮਤ ਸਮਾਗਮ ਦੌਰਾਨ ਕੀਤਾ, ਇਹ ਸਮਾਗਮ ਭਾਈ ਘਨਈਆ ਜੀ ਸੇਵਾ ਸੋਸਾਇਟੀ ਫਰੈਂਕਫੋਰਟ ਦੇ ਸੇਵਾਦਾਰਾਂ ਅਤੇ ਸੰਗਤਾਂ ਦੇ ਸਹਿਯੋਗ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਰੱਖਿਆ ਗਿਆ ਇਸ ਵਕਤ ਸੋਦਰ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਉਪਰੰਤ ਦੀਵਾਨ ਸਜਾਏ ਗਏ ਇਸ ਦੀਵਾਨ ਦੇ ਵਿੱਚ ਦੂਰੋਂ ਨੇੜਿਓਂ ਹੁਮ ਹੁਮਾ ਕੇ ਸੰਗਤਾਂ ਸੱਚ ਦੀ ਵਿਚਾਰ ਨੂੰ ਸੁਣਨ ਵਾਸਤੇ ਪਹੁੰਚੀਆਂ, ਸੋਮਵਾਰ ਦਾ ਦਿਨ ਹੋਣ ਕਰਕੇ ਭਾਵੇਂ ਇਹ ਵਰਕਿੰਗ ਡੇ ਸੀ ਪਰ ਫਿਰ ਵੀ ਸੰਗਤਾਂ ਦਾ ਠਾਠਾ ਮਾਰ ਰਿਹਾ ਇਕੱਠ ਇਹ ਦੱਸ ਰਿਹਾ ਸੀ ਕਿ ਸੰਗਤਾਂ ਗੁਰਮਤ ਸਿਧਾਂਤ ਨੂੰ ਪਹਿਲ ਦਿੰਦੀਆਂ ਹਨ, ਇਸ ਵਕਤ ਸਮਾਗਮ ਦੀ ਸਮਾਪਤੀ ਤੇ ਸਮੂਹ ਗੁਰਦੁਆਰਾ ਪ੍ਰਬੰਧਕ ਅਤੇ ਸਿੱਖ ਸੰਸਥਾਵਾਂ ਜਰਮਨੀ ਦੇ ਵੱਲੋਂ ਭਾਈ ਸਰਬਜੀਤ ਸਿੰਘ ਧੂੰਦਾ ਹੋਰਾਂ ਨੂੰ ਉਹਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਨਮਾਨ ਪੱਤਰ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਯਾਦਗਾਰੀ ਗੋਲਡ ਮੈਡਲ ਦੇ ਕੇ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਿਤ ਕੀਤਾ ਗਿਆ ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਅਨੂਪ ਸਿੰਘ ਘੋਤਰਾ ਅਤੇ ਹੋਰਾਂ ਦੇ ਵੱਲੋਂ ਵੀ ਭਾਈ ਧੂੰਦਾ ਜੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਭਾਈ ਗੁਰਦੀਪ ਸਿੰਘ ਪਰਦੇਸੀ ਅਤੇ ਸਰਦਾਰ ਬਲਕਾਰ ਸਿੰਘ ਬਰਿਆਰ ਹੋਣਾਂ ਵੱਲੋਂ ਭਾਈ ਸਰਬਜੀਤ ਸਿੰਘ ਧੂੰਦਾ ਵੱਲੋਂ ਕੀਤੇ ਗੁਰਬਾਣੀ ਵਖਿਆਣ ਦਾ ਧੰਨਵਾਦ ਕਰਦਿਆਂ ਸੰਗਤਾਂ ਨੂੰ ਕਿਹਾ ਕਿ ਅੱਜ ਲੋੜ ਹੈ ਕਿ ਅਜਿਹੇ ਪ੍ਰਚਾਰਕ ਜੋ ਸੱਚ ਦੀ ਗੱਲ ਨੂੰ ਸੰਗਤਾਂ ਦੇ ਵਿੱਚ ਰੱਖਦੇ ਹਨ ਉਹਨਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ । ਇਸ ਮੌਕੇ ਭਾਈ ਘਨਈਆ ਜੀ ਸੇਵਾ ਸੁਸਾਇਟੀ ਦੇ ਪ੍ਰਬੰਧਕਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਲੋਂ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ

ਗੁਰਮੀਤ ਸਿੰਘ ਪਲਾਹੀ
-9815802070

**ਆੜ੍ਹਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।**





ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉੱਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ? ਨਾਵਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਿਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ।

3 ਫਰਵਰੀ 2025 ਨੂੰ ਲੋਕ ਸਭਾ ਵਿੱਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘੱਟਕੇ ਇਹ ਗਿਣਤੀ 8.1 ਕਰੋੜ ਰਹਿ ਗਈ। ਇਹਨਾ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ। ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ ਜੋ ਫਰਵਰੀ 2025 'ਚ ਦਿੱਤੀ ਗਈ, ਉਸ ਵਿੱਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?

ਪਰ ਇਸ ਵਿੱਚ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਕਿਸਾਨ ਭਾੜੇ 'ਤੇ ਖੇਤੀ ਕਰਦੇ ਹਨ, ਇਸ ਯੋਜਨਾ ਅਧੀਨ ਲਾਹਾ ਲੈਣ ਦੇ ਪਾਤਰ ਨਹੀਂ ਹਨ। ਕੀ ਇਹ ਬੇਇਨਸਾਫੀ ਨਹੀਂ ਹੈ?

ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ,ਤਾਂ 2019-20 ਵਿੱਚ ਇਹ 87 ਫ਼ੀਸਦੀ ਕਲੇਮ ਮਿਲੇ ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਜ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।

ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿੱਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ। ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ, ਪੈਸਿਆਂ ਦੀ, ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ "ਕਿਸਾਨ ਵਿਰੋਧੀ ਸਰਕਾਰ" ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਉਤਨਾ ਧਿਆਨ ਨਹੀਂ ਹੈ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਸਗੋਂ ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜਿਸ਼ ਦੀ ਝਲਕ ਸਪਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਹਨਾ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਹਨਾ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। 'ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਵੀ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵੱਧਦੀ ਕੀਮਤ, ਪਾਣੀ ਦੀ ਘਾਟ ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜ਼ਬੂਰ ਹੈ। ਖੇਤੀ ਲਈ ਪੂਰਾ ਪਰਿਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜੱਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਹਨਾ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਵਾਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤਾਂ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਤੇ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ। ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ।

ਆੜ੍ਹਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਵਾਸਤਾ ਹੈ, ਕਿਉਂਕਿ ਉਹ ਹੀ ਉਸਨੂੰ ਖੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਊਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜ਼ਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ। ਖੇਤੀ ਯੋਗ ਭੂਮੀ ਜਿਥੇ ਭੈੜੀਆਂ ਮੌਸਮੀ ਹਾਲਾਤਾਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਅਤੇ ਸਰਕਾਰ ਰਲਕੇ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਮ ਉਤੇ ਇਸ ਨੂੰ ਕਿਸਾਨਾਂ ਤੋਂ ਹਥਿਆ ਰਹੇ ਹਨ, ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੋਰ ਵੀ ਵਧ ਰਹੀਆਂ ਹਨ। ਵੱਡੀ ਗਿਣਤੀ ਕਿਸਾਨ ਖੇਤੀ ਤੋਂ ਵਾਂਝੇ ਕੀਤੇ ਜਾ ਰਹੇ ਹਨ।

ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ। ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿੱਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖੁਰਾਕ ਪੈਦਾ ਕਰਦਾ ਹੈ, ਪਰ ਆਪ ਭੁਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ 'ਚ ਜੀਵਨ ਵਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜਾਂ ਕਾਰਨ ਕਈ ਹਾਲਾਤਾਂ 'ਚ ਕਰੁਨਾਮਈ ਬਣ ਜਾਂਦੀ ਹੈ, ਜਦੋਂ ਉਸਦੇ ਪਰਿਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ।

ਸਮੁੱਚੇ ਦੇਸ਼ ਵਿੱਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

* * * * * * *

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੁ ਅੰਗਦ ਗੁਰ ਅੰਗੁ ਤੇ

**ਕਿਸ਼ਤ 39**

ਉਤਸ਼ਾਹੀ ਹੋਏ ਉਹ ਹੁਣ ਦੌੜੇ ਗਏ ਅਰ ਜੋਗੀ ਨੂੰ ਬਾਹੋਂ ਜਾ ਫੜਿਆ ਤੇ ਉਸ ਦੇ ਰੌਲਾ ਪਾਉਂਦਿਆਂ ਬਦੋ-ਬਦੀ ਉਸ ਨੂੰ ਖੇਤਾਂ ਵੱਲ ਲੈ ਤੁਰੇ। ਜਿਉਂ ਹੀ ਇਹ ਪਿੰਡੋਂ ਬਾਹਰ ਆਏ, ਵੇਖਿਆ ਕਿ ਇਨ੍ਹਾਂ ਦੇ ਸਿਰ 'ਤੇ ਬੱਦਲ ਆ ਗਏ ਸਨ। ਇਨ੍ਹਾਂ ਨੂੰ ਬਾਬਾ ਜੀ ਦੇ ਬਚਨ ਪੂਰੇ ਹੁੰਦੇ ਦਿੱਸੇ। ਛੇਤੀ ਛੇਤੀ ਆਪਣੇ ਖੇਤਾਂ ਵੱਲ ਵਧੇ ਤਾਂ ਮੀਂਹ ਪੈਣ ਲੱਗ ਪਿਆ। ਹੁਣ ਆਪਾ-ਧਾਪੀ ਪੈਣ ਲੱਗੀ ਕਿ ਕਿਤੇ ਮੇਰੇ ਖੇਤ ਸੁੱਕੇ ਨ ਰਹਿ ਜਾਣ। ਛੇਤੀ ਹੀ ਉਨ੍ਹਾਂ ਵਿਚੋਂ 2-3 ਬਾਬਾ ਜੀ ਵੱਲ ਦੌੜੇ ਆਏ ਕਿ ਅਸੀਂ ਕੀਹ ਕਰੀਏ? ਬਾਬਾ ਜੀ! ਦਿਨ ਤਾਂ ਗਿਆ। ਬੰਸਾਵਲੀਨਾਮਾ ਅਨੁਸਾਰ ਬਾਬਾ ਜੀ ਨੇ ਕਿਹਾ:

ਟੰਗ ਜੋਗੀ ਦੀ ਰੱਸਾ ਪਾਉ।
ਜਿਸ ਖੇਤ੍ਰ ਘਸੀਟ ਲੈ ਜਾਉ।
ਉਥੇ ਮੀਂਹ ਪਵੈਗਾ ਚੰਗਾ।
ਤੁਸੀਂ ਦੇਖੋ ਪਾਇ ਜੋਗੀ ਨੂੰ ਵੰਗਾ।110॥
ਸੋਰਠਾ॥ ਸਤਿਗੁਰ ਬਚਨ ਬਿਲਾਸ
ਸਹਜ ਸੁਭਾਇ ਤਾਂ ਸੌ ਕਹਿਓ।
ਜੋਗੀ ਪਗ ਰਸਾ ਪਾਇ
ਜਹਾਂ ਖੈਂਚੋ ਬਰਖਾ ਤਹਾਂ।21॥13॥ ਮ.ਪ੍ਰ.

ਉਨ੍ਹਾਂ ਇਵੇਂ ਹੀ ਕੀਤਾ। ਜੋਗੀ ਦੇ ਤਾਂ ਚੀਥੜੇ ਉੱਡ ਗਏ ਪਰ, ਖੇਤ ਪਾਣੀ ਨਾਲ ਭਰਪੂਰ ਹੋ ਗਏ। ਖਹਿਰੇ ਮਹਿਸੂਸ ਕਰਨ ਲੱਗ ਪਏ ਕਿ ਗੁਰੂ ਪਾਤਸ਼ਾਹ ਨਾਲ ਬਿਅਦਬੀ ਵਾਲਾ ਵਿਹਾਰ ਕਰ ਕੇ ਉਹ ਬਹੁਤ ਭੁੱਲ ਕਰ ਬੈਠੇ ਹਨ, ਹੁਣ ਕੀਹ ਕੀਤਾ ਜਾਵੇ। ਉਨ੍ਹਾਂ ਬਾਬਾ ਜੀ ਨੂੰ ਪੁੱਛਿਆ ਤਾਂ ਆਪ ਜੀ ਨੇ ਕਿਹਾ,

'ਉਹ ਬਹੁਤ ਦਇਆਲੂ ਹਨ, ਤੁਸੀਂ ਉਨ੍ਹਾਂ ਕੋਲ ਜਾ ਕੇ ਭੁੱਲ ਬਖ਼ਸ਼ਾਉ ਅਰ ਨਾਲ ਲੈ ਆਉ'।

'ਸਤਿ ਬਚਨ'। ਇਨ੍ਹਾਂ ਕਿਹਾ ਅਤੇ ਬਾਬਾ ਜੀ ਦਾ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ।

ਇਉ ਕੰਤ ਮਿਲਾਵਾ ਹੋਇ
ਮਹਲਾ 2॥ ਜਾ ਸੁਖੁ ਤਾ ਸਹੁ ਰਾਵਿਓ
ਦੁਖਿ ਭੀ ਸੰਮ੍ਹਾਲਿਓਇ॥
ਨਾਨਕੁ ਕਹੈ ਸਿਆਣੀਏ
ਇਉ ਕੰਤ ਮਿਲਾਵਾ ਹੋਇ॥2॥
ਗੁ.ਗ੍ਰ.ਸਾ. ਪੰਨਾ 792

ਰੈਣ ਬਸੇਰਾ ਖਡੂਰ ਹੀ ਕਰ ਕੇ ਸਵੇਰੇ ਦਿਨ ਦੇ ਚੜ੍ਹਾਅ ਨਾਲ ਆਪ ਜੀ ਜੂਹ ਵਿਚ ਪਹੁੰਚ ਗੁਰੂ ਸਾਹਿਬ ਕੋਲ ਜਾ ਮੱਥਾ ਟੇਕਿਆ। ਜਦੋਂ ਮੱਥਾ ਟੇਕ ਕੇ ਉੱਠੇ ਤਾਂ ਕੀ ਵੇਖਦੇ ਹਨ ਕਿ ਗੁਰੂ ਸਾਹਿਬ ਦੀ ਮੇਰੇ ਵੱਲ ਪਿਠ ਹੈ। ਛੇਤੀ ਦੂਜੇ ਪਾਸੇ ਸਾਹਮਣੇ ਹੋਏ ਤਾਂ ਗੁਰੂ ਸਾਹਿਬ ਫਿਰ ਪਿਠ ਕਰ ਲਈ। ਹੁਣ ਬਾਬਾ ਸ੍ਰੀ ਅਮਰਦਾਸ ਜੀ ਦੇ ਮਨ ਆਈ ਕਿ ਅਮਤਰਜਾਮੀ ਪਾਤਸ਼ਾਹ ਜੀ ਨੂੰ ਖਡੂਰ ਵਿਚ ਸਾਡਾ ਕੀਤਾ ਚੰਗਾ ਨਹੀਂ ਲੱਗਾ। ਹੱਥ ਜੋੜ ਬੇਨਤੀ ਕੀਤੀ, 'ਹੇ ਬਖ਼ਸ਼ਿੰਦ ਸਤਿਗੁਰੂ ਮੇਰੇ ਨਿਮਾਣੇ ਕੋਲੋਂ ਬਹੁਤ ਭੁੱਲਾਂ ਹੋ ਗਈਆਂ ਹਨ, ਬਖ਼ਸ਼ ਲੌ, ਬਖ਼ਸ਼ ਲੌ, ਬਖ਼ਸ਼ ਲੌ'! ਕਹਿੰਦਿਆਂ ਸੀਸ ਉਨ੍ਹਾਂ ਦੇ ਚਰਨਾਂ ਵਿਚ ਰੱਖ ਦਿੱਤਾ। ਬਖ਼ਸ਼ਿੰਦ ਸਤਿਗੁਰੂ ਜੀ ਨੇ ਦੋਹਾਂ ਹੱਥਾਂ ਨਾਲ ਸੀਸ ਉਠਾਉਂਦਿਆਂ ਫ਼ੁਰਮਾਇਆ:

ਮ:2॥ ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥ ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥2॥ ਗੁ.ਗ੍ਰ.ਸਾ. ਪੰਨਾ 1290

'ਪੁਰਖਾ ਜੀ! ਜੇ ਨਿਜ ਨਾਲ ਜੁੜੀਆਂ ਛੋਟੀਆਂ-ਛੋਟੀਆਂ ਗੱਲਾਂ ਨੂੰ ਨਜ਼ਰੰਦਾਜ਼ ਕਰ ਦੇਣ ਨਾਲ ਪੰਥਕ ਕਾਰਜ ਨੂੰ ਬਿਖਾਧ ਤੋਂ ਬਚਾਇਆ ਜਾ ਸਕਦਾ ਹੋਵੇ ਤਾਂ ਬਚਾਅ ਲੈਣਾ ਚਾਹੀਦਾ ਹੈ। ਵਾਦ-ਵਿਰੋਧ ਤੋਂ ਕੌਣ ਬਚਿਆ ਹੋਇਆ ਹੈ ਪਰ, ਆਪਾਂ ਸਦਾ ਦੂਜੇ ਨੂੰ ਹੀ ਦੋਸ਼ੀ ਸਮਝਦੇ ਹਾਂ। ਦੇਖੋ, ਖੋਟਾ ਢਬੂਆ ਉੱਘੜਦਾ ਹੀ ਹੈ ਭਾਵੇਂ ਸਮਾਂ ਲਗਦਾ ਹੈ। ਇਹ ਸਭ ਇਉਂ ਹੈ ਜਿਵੇਂ ਅਠੂਹਿਆਂ ਦਾ ਮਾਂਦਰੀ ਕਿਤੇ ਨਾਗਾਂ ਨੂੰ ਹੱਥ ਪਾ ਲਵੇ ਤਾਂ ਉਸ ਨੇ ਬਚਣਾ ਨਹੀਂ ਹੁੰਦਾ, ਅੱਜ ਨਹੀਂ ਤਾਂ ਭਲਕ। ਗੁਰਮੁਖ ਨਾਲ ਅੜ ਕੇ ਮਨਮੁਖ ਹਾਰਦਾ ਹੀ ਹੈ, ਇਹ ਕਰਤਾਰੀ ਨੇਮ ਹੈ, ਜਦੋਂ ਅਸੀਂ ਉਸ ਦੀ ਟੇਕ 'ਤੇ ਚਲਦੇ ਹਾਂ ਤਾਂ ਉਹ ਛੇਤੀ ਉਘਾੜ ਦੇਂਦਾ ਹੈ, ਓਸ ਦੀ ਕਲਾ ਵਰਤਦੀ ਹੈ:

ਸਲੋਕੁ ਮਹਲਾ 2॥
ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥ ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥ ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ॥
ਗੁਰਮੁਖ ਸਿਉ ਮਨਮੁਖੁ ਅੜੈ
ਡੁਬੈ ਹਕਿ ਨਿਆਇ॥
ਦੁਹਾ ਸਿਰਿਆ ਆਪੇ ਖਸਮੁ
ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ
ਸਭ ਕਿਛੁ ਤਿਸਹਿ ਰਜਾਇ॥1॥
ਗੁ.ਗ੍ਰ.ਸਾ. ਪੰਨਾ 148

ਸ੍ਰੀ ਗੁਰ ਅੰਗਦ ਤਬਹਿ ਬਖਾਨਾ।
(ਸੁਣ ਕੇ ਗੁਰੂ ਅੰਗਦ ਜੀ ਕਿਹਾ)
'ਹਮ ਪੀਛੇ ਕਿਆ ਕ੍ਰਿਤ ਤੁਮ ਠਾਨਾ।
(ਸਾਡੇ ਪਿਛੋਂ ਤੁਸਾਂ ਇਹ ਕੀਹ ਕੀਤਾ)
ਘਨ ਬਰਖਾਇ ਤਪਾ ਮਰਵਾਯੋ।
(ਮੀਂਹ ਪਵਾ ਕੇ ਤਪਾ ਮਰਵਾ ਦਿਤਾ)
ਅਪਨ ਆਪ ਕੋ ਮਹਦ ਜਨਾਯੋ।53॥
(ਅਰ ਆਪਣੇ ਆਪ ਨੂੰ ਵੱਡਾ ਵਿਖਾਇਆ)
ਸਤਿਗੁਰ ਕੋ ਘਰ ਹੈ ਨਿਤ ਨੀਂਵਾਂ।
(ਸਤਿਗੁਰਾਂ ਦੀ ਖ਼ੁਸ਼ੀ ਨਿਮਾਣੇ ਹੋਣ ਵਿਚ ਹੈ)
ਹੋਨ ਹੰਕਾਰ ਥਾਨ ਨਹਿਂ ਥੀਂਵਾਂ।..।54॥24॥
(ਇਥੇ ਗੁਮਾਨੀ ਲਈ ਕੋਈ ਥਾਂ ਨਹੀਂ)

'ਪਾਤਸ਼ਾਹ ਜੀ! ਮੇਰੇ ਪਾਸੋਂ ਆਪ ਜੀ ਦੀ ਨਿਰਾਦਰੀ ਝੱਲ ਨਹੀਂ ਹੋਈ। ਮੈਂ ਸੋਚਿਆ ਕਿ ਇਸ ਨੂੰ ਕੀਤੀ ਦਾ ਫ਼ਲ ਛੇਤੀ ਮਿਲਣਾ ਚਾਹੀਦਾ ਹੈ। ਇਸ ਨੂੰ ਪਤਾ ਨ ਲੱਗਿਆ ਤਾਂ ਭੋਲੇ ਸਿੱਖਾਂ ਦੇ ਮਨ ਆਵੇਗੀ ਕਿ ਜੇ ਸੱਚੇ ਪਾਤਸ਼ਾਹ ਜੀ ਨਾਲ ਅਜੇਹਾ ਵਰਤਾਅ ਕੀਤਾ ਜਾ ਸਕਦਾ ਹੈ ਤਾਂ ਉਹ ਕਿਸ ਦੇ ਪਾਣੀਹਾਰ ਨੇ? ਫਿਰ ਪੰਥ ਕਿਵੇਂ ਚੱਲੇਗਾ'?

ਤਬ ਗੁਰ ਅਮਰ ਜੀ ਕੀਉ ਬਖਾਨ।
(ਤਾਂ ਗੁਰੂ ਅਮਰ ਜੀ ਨੇ ਕਿਹਾ)
'ਤਿਸ ਸਤਿਗੁਰ ਸੰਤ ਕਉ ਕੀਉ ਅਪਮਾਨ। 32॥
(ਉਸ ਨੇ ਸੰਤ-ਗੁਰੂ ਦੀ ਬੇਅਦਬੀ ਕੀਤੀ)
ਪ੍ਰਭ ਨਿਜ ਆਗਿਆ ਪੰਥ ਕੀ ਕਰੀ।(ਆਪ ਨੇ ਪ੍ਰਭੂ ਦਾ ਪੰਥ ਚਲਾਉਣ ਲਈ ਕਿਹਾ ਹੈ)
ਬਿਨ ਦੇਖ ਪ੍ਰਭਾਵ ਪੰਥ ਕਿਮ ਧਰੀ।33॥
(ਬਿਨਾਂ ਸ਼ਕਤੀ ਵਿਖਾਏ ਪੰਥ ਕਿਵੇਂ ਚਲੇਗਾ?)



ਜੋਗੀ ਗੁਰ ਕੋ ਦੀਆ ਉਠਾਇ।(ਜੇ ਜੋਗੀ ਗੁਰੂ ਸਾਹਿਬ ਨੂੰ ਨਗਰ ਤੋਂ ਕੱਢ ਸਕਦਾ ਹੈ)
ਕਿਮ ਕਰ ਪੰਥ ਧਰੇ ਸਿਖ ਆਇ।..।34॥ ਮ.ਪ੍ਰ. (ਤਾਂ ਸਿਖ ਇਸ ਰਾਹ 'ਤੇ ਕਿਵੇਂ ਚੱਲੇਗਾ'?)

ਇਸ ਦੇ ਨਾਲ ਹੀ ਸ੍ਰੀ ਅਮਰਦਾਸ ਜੀ ਨੇ ਹੱਥ ਜੋੜਦਿਆਂ ਮਹਾਂਕਵੀ ਜੀ ਅਨਸਾਰ ਕਿਹਾ:

'ਅਬਿ ਤੇ ਫੇਰ ਨ ਕਰਿਹੌਂ ਐਸੇ।
('ਹੁਣ ਅਸੀਂ ਫਿਰ ਅਜਿਹਾ ਨਹੀਂ ਕਰਾਂਗੇ)
ਆਪਾ ਮੈਂ ਨ ਜਨਾਵੌਂ ਕੈਸੇ'।57॥24॥
(ਕਦੀ ਅਸੀਂ ਆਪਾ ਨਹੀਂ ਜਨਾਵਾਂਗੇ')

ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾ ਕੇ ਉਨ੍ਹਾਂ ਨੂੰ ਸੀਨੇ ਨਾਲ ਲਾ ਲਿਆ।

ਮਿਹਰ-ਓ ਕੀਂ ਬਰ ਹਰ ਕਿ ਸਾਜ਼ੀ ਸਾਫ਼ੀ-ਇ ਦਿਲ ਗੁੰਮ ਕੁਨੱਦ, (ਜੇ ਲੋਕਾਂ ਨਾਲ ਦੋਸਤੀ ਜਾਂ ਦੁਸ਼ਮਨੀ ਰੱਖੇਂਗਾ ਤਾਂ ਤੇਰੇ ਦਿਲ ਦੀ ਪੱਵਿਤ੍ਰਤਾ ਜਾਂਦੀ ਰਹੂ,)

ਗਰ ਮੁਰਾਦ-ਇ ਖ਼ੇਸ਼ ਖ਼ਾਹੀ ਅਜ਼ ਗ਼ਲਾਜ਼ਤ ਦੂਰ ਦਾਰ। (ਜੇ ਤੂੰ ਆਪਣਾ ਮਨੋਰਥ ਸਿਧ ਕਰਨਾ ਲੋੜਦਾ ਹੈਂ ਤਾਂ ਮਨ ਨੂੰ ਇਸ ਅਪਵਿਤ੍ਰਤਾ ਤੋਂ ਦੂਰ ਰੱਖ।) ਦੀਵਾਨ-ਇ ਗੋਯਾ

ਗੁਰੂ ਜੀ ਬੋਲੇ, 'ਤੁਹਾਡੇ ਵਿਚ ਸਹਿਣਸ਼ੀਲਤਾ ਧਰਤੀ ਵਰਗੀ, ਦੁਖ ਸੁਖ ਵਿਚ ਅਡੋਲਤਾ ਪਰਬਤ ਵਰਗੀ ਅਤੇ ਹਿਰਦੇ ਵਿਚ ਖਿਮਾ ਹੋਣੀ ਚਾਹੀਦੀ ਹੈ। ਹਰ ਇਕ ਦਾ ਉਸ ਦੇ ਕਰਮਾਂ ਵੱਲ ਖ਼ਿਆਲ ਕੀਤੇ, ਭਲਾ ਕਰੋ। ਤੁਹਾਨੂੰ ਕੰਚਨ ਤੇ ਮਨੂਰ ਨੂੰ ਇਕ ਸਮਾਨ ਸਮਝਣਾ ਚਾਹੀਦਾ ਹੈ ਅਤੇ ਨਿੰਮਰਤਾ ਰੱਖੋ ਕਿਉਂ ਜੋ ਨਿਰਮਾਨ ਨੂੰ ਹਮੇਸ਼ਾ ਆਦਰ ਮਿਲਦਾ ਹੈ'। ਪੰਨਾ 215, ਸਿੱਖ ਇਤਿਹਾਸ, ਮੈਕਾਲਿਫ

* * * * * * *


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ
**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।
**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।
ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 25 ਜੁਲਾਈ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.
**Location: Peterborough.**
**Duration & Remuneration: 24 months. Attractive Salary will be according to UK employment Law. Job related accomodation shall be provided.**
**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com *before 25th July 2025***

**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
***For Information contact:* Amrik Singh Sangha: 07979 706505**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**615. ਕਿਹਨਾਂ ਕੰਮਾਂ ਕਰਕੇ ਸ਼ਾਂਤੀ ਨਹੀਂ ਮਿਲਦੀ?**

ਜਿੜੇ ਮਨ ਦੇ ਹਠ ਨਾਲ਼ (ਕਈ ਕਿਸਮ ਦੇ ਮਿਥੇ ਹੋਏ ਧਾਰਮਿਕ) ਕਰਮ ਕਰਦੇ ਹਨ, ਉਹ ਹਰ ਰੋਜ਼ ਖ਼ੁਆਰ ਹੁੰਦੇ ਹਨ । ਨਾ ਹੀ ਉਹਨਾਂ ਦੇ ਮਨ ਵਿਚ ਸ਼ਾਂਤੀ ਆਉਂਦੀ ਹੈ ਤੇ ਨਾ ਹੀ ਉਹਨਾਂ ਦਾ ਸਦਾ-ਥਿਰ ਪ੍ਰਭੂ ਨਾਲ਼ ਪਿਆਰ ਪੈਂਦਾ ਹੈ । "ਮਨ ਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥6॥ ਅੰਗ 66" । ਉਹ ਕਿਹੜੇ ਕਰਮ ਹਨ? ਛੇ ਸ਼ਾਸਤ੍ਰਾਂ ਨੂੰ ਵਿਚਾਰਨਾ ਤੇ ਉਹਨਾਂ ਦਾ ਉਪਦੇਸ਼ ਮੁਖੋਂ ਸੁਣਾਉਣਾ, ਦੇਵ-ਪੂਜਾ ਕਰਨਾ, ਮੱਥੇ ਤੇ ਤਿਲਕ ਲਾਉਣਾ, ਤੀਰਥਾਂ ਦੇ ਇਸ਼ਨਾਨ ਕਰਨਾ, ਨਿਵਲੀ ਕਰਮ, ਜੋਗੀਆਂ ਵਾਲ਼ੇ ਚੌਰਾਸੀ ਆਸਣ ਲਾਉਣਾ, ਆਦਿਕ ਕਰਮਾਂ ਨਾਲ ਹਿਰਦੇ ਵਿਚ ਸ਼ਾਂਤੀ ਨਹੀਂ ਆਉਂਦੀ । "ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥2॥ ਅੰਗ 98"। ਜੋਗੀ ਲੋਕ ਅਨੇਕਾਂ ਸਾਲ ਜਪ ਕਰਦੇ ਹਨ, ਤਪ ਸਾਧਦੇ ਹਨ, ਸਾਰੀ ਧਰਤੀ ਉਤੇ ਭ੍ਰਮਣ ਕਰਦੇ ਹਨ; ਫਿਰ ਵੀ ਉਹਨਾਂ ਦੇ ਹਿਰਦੇ ਵਿਚ ਇਕ ਖਿਨ ਵਾਸਤੇ ਭੀ ਸ਼ਾਂਤੀ ਨਹੀਂ ਆਉਂਦੀ । ਲੇਕਿਨ ਜੋਗੀ ਇਹਨਾਂ ਕਰਮਾਂ ਦੇ ਪਿੱਛੇ ਮੁੜ ਮੁੜ ਦੌੜਦਾ ਹੈ । "ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥ ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥3॥ ਅੰਗ 98" । ਜੋਗੀ ਕਿੰਗਰੀ (ਵੀਣਾ) ਵਜਾਉਂਦੇ ਹਨ, ਸਤਿਗੁਰੂ ਜੀ ਉਹਨਾਂ ਨੂੰ ਉਪਦੇਸ਼ ਦਿੰਦੇ ਹਨ ਕਿ ਇਸ ਕਿੰਗਰੀ ਨਾਲ਼ ਸ਼ਾਂਤੀ ਨਹੀਂ ਮਿਲਦੀ, ਕਿਉਂਕਿ ਇਸ ਨਾਲ਼ ਅੰਦਰੋਂ ਹੰਕਾਰ ਨਹੀਂ ਜਾਂਦਾ । "ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ ॥4॥ ਅੰਗ 908" । ਬਹੁਤੇ ਭੇਖ ਕਰਨ ਨਾਲ਼ ਜਾਂ ਬਹੁਤੇ ਸੰਜਮਾਂ (ਮਨ/ਇੰਦਰੀਆਂ ਨੂੰ ਕਾਬੂ ਕਰਨ ਦੇ ਜਤਨ) ਨਾਲ਼ ਮਨ ਨੂੰ ਸ਼ਾਂਤੀ ਨਹੀਂ ਮਿਲਦੀ! "ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਅਤੇ " ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥ ਅੰਗ 1175" । ਕਈ ਲੋਕ ਪੜ੍ਹ ਪੜ੍ਹ ਕੇ ਥੱਕ ਜਾਂਦੇ ਹਨ ਪਰ ਉਹਨਾਂ ਨੂੰ ਸ਼ਾਂਤੀ ਨਹੀਂ ਮਿਲਦੀ । ਤ੍ਰਿਸ਼ਨਾ ਦੇ ਸਾੜਿਆਂ ਹੋਇਆਂ ਨੂੰ ਉਹਨਾਂ ਨੂੰ ਪ੍ਰਭੂ ਦੀ ਕੋਈ ਸੋਝੀ ਨਹੀਂ ਪੈਂਦੀ । "ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥ ਅੰਗ 120" । ਕਿਉਂਕਿ ਸਤਿਗੁਰੂ ਦੀ ਸੇਵਾ ਕੀਤੇ ਬਿਨਾ ਨਾਮ ਨਹੀਂ ਮਿਲਦਾ (ਤੇ ਨਾਮ ਬਿਨਾ) ਪੜ੍ਹ ਕੇ ਥੱਕ ਜਾਈਦਾ ਹੈ, ਪਰ ਸ਼ਾਂਤੀ ਨਹੀਂ ਆਉਂਦੀ!) । "ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ॥5॥ ਅੰਗ 1046" । ਪਿਆਰੇ ਸੰਤ-ਗੁਰੂ ਦੇ ਦਰਸ਼ਨ ਤੋਂ ਬਿਨਾ ਮੇਰੀ ਗੁਰੂ ਦਰਸ਼ਨ ਦੀ ਪਿਆਸ ਨਹੀਂ ਮਿਟਦੀ ਤੇ ਨਾ ਹੀ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੈ । "ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥1॥ ਅੰਗ 96" । (ਮਨਮੁਖ ਜੀਵ) ਦੁਖੀ ਹੋ ਕੇ ਹਰ ਰੋਜ਼ ਬਿਲਕਦੇ ਫਿਰਦੇ ਹਨ, ਗੁਰੂ ਤੋਂ ਬਿਨਾ ਉਹਨਾਂ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ । "ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥6॥ ਅੰਗ 118" । ਮਾਇਆ ਮੋਹ ਦੇ ਕਾਰਨ ਜਗਤ ਵਿਚ (ਅਗਿਆਨਤਾ ਦਾ) ਘੁੱਪ ਹਨੇਰਾ ਹੈ। ਹਰ ਪਾਸੇ ਹਉਮੈ ਤੇ ਮਮਤਾ ਦਾ ਖਿਲਾਰਾ ਖਿਲਰਿਆ ਹੋਇਆ ਹੈ । ਜਗਤ ਦਿਨ ਰਾਤ (ਤ੍ਰਿਸ਼ਨਾ ਦੀ ਅੱਗ ਵਿਚ) ਸੜ ਰਿਹਾ ਹੈ; ਗੁਰੂ ਤੋਂ ਬਿਨਾ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ । "ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥ ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥3॥ ਅੰਗ 1045" । ਹਰੀ ਦੇ ਨਾਮ ਬਿਨਾ ਸ਼ਾਂਤੀ ਨਹੀਂ ਹੁੰਦੀ, ਮਨ ਕਿਸ ਤਰ੍ਹਾਂ ਧੀਰਜ ਧਰੇ? "ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥6॥ ਅੰਗ 707" । ਨਿਰੇ ਆਖਣ ਸੁਣਨ ਨਾਲ (ਮਨੁੱਖ ਦੇ ਮਨ ਵਿਚ) ਸ਼ਾਂਤੀ ਪੈਦਾ ਨਹੀਂ ਹੁੰਦੀ । ਵਿਸ਼ਵਾਸ਼ ਤੋਂ ਬਿਨਾ ਕੀ ਹੁੰਦਾ ਹੈ? ਭਾਵ ਕੋਈ ਲਾਭ ਨਹੀਂ ਹੁੰਦਾ । ਜਿਹੜਾ ਮਨੁੱਖ ਪ੍ਰਭੂ ਨੂੰ ਤਿਆਗ ਕੇ ਕਿਸੇ ਹੋਰ (ਦੇਵੀ ਦੇਵਤੇ) ਨੂੰ ਚਾਹੁੰਦਾ ਹੈ, ਉਸ ਦੇ ਮੱਥੇ ਉਤੇ (ਹਉਮੈ ਦੀ) ਕਾਲਖ ਲੱਗਦੀ ਹੈ। "ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ ॥ ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ ॥1॥ ਅੰਗ 1221" ।

**616. ਪਰਮਾਤਮਾ ਕਿਸਨੂੰ ਭੁੱਲਿਆ ਰਹਿੰਦਾ ਹੈ?**

ਹੇ ਪ੍ਰਭੂ ! ਜਿਹੜੇ ਬੰਦਿਆਂ ਨੂੰ ਤੂੰ ਆਪ ਭੁਲਾ ਦਿੰਦਾ ਹੈਂ, ਜਿਹੜੇ ਮਾਇਆ ਮੋਹ 'ਚ ਫਸ ਜਾਂਦੇ ਹਨ, ਉਹਨਾਂ ਨੂੰ ਤੂੰ ਭੁੱਲ ਜਾਂਦਾ ਹੈਂ । ਉਹ ਗਿਆਨ ਹੀਨ ਮਨਮੁਖ ਜੂਨਾਂ ਵਿਚ ਪੈਂਦੇ ਹਨ । "ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥ ਮਨਮੁਖ ਅਗਿਆਨੀ ਜੋਨੀ ਪਾਏ ॥2॥ ਅੰਗ 159-160" । ਸਤਿਗੁਰੂ ਜੀ ਹਦਾਇਤ ਕਰਦੇ ਹਨ ਕਿ ਉਸ ਪਰਮਾਤਮਾ ਨੂੰ ਕਿਉਂ ਭੁੱਲੀਏ ਜਿਸ ਦੇ ਦਿੱਤੇ ਹੋਏ ਜਿੰਦ ਤੇ ਪ੍ਰਾਣ ਹਨ, ਜੋ ਸਭ ਜੀਵਾਂ ਵਿਚ ਵਿਆਪਕ ਹੈ ਅਤੇ ਜਿਸ ਦੀ ਸੇਵਾ-ਭਗਤੀ ਕੀਤਿਆਂ ਉਸ ਦੀ ਦਰਗਾਹ ਵਿਚ ਇੱਜ਼ਤ ਮਿਲਦੀ ਹੈ/ਦਰਗਾਹ ਵਿਚ ਕਬੂਲ ਹੋ ਜਾਈਦਾ ਹੈ । ਭਾਵ ਉਸ ਨੂੰ ਕਦੇ ਭੀ ਭੁੱਲਣਾ ਨਹੀਂ ਚਾਹੀਦਾ । "ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥ ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥ ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥1॥ ਅੰਗ 159" । ਹੱਲ ਕੀ ਹੋਵੇ? ਪ੍ਰਭੂ ਅੱਗੇ ਇਸ ਤਰ੍ਹਾਂ ਅਰਦਾਸ ਕਰੀਏ: ਹੇ ਦਾਤਾਰ ਪ੍ਰਭੂ ਮੈਨੂੰ ਭੁੱਲ ਨਾ, ਮੈਨੂੰ ਆਪਣੇ ਨਾਮ ਦੀ ਦਾਤ ਬਖਸ਼ । ਮੈਨੂੰ (ਨਾਨਕ ਨੂੰ) ਇਹੋ ਚਾਅ ਰਹੇ ਕਿ ਮੈਂ ਦਿਨ ਰਾਤ ਤੇਰੇ ਗੁਣ ਗਾਵਾਂ । "ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥8॥2॥5॥16॥ ਅੰਗ 762" ॥

ਬਾਕੀ ਹਿਸਾ ਅਗਲੇ ਹਫ਼ਤੇ

## ਫਿਰ ਸੁਰਖੀਆਂ 'ਚ ਕੁੱਲ੍ਹੜ ਪੀਜ਼ਾ ਕਪਲ, ਵਿਦੇਸ਼ ਸੈਟਲ ਹੋ ਚੁੱਕੇ ਜੋੜੇ ਨੂੰ ਕੀਤਾ ਜਾ ਰਿਹਾ ਪ੍ਰੇਸ਼ਾਨ!



ਜਲੰਧਰ ਦਾ ਮਸ਼ਹੂਰ ਕੁੱਲ੍ਹੜ ਪੀਜ਼ਾ ਕਪਲ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਇਹ ਜੋੜਾ ਜੋਕਿ ਲੰਬੇ ਸਮੇਂ ਤੋਂ ਵਿਵਾਦਾਂ ਵਿੱਚ ਘਿਰਿਆ ਹੋਇਆ ਸੀ, ਹੁਣ ਭਾਰਤ ਛੱਡ ਕੇ ਯੂਕੇ ਵਿੱਚ ਸੈਟਲ ਹੋ ਗਿਆ ਹੈ। ਉੱਥੇ, ਕੁੱਲ੍ਹੜ ਪੀਜ਼ਾ ਕਪਲ ਸਹਿਜ ਅਰੋੜਾ ਅਤੇ ਰੂਪ ਅਰੋੜਾ ਟਿੱਕਟੌਕ ਦੀ ਵਰਤੋਂ ਕਰਦੇ ਹਨ। ਇਸ ਦੌਰਾਨ ਸਹਿਜ ਅਰੋੜਾ ਨੂੰ ਕੁਝ ਪੰਜਾਬੀ ਸੋਸ਼ਲ ਮੀਡੀਆ ਇਨਫਲੂਐਂਸਰਸ ਨੇ ਟਿੱਕਟੌਕ ਤੇ ਰੋਸਟ (ਮਜ਼ਾਕ ਉਡਾਇਆ) ਕੀਤਾ ਗਿਆ। ਸਹਿਜ ਅਰੋੜਾ ਨੇ ਇਸ ਤੇ ਆਪਣਾ ਗੁੱਸਾ ਕੱਢਿਆ ਅਤੇ ਆਪਣੇ ਦੁਸ਼ਮਣਾਂ ਨੂੰ ਵਾਰ-ਵਾਰ ਆਪਣੇ ਅਤੀਤ ਨੂੰ ਖੁਰਚਣ ਲਈ ਸਖ਼ਤ ਸੰਦੇਸ਼ ਦਿੱਤਾ। ਸਹਿਜ ਅਰੋੜਾ ਨੇ ਕਿਹਾ ਕਿ ਉਹ ਯੂਕੇ ਵਿੱਚ ਟਿੱਕਟੌਕ ਚਲਾਉਂਦੇ ਹਨ। ਉਹ ਹੁਣ ਪੁਰਾਣੇ ਵਿਵਾਦਾਂ ਨੂੰ ਪਿੱਛੇ ਛੱਡਣਾ ਚਾਹੁੰਦੇ ਹਨ, ਪਰ ਕੁਝ ਲੋਕ ਅਜੇ ਵੀ ਉਸ ਨੂੰ ਉਸੇ ਮੁੱਦੇ ਨਾਲ ਜੋੜ ਕੇ ਨਿਸ਼ਾਨਾ ਬਣਾ ਰਹੇ ਹਨ। ਸਹਿਜ ਨੇ ਦੋਸ਼ ਲਗਾਇਆ ਹੈ ਕਿ ਕੁਝ ਲੋਕ ਉਸ ਨੂੰ ਧਰਮ ਦੇ ਨਾਮ ਤੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਿਸੇ ਦਾ ਨਾਂ ਲਏ ਬਿਨਾਂ, ਉਸ ਨੇ ਕਿਹਾ ਕਿ ਯੂਟਿਊਬ ਤੇ ਬੈਠੇ ਉਹ ਲੋਕ ਜੋ ਦਸਤਾਰ ਨਹੀਂ ਬੰਨ੍ਹਦੇ, ਉਹ ਸਿੱਖ ਧਰਮ ਦਾ ਇਸਤੇਮਾਲ ਕਰਕੇ ਸਾਨੂੰ ਨੀਵਾਂ ਵਿਖਾ ਰਹੇ ਹਨ। ਉਸ ਨੇ ਕਿਹਾ ਕਿ ਮੈਨੂੰ ਕਹਿੰਦੇ ਹਨ ਕਿ ਕਿਹੜਾ ਸਿੱਖ ਟਿਕਟੌਕ ਤੇ ਹੈ ਤਾਂ ਸੋਸ਼ਲ ਮੀਡੀਆ ਤੇ ਸਾਰਿਆਂ ਦਾ ਹੱਕ ਹੈ। ਸਹਿਜ ਨੇ ਕਿਹਾ ਕਿ 2 ਸਾਲ ਪਹਿਲਾਂ ਵਿਵਾਦ ਨੂੰ ਵਾਰ-ਵਾਰ ਉਠਾਇਆ ਜਾ ਰਿਹਾ ਹੈ, ਜਦਕਿ ਅਸੀਂ ਉਦੋਂ ਵੀ ਸਬੰਧਤ ਕੁੜੀਆਂ ਦੇ ਚਿਹਰੇ ਨਹੀਂ ਵਿਖਾਏ, ਤਾਂਕਿ ਉਨ੍ਹਾਂ ਦਾ ਭਵਿੱਖ ਖਰਾਬ ਨਾ ਹੋਵੇ।


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ।
ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................
ADDRESS.................................................................
..................................................POST CODE..........................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 30**

# ਇੱਕ ਮੇਰੀ ਅੱਖ ਕਾਸ਼ਣੀ...

**–"ਸਰਦਾਰ ਜੀ, ਬੇਰੁਜ਼ਗਾਰ ਤੇ ਗਰੀਬ ਲੋਕਾਂ ਨੂੰ ਹਜ਼ਾਰ ਰੁਪਏ ਦਿਹਾੜੀ ਦੇ ਕੇ ਲਿਆ ਕੇ ਬੈੱਡਾਂ ਉਪਰ ਪਾ ਲੈਂਦੇ ਐ, ਤਾਂ ਕਿ ਹਸਪਤਾਲ ਦੇ ਬੈੱਡ ਭਰੇ-ਭਰੇ ਨਜ਼ਰ ਆਉਣ...! ਇਹ ਬੇਰੁਜ਼ਗਾਰ ਤੇ ਗਰੀਬ ਵਿਚਾਰੇ ਹਜ਼ਾਰ ਰੁਪਈਏ ਦੇ ਲਾਲਚ ਨੂੰ ਆ ਕੇ ਪਏ ਰਹਿੰਦੇ ਐ..! ਅਗਲੇ ਸੋਚਦੇ ਐ ਬਈ ਜੇ ਪੰਜ ਦਿਨ ਵੀ ਪਏ ਰਹੇ, ਪੰਜ ਹਜ਼ਾਰ ਮਿਲ ਜਾਣੈ...! ਤੇ ਜਦੋਂ ਕੋਈ ਮੋਟੇ ਮਾਲ ਆਲ਼ੀ ਸਾਮੀ ਆ ਜਾਂਦੀ ਐ, ਇਹ ਬੈੱਡ 'ਤੇ ਪਏ ਬੰਦੇ ਨੂੰ ਤੁਰੰਤ ਉਸ ਦੇ ਪੈਸੇ ਤੇ ਠੀਕ ਹੋਣ ਦਾ ਸਰਟੀਫ਼ਿਕੇਟ ਜਾਰੀ ਕਰ ਕੇ ਘਰ ਨੂੰ ਤੋਰ ਦਿੰਦੇ ਐ, ਤੇ ਮੋਟੀ ਸਾਮੀ ਦੇ ਬੰਦੇ ਨੂੰ ਲੱਖਾਂ ਰੁਪਈਏ ਲੈ ਕੇ ਹਸਪਤਾਲ਼ 'ਚ ਦਾਖ਼ਲ ਕਰ ਲੈਂਦੇ ਆ...!" ਪ੍ਰੇਮ ਸਿਉਂ ਗਰਕੀਆਂ ਗੱਲਾਂ ਸੁਣ ਰਿਹਾ ਸੀ।**

**–"ਹੁਣ ਫ਼ੇਰ ਮੈਨੂੰ ਕੀਹਦੇ ਕੋਲ਼ ਜਾਣਾ ਪਊ...?"**




## ਕਾਂਡ 15

–"........।" ਬਾਲੀ ਸੁਣ-ਸੁਣ ਕੰਬੀ ਜਾ ਰਹੀ ਸੀ। ਹਾਲ ਚੰਦ ਦਾ ਵੀ ਕੁਛ ਇਹੋ ਜਿਹਾ ਹੀ ਸੀ। ਪਰ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਆਈ ਹੋਈ ਸੀ, ਖਾਂਦਾ ਕੋਹੜੀ, ਤੇ ਜੇ ਛੱਡਦਾ ਤਾਂ ਕਲੰਕੀ ਸੀ।

ਬਹੁਤ ਸੋਚ ਵਿਚਾਰ ਤੋਂ ਬਾਅਦ ਪ੍ਰੇਮ ਸਿਉਂ ਚੰਦ ਨੂੰ ਹਸਪਤਾਲ਼ ਦੇ ਅੰਦਰ ਲੈ ਗਏ।

ਸਾਰੇ ਨਹੀਂ ਤਾਂ 'ਬਹੁਤੇ' ਹਸਪਤਾਲ਼ਾਂ ਵਿੱਚ ਵਹਿਸ਼ੀਪੁਣੇ ਅਤੇ ਬੇਈਮਾਨੀ ਦਾ 'ਨੰਗਾ ਨਾਚ' ਨੱਚਿਆ ਜਾ ਰਿਹਾ ਸੀ। ਜੇ ਹਸਪਤਾਲ਼ਾਂ ਦੇ ਹਮਾਮ ਵਿੱਚ ਸਾਰੇ ਨਹੀਂ ਤਾਂ ਅੱਧਿਓਂ ਜ਼ਿਆਦਾ ਡਾਕਟਰ ਜ਼ਰੂਰ "ਨੰਗੇ" ਸਨ। ਕੇਂਦਰੀ ਅਤੇ ਸੂਬਾ ਸਰਕਾਰ ਘੋਗਲਕੰਨੀਂ ਬਣ ਕੇ ਦੇਖ ਰਹੀ ਸੀ। ਪ੍ਰਸ਼ਾਸਨ ਵੀ ਕੁੰਭਕਰਣ ਦੀ ਨੀਂਦ ਵਿੱਚ ਡੁੱਬਿਆ, ਘੁਰਾੜੇ ਮਾਰ ਰਿਹਾ ਸੀ। ਭੁਗਤ ਰਹੇ ਸਨ ਤਾਂ ਸਿਰਫ਼ ਹਿੰਦੋਸਤਾਨ ਦੇ ਬੇਕਸੂਰ ਅਤੇ ਮਾਸੂਮ ਲੋਕ! ਜਿੰਨ੍ਹਾਂ ਡਾਕਟਰਾਂ ਨੂੰ ਭਲੇ ਲੋਕ "ਰੱਬ ਦੇ ਰੂਪ" ਦੀ ਉਪਾਧੀ ਬਖ਼ਸ਼ਦੇ ਸਨ, ਓਹੀ ਰੱਬ ਦੇ ਰੂਪ, 'ਮੌਤ ਦੇ ਦੂਤ' ਬਣ ਕੇ ਇਨਸਾਨੀਅਤ ਦਾ ਖ਼ੂਨ ਬੁੱਕਾਂ ਨਾਲ਼ ਪੀ ਰਹੇ ਸਨ।

ਹਸਪਤਾਲ਼ਾਂ ਦੇ ਬੈੱਡ ਭਰੇ ਦਿਖਾਉਣ ਲਈ ਲੋੜਵੰਦ ਅਤੇ ਗ਼ਰੀਬ ਲੋਕਾਂ ਨੂੰ ਇੱਕ ਦਿਨ ਦਾ ਹਜ਼ਾਰ ਰੁਪਏ ਦਿਹਾੜ੍ਹੀ ਦੇ ਕੇ ਬੈਡਾਂ 'ਤੇ ਪਾਇਆ ਜਾ ਰਿਹਾ ਸੀ। ਪਰ ਲੋਕ ਡਰਦੇ ਬਿਮਾਰਾਂ ਨਾਲ਼ ਕਮਰੇ ਵਿੱਚ ਪੈਣੋਂ ਡਰਦੇ ਸਨ, ਪਰ ਹਜ਼ਾਰ ਰੁਪਏ ਦਿਹਾੜੀ ਮਿਲਣ ਦੇ ਲਾਲਚ ਕਰ ਕੇ ਬੈੱਡ ਉਪਰ ਪਏ ਰਹਿੰਦੇ ਸਨ ਕਿ ਚਲੋ ਦਿਹਾੜੀ ਦਾ ਹਜ਼ਾਰ ਰੁਪਏ ਤਾਂ ਮਿਲੂਗਾ। ਇਸ ਦਾ ਕਾਰਨ ਇਹ ਸੀ ਕਿ ਜਦ ਕੋਈ 'ਮੋਟੀ ਅਸਾਮੀ' ਕਿਸੇ ਕੋਰੋਨਾ ਦੇ ਮਰੀਜ਼ ਨੂੰ ਹਸਪਤਾਲ਼ ਲੈ ਕੇ ਆਉਂਦੀ, ਤਾਂ ਉਹਨਾਂ ਦੀ ਛਿੱਲ ਸੁਆਰ ਕੇ ਪੱਟੀ ਜਾਂਦੀ। ਇਹੀ ਹਾਲ ਪ੍ਰੇਮ ਸਿਉਂ ਨਾਲ਼ ਹੋਇਆ। ਉਸ ਦਾ ਰਿਸ਼ਤੇਦਾਰ ਚੰਦ ਸਿਉਂ ਕੋਰੋਨਾ 'ਪੌਜ਼ੀਟਿਵ' ਦੱਸਿਆ ਗਿਆ ਅਤੇ ਹੁਣ ਹਸਪਤਾਲ਼ ਵਿੱਚ ਉਸ ਵਾਸਤੇ ਕੋਈ ਬੈੱਡ ਖਾਲੀ ਨਹੀਂ ਸੀ। ਚੰਦ ਸਿਉਂ ਦੀ ਸਿਹਤ ਪਲ-ਪਲ ਵਿਗੜ ਰਹੀ ਸੀ। ਉਸ ਨੂੰ ਚੱਜ ਨਾਲ਼ ਸਾਹ ਨਹੀਂ ਆ ਰਿਹਾ ਸੀ ਅਤੇ ਪੰਜ ਭੱਠ ਬੁਖ਼ਾਰ ਚੜ੍ਹਿਆ ਹੋਇਆ ਸੀ।

–"ਡਾਕਟਰ ਸਾਅਬ, ਕੋਸ਼ਿਸ਼ ਕਰੋ, ਸਾਡਾ ਬੰਦਾ ਬਹੁਤ ਤੰਗ ਐ, ਕਿਤੇ ਕੋਈ ਜਾਹ ਜਾਂਦੀ ਨਾ ਹੋਜੇ...!" ਪ੍ਰੇਮ ਸਿਉਂ ਨੇ ਡਾਕਟਰ ਨੂੰ ਬੇਨਤੀ ਭਰੇ ਲਹਿਜੇ ਵਿੱਚ ਕਿਹਾ। ਚੰਦ ਸਿਉਂ ਲਗਾਤਾਰ ਖੰਘੀ ਜਾ ਰਿਹਾ ਸੀ। ਉਸ ਦੀ ਪਤਨੀ ਬਾਲੀ ਕਾਲ਼ਜਾ ਫੜੀ ਪਤੀ ਦੇਵ ਦੀ ਵਿਗੜਦੀ ਹਾਲਤ ਦੇਖ ਕੇ ਨਿੱਘਰਦੀ ਜਾ ਰਹੀ ਸੀ। ਪਰ ਡਾਕਟਰਾਂ ਦੇ ਕੰਨ 'ਤੇ ਜੂੰਅ ਤੱਕ ਨਹੀਂ ਸਰਕ ਰਹੀ ਸੀ। ਉਹ ਗੱਲ ਸੁਣ ਕੇ ਕੰਨ ਮੁੱਢ ਮਾਰ ਛੱਡਦੇ ਸਨ।

–"ਤੁਸੀਂ ਮਰੀਜ਼ ਕੋਲ਼ ਕਿਉਂ ਖੜ੍ਹੇ ਓਂ...? ਤੁਹਾਨੂੰ ਵੀ ਕੋਰੋਨਾ ਹੋ ਜਾਊਗਾ...!" ਇੱਕ ਕੰਪਾਊਂਡਰ ਨੇ ਬਾਲੀ ਨੂੰ ਸਾਵਧਾਨ ਕੀਤਾ।

–"............।" ਬਾਲੀ ਨਾ ਬੋਲੀ। ਉਸ ਦੀ ਸੁਰਤ ਮਾਰੀ ਪਈ ਸੀ।

–"ਜੇ ਮਰਨ ਦਾ ਬਾਹਲ਼ਾ ਈ ਚਾਅ ਐ, ਤਾਂ ਮਰੋ...!" ਕੰਪਾਊਂਡਰ ਕਹਿ ਕੇ ਅੱਗੇ ਤੁਰ ਗਿਆ।

–"ਜੇ ਐਨੀਂ ਈ ਹਮਦਰਦੀ ਐ, ਤਾਂ ਬੈੱਡ ਦੁਆ ਦੇ ਮੇਰੇ ਘਰਵਾਲ਼ੇ ਨੂੰ...!" ਬਾਲੀ ਵੀ ਖਿਝ ਗਈ। ਸੁਣ ਕੇ ਕੰਪਾਊਂਡਰ ਮੁੜ ਆਇਆ।

–"ਤੁਸੀਂ ਹਸਪਤਾਲ਼ ਦੇ ਬੋਰਡ ਡਾਇਰੈਕਟਰ ਨਾਲ਼ ਗੱਲ ਕਰੋ...!" ਉਸ ਨੇ ਬਾਲੀ ਦੇ ਕੰਨ ਵਿੱਚ ਗੋਝ ਜਿਹੀ ਨਾਲ਼ ਆਖਿਆ। ਚੋਰਾਂ ਵਾਂਗ।

–"ਕੀਹਦੇ ਨਾਲ਼...?"

–"ਬੋਰਡ ਡਾਇਰੈਕਟਰ ਨਾਲ਼...!"

–"ਪ੍ਰੇਮ ਸਿਆਂ.....!" ਬਾਲੀ ਨੇ ਭਰਾ ਨੂੰ ਅਵਾਜ਼ ਮਾਰੀ, ਜੋ ਅਜੇ ਵੀ ਡਾਕਟਰ ਦੀਆਂ ਮਿੰਨਤਾਂ ਕਰ ਰਿਹਾ ਸੀ। ਭੈਣ ਦੀ ਅਵਾਜ਼ ਸੁਣ ਕੇ ਪ੍ਰੇਮ ਉਹਨਾਂ ਕੋਲ਼ ਆ ਗਿਆ।

–"ਆਹ ਭਾਈ ਦੀ ਗੱਲ ਸੁਣ...!"

–"ਦੱਸ ਬਈ ਜੁਆਨਾਂ...!"

–"ਸਰਦਾਰ ਸਾਅਬ, ਥੋਡੇ ਮਿੰਨਤਾਂ ਤਰਲੇ ਕਿਸੇ ਨੇ ਨੀ ਸੁਣਨੇ, ਇੱਥੇ ਕੋਰੋਨਾ ਦੇ ਨਾਂ 'ਤੇ ਪੂਰਾ ਵਪਾਰ ਚੱਲ ਰਿਹੈ...!" ਕੰਪਾਊਂਡਰ ਨੇ ਕਿਹਾ ਤਾਂ "ਵਪਾਰ" ਦਾ ਨਾਂ ਸੁਣ ਕੇ ਪ੍ਰੇਮ ਸਿਉਂ ਦੇ ਕੰਨਾਂ ਵਿੱਚ ਮੋਰ ਕੂਕਿਆ।

–"ਕੁੱਤੀ ਚੋਰਾਂ ਨਾਲ਼ ਰਲ਼ੀ ਵੀ ਐ, ਮਹਾਰ-ਾਜ...! ਜੇ ਤਾਂ ਜੇਬ ਭਾਰ ਝੱਲਦੀ ਐ, ਫ਼ੇਰ ਤਾਂ ਪੈਸੇ ਝੋਕੋ, ਤੇ ਬੈੱਡ ਲਓ..! ਜੇ ਜੇਬ ਨਹੀਂ ਭਾਰ ਝੱਲਦੀ, ਤਾਂ....!" ਜਾਣ ਬੁੱਝ ਕੇ ਕੰਪਾਊਂਡਰ ਨੇ ਗੱਲ ਅਧੂਰੀ ਛੱਡ ਦਿੱਤੀ। ਕਹਿਣਾ ਤਾਂ ਉਹ ਇਹ ਚਾਹੁੰਦਾ ਸੀ ਕਿ ਜੇ ਜੇਬ ਨਹੀਂ ਭਾਰ ਝੱਲਦੀ, ਤਾਂ ਸਸਕਾਰ ਲਈ ਲੱਕੜਾਂ ਦਾ ਪ੍ਰਬੰਧ ਕਰ ਲਓ...! ਪਰ ਸਮੇਂ ਦੀ ਨਜ਼ਾਕਤ ਦੇਖ ਕੇ ਉਹ ਚੁੱਪ ਹੋ ਗਿਆ।

ਪ੍ਰੇਮ ਸਿਉਂ ਕੰਪਾਊਂਡਰ ਨੂੰ ਇੱਕ ਪਾਸੇ ਲੈ ਗਿਆ।

–"ਹੁਣ ਖੋਲ੍ਹ ਪੱਤੇ...! ਖੁੱਲ੍ਹ ਕੇ ਦੱਸ...?"

–"ਕਿਤੇ ਮੇਰਾ ਨਾਂ ਨਾ ਲੈ ਦਿਓ, ਸਰਦਾਰ ਜੀ...! ਮੈਨੂੰ ਤਾਂ ਮਸਾਂ ਨੌਕਰੀ ਮਿਲ਼ੀ ਐ...! ਕੋਰੋਨਾ ਕਰ ਕੇ ਹਸਪਤਾਲ਼ ਵਿੱਚ ਕੋਈ ਨੌਕਰੀ ਵੀ ਨੀ ਕਰਨੀ ਚਾਹੁੰਦਾ, ਜ਼ਿੰਦਗੀ ਹਰ ਇੱਕ ਨੂੰ ਪਿਆਰੀ ਐ..! ਪਰ ਮੈਂ ਬੇਰੁਜ਼ਗਾਰੀ ਦਾ ਸਤਾਇਆ ਕਿੱਤੇ 'ਤੇ ਲੱਗ ਗਿਆ..!"

–"ਤੇਰਾ ਨਾਂ ਕਿਸੇ ਨੂੰ ਨੀ ਦੱਸੂੰਗਾ, ਪਰ ਅਸਲ 'ਚ ਇਹ ਕੀ ਮਾਜਰਾ ਚੱਲ ਰਿਹੈ...?"

–"ਸਰਦਾਰ ਜੀ, ਬੇਰੁਜ਼ਗਾਰ ਤੇ ਗਰੀਬ ਲੋਕਾਂ ਨੂੰ ਹਜ਼ਾਰ ਰੁਪਏ ਦਿਹਾੜੀ ਦੇ ਕੇ ਲਿਆ ਕੇ ਬੈੱਡਾਂ ਉਪਰ ਪਾ ਲੈਂਦੇ ਐ, ਤਾਂ ਕਿ ਹਸਪਤਾਲ਼ ਦੇ ਬੈੱਡ ਭਰੇ-ਭਰੇ ਨਜ਼ਰ ਆਉਣ...! ਇਹ ਬੇਰੁਜ਼ਗਾਰ ਤੇ ਗਰੀਬ ਵਿਚਾਰੇ ਹਜ਼ਾਰ ਰੁਪਈਏ ਦੇ ਲਾਲਚ ਨੂੰ ਆ ਕੇ ਪਏ ਰਹਿੰਦੇ ਐ..! ਅਗਲੇ ਸੋਚਦੇ ਐ ਬਈ ਜੇ ਪੰਜ ਦਿਨ ਵੀ ਪਏ ਰਹੇ, ਪੰਜ ਹਜ਼ਾਰ ਮਿਲ ਜਾਣੈ...! ਤੇ ਜਦੋਂ ਕੋਈ ਮੋਟੇ ਮਾਲ ਆਲ਼ੀ ਸਾਮੀ ਆ ਜਾਂਦੀ ਐ, ਇਹ ਬੈੱਡ 'ਤੇ ਪਏ ਬੰਦੇ ਨੂੰ ਤੁਰੰਤ ਉਸ ਦੇ ਪੈਸੇ ਤੇ ਠੀਕ ਹੋਣ ਦਾ ਸਰਟੀਫ਼ਿਕੇਟ ਜਾਰੀ ਕਰ ਕੇ ਘਰ ਨੂੰ ਤੋਰ ਦਿੰਦੇ ਐ, ਤੇ ਮੋਟੀ ਸਾਮੀ ਦੇ ਬੰਦੇ ਨੂੰ ਲੱਖਾਂ ਰੁਪਈਏ ਲੈ ਕੇ ਹਸਪਤਾਲ਼ 'ਚ ਦਾਖ਼ਲ ਕਰ ਲੈਂਦੇ ਆ...!" ਪ੍ਰੇਮ ਸਿਉਂ ਗਰਕੀਆਂ ਗੱਲਾਂ ਸੁਣ ਰਿਹਾ ਸੀ।

–"ਹੁਣ ਫ਼ੇਰ ਮੈਨੂੰ ਕੀਹਦੇ ਕੋਲ਼ ਜਾਣਾ ਪਊ...?"

–"ਔਹ ਖੂੰਜੇ ਆਲ਼ੇ ਕਮਰੇ 'ਚ ਚਮਨ ਲਾਲ ਜੀ ਬੈਠਦੇ ਆ, ਉਹ ਬੋਰਡ ਦੇ ਡਾਇਰੈਕਟਰ ਨੇ, ਬੱਸ ਓਹੀ ਵੱਡਾ ਮਗਰਮੱਛ ਐ ਇਸ ਹਸਪਤਾਲ਼ 'ਚ..! ਉਹਦਾ ਮੂੰਹ ਸੁੰਘੋ, ਚਾਂਦੀ ਦਾ ਛਿੱਤਰ ਖਾ ਕੇ ਉਹ ਬੈੱਡ ਦੁਆ ਦਿਊ...!"

ਪ੍ਰੇਮ ਸਿਉਂ ਨਿੰਮੋਝੂਣਾਂ ਹੋਇਆ ਉਧਰ ਨੂੰ ਤੁਰ ਪਿਆ।

–"ਪਰ ਮੈਨੂੰ ਬਖ਼ਸ਼ ਲਿਓ ਸਰਦਾਰ ਜੀ...! ਮੇਰੀ ਨੌਕਰੀ ਨਾ ਖੁੱਸ ਜੇ...!"

–"ਬੇਫ਼ਿਕਰ ਰਹਿ ਪੁੱਤਰਾ...! ਤੇਰੇ ਮੇਰੇ ਸੰਨੂ ਰੱਬ ਐ..!" ਪ੍ਰੇਮ ਸਿਉਂ ਅੱਗੇ ਤੁਰ ਪਿਆ। ਨਾਲ਼ ਹੀ ਦਰਵੇਸ਼ ਤੁਰਿਆ ਜਾ ਰਿਹਾ ਸੀ।

–"ਓਏ ਤੂੰ ਤਾਂ ਬਹਿਜਾ ਓਥੇ, ਨਾਲ਼ ਈ ਤੁਰਿਆ ਆਉਨੈ...!" ਪ੍ਰੇਮ ਸਿਉਂ ਨੇ ਆਪਣੇ ਕੁੱਤੇ ਦਰਵੇਸ਼ ਨੂੰ ਕਿਹਾ।

ਦਰਵੇਸ਼ ਜ਼ੋਰ ਦੇਣੇ ਭੌਂਕਿਆ ਤਾਂ ਪ੍ਰੇਮ ਸਿਉਂ ਹੱਸ ਪਿਆ।

–"ਚੰਗਾ ਆ ਜਾ...! ਮੈਂ ਤਾਂ ਊਂ ਈਂ ਕਿਹਾ ਸੀ, ਸ਼ੇਰ ਬੱਗਿਆ...!" ਪ੍ਰੇਮ ਸਿਉਂ ਚਮਨ ਲਾਲ ਦੇ ਦਫ਼ਤਰ ਵਿੱਚ ਵੜ ਗਿਆ।

–"ਸਰ ਜੀ, ਦਫ਼ਤਰ ਅੰਦਰ ਕੁੱਤਾ ਨੀ ਆ ਸਕਦਾ...!" ਚਮਨ ਲਾਲ ਦੇ ਸੈਕਟਰੀ ਨੇ ਦੋਹਾਂ ਨੂੰ ਅੰਦਰ ਆਉਂਦਿਆਂ ਰੋਕਿਆ।

–"ਇਹ ਜ਼ਾਤ ਬੰਦਿਆਂ ਨਾਲ਼ੋਂ ਜ਼ਾਅਦੇ ਇਮਾਨਦਾਰ ਤੇ ਵਫ਼ਾਦਾਰ ਐ, ਸ਼ੇਰਾ...! ਕੁਛ ਨੀ ਕਹਿੰਦਾ ਕਿਸੇ ਨੂੰ...!"

–"ਪਰ ਸਰਦਾਰ ਜੀ ਕੁੱਤੇ ਅੰਦਰ ਨੀ ਆ ਸਕਦੇ...!"

–"ਚੱਲ ਦਰਵੇਸ਼ ਮਿੱਤਰਾ, ਤੂੰ ਬੈਠ ਐਥੇ, ਮੈਂ ਆਇਆ...!" ਹੁਕਮ ਮੰਨਦਾ ਦਰਵੇਸ਼ ਪੂਛ ਹਿਲਾ ਕੇ ਬੈਠ ਗਿਆ।

–"ਆਓ ਜੀ ਮਹਾਂਪੁਰਖੋ...!" ਸੈਕਟਰੀ ਨੇ ਕੁਰਸੀ ਅੱਗੇ ਕੀਤੀ। ਸਰਦਾਰ ਜੀ ਦਾ ਆਉਣਾ ਉਹਨਾਂ ਲਈ "ਸ਼ੁਭ" ਸੀ। ਚਮਨ ਲਾਲ ਦੇ ਦਿਮਾਗ ਅੰਦਰ ਵੀ ਖ਼ੁਸ਼ੀ ਦੀਆਂ ਘੰਟੀਆਂ ਖੜਕੀਆਂ ਸਨ।

–"ਡਾਇਰੈਕਟਰ ਸਾਅਬ, ਬੱਸ ਬੇਨਤੀ ਲੈ ਕੇ ਹਾਜ਼ਰ ਹੋਇਐਂ ਜੀ, ਸਾਡਾ ਬੰਦਾ ਕੋਰੋਨੇ ਕਰ ਕੇ ਚੁਕੀ ਜਾਂਦੈ, ਸਾਹ ਉਹਨੂੰ ਨੀ ਆਉਂਦਾ ਚੱਜ ਨਾਲ਼, ਉਹਨੂੰ ਕੋਈ ਬੈੱਡ ਦਾ ਪ੍ਰਬੰਧ ਕਰਵਾ ਕੇ ਦਿਓ...!"

–"ਬੈੱਡ ਤਾਂ ਮਾਲਕੋ ਬੰਦਾ ਮਾਰੇ ਤੋਂ ਨੀ ਮਿਲ਼ਦਾ, ਉਤੋਂ ਹਾਲਾਤ ਤਾਂ ਦੇਖੋ ਕਿੰਨੇ ਭਿਆਨਕ ਹੋਏ ਪਏ ਨੇ...!"

–"ਤੁਸੀਂ ਸੇਵਾ ਦੱਸੋ ਸਰਕਾਰ..! ਸਾਡੇ ਬੰਦੇ ਦੀ ਜਾਨ ਬਚਾਉਣੀ ਆਂ...!" ਪ੍ਰੇਮ ਸਿਉਂ ਨੇ ਬਾਬੂ ਚਮਨ ਲਾਲ ਦੇ ਬਿਲਕੁਲ ਕੋਲ਼ ਹੋ ਕੇ, ਦੱਬਵੀਂ ਅਵਾਜ਼ ਵਿੱਚ ਕਿਹਾ।

–"ਬੰਦੇ ਸਿਆਣੇ ਲੱਗਦੇ ਹੋ...!"

–"ਵਕਤ ਬੰਦੇ ਨੂੰ ਆਪੇ ਸਿਆਣਾ ਬਣਾ ਦਿੰਦੈ, ਬਾਬੂ ਜੀ...!"

–"ਤੁਸੀਂ ਅੰਦਰ ਜਾ ਕੇ ਸਾਡੇ ਵੱਡੇ ਸੈਕਟਰੀ ਸਾਹਿਬ ਨਾਲ਼ ਗੱਲ ਕਰ ਲਓ...!" ਚਮਨ ਲਾਲ ਉਠ ਕੇ ਖੜ੍ਹਾ ਹੋ ਗਿਆ, "ਰਾਣੇ...!" ਉਸ ਨੇ ਆਪਣੇ ਸੈਕਟਰੀ ਨੂੰ ਹਾਕ ਮਾਰੀ।

–"ਜੀ ਸਰਕਾਰ...?"

–"ਅੰਦਰ ਜਾ ਕੇ ਸਰਦਾਰ ਬਹਾਦਰ ਜੀ ਦੀ ਗੱਲ ਸੁਣ ਬੱਚੇ...!"

–"ਜੀ ਸਰਕਾਰ...!"

–"ਜਾਓ ਸਰਦਾਰ ਜੀ...!"

ਪ੍ਰੇਮ ਸਿਉਂ ਅੰਦਰ ਨੂੰ ਤੁਰ ਪਿਆ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ–6**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਅਜੋਕੇ ਨਾਰੀਵਾਦ ਦਾ ਇਤਿਹਾਸ ਅਠਾਰ੍ਹਵੀਂ ਸਦੀ ਦੇ ਅੰਤ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਤਕਰੀਬਨ ਉਸ ਤੋਂ ਦੋ ਸਦੀਆਂ ਪਹਿਲਾਂ ਔਰਤ ਦੇ ਹੱਕਾਂ, ਸਮਾਜਿਕ ਬਰਾਬਰਤਾ ਅਤੇ ਸਤਿਕਾਰ ਦੀ ਅਵਾਜ਼ ਚੁੱਕੀ ਸੀ। ਆਪਣੇ ਆਪ ਨੂੰ ਆਧੁਨਿਕ ਸਮਝਣ ਵਾਲ਼ੇ ਅਜੋਕੇ ਯੁੱਗ ਵਿੱਚ ਵੀ ਔਰਤਾਂ ਨੂੰ ਪੱਛਮੀ ਮੁਲਕਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਬੇਹੱਦ ਜੱਦੋਜਹਿਦ ਤੋਂ ਬਾਅਦ ਵੀਹਵੀਂ ਸਦੀ ਵਿੱਚ ਹੀ ਮਿਲ਼ਿਆ ਹੈ। ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿੱਚ, ਗੁਰੂ ਨਾਨਕ ਦੀ ਬਾਣੀ ਨੂੰ ਲੈਅ ਤਦ ਤਕ ਨਹੀਂ ਮਿਲਦੀ ਜਦ ਤਕ ਬੇਬੇ ਨਾਨਕੀ ਰਬਾਬ ਨਹੀਂ ਦਿੰਦੀ; ਬਾਣੀ ਗੁਰੂ ਨਾਨਕ ਸਾਹਿਬ ਦੀ ਹੈ, ਰਬਾਬ ਭੈਣ ਨਾਨਕੀ ਦੀ !**

ਗੁਰੂ ਗ੍ਰੰਥ ਸਾਹਿਬ ਦੇ ਇਹ ਬਚਨ ਸਪਸ਼ਟ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਧਰਮ ਦਾ ਰਾਜ ਹੀ ਚਲਾਇਆ ਸੀ। ਗੁਰੂ ਨਾਨਕ ਸਾਹਿਬ ਦਾ ਧਰਮ ਮੱਠਾਂ ਵਿੱਚ ਬੈਠਾ ਜਾਂ ਜੰਗਲਾਂ-ਪਹਾੜਾਂ ਵਿੱਚ ਘਰ-ਬਾਹਰ ਤਿਆਗ ਕੇ ਬੈਠਣ ਵਾਲ਼ਾ ਨਹੀਂ ਹੈ ਅਤੇ ਨਾ ਹੀ ਗੁਰੂ ਨਾਨਕ ਸਾਹਿਬ ਦਾ ਰਾਜ ਜ਼ਰ-ਜ਼ਮੀਨ ਨੂੰ ਇਕੱਠਾ ਕਰਨ ਲਈ ਹੈ। ਗੁਰੂ ਨਾਨਕ ਸਾਹਿਬ ਦਾ ਰਾਜ ਸੱਚ ਦੇ ਧਰਮ ਬਿਨਾ ਨਹੀਂ ਹੋ ਸਕਦਾ ਅਤੇ ਅਜਿਹਾ ਧਰਮ ਬਿਨਾ ਰਾਜ ਦੇ ਚਲ ਹੀ ਨਹੀਂ ਸਕਦਾ। ਇਹ ਸਮਝਣਾ ਇਸਲਈ ਜ਼ਰੂਰੀ ਹੈ ਕਿ ਅਸੀਂ ਧਰਮ ਅਤੇ ਰਾਜ ਨੂੰ ਵੱਖ ਵੱਖ ਕਰ ਵੇਖਣ ਵਾਲੀ ਵਿਚਾਰਧਾਰਾ ਵਿੱਚ ਉਲਝ ਨਾ ਜਾਈਏ। ਇਸ ਵਿਚਾਰਧਾਰਾ ਵਿੱਚ ਰਾਜਨੀਤੀ ਚੋਰਾਂ ਦੀ ਖੇਡ ਹੈ ਅਤੇ ਧਰਮ ਦਾ ਕੰਮ ਇਨਸਾਨ ਨੂੰ ਰੱਬ ਨਾਲ਼ ਜੋੜਨਾ ਹੈ। ਪਰ ਗੁਰੂ ਨਾਨਕ ਸਾਹਿਬ ਦੇ ਹਲੇਮੀ ਰਾਜ ਦੇ ਸੰਕਲਪ ਵਿੱਚ ਰਾਜਨੀਤੀ ਚੋਰਾਂ ਹੱਥੋਂ ਖੋਹ ਕੇ ਧਰਮੀ ਲੋਕਾਂ ਹੱਥ ਦੇਣੀ ਹੈ। ਧਰਮ ਓਹਨਾਂ ਨੂੰ ਨਿਰਵੈਰ-ਨਿਰਭਉ ਬਣਾਉਂਦਾ ਹੈ ਜਿਸ ਨਾਲ਼ ਕੋਈ ਵੀ ਤਾਕਤ ਗੁਰਸਿੱਖਾਂ ਅੰਦਰ ਹੰਕਾਰ, ਹਉਮੈ ਅਤੇ ਜ਼ੁਲਮ ਦੀ ਬਿਰਤੀ ਨਹੀਂ ਲਿਆ ਸਕਦੀ। ਇਹੀ ਗੁਰੂ ਨਾਨਕ ਸਾਹਿਬ ਦਾ ਧਰਮ ਦਾ ਰਾਜ, ਹਲੇਮੀ-ਰਾਜ ਦਾ ਸਿਧਾਂਤ ਹੈ ਜਿਸ ਰਾਜ ਦਾ ਅਗਲਾ ਵਾਰਿਸ ਉਹ 'ਲਹਿਣੇ' ਨੂੰ ਬਣਾਉਂਦੇ ਹਨ।

ਇਹ ਵੀ ਮਨੁੱਖੀ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਰਾਜੇ, ਪੈਗੰਬਰ, ਜਾਂ ਧਾਰਮਿਕ ਗੁਰੂ ਨੇ ਆਪਣੇ ਜਿਊਂਦੇ-ਜੀ ਆਪਣਾ ਅਗਲਾ ਵਾਰਿਸ ਥਾਪ ਦਿੱਤਾ ਹੋਵੇ :

ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰੁ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ
ਆਚਰਜੇ ਅਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ।
(ਭਾਈ ਗੁਰਦਾਸ ਵਾਰ 1, ਪੌੜੀ 45)

ਗੁਰੂ ਨਾਨਕ ਸਾਹਿਬ ਨੇ ਜਦ ਭਾਈ ਲਹਿਣੇ ਨੂੰ ਗੁਰੂ ਥਾਪ ਗੁਰੂ ਅੰਗਦ ਬਣਾ ਦਿੱਤਾ, ਓਸੇ ਵੇਲ਼ੇ ਗੁਰੂ ਨਾਨਕ ਨੇ 'ਗੁਰੂ ਚੇਲਾ ਚੇਲਾ ਗੁਰੂ' ਵਾਲ਼ੀ ਰੀਤ ਚਲਾ ਦਿੱਤੀ ਸੀ। ਇਸੇ ਸਿਧਾਂਤ ਹੇਠ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਅਤੇ ਇਸ ਪੂਰੇ ਵਰਤਾਰੇ ਨੂੰ ਸਮਝ ਕੇ ਹੀ ਹੇਠ ਲਿਖੀਆਂ ਸਤਰਾਂ ਸਮਝ ਆ ਸਕਦੀਆਂ ਹਨ:

**ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**
ਅਤੇ
ਗੁਰਬਰ ਅਕਾਲ ਕੇ ਹੁਕਮ
ਸੌ ਉਪਜਿਓ ਬਿਗਿਆਨਾ॥
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ॥
(ਭਾਈ ਗੁਰਦਾਸ ਵਾਰ 41, ਰਾਮਕਲੀ ਕੀ ਵਾਰ ਪਾਤਸ਼ਾਹੀ ਕੀ 10)

ਗੁਰੂ ਅੰਗਦ ਸਾਹਿਬ ਦੇ ਹਿੱਸੇ ਜੋ ਜ਼ਿੰਮੇਵਾਰੀ ਆਈ, ਉਹ ਸੀ ਲੰਬੀ ਨੀਂਦ ਵਿੱਚੋਂ ਉੱਠੀ ਲੋਕਾਈ ਨੂੰ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਜਿਉਣ ਵਾਸਤੇ ਤਿਆਰ ਕਰਨਾ। ਓਹਨਾਂ ਨੂੰ ਨਿਰਭਉ ਹੋ ਕੇ ਜਿਊਣਾ ਸਿਖਾਉਣ ਲਈ ਜ਼ਰੂਰੀ ਸੀ ਕਿ ਓਹਨਾਂ ਨੂੰ ਆਤਮਿਕ ਅਤੇ ਸਰੀਰਕ ਬਲ਼ ਦੇ ਨਾਲ਼-ਨਾਲ਼ ਲੜਾਈ ਦੇ ਦਾਅ-ਪੇਚ ਸਿਖਾਏ ਜਾਣੇ ਤਾਂ ਜੋ ਉਹ ਆਪਣੀ ਰਾਖੀ ਆਪ ਕਰਨ ਦੇ ਸਮਰੱਥ ਹੋਣ।

### ਆਤਮਿਕ ਬਲ਼

ਗਿਆਨ ਹੀ ਆਤਮਿਕ ਬਲ਼ ਦਾ ਸਰੋਤ ਹੁੰਦਾ ਹੈ। ਦੇਵ-ਭਾਸ਼ਾ ਦੇ ਨਾਂ 'ਤੇ ਸਿੱਖਿਆ ਤੋਂ ਵਾਂਝੇ ਰੱਖੇ ਲੋਕਾਂ ਲਈ ਓਹਨਾਂ ਦੀ ਆਪਣੀ ਲਿਪੀ ਨੂੰ ਤਰਤੀਬ ਦੇ ਦੁਨੀਆਂ ਦਾ ਪਹਿਲਾ ਸਹਿ-ਸਿੱਖਿਆ ਸਕੂਲ ਪਾਠਸ਼ਾਲਾ ਦੇ ਰੂਪ ਵਿੱਚ ਸ਼ੁਰੂ ਕੀਤਾ। ਜਿੱਥੇ ਗੁਰੂ ਸਾਹਿਬ ਆਪ ਬੱਚਿਆਂ (ਮੁੰਡੇ ਅਤੇ ਕੁੜੀਆਂ ਦੋਹਾਂ) ਨੂੰ ਗੁਰਮਤਿ ਦੇ ਗਿਆਨ ਦੇ ਨਾਲ਼-ਨਾਲ਼ ਦੁਨਿਆਵੀ ਗਿਆਨ ਵੀ ਦਿੰਦੇ। ਗੁਰੂ ਕੋਲ਼ੋਂ ਗਿਆਨ ਲੈ ਰਹੇ ਸਿੱਖਾਂ ਦੀ ਮੱਤ ਉੱਚੀ ਹੋਣਾ ਯਕੀਨੀ ਸੀ।

### ਸਰੀਰਕ ਬਲ਼ :

ਆਤਮ ਵਿਸ਼ਵਾਸ ਦਾ ਸਭ ਤੋਂ ਪਹਿਲਾ ਕਦਮ ਸਰੀਰਕ ਬਲ਼ ਹੀ ਹੁੰਦਾ ਹੈ। ਮੱਲ ਅਖਾੜੇ ਸ਼ੁਰੂ ਕਰ ਕੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਮਜਬੂਤ ਅਤੇ ਯੁੱਧ ਕਲਾ ਦੀ ਸਿੱਖਿਆ ਦੇ ਕੇ ਓਹਨਾਂ ਨੂੰ ਸਵੈ ਰੱਖਿਆ ਦੇ ਕਾਬਿਲ ਬਣਾਉਣਾ ਸ਼ੁਰੂ ਕੀਤਾ। ਸ਼ਸਤਰ ਵਿੱਦਿਆ ਦੀ ਸਿਖਲਾਈ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਸਾਹਿਬ ਪਾਸ ਸੀ।

(ਇਸ ਵਾਰ ਦਾ ਲੇਖਕ ਭਾਈ ਗੁਰਦਾਸ ਸਿੰਘ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਕਵੀ ਹੈ। ਇਹ ਭਾਈ ਗੁਰਦਾਸ ਨਾਲ਼ੋਂ ਵੱਖਰੇ ਹਨ ਪਰ ਇਹਨਾਂ ਦੀ ਰਚਿਤ ਵਾਰ ਵੀ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਹੀ ਆਉਂਦੀ ਹੈ ਭਾਈ ਗੁਰਦਾਸ ਦੀਆਂ ਵਾਰਾਂ ਦੇ ਅਖ਼ੀਰ ਵਿੱਚ ਗੁਰਦਾਸ ਸਿੰਘ ਜੀ ਨੇ ਰਾਮਕਲੀ ਕੀ ਵਾਰ ਲਿਖੀ।)

### ਕਿਸੇ ਤਖ਼ਤ ਅੱਗੇ ਨਾ ਝੁਕਣ ਦਾ ਅਭਿਆਸ ਕਰਵਾਇਆ

ਜਦ ਹੰਮਾਯੂ ਗੁਰੂ ਸਾਹਿਬ ਨੂੰ ਮਿਲਣ ਆਉਂਦਾ ਹੈ ਤਾਂ ਪਾਤਸ਼ਾਹ ਸੰਗਤ ਵਿੱਚ ਬੈਠੇ ਬਚਨ ਕਰ ਰਹੇ ਹੁੰਦੇ ਹਨ, ਹੰਮਾਯੂ ਦੇ ਆਉਣ ਦੀ ਖ਼ਬਰ ਓਹਨਾਂ ਨੂੰ ਕੋਈ ਫ਼ਰਕ ਨਹੀਂ ਪਾਉਂਦੀ। ਇਸ ਨੂੰ ਆਪਣੀ ਤੌਹੀਨ ਜਾਣ ਹੰਮਾਯੂ ਜਦ ਗੁਰੂ ਸਾਹਿਬ ਸਾਹਮਣੇ ਆਪਣੀ ਤਲਵਾਰ ਕੱਢਦਾ ਹੈ ਤਾਂ ਗੁਰੂ ਸਾਹਿਬ ਅਡੋਲ ਨਿਰਭਉ ਅਵਸਥਾ ਵਿੱਚ ਉਸ ਨੂੰ ਕਹਿੰਦੇ ਹਨ ਕਿ ਜਿੱਥੇ ਤੈਨੂੰ ਇਹ ਤਲਵਾਰ ਚਲਾਉਣੀ ਚਾਹੀਦੀ ਸੀ, ਓਥੋਂ ਤੂੰ ਭੱਜ ਆਇਆ ਹੈਂ ਤੇ ਮੇਰੇ, ਜਿਸ ਦਾ ਤੇਰੇ ਨਾਲ਼ ਕੋਈ ਵੈਰ ਵੀ ਨਹੀਂ, ਉਸ ਉੱਪਰ ਤੂੰ ਆਣ ਤਾਣੀ ਹੈ।

ਹੁਣ ਇਸ ਨੂੰ ਬਰੀਕੀ ਵਿੱਚ ਵੇਖਣ ਉੱਤੇ ਪਤਾ ਲਗਦਾ ਹੈ ਕਿ ਅਜੇ ਕੁਝ ਸਮਾਂ ਪਹਿਲਾਂ ਹੀ ਮੁਗ਼ਲ ਹਮਲੇ ਨੇ ਓਸੇ ਜ਼ਮੀਨ 'ਤੇ ਕਹਿਰ ਢਾਹਿਆ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਬਾਬਰ-ਬਾਣੀ' ਵਿੱਚ ਬਹੁਤ ਵਿਸਥਾਰ ਨਾਲ਼ ਲਿਖਿਆ ਵੀ ਹੈ। ਓਸੇ ਸਲਤਨਤ ਦਾ ਬਾਦਸ਼ਾਹ ਹੰਮਾਯੂ ਹੈ, ਸੋ ਜ਼ਾਹਿਰ ਹੈ ਕਿ ਇਲਾਕੇ ਦੇ ਲੋਕਾਂ ਵਿੱਚ ਮੁਗ਼ਲ ਬਾਦਸ਼ਾਹ ਦਾ ਖ਼ੌਫ਼ ਵੀ ਹੋਵੇਗਾ। ਓਸ ਵੇਲ਼ੇ ਗੁਰੂ ਸਾਹਿਬ ਦਾ ਹੰਮਾਯੂ ਦਾ ਕੋਈ ਖ਼ਾਸ ਤਰੀਕੇ ਨਾਲ਼ ਸਵਾਗਤ ਨਾ ਕਰਨਾ ਅਤੇ ਉਸ ਦੀ ਤਲਵਾਰ ਵੇਖ ਅਡੋਲ ਬੈਠੇ ਰਹਿਣਾ, ਆਪਣੇ ਸਿੱਖਾਂ ਨੂੰ ਨਿਰਭਉ ਹੋਣ ਦਾ ਪਾਠ ਅਮਲੀ ਰੂਪ ਵਿੱਚ ਪੜ੍ਹਾਉਣਾ ਸੀ। ਓਹਨਾਂ ਨੂੰ ਇਹ ਦ੍ਰਿੜ੍ਹ ਕਰਵਾਉਣਾ ਕਿ ਦੁਨਿਆਵੀ ਤਖ਼ਤ ਅਤੇ ਜ਼ੋਰ-ਜਬਰ ਨਾਲ਼ ਬਣੇ ਰਾਜੇ ਤੁਹਾਡੇ ਸਰਪ੍ਰਸਤ ਨਹੀਂ ਹੋਣਗੇ। ਸੱਚੇ ਰਾਜੇ ਦੀ ਜੋ ਪਰਿਭਾਸ਼ਾ ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿੱਚ ਦਿੱਤੀ, ਓਹੀ ਪਰਿਭਾਸ਼ਾ ਨੂੰ ਅਮਲੀ ਰੂਪ ਦਿੰਦੇ ਗੁਰੂ ਪਾਤਸ਼ਾਹ ਨੇ ਇਹ ਸਿੱਧ ਕਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਦੇ ਸਿੱਖ ਕੇਵਲ ਓਸੇ ਨੂੰ ਰਾਜਾ ਮੰਨਣਗੇ ਜੋ ਗੁਰਬਾਣੀ ਦੇ ਇਸ ਬਚਨ ਉੱਪਰ ਪੂਰਾ ਉਤਰੇਗਾ :

ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
(ਅੰਗ 1088)

### ਗੋਇੰਦਵਾਲ ਸਾਹਿਬ ਨਗਰ ਵਸਾਉਣਾ


ਗੁਰੂ ਅੰਗਦ ਸਾਹਿਬ ਵੱਲੋਂ ਵਸਾਇਆ ਗੋਇੰਦਵਾਲ ਸਾਹਿਬ ਕੇਵਲ ਇੱਕ ਧਾਰਮਿਕ ਕੇਂਦਰ ਨਹੀਂ ਸੀ, ਸਿੱਖ ਰਾਜ ਦੇ ਸਮਾਨਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਂਦਾ ਇੱਕ ਬਿੰਬ ਸੀ। ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕੀਤਾ। ਇੱਥੇ ਸਮਝਣਾ ਬਣਦਾ ਹੈ ਕਿ ਜਦੋਂ ਜਾਤ-ਪਾਤ ਏਨੀ ਭਾਰੂ ਸੀ ਕਿ ਆਪਣੇ-ਆਪ ਨੂੰ ਉੱਚੀ ਜਾਤ ਵਾਲ਼ੇ ਸਮਝਣ ਵਾਲ਼ੇ ਲੋਕ ਦੂਸਰੀਆਂ ਜਾਤਾਂ ਨਾਲ਼ ਇੱਕੋ ਖੂਹ ਵਿੱਚੋਂ ਪਾਣੀ ਪੀਣ ਨੂੰ ਵੀ ਧਾਰਮਿਕ ਭ੍ਰਿਸ਼ਟਤਾ ਮੰਨਦੇ ਸਨ, ਓਸ ਵੇਲ਼ੇ ਗੁਰੂ ਸਾਹਿਬ ਵੱਲੋਂ ਇੱਕ ਐਸੀ ਬਾਉਲੀ ਤਿਆਰ ਕਰਵਾਉਣਾ ਜਿਸ ਵਿੱਚ ਭੇਦ-ਭਾਵ ਨੂੰ ਤਿਆਗ ਹਰ ਕੋਈ ਇੱਕੋ ਜਗ੍ਹਾ ਤੋਂ ਪਾਣੀ ਲੈ ਸਕਦਾ ਸੀ, ਇਸਤੇਮਾਲ ਕਰ ਸਕਦਾ ਸੀ। ਆਪਣੇ ਆਪ ਵਿੱਚ ਹੀ ਕਾਣੀ ਵਰਣ ਵੰਡ ਨੂੰ ਮੁੱਢੋਂ ਨਕਾਰਨਾ ਸੀ। ਨਿਰਵੈਰਤਾ ਦਾ ਜੋ ਸਿਧਾਂਤ ਗੁਰੂ ਨਾਨਕ ਸਾਹਿਬ ਨੇ ਦਿੱਤਾ ਸੀ, ਓਹੀ ਸਿਧਾਂਤ ਗੋਇੰਦਵਾਲ ਵਿਖੇ ਲਾਗੂ ਕਰ ਗੁਰਸਿੱਖਾਂ ਨੂੰ ਉਸ ਦਾ ਅਭਿਆਸ ਕਰਵਾਇਆ ਜਾ ਰਿਹਾ ਸੀ।

### ਮਾਤਾ ਖੀਵੀ ਜੀ ਅਤੇ ਲੰਗਰ ਦੀ ਸੰਸਥਾ

ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਕਿਸੇ ਤਰ੍ਹਾਂ ਦੀ ਵੀ ਕੋਈ ਵੰਡੀ ਮੰਨੀ ਨਹੀਂ ਜਾ ਸਕਦੀ। ਉਸ ਵੇਲ਼ੇ ਦੇ ਸਮਾਜ ਵਿੱਚ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ, ਔਰਤ ਦੀ ਜਗ੍ਹਾ ਘਰ ਦੀ ਚਾਰਦੀਵਾਰੀ ਵਿੱਚ ਹੀ ਨਿਰਧਾਰਿਤ ਸੀ, ਸਮਾਜਿਕ ਤੌਰ ਉੱਪਰ ਉਸ ਦਾ ਕੋਈ ਵਜੂਦ ਨਹੀਂ ਸੀ ਮੰਨਿਆ ਜਾਂਦਾ। ਗੁਰੂ ਨਾਨਕ ਸਾਹਿਬ ਨੇ ਪਹਿਲੀ ਵਾਰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਔਰਤ ਦੀ ਬਰਾਬਰੀ ਲਈ ਅਵਾਜ਼ ਚੁੱਕੀ ਸੀ।

ਅਜੋਕੇ ਨਾਰੀਵਾਦ ਦਾ ਇਤਿਹਾਸ ਅਠਾਰ੍ਹਵੀਂ ਸਦੀ ਦੇ ਅੰਤ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਤਕਰੀਬਨ ਉਸ ਤੋਂ ਦੋ ਸਦੀਆਂ ਪਹਿਲਾਂ ਔਰਤ ਦੇ ਹੱਕਾਂ, ਸਮਾਜਿਕ ਬਰਾਬਰਤਾ ਅਤੇ ਸਤਿਕਾਰ ਦੀ ਅਵਾਜ਼ ਚੁੱਕੀ ਸੀ। ਆਪਣੇ ਆਪ ਨੂੰ ਆਧੁਨਿਕ ਸਮਝਣ ਵਾਲ਼ੇ ਅਜੋਕੇ ਯੁੱਗ ਵਿੱਚ ਵੀ ਔਰਤਾਂ ਨੂੰ ਪੱਛਮੀ ਮੁਲਕਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਬੇਹੱਦ ਜੱਦੋਜਹਿਦ ਤੋਂ ਬਾਅਦ ਵੀਹਵੀਂ ਸਦੀ ਵਿੱਚ ਹੀ ਮਿਲ਼ਿਆ ਹੈ। ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿੱਚ, ਗੁਰੂ ਨਾਨਕ ਦੀ ਬਾਣੀ ਨੂੰ ਲੈਅ ਤਦ ਤਕ ਨਹੀਂ ਮਿਲਦੀ ਜਦ ਤਕ ਬੇਬੇ ਨਾਨਕੀ ਰਬਾਬ ਨਹੀਂ ਦਿੰਦੀ; ਬਾਣੀ ਗੁਰੂ ਨਾਨਕ ਸਾਹਿਬ ਦੀ ਹੈ, ਰਬਾਬ ਭੈਣ ਨਾਨਕੀ ਦੀ !

ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਦੇ ਧਰਮ-ਪਤਨੀ ਮਾਤਾ ਖੀਵੀ ਜੀ ਹੀ ਲੰਗਰ ਦੀ ਇਸ ਸੰਸਥਾ ਨੂੰ ਉਹ ਰੂਪ ਦਿੰਦੇ ਹਨ, ਜਿਸ ਨੇ ਅੱਜ ਸਿੱਖਾਂ ਦੀ ਪਛਾਣ ਮਾਨਵਵਾਦੀ ਧਰਮ ਦੇ ਰੂਪ ਵਿੱਚ ਪੂਰੀ ਦੁਨੀਆ ਵਿੱਚ ਫੈਲਾਈ ਹੈ।




ਚਲਦਾ.....

# ਸਿੱਖ ਯਹੂਦੀਆਂ ਵਾਂਗ ਗਿਆਨ ਤੇ ਰਾਜਨੀਤਕ ਖੇਤਰ ਵਿਚ ਵਿਕਸਤ ਕਿਉਂ ਨਹੀਂ ਹੋ ਸਕੇ ?

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**
9815700916



ਸਿੱਖ ਅਤੇ ਯਹੂਦੀ, ਦੋ ਅਜਿਹੀਆਂ ਕੌਮਾਂ, ਜਿਹੜੀਆਂ ਇਤਿਹਾਸ ਦੀਆਂ ਭੱਠੀਆਂ, ਘਲਘਾਰਿਆਂ ਵਿੱਚੋਂ ਤਪ ਕੇ ਨਿਕਲੀਆਂਤੇ ਅੱਜ ਆਪਣੀਆਂ ਵਿਲੱਖਣ ਪਛਾਣਾਂ ਦੇ ਝੰਡੇ ਝੁਲਾਉਂਦੀਆਂ ਨਜ਼ਰ ਆਉਂਦੀਆਂ ਨੇ। ਯਹੂਦੀ,ਕੌਮ ਨੂੰ ਤੌਰਾਹ ਦੇ ਰੂਹਾਨੀ ਤੇ ਦਾਰਸ਼ਨਿਕ ਸ਼ਬਦਾਂ ਅਤੇ ਸਦੀਆਂ ਦੇ ਬੇਘਰੇ ਹੋਣ ਦੇ ਦੁਖਾਂਤ ਨੇ ਗਿਆਨ, ਵਿਗਿਆਨ ਤੇ ਸਿਆਸਤ ਰਾਹੀਂ ਬੁਲੰਦੀਆਂ ’ਤੇ ਪਹੁੰਚਾਇਆ; ਦੂਜੇ ਪਾਸੇ ਸਿੱਖ, ਜਿਹਨਾਂ ਦਾ ਗੁਰੂ ਨਾਨਕ ਸਾਹਿਬ ਦਾ “ਸਰਬੱਤ ਦੇ ਭਲਾ” ਤੇ ਗਿਆਨ ਤੇ ਵਿਦਿਆ ਦਾ ਪੈਗਾਮ ਸੰਸਾਰ ਦੇ ਕੋਨੇ ਕੋਨੇ ਵਿੱਚ ਗੂੰਜਦਾ ਹੈ, ਪਰ ਉਹ ਅਜੇ ਵੀ ਆਪਣੀ ਮੰਜਲ ਦੀ ਪ੍ਰਾਪਤੀ ਲਈ ਜੂਝਦੇ ਨਜ਼ਰ ਆਉਂਦੇ ਨੇ।

ਜਿਵੇਂ ਯਹੂਦੀਆਂ ਦੀ ਤੌਰਾਹ ਅਤੇ ਤਾਲਮੂਦ ਉਹਨਾਂ ਦੀ ਰੂਹ ਦੀ ਰੌਸ਼ਨੀ ਹੈ, ਤਿਵੇਂ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਇਹਨਾਂ ਦੀਆਂ ਜੜ੍ਹਾਂ ਹਨ। ਤੌਰਾਹ ਦਾ ਵਿਚਾਰ ਯਹੂਦੀ ਪਰੰਪਰਾ ਵਿੱਚ ਸਮਾਜਿਕ ਨਿਆਂ, ਨੈਤਿਕਤਾ ਅਤੇ ਮਾਨਵਤਾ ਦੀ ਸੇਵਾ ਨਾਲ ਜੁੜਿਆ ਹੈ।ਇਸਦਾ ਮੂਲ ਰੱਬੀ ਸਾਹਿਤ ਅਤੇ ਕਬਾਲਾਹ (ਯਹੂਦੀ ਰਹੱਸਵਾਦ) ਵਿੱਚ ਮਿਲਦਾ ਹੈ, ਜਿੱਥੇ ਅਜਿਹਾ ਮੰਨਿਆ ਜਾਂਦਾ ਹੈ ਕਿ ਸੰਸਾਰ ਅਧੂਰਾ ਹੈ ਅਤੇ ਮਨੁੱਖਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਨੇਕੀ, ਦਇਆ ਅਤੇ ਨਿਆਂ ਦੇ ਕੰਮਾਂ ਰਾਹੀਂ ਇਸ ਨੂੰ ਸੁਧਾਰਨ। ਇਹ ਸੰਕਲਪ ਯਹੂਦੀਆਂ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਸੰਸਾਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਸਰਗਰਮੀ ਨਾਲ ਕੰਮ ਕਰਨ।ਤਾਲਮੂਦ ਯਹੂਦੀ ਧਰਮ ਦਾ ਇੱਕ ਮਹੱਤਵਪੂਰਨ ਧਾਰਮਿਕ ਅਤੇ ਕਾਨੂੰਨੀ ਗ੍ਰੰਥ ਹੈ, ਜੋ ਮੂਸਾ ਦੀ ਤੌਰਾਤ ਦੀ ਵਿਆਖਿਆ ਅਤੇ ਵਿਸਥਾਰ ਕਰਦਾ ਹੈ।

ਦੋਵੇਂ ਧਰਮ ਇੱਕ ਰੱਬ ’ਤੇ ਅਟੱਲ ਵਿਸ਼ਵਾਸ ਰੱਖਦੇ ਨੇ। ਜਿਵੇਂ ਯਹੂਦੀਆਂ ਦੇ ਕੋਸ਼ਰ ਨਿਯਮ ਉਹਨਾਂ ਨੂੰ ਅਨੁਸ਼ਾਸਿਤ ਜੀਵਨ ਵਲ ਤੋਰਦੇ ਨੇ, ਤਿਵੇਂ ਸਿੱਖਾਂ ਦੀ ਰਹਿਤ ਮਰਯਾਦਾ ਸਾਨੂੰ ਗੁਰਮਤਿ ਦੇ ਰਾਹ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੀ ਧਾਰ ’ਤੇ ਚੱਲਣ ਦਾ ਸੁਨੇਹਾ ਦਿੰਦੀ ਹੈ।ਦੋਹਾਂ ਕੌਮਾਂ ਨੇ ਇਤਿਹਾਸ ਦੀਆਂ ਬੇਰਹਿਮ ਤੂਫਾਨੀ ਲਹਿਰਾਂ ਵਿੱਚੋਂ ਲੰਘਦਿਆਂ ਜੁਲਮ ਸਹੇ ਨੇ। ਦੂਜੇ ਵਿਸ਼ਵ ਯੁੱਧ (1939-1945) ਦੌਰਾਨ ਨਾਜ਼ੀ ਜਰਮਨੀ, ਅਡੋਲਫ ਹਿਟਲਰ ਦੀ ਅਗਵਾਈ ਹੇਠ, 1941 ਤੋਂ 1945 ਤੱਕ ਯਹੂਦੀਆਂ ਦੇ ਯੋਜਨਾਬੱਧ ਨਸਲਕੁਸ਼ੀ ਨੂੰ ਅੰਜਾਮ ਦਿੱਤਾ, ਜਿਸ ਵਿੱਚ ਲਗਭਗ 60 ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਹ ਅੱਤਿਆਚਾਰ 1933 ਵਿੱਚ ਨਾਜ਼ੀ ਸੱਤਾ ਵਿੱਚ ਆਉਣ ਨਾਲ ਸ਼ੁਰੂ ਹੋਏ ਅਤੇ 1945 ਵਿੱਚ ਨਾਜ਼ੀ ਜਰਮਨੀ ਦੀ ਹਾਰ ਨਾਲ ਖਤਮ ਹੋਏ।

ਜਦ ਕਿ ਸਿੱਖਾਂ ਖਾਲਸਾ ਰਾਜ ਬਾਅਦ 1849 ਤੋਂ 1947 ਤਕ ਆਪਣੇ ਰਾਜ ਲਈ ਸਟੇਟਲੈਸ ਲੋਕਾਂ ਵਾਂਗ ਸੰਘਰਸ਼ ਕਰਦੇ ਰਹੇ, ਜ਼ੁਲਮ ਸਹਿੰਦੇ ਰਹੇ। ਮੁਗਲ ਰਾਜ ਦੇ ਜ਼ੁਲਮਾਂ ਬਾਦ ਮਹਾਰਾਜਾ ਰਣਜੀਤ ਸਿੰਘ ਰਾਜ ਦੌਰਾਨ ਹੀ ਉਹ ਸੁਖ ਦਾ ਸਾਹ ਲੈ ਸਕੇ। 1984 ਦੇ ਸਿੱਖ ਘਲੂਘਾਰੇ ਅਤੇ ਉਸ ਤੋਂ ਬਾਅਦ ਦੀਆਂ ਸਰਕਾਰੀ ਜਬਰ-ਜੁਲਮ ਦੀਆਂ ਚੱਕੀਆਂ ਵਿੱਚ ਹਜ਼ਾਰਾਂ ਸਿੱਖਾਂ ਦੀ ਸਹੀਦੀ ਅਤੇ ਨਸਲਕੁਸ਼ੀ ਦੇਖੀ। ਦੋਵੇਂ ਕੌਮਾਂ ਸਿੱਖ ਤੇ ਯਹੂਦੀ ਆਪਣੀ ਪਛਾਣ ਨੂੰ ਸੰਭਾਲ ਕੇ ਅੱਗੇ ਵਧੀਆਂ।

ਯਹੂਦੀ ਸੱਭਿਆਚਾਰ, ਜਿਵੇਂ ਕੋਈ ਪੁਰਾਣਾ ਬੋਹੜ, 4000 ਸਾਲਾਂ ਦੀ ਛਾਂ ਹੇਠ ਖੜ੍ਹਾ ਹੈ, ਜਦਕਿ ਸਿੱਖੀ, 15ਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਦੀ ਜੋਤ ਨਾਲ ਜਗਮਗਾਈ। ਯਹੂਦੀਆਂ ਦਾ ਡਾਇਸਪੋਰਾ, ਸਦੀਆਂ ਤੋਂ ਸੰਸਾਰ ਵਿਚ ਖਿੰਡਿਆ ਹੋਇਆ ਹੈ, ਜਿਸ ਨੇ ਉਹਨਾਂ ਨੂੰ ਵਿਭਿੰਨ ਸੱਭਿਆਚਾਰਾਂ ਨਾਲ ਮੇਲ-ਜੋਲ ,ਸੰਪਰਕਾਂ ਤੇ ਵਿਕਸਤ ਹੋਣ ਦਾ ਮੌਕਾ ਦਿੱਤਾ। ਸਿੱਖ ਡਾਇਸਪੋਰਾ, ਹਾਲਾਂਕਿ ਹੁਣ ਫੈਲਦਾ ਜਾ ਰਿਹਾ ਹੈ, ਪਰ ਅਜੇ ਵੀ ਉਸਾਰੂ ਭੂਮਿਕਾ ਨਿਭਾਉਣ ਦੀ ਲੋੜ ਹੈ। ਯਹੂਦੀਆਂ ਨੇ ਸਿੱਖਿਆ ਨੂੰ ਆਪਣੀ ਸਭ ਤੋਂ ਵੱਡੀ ਜੰਗੀ ਤੋਪ ਬਣਾਇਆ। ਉਹਨਾਂ ਦੇ ਬੱਚੇ, ਜਿਵੇਂ ਤੌਰਾਹ ਦੀਆਂ ਸਤਰਾਂ ’ਤੇ ਚੱਲਦੇ , ਛੋਟੀ ਉਮਰ ਤੋਂ ਹੀ ਧਰਮ ਗਿਆਨ ਅਤੇ ਵਿਗਿਆਨ ਦੀ ਜੋਤ ਜਗਾਉਂਦੇ ਨੇ। ਇਸ ਸੰਤੁਲਨ ਨੇ ਨਾ ਸਿਰਫ ਉਹਨਾਂ ਦੀ ਪਛਾਣ ਨੂੰ ਮਜ਼ਬੂਤ ਕੀਤਾ, ਸਗੋਂ ਸੰਸਾਰ ਦੀਆਂ ਮੋਹਰੀ ਯੂਨੀਵਰਸਿਟੀਆਂ (ਹਾਰਵਰਡ, ਸਟੈਨ ਫੋਰਡ, ਾਿਠ) ਵਿੱਚ ਉਹ ਬਹੁਗਿਣਤੀ ਵਿਚ ਸਿਖਿਆ ਲੈ ਰਹੇ ਹਨ ਤੇ 22% ਨੋਬਲ ਪੁਰਸਕਾਰ ਜਿੱਤਣ ਦਾ ਸੇਹਰਾ ਵੀ ਉਹਨਾਂ ਦੇ ਸਿਰ ਬਝਿਆ ਹੈ।

ਸਿੱਖ, ਹਾਲਾਂਕਿ ਗੁਰਮਤਿ ਦੀ ਗਿਆਨ-ਜੋਤਿ ਨਾਲ ਸੰਪੰਨ ਨੇ, ਪਰ ਵਿਗਿਆਨ, ਮੈਡੀਕਲ, ਆਰਥਿਕ, ਦਾਰਸ਼ਨਿਕ ਅਤੇ ਤਕਨੀਕ ਦੇ ਖੇਤਰ ਵਿੱਚ ਅਜੇ ਵੀ ਪਛੜੇ ਜਾਪਦੇ ਨੇ। ਸਿੱਖਾਂ ਦੀ ਜਿਆਦਾਤਰ ਊਰਜਾ ਜ਼ੁਲਮਾਂ ਨਾਲ ਜੂਝਣ, ਸਿਆਸਤ ਅਤੇ ਧਾਰਮਿਕ ਪਛਾਣ ਸੰਭਾਲਣ ਵਿੱਚ ਖਰਚ ਹੋਈ ਹੈ।

1948 ਵਿੱਚ ਇਜ਼ਰਾਈਲ ਦੀ ਸਥਾਪਨਾ, ਯਹੂਦੀਆਂ ਲਈ ਨਾ ਸਿਰਫ ਸਿਆਸੀ ਜਿੱਤ ਸੀ, ਸਗੋਂ ਉਹਨਾਂ ਦੀ ਸਭਿਆਚਾਰਕ ਅਤੇ ਦਾਰਸ਼ਨਿਕ ਤਾਕਤ ਦਾ ਪ੍ਰਤੀਕ ਸੀ। ਜ਼ਾਇਓਨਿਜ਼ਮ ਨੇ, ਸਾਰੇ ਯਹੂਦੀਆਂ ਨੂੰ ਇੱਕ ਸਾਂਝੇ ਸੁਪਨੇ ਲਈ ਜੋੜਿਆ।ਜ਼ਾਇਓਨਿਜ਼ਮ ਇੱਕ ਰਾਜਸੀ ਅਤੇ ਸੱਭਿਆਚਾਰਕ ਅੰਦੋਲਨ ਹੈ ਜੋ ਯਹੂਦੀ ਲੋਕਾਂ ਦੀ ਇਜ਼ਰਾਈਲ ਦੀ ਧਰਤੀ ’ਤੇ ਇੱਕ ਸੁਤੰਤਰ ਰਾਸ਼ਟਰੀ ਰਾਜ ਦੀ ਸਥਾਪਨਾ ਅਤੇ ਸਮਰਥਨ ਦੀ ਵਕਾਲਤ ਕਰਦਾ ਹੈ।

ਇਸ ਦੀ ਸ਼ੁਰੂਆਤ 19ਵੀਂ ਸਦੀ ਦੇ ਅਖੀਰ ਵਿੱਚ ਹੋਈ, ਮੁੱਖ ਤੌਰ ’ਤੇ ਥੀਓਡੋਰ ਹਰਜ਼ਲ ਦੀ ਅਗਵਾਈ ਵਿੱਚ, ਜਿਸ ਨੇ ਯਹੂਦੀਆਂ ਨੂੰ ਯੂਰਪ ਵਿੱਚ ਵਧਦੇ ਵਿਤਕਰੇ ਅਤੇ ਐਂਟੀ-ਸੈਮੀਟਿਜ਼ਮ (ਯਹੂਦੀ-ਵਿਰੋਧੀਵਾਦ) ਦੇ ਵਿਰੁੱਧ ਸੁਰੱਖਿਆ ਅਤੇ



ਸਵੈ-ਨਿਰਣੇ ਦੇ ਅਧਿਕਾਰ ਲਈ ਇੱਕ ਰਾਸ਼ਟਰੀ ਘਰ ਦੀ ਲੋੜ ’ਤੇ ਜ਼ੋਰ ਦਿੱਤਾ।

ਸਿੱਖ ਪੰਥ ਨੇ ਵੀ 18ਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਖਾਲਸਾ ਰਾਜ ਦੀ ਜੋਤ ਜਗਾਈ ਸੀ, ਜਿਸ ਨਾਲ ਪੰਜਾਬ ਦੀ ਧਰਤੀ ਨਿਆਂ, ਅਮਨ ਤੇ ਮਨੁੱਖਤਾ ਦੇ ਹਿਤ ਵਿਚ ਸੋਨੇ ਵਾਂਗ ਚਮਕੀ। ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਦ ਸੰਧੇਵਾਲੀਆਂ ਅਤੇ ਡੋਗਰਿਆਂ ਦੀ ਗੱਦਾਰੀ ਨੇ ਇਸ ਦੇਸ ਪੰਜਾਬ ਸਾਮਰਾਜ ਨੂੰ 1849 ਵਿੱਚ ਅੰਗਰੇਜ਼ਾਂ ਦੇ ਹੱਥੀਂ ਢੁਆ ਦਿੱਤਾ। 1984 ਦੀ ਸਿੱਖ ਲਹਿਰ ਨੇ, ਸਿੱਖਾਂ ਦੀ ਸਿਆਸੀ ਚੇਤਨਾ ਨੂੰ ਜਗਾਇਆ, ਪਰ ਯਹੂਦੀਆਂ ਵਾਂਗ ਵਿਸ਼ਵ ਪੱਧਰੀ ਸਿਆਸੀ ਪ੍ਰਭਾਵ ਸਥਾਪਤ ਕਰਨ ਵਿੱਚ ਸਿੱਖ ਅਜੇ ਪਛੜੇ ਹੋਏ ਨੇ।

ਯਹੂਦੀਆਂ ਨੇ ਸਿੱਖਿਆ ਨੂੰ, ਆਪਣੀ ਕੌਮ ਦੀ ਰੂਹ ਵਿੱਚ ਉਤਾਰਿਆ। ਉਹਨਾਂ ਦੀਆਂ ਸੰਸਥਾਵਾਂ, ਜਿਵੇਂ ਹੀਬਰੂ ਯੂਨੀਵਰਸਿਟੀ, ਸੰਸਾਰ ਦੇ ਗਿਆਨ ਦੇ ਸਮੁੰਦਰ ਵਿੱਚ ਮੋਤੀਆਂ ਵਾਂਗ ਚਮਕਦੀਆਂ ਨੇ। ਸਿੱਖ ਪੰਥ ਨੇ ਵੀ ਸਿੰਘ ਸਭਾ ਲਹਿਰ ਅਧੀਨ ਖਾਲਸਾ ਕਾਲਜ ਵਰਗੀਆਂ ਸੰਸਥਾਵਾਂ ਸਥਾਪਿਤ ਕੀਤੀਆਂ, ਪਰ ਇਹ ਸੰਸਥਾਵਾਂ ਸਥਾਨਕ ਰੌਸ਼ਨੀ ਤੱਕ ਹੀ ਸੀਮਤ ਰਹੀਆਂ, ਵਿਸ਼ਵ ਦੀਆਂ ਮੋਹਰੀ ਸੰਸਥਾਵਾਂ ਦੇ ਮੁਕਾਬਲੇ ਇਹ ਤੁਛ ਨੇ।ਇਹ ਸੰਸਥਾਵਾਂ ਆਰੀਅਨ ,ਈਸਾਈ ,ਇਸਲਾਮੀ ਸੰਸਥਾਵਾਂ ਦਾ ਮੁਕਾਬਲਾ ਕਰਨ ਤੋਂ ਅਸਮਰਥ ਹਨ।

ਯਹੂਦੀਆਂ ਨੇ ਮੀਡੀਆ ਅਤੇ ਕਲਾ ਦੇ ਖੇਤਰ ਵਿੱਚ ਆਪਣੀ ਪਛਾਣ ਨੂੰ ਸੰਸਾਰ ਦੇ ਕੋਨੇ-ਕੋਨੇ ’ਤੇ ਫੈਲਾਇਆ। ਸਟੀਵਨ ਸਪੀਲਬਰਗ ਵਰਗੇ ਵਿਦਵਾਨਾਂ ਨੇ ਨਾ ਸਿਰਫ ਯਹੂਦੀ ਸੱਭਿਆਚਾਰ ਨੂੰ ਉਜਾਗਰ ਕਰਦੇ ਨੇ, ਸਗੋਂ ਸੰਸਾਰਕ ਸੱਭਿਆਚਾਰ ਨੂੰ ਨਵੀਂ ਰਾਹ ਵਿਖਾਉਂਦੇ ਨੇ। ਸਟੀਵਨ ਸਪੀਲਬਰਗ ਇੱਕ ਮਸ਼ਹੂਰ ਅਮਰੀਕੀ ਫਿਲਮ ਨਿਰਦੇਸ਼ਕ, ਨਿਰਮਾਤਾ ਅਤੇ ਪਟਕਥਾ ਲੇਖਕ ਹਨ। ਉਹ ਹਾਲੀਵੁੱਡ ਦੇ ਸਭ ਤੋਂ ਪ੍ਰਭਾਵਸ਼ਾਲੀ ਤੇ ਸਫਲ ਫਿਲਮ ਨਿਰਮਾਤਾਵਾਂ ਵਿੱਚੋਂ ਇੱਕ ਹਨ। ਸਪੀਲਬਰਗ ਨੇ ਆਪਣੀਆਂ ਫਿਲਮਾਂ ਰਾਹੀਂ ਕਈ ਅਕਾਦਮੀ ਅਵਾਰਡ (ਆਸਕਰ) ਜਿੱਤੇ ਹਨ ਅਤੇ ਉਸ ਦਾ ਕੰਮ ਵਿਭਿੰਨ ਸ਼ੈਲੀਆਂ ਜਿਵੇਂ ਕਿ ਸਾਇੰਸ ਫਿਕਸ਼ਨ, ਸਾਹਸਿਕ, ਇਤਿਹਾਸਕ ਅਤੇ ਡਰਾਮਾ ਵਿੱਚ ਫੈਲਿਆ ਹੋਇਆ ਹੈ। ਉਸ ਦੀਆਂ ਫਿਲਮਾਂ ਆਮ ਤੌਰ ’ਤੇ ਭਾਵਨਾਤਮਕ ਡੂੰਘਾਈ, ਸ਼ਾਨਦਾਰ ਵਿਜ਼ੂਅਲਸ ਅਤੇ ਮਨੋਰੰਜਕ ਕਹਾਣੀਆਂ ਲਈ ਜਾਣੀਆਂ ਜਾਂਦੀਆਂ ਹਨ।

ਪਰ ਸਿੱਖਾਂ ਦੀ ਚੈਰਿਟੀ, ਸੇਵਾ, ਲੰਗਰ ਪ੍ਰਥਾ ਮਨੁੱਖਤਾ ਤੇ ਸਾਂਝੀਵਾਲਤਾ ਦੀ ਸੇਵਾ ਦਾ ਪ੍ਰਤੀਕ ਹੈ। ਸੁਨਾਮੀ, ਭੂਚਾਲ, ਜਾਂ ਮਹਾਮਾਰੀ ਦੀਆਂ ਆਫਤਾਂ ਵਿੱਚ, ਸਿੱਖ ਸੰਗਠਨ, ਗੁਰਦੁਆਰੇ ਮੁਫਤ ਭੋਜਨ ਅਤੇ ਸਹਾਇਤਾ ਨਾਲ ਮਨੁੱਖਤਾ ਦੀ ਸੇਵਾ ਕਰਦੇ ਨੇ। ਸਿੱਖ ਉਦਮੀ, ਜਿਵੇਂ ਤਰਜੀਤ ਸਿੰਘ ਗਰੇਵਾਲ ਅਤੇ ਮਲਵਿੰਦਰ ਸਿੰਘ, ਵਪਾਰ ਦੇ ਖੇਤਰ ਵਿੱਚ, ਨਾਮਣਾ ਖੱਟ ਰਹੇ ਨੇ। ਨਰਿੰਦਰ ਸਿੰਘ ਕਪਾਨੀ (1926-2020): “ਫਾਈਬਰ ਆਪਟਿਕਸ ਦੇ ਪਿਤਾਮਾ” ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਟੀਕਲ ਫਾਈਬਰ ਤਕਨਾਲੋਜੀ ਦੀ ਖੋਜ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ, ਜੋ ਮੋਡਰਨ ਟੈਲੀਕਮਿਊਨੀਕੇਸ਼ਨ ਅਤੇ ਇੰਟਰਨੈੱਟ ਦਾ ਅਧਾਰ ਹੈ। ਵਿਸ਼ਵ ਬੈਂਕ ਦਾ ਮੌਜੂਦਾ ਪ੍ਰਧਾਨ (ਚੇਅਰਮੈਨ ਜਾਂ ਪ੍ਰੈਜ਼ੀਡੈਂਟ) ਅਜੇ ਸਿੰਘ ਬੰਗਾ ਹੈ, ਜਿਨ੍ਹਾਂ ਨੇ 2 ਜੂਨ 2023 ਨੂੰ ਇਹ ਅਹੁਦਾ ਸੰਭਾਲਿਆ।

ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਗਿਆਨ ਦੀ ਜੋਤ ਨੂੰ ਆਪਣੇ ਦਿਲਾਂ ਵਿੱਚ ਜਗਾਉਣ ਜੋ ਸਤਿਗੁਰੂ ਨਾਨਕ ਸਾਹਿਬ ਦਾ ਨੈਰੇਟਿਵ ਹੈ। ਸਿੱਖਾਂ ਨੂੰ, ਯਹੂਦੀਆਂ ਦੀ ਹੀਬਰੂ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਸਥਾਪਤ ਕਰਨੀਆਂ ਚਾਹੀਦੀਆਂ ਨੇ। ਗੁਰਦੁਆਰੇ, ਸਿਰਫ ਪ੍ਰਾਰਥਨਾ ਪੂਜਾ ਦੀ ਥਾਂ ਨਹੀਂ, ਸਗੋਂ ਗਿਆਨ ਦੇ ਸੋਮੇ ਵੀ ਹਨ। ਸਿੱਖ ਪੰਥ ਫਿਲਮਾਂ, ਵੈਬ ਸੀਰੀਜ਼, ਅਤੇ ਸੋਸ਼ਲ ਮੀਡੀਆ, ਰਾਹੀਂ ਸਿੱਖ ਸੱਭਿਆਚਾਰ ਨੂੰ ਵਿਸ਼ਵ ਦੇ ਕੋਨੇ-ਕੋਨੇ ’ਤੇ ਪਹੁੰਚਾਏ। ਸਿੱਖ ਸੰਗਠਨਾਂ ਨੂੰ, ਜਿਵੇਂ ਯਹੂਦੀਆਂ ਦੀ ਅੀਫਅਛ,ਵਾਂਗ ਆਪਸੀ ਮੱਤਭੇਦਾਂ ਨੂੰ ਛੱਡ ਕੇ ਸਾਂਝੇ ਟੀਚੇ ਲਈ ਜੁਝਣਾ ਚਾਹੀਦਾ। ਗੁਰੂ ਤੇਗ ਬਹਾਦਰ ਜੀ ਦੀ ਸਹੀਦੀ, ਸੰਸਾਰਕ ਪੱਧਰ ’ਤੇ ਮਨੁੱਖੀ ਅਧਿਕਾਰਾਂ ,ਨਸਲਵਾਦ ਵਿਰੁੱਧ ਮਨਾਈ ਜਾਣੀ ਚਾਹੀਦੀ।

ਪੰਜਾਬੀ, ਜਿਵੇਂ ਸਿੱਖੀ ਦੀ ਰੂਹ, ਨੂੰ ਸੰਭਾਲਣ ਲਈ ਸਕੂਲ, ਔਨਲਾਈਨ ਪਲੇਟਫਾਰਮ, ਅਤੇ ਘਰਾਂ ਵਿੱਚ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਯਹੂਦੀਆਂ ਨੇ “ਨਰੈਟਿਵ ਵਾਰ” ਤੋਂ ਸਿੱਖਣ ਦੀ ਲੋੜ ਹੈ ਕਿ ਉਹਨਾਂ ਨੇ ਸੰਸਾਰ ਵਿਚ ਲੋਕਾਂ ਦੇ ਦਿਲ ਕਿਵੇਂ ਜਿਤੇ। ਸਿੱਖ ਪੰਥ ਨੂੰ ਆਪਣੇ ਹੱਕਾਂ ਦੀ ਮੁਹਿੰਮ ਸੰਸਾਰਕ ਮੰਚ ’ਤੇ ਲਿਜਾਣ ਦੀ ਲੋੜ ਹੈ। ਸੋਸ਼ਲ ਮੀਡੀਆ, ਫਿਲਮਾਂ, ਅਤੇ ਸਾਹਿਤ, ਦੀ ਸਿੱਖਾਂ ਨੂੰ ਯੋਗ ਵਰਤੋਂ ਕਰਨੀ ਚਾਹੀਦੀ ਹੈ। ਯਹੂਦੀਆਂ ਦੀ ਤਰ੍ਹਾਂ, ਸਿੱਖਾਂ ਨੂੰ ਆਪਣੀਆਂ ਜੜ੍ਹਾਂ ਨੂੰ ਸੰਭਾਲਦਿਆਂ, ਆਧੁਨਿਕਤਾ ਦੀ ਹਵਾ ਵਿੱਚ ਉੱਡਣ ਦਾ ਹੁਨਰ ਸਿੱਖਣਾ ਹੋਵੇਗਾ। ਜਦੋਂ ਸਿੱਖ ਗੁਰਦੁਆਰਿਆਂ ਨੂੰ ਗਿਆਨ ਦੇ ਸੋਮੇ, ਪੰਜਾਬੀ ਨੂੰ ਰੂਹ ਦੀ ਬੋਲੀ, ਅਤੇ ਸਿੱਖੀ ਨੂੰ ਸੰਸਾਰਕ ਮੰਚ ਦੀ ਸਾਂਝੀਵਾਲਤਾ ਦੀ ਜੋਤ ਬਣਾਉਣਗੇ, ਤਾਂ ਗੁਰੂ ਨਾਨਕ ਸਾਹਿਬ ਦਾ ਸੁਨੇਹਾ “ਨਾਨਕ ਨਾਮ ਚੜ੍ਹਦੀ ਕਲਾ” ਸੱਚਮੁੱਚ ਜਗਮਗਾਏਗਾ।

* * * * * * *

# ਕੀ ਪ੍ਰਵਾਸੀ ਭਾਰਤੀਆਂ ਦੀ ਕਮਾਈ 'ਤੇ ਟਰੰਪ 3.5 ਫ਼ੀਸਦੀ ਟੈਕਸ ਲਗਾਏਗਾ ?

**ਲੋਕ ਮਿਤਰ ਗੌਤਮ**



ਜਦੋਂ ਤੋਂ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਉਨ੍ਹਾਂ ਦਾ ਹਰ ਕਦਮ ਕਿਸੇ ਨਾ ਕਿਸੇ ਦੇਸ਼, ਕਿਸੇ ਕਮਿਊਨਿਟੀ ਜਾਂ ਕਿਸੇ ਕਾਰਪੋਰੇਟ ਖੇਤਰ 'ਤੇ ਕਹਿਰ ਬਣ ਕੇ ਟੁੱਟ ਰਿਹਾ ਹੈ। ਉਨ੍ਹਾਂ ਵਲੋਂ ਹਾਲ ਹੀ 'ਚ ਦਸਤਖ਼ਤ ਕੀਤੇ ਗਏ ਇਕ ਹੋਰ ਬਿੱਲ 'ਵੰਨ ਬਿੱਗ ਬਿਊਟੀਫੁੱਲ ਬਿੱਲ' 'ਚ ਇਕ ਅਜਿਹੀ ਵਿਵਸਥਾ ਹੈ, ਜਿਸ ਦੀ ਸਭ ਤੋਂ ਵੱਧ ਮਾਰ ਪ੍ਰਵਾਸੀ ਭਾਰਤੀਆਂ 'ਤੇ ਪਵੇਗੀ। ਅਮਰੀਕਾ ਇਸ ਢੰਗ ਨਾਲ ਪ੍ਰਵਾਸੀ ਭਾਰਤੀਆਂ ਦੀ ਜੇਬ 'ਚੋਂ ਅਰਬਾਂ ਡਾਲਰ ਕਢਵਾ ਲਵੇਗਾ। ਦਰਅਸਲ ਅਮਰੀਕਾ ਗ੍ਰੀਨ ਕਾਰਡ ਧਾਰਕਾਂ ਤੇ ਐਚ-1ਬੀ ਵੀਜ਼ਾ ਜਿਹੇ ਅਸਥਾਈ ਵੀਜ਼ਾ ਕਰਮਚਾਰੀਆਂ ਸਮੇਤ ਸਭ ਵਿਦੇਸ਼ੀ ਕਰਮਚਾਰੀਆਂ 'ਤੇ ਆਪਣੇ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਪੈਸਿਆਂ 'ਤੇ 3.5 ਫ਼ੀਸਦੀ ਟੈਕਸ ਲਗਾਉਣ ਜਾ ਰਿਹਾ ਹੈ।

ਅਮਰੀਕਾ ਵਿਚ ਮੈਕਸੀਕੋ ਤੋਂ ਬਾਅਦ ਸਭ ਤੋਂ ਵੱਡੀ ਗਿਣਤੀ 'ਚ ਭਾਰਤੀ ਪ੍ਰਵਾਸੀ ਰਹਿੰਦੇ ਹਨ। ਇਹ ਭਾਰਤੀ ਸਿਰਫ਼ ਅਮਰੀਕਾ 'ਚ ਹੋਰ ਭਾਈਚਾਰਿਆਂ ਦੇ ਮੁਕਾਬਲੇ ਜ਼ਿਆਦਾ ਕਮਾਈ ਹੀ ਨਹੀਂ ਕਰਦੇ, ਸਗੋਂ ਭਾਰਤ 'ਚ ਰਹਿੰਦੇ ਆਪਣੇ ਮਾਂ-ਬਾਪ ਤੇ ਪਰਿਵਾਰਕ ਮੈਂਬਰਾਂ ਲਈ ਹੋਰ ਪ੍ਰਵਾਸੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਪੈਸੇ ਭੇਜਦੇ ਹਨ। ਇਸ ਲਈ ਟਰੰਪ ਦੇ ਇਸ ਟੈਕਸ ਦੇ ਸਭ ਤੋਂ ਵੱਡੇ ਸ਼ਿਕਾਰ ਭਾਰਤੀ ਹੀ ਹੋਣਗੇ, ਹਾਲਾਂਕਿ ਮੈਕਸੀਕੋ, ਚੀਨ, ਫਿਲਪੀਨਜ਼, ਫਰਾਂਸ, ਪਾਕਿਸਤਾਨ ਤੇ ਬੰਗਲਾਦੇਸ਼ ਨੂੰ ਵੀ ਇਸੇ ਕੈਟੇਗਰੀ 'ਚ ਰੱਖਿਆ ਗਿਆ ਹੈ। ਜੇਕਰ ਆਰ.ਬੀ.ਆਈ. ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਸਾਲ 2023 'ਚ ਅਮਰੀਕਾ ਰਹਿੰਦੇ ਭਾਰਤੀਆਂ ਨੇ ਭਾਰਤ 'ਚ ਆਪਣੇ ਪਰਿਵਾਰਾਂ ਨੂੰ ਕਰੀਬ 119 ਅਰਬ ਡਾਲਰ ਭੇਜੇ ਸਨ। ਭਾਵੇਂ ਪ੍ਰਵਾਸੀਆਂ ਦੁਆਰਾ ਇਹ ਰਕਮ ਆਪਣੇ ਪਰਿਵਾਰਾਂ ਨੂੰ ਭੇਜੀ ਜਾਂਦੀ ਹੈ, ਪਰ ਰਿਜ਼ਰਵ ਬੈਂਕ ਆਫ ਇੰਡੀਆ ਕੋਲ ਜਮ੍ਹਾਂ ਹੋਣ ਵਾਲੀ ਇਹੀ ਵਿਦੇਸ਼ੀ ਕਰੰਸੀ ਭਾਰਤ ਦੇ 'ਫਾਰਨ ਰਿਜ਼ਰਵ' ਦਾ ਵੱਡਾ ਹਿੱਸਾ ਬਣਦੀ ਹੈ ਅਤੇ ਇਸ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਹੋਰ ਜ਼ਿਆਦਾ ਮਜ਼ਬੂਤੀ ਮਿਲਦੀ ਹੈ। ਅਮਰੀਕਾ 'ਚ ਰਹਿੰਦੇ ਭਾਰਤੀ ਜਿੰਨਾ ਪੈਸਾ ਭੇਜਦੇ ਹਨ, ਭਾਰਤ ਸਰਕਾਰ ਉਸ ਨਾਲ ਘੱਟੋ-ਘੱਟ 2-3 ਮਹੀਨੇ ਦੇ ਆਯਾਤ ਬਿੱਲ ਅਦਾ ਕਰਦੀ ਹੈ। ਇਸ ਲਈ ਅਮਰੀਕਾ ਤੋਂ ਭਾਰਤੀ ਪ੍ਰਵਾਸੀਆਂ ਦੁਆਰਾ ਭੇਜੇ ਜਾਣ ਵਾਲੇ ਪੈਸੇ ਸਾਡੇ ਦੇਸ਼ ਲਈ ਬਹੁਤ ਮਹੱਤਵਪੂਰਨ ਹਨ।

ਅਮਰੀਕਾ 'ਚ ਰਹਿੰਦੇ ਪ੍ਰਵਾਸੀ ਭਾਰਤੀ ਆਪਣੇ ਮਾਂ-ਬਾਪ ਲਈ ਦਵਾਈਆਂ, ਰਿਸ਼ਤੇਦਾਰਾਂ ਦੀ ਪੜ੍ਹਾਈ, ਘਰ ਖਰੀਦਣ, ਕਰਜ਼ਾ ਮੋੜਨ, ਵਿਆਹਾਂ ਤੇ ਖੁਸ਼ੀ ਦੇ ਹੋਰ ਬਹੁਤ ਸਾਰੇ ਮੌਕਿਆਂ 'ਤੇ ਪੈਸੇ ਭੇਜਦੇ ਰਹਿੰਦੇ ਹਨ। ਹੁਣ ਟਰੰਪ ਦੀ ਨਜ਼ਰ ਪ੍ਰਵਾਸੀ ਭਾਰਤੀਆਂ ਦੇ ਪੈਸੇ 'ਤੇ ਹੈ ਅਤੇ ਉਹ ਟੈਕਸ ਦੇ ਜ਼ਰੀਏ ਇਸ ਦਾ ਵੱਡਾ ਹਿੱਸਾ ਖੋਹ ਲੈਣਾ ਚਾਹੁੰਦਾ ਹੈ। ਜੇਕਰ ਆਖਰੀ ਕੋਸ਼ਿਸ਼ਾਂ ਤੱਕ ਕੋਈ ਗੱਲ ਨਾ ਬਣੀ ਤਾਂ ਭਾਰਤੀਆਂ ਨੂੰ ਇਹ ਟੈਕਸ ਅਦਾ ਕਰਨਾ ਹੀ ਪਵੇਗਾ, ਜੋ ਭਾਰਤ ਨੂੰ ਵਿਦੇਸ਼ ਤੋਂ ਆਉਣ ਵਾਲੇ ਪੈਸੇ ਅੱਗੇ ਵੱਡਾ ਅੜਿੱਕਾ ਸਾਬਤ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਵਿਦੇਸ਼ਾਂ ਤੋਂ ਪ੍ਰਵਾਸੀ ਭਾਰਤੀਆਂ ਦੁਆਰਾ ਭਾਰਤ ਨੂੰ ਦੁਨੀਆ ਭਰ 'ਚ ਸਭ ਤੋਂ ਜ਼ਿਆਦਾ ਪੈਸਾ ਭੇਜਿਆ ਜਾਂਦਾ ਹੈ, ਇਸ ਨੂੰ 'ਰੈਮਿਟੈਂਸ' ਕਹਿੰਦੇ ਹਨ। ਇਸ ਸਮੇਂ ਦੁਨੀਆ ਭਰ 'ਚ ਲਗਭਗ ਢਾਈ ਕਰੋੜ ਭਾਰਤੀ ਰਹਿੰਦੇ ਹਨ, ਜੋ ਵੱਡੇ ਪੱਧਰ 'ਤੇ ਵਿਦੇਸ਼ਾਂ 'ਚ ਕਮਾਈ ਕਰਨ ਗਏ ਹੋਏ ਹਨ ਤੇ ਇਨ੍ਹਾਂ ਭਾਰਤੀ ਨਾਗਰਿਕਾਂ ਤੋਂ ਦੇਸ਼ ਨੂੰ ਵਿਦੇਸ਼ੀ ਕਰੰਸੀ ਪ੍ਰਾਪਤ ਹੁੰਦੀ ਹੈ। ਪਿਛਲੇ ਲਗਭਗ 17-18 ਸਾਲਾਂ ਤੋਂ ਭਾਰਤ ਵਿਦੇਸ਼ਾਂ ਤੋਂ ਪੈਸੇ ਪ੍ਰਾਪਤ ਕਰਨ ਵਾਲੇ ਦੇਸ਼ਾਂ ਦੀ ਸੂਚੀ 'ਚ ਪਹਿਲੇ ਨੰਬਰ 'ਤੇ ਬਣਿਆ ਹੋਇਆ ਹੈ। ਇਸ ਸਦੀ ਦੀ ਸ਼ੁਰੂਆਤ 'ਚ ਪੂਰੀ ਦੁਨੀਆ ਦੇ ਪ੍ਰਵਾਸੀਆਂ ਦੁਆਰਾ ਆਪਣੇ ਘਰਾਂ ਨੂੰ ਭੇਜੇ ਜਾਣ ਵਾਲੇ ਕੁੱਲ ਪੈਸਿਆਂ 'ਚ ਇਕੱਲੇ ਭਾਰਤੀਆਂ ਦੀ ਹਿੱਸੇਦਾਰੀ 11 ਫ਼ੀਸਦੀ ਸੀ, ਜੋ ਹੁਣ ਵਧ ਕੇ 15 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ। ਦੁਨੀਆ 'ਚ ਸਭ ਤੋਂ ਜ਼ਿਆਦਾ ਪ੍ਰਵਾਸੀ ਭਾਰਤੀ ਹਨ ਤੇ ਵਿਦੇਸ਼ਾਂ 'ਚ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦੁਨੀਆ ਭਰ ਦੇ ਸਰਵਿਸ ਸੈਕਟਰ ਤੇ ਖਾਸ ਕਰਕੇ ਤਕਨੀਕੀ ਖੇਤਰ 'ਚ ਭਾਰਤੀ ਹਾਵੀ ਹਨ। ਪੂਰੀ ਦੁਨੀਆ ਦੇ ਸਰਵਿਸ ਸੈਕਟਰ 'ਚ ਕਰੀਬ 13 ਫ਼ੀਸਦੀ ਭਾਰਤੀ ਹਨ, ਇਹ ਗਿਣਤੀ 2030 ਤੱਕ ਵਧ ਕੇ 17-18 ਫ਼ੀਸਦੀ ਹੋ ਜਾਣ ਦੀ ਉਮੀਦ ਹੈ। ਇਕ ਅਨੁਮਾਨ ਮੁਤਾਬਿਕ ਸਾਲ 2029-30 ਤੱਕ ਪ੍ਰਵਾਸੀ ਭਾਰਤੀਆਂ ਦੁਆਰਾ ਭਾਰਤ ਨੂੰ 160 ਤੋਂ 170 ਅਰਬ ਡਾਲਰ ਤੱਕ ਭੇਜੇ ਜਾਣ ਦੀ ਉਮੀਦ ਹੈ।

ਹੁਣ ਭਾਰਤੀ ਅਰਥਵਿਵਸਥਾ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਚੁੱਕੀ ਹੈ, ਜਿਸ 'ਚ 3 ਫ਼ੀਸਦੀ ਹਿੱਸਾ ਇਨ੍ਹਾਂ ਪ੍ਰਵਾਸੀਆਂ ਦੁਆਰਾ ਭੇਜੇ ਜਾਂਦੇ ਪੈਸੇ ਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਦੇਖਿਆ ਜਾਵੇ ਤਾਂ ਅਮਰੀਕਾ 'ਚ ਪ੍ਰਵਾਸੀ ਭਾਰਤੀਆਂ ਦੀ ਆਬਾਦੀ 90 ਦੇ ਦਹਾਕੇ ਤੋਂ ਲਗਾਤਾਰ ਵਧ ਰਹੀ ਹੈ ਅਤੇ ਅਮਰੀਕਾ ਦੇ ਸਭ ਰਾਸ਼ਟਰਪਤੀ ਅਮਰੀਕਾ ਦੇ ਤਕਨੀਕੀ ਖੇਤਰ ਖਾਸ ਕਰਕੇ ਕੰਪਿਊਟਰ ਦੇ ਖੇਤਰ 'ਚ ਕੰਮ ਕਰਨ ਵਾਲੇ ਭਾਰਤੀਆਂ ਦੀ ਤਾਰੀਫ ਕਰਦੇ ਰਹੇ ਹਨ। ਜਾਰਜ ਬੁਸ਼ ਜੂਨੀਅਰ ਤੋਂ ਲੈ ਕੇ ਓਬਾਮਾ ਤੱਕ ਭਾਰਤੀਆਂ ਨੂੰ ਆਪਣੀ ਅਰਥਵਿਵਸਥਾ 'ਚ ਹੋਰ ਜ਼ਿਆਦਾ ਯੋਗਦਾਨ ਪਾਉਣ ਲਈ ਲਗਾਤਾਰ ਪ੍ਰੇਰਿਤ ਕਰਦੇ ਰਹੇ ਹਨ। ਪਰ ਟਰੰਪ ਪਹਿਲੇ ਅਜਿਹੇ ਰਾਸ਼ਟਰਪਤੀ ਹਨ, ਜੋ ਭਾਰਤੀਆਂ ਤੋਂ ਵੱਡੇ ਪੱਧਰ 'ਤੇ ਚੰਦਾ ਤਾਂ ਲੈਂਦੇ ਹਨ ਅਤੇ ਉਨ੍ਹਾਂ ਦੇ ਮਿਹਨਤੀ ਤੇ ਬੁੱਧੀਮਾਨ ਹੋਣ ਦੀ ਗੱਲ ਵੀ ਕਰਦੇ ਹਨ, ਪਰ ਉਹ ਅਮਰੀਕਾ 'ਚ ਕਮਾਈ ਕਰਨ ਵਾਲੇ ਭਾਰਤੀਆਂ ਨੂੰ ਪਸੰਦ ਨਹੀਂ ਕਰਦੇ।

ਟਰੰਪ ਨੂੰ ਲੱਗਦਾ ਹੈ ਭਾਰਤੀ ਇੱਥੇ (ਅਮਰੀਕਾ 'ਚ) ਕਮਾਈ ਕਰਕੇ ਆਪਣੇ ਦੇਸ਼ (ਭਾਰਤ) ਨੂੰ ਭਰ ਰਹੇ ਹਨ। ਜੇਕਰ ਪ੍ਰਵਾਸੀ ਭਾਰਤੀ ਅਮਰੀਕਾ ਤੋਂ 100 ਅਰਬ ਡਾਲਰ ਆਪਣੇ ਦੇਸ਼ ਭੇਜਦੇ ਹਨ ਤਾਂ ਉਹ 1000 ਅਰਬ ਡਾਲਰ ਦਾ ਅਮਰੀਕਾ ਦੀ ਸੰਪਤੀ 'ਚ ਵੀ ਵਾਧਾ ਕਰਦੇ ਹਨ।

ਪਰ ਟਰੰਪ ਨੂੰ ਇਹ ਨਹੀਂ ਦਿੱਸਦਾ, ਉਸ ਨੂੰ ਤਾਂ ਭਾਰਤੀਆਂ ਦੀ ਤਨਖਾਹ ਹੀ ਦਿੱਸਦੀ ਹੈ ਤੇ ਉਹ ਉਨ੍ਹਾਂ ਦੀ ਕਮਾਈ 'ਤੇ ਟੇਢੀ ਨਜ਼ਰ ਰੱਖ ਰਹੇ ਹਨ। ਟਰੰਪ ਇਸ ਗੱਲ ਲਈ ਸ਼ੁਕਰਗੁਜ਼ਾਰ ਨਹੀਂ ਕਿ ਭਾਰਤੀਆਂ ਦੀ ਮਿਹਨਤ ਸਦਕਾ ਅਮਰੀਕਾ ਦੀ ਅਰਥਵਿਵਸਥਾ ਹੋਰ ਮਜ਼ਬੂਤ ਹੋ ਰਹੀ ਹੈ। ਦਰਅਸਲ ਭਾਰਤੀਆਂ ਦੁਆਰਾ ਹੀ ਨਹੀਂ ਦੁਨੀਆ ਦੇ ਹੋਰ ਪ੍ਰਵਾਸੀਆਂ ਵਲੋਂ ਵੀ ਆਪਣੇ ਦੇਸ਼ਾਂ ਨੂੰ ਸਭ ਤੋਂ ਜ਼ਿਆਦਾ ਪੈਸੇ ਅਮਰੀਕਾ ਤੋਂ ਹੀ ਭੇਜੇ ਜਾਂਦੇ ਹਨ। ਪ੍ਰਵਾਸੀਆਂ ਦੁਆਰਾ ਸਾਲ 2020-21 ਵਿਚ ਅਮਰੀਕਾ ਤੋਂ 23.4 ਫ਼ੀਸਦੀ ਪੈਸਾ ਭੇਜਿਆ ਜਾਂਦਾ ਸੀ, ਜੋ 2023-24 'ਚ ਵਧ ਕੇ 28 ਫ਼ੀਸਦੀ ਹੋ ਚੁੱਕਾ ਹੈ। ਜਿੱਥੋਂ ਤੱਕ ਭਾਰਤੀਆਂ ਦਾ ਸਵਾਲ ਹੈ, ਟਰੰਪ ਉਨ੍ਹਾਂ ਤੋਂ ਇਸ ਲਈ ਖਿਝਦੇ ਹਨ, ਕਿਉਂਕਿ 78 ਫ਼ੀਸਦੀ ਪ੍ਰਵਾਸੀ ਭਾਰਤੀ ਸਾਇੰਸ, ਮੈਨੇਜਮੈਂਟ, ਵਪਾਰ ਤੇ ਉੱਚ ਆਮਦਨ ਵਾਲੇ ਖੇਤਰਾਂ ਵਿਚ ਕੰਮ ਕਰਦੇ ਹਨ। ਲੰਬੇ ਸਮੇਂ ਤੋਂ ਲਗਾਤਾਰ ਵਧ ਰਹੇ ਟੈਕਸ ਪਹਿਲਾਂ ਹੀ ਵਿਸ਼ਵ ਵਿਆਪੀ ਚਿੰਤਾ ਦਾ ਵਿਸ਼ਾ ਹਨ, ਕਿਉਂਕਿ ਇਨ੍ਹਾਂ ਦਾ ਸਿੱਧਾ ਅਸਰ ਮਜ਼ਦੂਰਾਂ ਦੇ ਪਰਿਵਾਰਾਂ 'ਤੇ ਪੈਂਦਾ ਹੈ। ਪਰ ਹੁਣ ਅਮਰੀਕਾ ਜਿਹੇ ਦੇਸ਼ ਟੈਕਸ ਚੱਕਰਵਿਊ ਬਣਾ ਕੇ ਮਜ਼ਦੂਰਾਂ ਦੀ ਕਮਾਈ ਦਾ ਵੱਡਾ ਹਿੱਸਾ ਹੜੱਪਣਾ ਚਾਹੁੰਦੇ ਹਨ।

ਭਾਰਤ ਦੇ ਜਿਨ੍ਹਾਂ ਸੂਬਿਆਂ 'ਵਿਚ ਵਿਦੇਸ਼ਾਂ ਤੋਂ ਸਭ ਤੋਂ ਜ਼ਿਆਦਾ ਪੈਸਾ ਆਉਂਦਾ ਹੈ, ਉਨ੍ਹਾਂ ਵਿਚ ਪਹਿਲੇ ਨੰਬਰ 'ਤੇ ਮਹਾਰਾਸ਼ਟਰ, ਦੂਜੇ ਨੰਬਰ 'ਤੇ ਕੇਰਲਾ ਤੇ ਤੀਜੇ ਨੰਬਰ 'ਤੇ ਤਾਮਿਲਨਾਡੂ ਹੈ। ਜੇਕਰ ਉਕਤ ਕਾਨੂੰਨ ਸਖ਼ਤੀ ਨਾਲ ਲਾਗੂ ਹੋਇਆ ਤਾਂ ਇਨ੍ਹਾਂ ਸੂਬਿਆਂ ਦੀ ਅਰਥਵਿਵਸਥਾ 'ਤੇ ਵੀ ਇਸ ਦਾ ਮਾੜਾ ਪ੍ਰਭਾਵ ਪਵੇਗਾ, ਕਿਉਂਕਿ ਜੋ ਪੈਸਾ ਇੱਥੇ ਰਹਿੰਦੇ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਆਉਂਦਾ ਹੈ, ਉਹ ਅਖੀਰ ਖਰਚਿਆ ਤਾਂ ਇੱਥੇ ਹੀ ਜਾਂਦਾ ਹੈ ਅਤੇ ਇਸ ਨਾਲ ਇਨ੍ਹਾਂ ਸੂਬਿਆਂ ਦਾ ਅਰਥਚਾਰਾ ਖੁਸ਼ਹਾਲ ਹੁੰਦਾ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪ੍ਰਵਾਸੀਆਂ 'ਤੇ ਨਕੇਲ ਕੱਸ ਕੇ ਟਰੰਪ ਸਿਰਫ਼ ਆਪਣੀ ਤਿਜੌਰੀ ਹੀ ਨਹੀਂ ਭਰਨਾ ਚਾਹੁੰਦੇ, ਸਗੋਂ ਭਾਰਤ ਦੀ ਅਰਥਵਿਵਸਥਾ ਨੂੰ ਕਮਜ਼ੋਰ ਕਰਨ ਦੀ ਵੀ ਕੋਸ਼ਿਸ਼ ਕਰ ਰਹੇ ਹਨ।

## ਜਲੰਧਰ ਵਿਚ ਦੇਹ ਵਪਾਰ ਦਾ ਪਰਦਾਫਾਸ਼, 'ਆਪ' ਨੇਤਾ ਦੀ ਸ਼ਮੂਲੀਅਤ ਦਾ ਦਾਅਵਾ

- ਰਾਜਨੀਤਕ ਸੰਬੰਧਾਂ ਦੀ ਆੜ ਵਿਚ ਚੱਲ ਰਿਹਾ ਸੀ ਨਾਜਾਇਜ਼ ਧੰਦਾ
- ਸੀਸੀਟੀਵੀ ਨਾਲ ਰੱਖੀ ਜਾਂਦੀ ਸੀ ਨਜ਼ਰ



ਜਲੰਧਰ-ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਮਕਸੂਦਾਂ ਇਲਾਕੇ 'ਚ ਪੁਲਿਸ ਨੇ ਇਕ ਦੇਹ ਵਪਾਰ ਦੇ ਅੱਡੇ 'ਤੇ ਛਾਪਾ ਮਾਰਕੇ ਵੱਡਾ ਖੁਲਾਸਾ ਕੀਤਾ ਹੈ। ਇਸ ਮਾਮਲੇ ਵਿਚ ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਮੁੱਖ ਦੋਸ਼ੀ, ਜੋ ਆਪਣੇ ਆਪ ਨੂੰ ਆਮ ਆਦਮੀ ਪਾਰਟੀ (ਆਪ) ਦੀ ਨੇਤਾ ਦੱਸਦੀ ਸੀ, ਨੇ ਕਈ ਸਾਲਾਂ ਤੋਂ ਇਹ ਗੈਰ ਕਾਨੂੰਨੀ ਧੰਦਾ ਚਲਾਇਆ ਹੋਇਆ ਸੀ। ਪੁਲਿਸ ਨੇ ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਜਾਂਚ 'ਚ ਸਾਹਮਣੇ ਆਇਆ ਹੈ ਕਿ ਇਸ ਅੱਡੇ 'ਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਵੀ ਕੀਤੀ ਜਾਂਦੀ ਸੀ। ਪੁਲਿਸ ਜਾਂਚ ਅਨੁਸਾਰ, ਦੋਸ਼ੀ ਔਰਤ ਦੇ ਰਾਜਨੀਤਕ ਸਬੰਧਾਂ ਕਾਰਨ ਪਿਛਲੀਆਂ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਨਹੀਂ ਹੋ ਸਕੀ। ਦੋ ਸਾਲ ਪਹਿਲਾਂ ਕਰਤਾਰਪੁਰ ਥਾਣੇ ਵਿਚ ਦਰਜ ਸ਼ਿਕਾਇਤ ਵਿਚ ਦੋਸ਼ ਲੱਗੇ ਸਨ ਕਿ ਉਹ ਕੁੜੀਆਂ ਨੂੰ ਜ਼ਬਰਦਸਤੀ ਦੇਹ ਵਪਾਰ ਵਿਚ ਧੱਕਦੀ ਸੀ, ਪਰ ਰਾਜਨੀਤਕ ਦਬਾਅ ਕਾਰਨ ਮਾਮਲਾ ਦਬਾ ਦਿੱਤਾ ਗਿਆ। ਦੋਸ਼ੀ ਨੇ ਨੇੜਲੇ ਇਲਾਕਿਆਂ 'ਚ ਦੋ ਹੋਰ ਕਮਰੇ ਲੈ ਕੇ ਇਹ ਗਲਤ ਕੰਮ ਚਲਾਇਆ ਅਤੇ ਸੀਸੀਟੀਵੀ ਕੈਮਰਿਆਂ ਰਾਹੀਂ ਆਉਣ-ਜਾਣ ਵਾਲਿਆਂ 'ਤੇ ਨਜ਼ਰ ਰੱਖਦੀ ਸੀ। ਪੁਲਿਸ ਹੁਣ ਇਸ ਮਾਮਲੇ ਵਿਚ ਡੂੰਘੀ ਜਾਂਚ ਕਰ ਰਹੀ ਹੈ।

# ਕੰਚਨ ਰਾਣੀ ਉਰਫ਼ ਕਮਲ ਕੌਰ ਭਾਬੀ ਦੀ ਹੱਤਿਆ ਜਾਇਜ ਨਹੀਂ ਪਰ ਇਸ ਪਿਛੇ ਕਾਰਨਾਂ ਨੂੰ ਘੋਖਣ ਦੀ ਲੋੜ

**ਸਤਨਾਮ ਸਿੰਘ ਮਾਣਕ**



ਪਿਛਲੇ ਦਿਨੀਂ ਸੋਸ਼ਲ ਮੀਡੀਆ ਪ੍ਰਭਾਵਕਾਰ (ਇਨਫਲੂਐਂਸਰ) ਕਮਲ ਕੌਰ ਭਾਬੀ ਉਰਫ਼ ਕੰਚਨ ਰਾਣੀ ਦੀ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਸ ਦੇ ਦੋ ਸਾਥੀਆਂ ਨਿਮਰਤ ਸਿੰਘ ਅਤੇ ਜਸਪ੍ਰੀਤ ਸਿੰਘ ਵਲੋਂ ਭੁੱਚੋ ਕਲਾਂ (ਬਠਿੰਡਾ) ਵਿਚ ਯੋਜਨਾਬੱਧ ਢੰਗ ਨਾਲ ਕੀਤੀ ਗਈ ਹੱਤਿਆ ਦੀ ਦੇਸ਼-ਵਿਦੇਸ਼ ਵਿਚ ਕਾਫੀ ਚਰਚਾ ਹੋ ਰਹੀ ਹੈ। ਖ਼ਾਸ ਕਰਕੇ ਸੋਸ਼ਲ ਮੀਡੀਆ ’ਤੇ ਹੱਤਿਆ ਦੇ ਵਿਰੋਧ ਅਤੇ ਹੱਕ ਵਿਚ ਪੋਸਟਾਂ ਪਾਈਆਂ ਜਾ ਰਹੀਆਂ ਹਨ। ਇਸ ਹੱਤਿਆ ਨਾਲ ਚਾਰ ਗੱਲਾਂ ਉੱਭਰ ਕੇ ਸਾਹਮਣੇ ਆਈਆਂ ਹਨ

(1) ਕੀ ਕਮਲ ਕੌਰ ਭਾਬੀ ਉਰਫ਼ ਕੰਚਨ ਕੁਮਾਰੀ ਦੀ ਇਸ ਆਧਾਰ ’ਤੇ ਹੱਤਿਆ ਕਰਨਾ ਸਹੀ ਹੈ ਕਿ ਉਹ ਸੋਸ਼ਲ ਮੀਡੀਆ ’ਤੇ ਆਪਣੇ ਵਲੋਂ ਬਣਾ ਕੇ ਅਸ਼ਲੀਲ ਵੀਡੀਓਜ਼ ਪਾਉਂਦੀ ਸੀ?

(2) ਕੀ ਸੋਸ਼ਲ ਮੀਡੀਆ ’ਤੇ ਮੀਡੀਆ ਪ੍ਰਭਾਵਕਾਰਾਂ ਅਤੇ ਹੋਰ ਵਰਤੋਂਕਾਰਾਂ ਵਲੋਂ ਹਰ ਤਰ੍ਹਾਂ ਦੀ ਲੱਚਰ ਤੇ ਅਸ਼ਲੀਲ ਸਮੱਗਰੀ ਪਾਉਣਾ ਸਹੀ ਹੈ?

(3) ਕੀ ਸਮਾਜ ਅਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ’ਤੇ ਸਮੱਗਰੀ (ਕੰਨਟੈਂਟ) ਪਾਉਣ ਸੰਬੰਧੀ ਕੋਈ ਅਗਵਾਈ ਲੀਹਾਂ ਨਹੀਂ ਬਣਨੀਆਂ ਚਾਹੀਦੀਆਂ?

(4) ਕੀ ਪ੍ਰਸਤਾਵਿਤ ਅਗਵਾਈ ਲੀਹਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਇਕ ਨਿਸ਼ਚਿਤ ਸਮੇਂ ਵਿਚ ਕਾਰਵਾਈ ਕਰਨ ਅਤੇ ਉਨ੍ਹਾਂ ਵਲੋਂ ਪਾਈ ਗਈ ਅਸ਼ਲੀਲ ਅਤੇ ਲੱਚਰ ਸਮੱਗਰੀ ਜਾਂ ਸਮਾਜ ਨੂੰ ਹੋਰ ਪੱਖਾਂ ਤੋਂ ਨੁਕਸਾਨ ਪਹੁੰਚਾਉਣ ਵਾਲੀ ਸਮੱਗਰੀ ਨੂੰ ਹਟਾਉਣ ਲਈ ਕੋਈ ਵਿਵਸਥਾ ਨਹੀਂ ਬਣਨੀ ਚਾਹੀਦੀ?

ਇਸ ਸੰਬੰਧ ਵਿਚ ਸਪੱਸ਼ਟ ਤੌਰ ’ਤੇ ਸਾਡੀ ਇਹ ਰਾਇ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਫੇਸਬੁੱਕ, ਯੂ-ਟਿਊਬ, ਇੰਸਟਾਗ੍ਰਾਮ ਅਤੇ ਹੋਰ ਮੌਜੂਦਾ ਮੀਡੀਆ ਪਲੇਟਫਾਰਮਾਂ ’ਤੇ ਅਸ਼ਲੀਲ, ਲੱਚਰ ਤੇ ਨਫ਼ਰਤ ਪੈਦਾ ਕਰਨ ਵਾਲੀ ਪਾਈ ਜਾ ਰਹੀ ਸਮੱਗਰੀ (ਵੀਡੀਓਜ਼ ਤੇ ਟੈਕਸਟ ਪੋਸਟਾਂ) ਇਕ ਅੰਤਰਰਾਸ਼ਟਰੀ ਪੱਧਰ ਦੀ ਬਹੁਤ ਵੱਡੀ ਸਮੱਸਿਆ ਹੈ। ਇਸ ਨੂੰ ਹੱਲ ਕਰਨ ਲਈ ਦੇਸ਼ ਅਤੇ ਹਰ ਦੇਸ਼ ਅੰਦਰਲੇ ਸਥਾਨਕ ਪ੍ਰਸੰਸਕਾਂ ਨੂੰ ਢੁਕਵੀਂ ਵਿਵਸਥਾ ਬਣਾਉਣ ਦੀ ਲੋੜ ਹੈ। ਇਸ ਸੰਬੰਧੀ ਹੁਣ ਤੱਕ ਭਾਰਤ ਵਿਚ ਰਾਸ਼ਟਰੀ ਪੱਧਰ ’ਤੇ ਬਣੇ ਕਾਨੂੰਨ ਤੇ ਹੋਏ ਯਤਨ ਢੁਕਵੇਂ ਸਾਬਤ ਨਹੀਂ ਹੋ ਸਕੇ। ਵੱਡੀ ਪੱਧਰ ’ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਲੱਚਰ, ਅਸ਼ਲੀਲ ਤੇ ਨਫ਼ਰਤ ਪੈਦਾ ਕਰਨ ਵਾਲੀ ਸਮੱਗਰੀ ਮੌਜੂਦ ਹੈ। ਪਰ ਫਿਰ ਵੀ ਕਿਸੇ ਵੀ ਧਿਰ ਜਾਂ ਵਿਅਕਤੀ ਨੂੰ ਇਕ ਜਮਹੂਰੀ ਅਤੇ ਕਾਨੂੰਨ ਦੇ ਸ਼ਾਸਨ ਵਾਲੇ ਦੇਸ਼ ਵਿਚ ਇਹ ਹੱਕ ਹਾਸਿਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਲੱਚਰ ਜਾਂ ਅਸ਼ਲੀਲ





ਸਮੱਗਰੀ ਪਾਉਣ ਵਾਲੇ ਵਿਅਕਤੀਆਂ ਨੂੰ ਕਾਨੂੰਨ ਆਪਣੇ ਹੱਥ ਵਿਚ ਲੈਂਦਿਆਂ ਕਤਲ ਕਰਨ ਜਾਂ ਹੋਰ ਢੰਗਾਂ ਨਾਲ ਉਨ੍ਹਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰੇ। ਇਸ ਸੰਬੰਧ ਵਿਚ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਕੀਤੀ ਗਈ ਇਹ ਹਰਕਤ ਕਾਨੂੰਨ ਅਤੇ ਸਮਾਜ ਦੇ ਵੱਡੇ ਹਿੱਸਿਆਂ ਦੀ ਨਜ਼ਰ ਵਿਚ ਇਕ ਅਪਰਾਧ ਹੈ ਅਤੇ ਇਸ ਅਪਰਾਧ ਦੀ ਸੰਬੰਧਿਤ ਦੋਸ਼ੀਆਂ ਨੂੰ ਸਜ਼ਾ ਭੁਗਤਣੀ ਹੀ ਪਵੇਗੀ। ਜਿਹੜੇ ਲੋਕ ਕਮਲ ਕੌਰ ਭਾਬੀ ਉਰਫ਼ ਕੰਚਨ ਰਾਣੀ ਦੇ ਕਤਲ ਨੂੰ ਸਹੀ ਠਹਿਰਾ ਰਹੇ ਹਨ, ਉਹ ਨਾ ਕਾਨੂੰਨ ਦੇ ਪੱਖ ਤੋਂ ਅਤੇ ਨਾ ਹੀ ਸਮਾਜਿਕ ਸਰੋਕਾਰਾਂ ਦੇ ਪੱਖ ਤੋਂ ਸਹੀ ਕਰ ਰਹੇ ਹਨ, ਸਗੋਂ ਉਹ ਲੋਕ ਸਮਾਜ ਵਿਚ ਅਰਾਜਕਤਾ ਨੂੰ ਵਧਾਉਣ ਅਤੇ ਹੋਰ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਕਾਨੂੰਨ ਹੱਥ ਵਿਚ ਲੈਣ ਲਈ ਉਕਸਾਉਣ ਦਾ ਕੰਮ ਕਰ ਰਹੇ ਹਨ। ਸਾਡੇ ਦੇਸ਼ ਦੀ ਰਾਜਨੀਤਕ ਅਤੇ ਕਾਨੂੰਨੀ ਵਿਵਸਥਾ ਵਿਚ ਬਹੁਤ ਸਾਰੇ ਨੁਕਸ ਹੋ ਸਕਦੇ ਹਨ ਪਰ ਜੇਕਰ ਸਾਨੂੰ ਕਿਸੇ ਧਿਰ ਜਾਂ ਵਿਅਕਤੀ ਦੇ ਖ਼ਿਲਾਫ਼ ਸ਼ਿਕਾਇਤ ਹੈ ਜਾਂ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਦੀਆਂ ਕਾਰਵਾਈਆਂ ਦੇਸ਼ ਅਤੇ ਸਮਾਜ ਦੇ ਹਿੱਤ ਵਿਚ ਨਹੀਂ ਹਨ ਤਾਂ ਸਾਡੇ ਕੋਲ ਕਾਰਵਾਈ ਲਈ ਦੋ ਬਦਲ ਹੁੰਦੇ ਹਨ (1) ਇਸ ਸੰਬੰਧੀ ਸੰਬੰਧਿਤ ਅਥਾਰਿਟੀ ਨੂੰ ਸ਼ਿਕਾਇਤ ਕੀਤੀ ਜਾਵੇ। (2) ਇਸ ਸੰਬੰਧੀ ਸਮਾਜ ਵਿਚ ਜਾਗਰੂਕਤਾ ਪੈਦਾ ਕਰਨ ਲਈ ਅਤੇ ਸੰਬੰਧਿਤ ਲੋਕਾਂ ਦਾ ਜਥੇਬੰਦਕ ਤੌਰ ’ਤੇ ਵਿਰੋਧ ਕਰਨ ਲਈ ਯੋਜਨਾਬੱਧ ਢੰਗ ਨਾਲ ਯਤਨ ਕੀਤੇ ਜਾਣ। ਅਸੀਂ ਸਾਰੇ ਇਹ ਵੀ ਜਾਣਦੇ ਹਾਂ ਕਿ ਕੇਂਦਰ ਸਰਕਾਰ ਨੇ ਯਤਨ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਫੇਸਬੁੱਕ, ਯੂ-ਟਿਊਬ ਤੇ ਇੰਸਟਾਗ੍ਰਾਮ ਆਦਿ ਨੂੰ ਕਾਨੂੰਨ ਬਣਾ ਕੇ ਇਸ ਗੱਲ ਲਈ ਮਜਬੂਰ ਕੀਤਾ ਹੈ ਕਿ ਉਹ ਭਾਰਤ ਵਿਚ ਆਪਣੇ ਪ੍ਰਤੀਨਿਧ ਨਿਯੁਕਤ ਕਰਨ ਅਤੇ ਲੋਕਾਂ ਵਲੋਂ ਕੀਤੀਆਂ ਜਾ ਰਹੀਆਂ ਸ਼ਿਕਾਇਤਾਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਪਾਈ ਗਈ ਲੱਚਰ, ਅਸ਼ਲੀਲ ਅਤੇ ਸਮਾਜ ਵਿਚ ਨਫ਼ਰਤ ਫੈਲਾਉਣ ਵਾਲੀ ਸਮੱਗਰੀ ਨੂੰ ਆਪਣੇ ਪਲੇਟਫਾਰਮਾਂ ਤੋਂ ਤੇਜ਼ੀ ਨਾਲ ਹਟਾਉਣ ਦਾ ਕੰਮ ਕਰਨ। ਇਸ ਸੰਬੰਧ ਵਿਚ ਸਮੇਂ-ਸਮੇਂ ਲੋਕਾਂ ਵਲੋਂ ਸ਼ਿਕਾਇਤਾਂ ਵੀ ਕੀਤੀਆਂ ਜਾਂਦੀਆਂ ਹਨ ਤੇ ਸੰਬੰਧਿਤ ਸੋਸ਼ਲ ਮੀਡੀਆ ਪਲੇਟਫਾਰਮ ਉਨ੍ਹਾਂ ’ਤੇ ਕਾਰਵਾਈ ਕਰਦੇ ਹੋਏ ਵੱਖ-ਵੱਖ ਲੋਕਾਂ ਦੇ ਖਾਤਿਆਂ ਨੂੰ ਬੰਦ ਵੀ ਕਰਦੇ ਹਨ ਅਤੇ ਕਈ ਵਾਰ ਉਨ੍ਹਾਂ ’ਤੇ ਆਰਜ਼ੀ ਤੌਰ ’ਤੇ ਵੀ ਰੋਕਾਂ ਲਾਉਂਦੇ ਹਨ। ਇਸ ਤੋਂ ਇਲਾਵਾ ਜੇਕਰ ਪੁਲਿਸ ਕੋਲ ਇਸ ਸੰਬੰਧ ਵਿਚ ਕੋਈ ਸ਼ਿਕਾਇਤ ਕਰਦਾ ਹੈ ਤਾਂ ਉਹ ਵੀ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਗ਼ਲਤ ਸਮੱਗਰੀ ਪਾਉਣ ਵਾਲਿਆਂ ਦੇ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੱਕ ਪਹੁੰਚ ਰਾਹੀਂ ਇਤਰਾਜ਼ਯੋਗ ਸਮੱਗਰੀ ਨੂੰ ਹਟਾਉਣ ਦੀ ਕਾਰਵਾਈ ਕਰਦੀ ਹੈ।

ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਂਦੀ ਹੈ। ਬਿਨਾਂ ਸ਼ੱਕ ਇਸ ਸੰਬੰਧ ਵਿਚ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਵਾਜਿਬ ਤੌਰ ’ਤੇ ਇਹ ਸ਼ਿਕਾਇਤ ਰਹਿੰਦੀ ਹੈ ਕਿ ਸਰਕਾਰੀ ਪ੍ਰਸ਼ਾਸਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਚਲਾਉਣ ਵਾਲੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਕੰਪਨੀਆਂ ਦੋਸ਼ੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਵਿਚ ਬਹੁਤੀ ਵਾਰ ਕਾਫ਼ੀ ਸਮਾਂ ਲਗਾ ਦਿੰਦੀਆਂ ਹਨ ਤੇ ਉਦੋਂ ਤੱਕ ਅਸ਼ਲੀਲ, ਲੱਚਰ ਤੇ ਇਤਰਾਜ਼ਯੋਗ ਸਮੱਗਰੀ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਚੱਲਦੀ ਰਹਿੰਦੀ ਹੈ, ਜਿਨ੍ਹਾਂ ਵਿਅਕਤੀਆਂ ਨਾਲ ਸੰਬੰਧਿਤ ਉਹ ਸਮੱਗਰੀ ਹੋਵੇ ਉਨ੍ਹਾਂ ਦੇ ਅਕਸ ’ਤੇ ਵੀ ਉਸ ਨਾਲ ਬੁਰਾ ਅਸਰ ਪੈਂਦਾ ਹੈ ਤੇ ਅਜਿਹੀ ਸਮੱਗਰੀ ਸਮਾਜ ਨੂੰ ਵੀ ਨੁਕਸਾਨ ਪਹੁੰਚਾਉਂਦੀ ਰਹਿੰਦੀ ਹੈ। ਲੋੜ ਇਸ ਗੱਲ ਦੀ ਹੈ ਕਿ ਸੋਸ਼ਲ ਮੀਡੀਆ ਨੂੰ ਨਿਯਮਿਤ ਕਰਨ ਲਈ ਜੋ ਕੇਂਦਰ ਸਰਕਾਰ ਵਲੋਂ ਕਾਨੂੰਨ ਬਣਾਏ ਗਏ ਹਨ, ਉਨ੍ਹਾਂ ਦਾ ਅਧਿਐਨ ਕਰਕੇ ਉਨ੍ਹਾਂ ਨੂੰ ਹੋਰ ਵਧੇਰੇ ਸਖ਼ਤ ਤੇ ਕੁਸ਼ਲ ਬਣਾਇਆ ਜਾਵੇ, ਤਾਂ ਜੋ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਸਮੱਗਰੀ ਪਾਉਣ ਵਾਲਿਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕੇ ਅਤੇ ਅਜਿਹੀ ਸਮੱਗਰੀ ਤੋਂ ਸਮਾਜ ਨੂੰ ਹੋਣ ਵਾਲੇ ਨੁਕਸਾਨ ਨੂੰ ਵੀ ਰੋਕਿਆ ਜਾ ਸਕੇ।

ਇਸ ਸੰਬੰਧ ਵਿਚ ਲੋਕਾਂ ਨੂੰ ਇਹ ਵੀ ਸ਼ਿਕਾਇਤ ਹੈ ਕਿ ਕੇਂਦਰੀ ਸਰਕਾਰ ਅਤੇ ਵੱਖ-ਵੱਖ ਸੂਬਾਈ ਸਰਕਾਰਾਂ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਉਨ੍ਹਾਂ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਨ ਵਾਲੀ ਸਮੱਗਰੀ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ ’ਤੇ ਦਬਾਅ ਪਾ ਕੇ ਹਟਵਾਉਣ ਲਈ ਤਾਂ ਤੁਰੰਤ ਕਾਰਵਾਈ ਕਰਦੀਆਂ ਹਨ। ਅਜਿਹੀ ਸਮੱਗਰੀ ਪਾਉਣ ਵਾਲਿਆਂ ਦੇ ਖ਼ਿਲਾਫ਼ ਛੇਤੀ ਤੋਂ ਛੇਤੀ ਕੇਸ ਵੀ ਦਰਜ ਹੋ ਜਾਂਦੇ ਹਨ ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋ ਜਾਂਦੀਆਂ ਹਨ। ਪਰ ਲੱਚਰ, ਅਸ਼ਲੀਲ ਅਤੇ ਸਮਾਜ ਵਿਚ ਨਫ਼ਰਤ ਪੈਦਾ ਕਰਨ ਵਾਲੀ ਸਮੱਗਰੀ ਨੂੰ ਹਟਾਉਣ ਲਈ ਸਰਕਾਰਾਂ ਵਲੋਂ ਓਨੀ ਤੇਜ਼ੀ ਨਾਲ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਕਾਰਨ ਵੀ ਕੁਝ ਲੋਕ ਲੱਚਰ ਅਤੇ ਅਸ਼ਲੀਲ ਸਮੱਗਰੀ ਪਰੋਸਣ ਵਾਲਿਆਂ ਦੇ ਖ਼ਿਲਾਫ਼ ਕਾਨੂੰਨ ਹੱਥ ਵਿਚ ਲੈ ਕੇ ਕਾਰਵਾਈ ਕੀਤੇ ਜਾਣ ਨੂੰ ਸਹੀ ਠਹਿਰਾਉਣ ਲੱਗ ਪੈਂਦੇ ਹਨ। ਸਰਕਾਰਾਂ ਨੂੰ ਇਸ ਪੱਖ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ।

ਇਸ ਤਕਨੀਕ ਦੀ ਨਾਂਹ-ਪੱਖੀ ਵਰਤੋਂ ਦਾ ਜੋ ਅਮਲ ਸਮਾਜ ਵਿਚ ਵਧ ਰਿਹਾ ਹੈ ਉਸ ਨੂੰ ਰੋਕਣ ਲਈ ਵੀ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ ’ਤੇ ਪ੍ਰਭਾਵੀ ਯਤਨ ਹੋਣੇ ਚਾਹੀਦੇ ਹਨ। ਖ਼ਾਸ ਕਰਕੇ ਉਨ੍ਹਾਂ ਨੌਜਵਾਨ ਲੜਕੇ-ਲੜਕੀਆਂ ਦੀ ਕੌਂਸਲਿੰਗ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਲੱਚਰ ਤੇ ਅਸ਼ਲੀਲ ਸਮੱਗਰੀ ਪਾਉਣ ਨੂੰ ਆਪਣੇ ਰੁਜ਼ਗਾਰ ਦਾ ਹਿੱਸਾ ਬਣਾ ਲਿਆ ਹੈ, ਕਿਉਂਕਿ ਇਨ੍ਹਾਂ ਪਲੇਟਫਾਰਮਾਂ ’ਤੇ ਅਜਿਹੀ ਸਮੱਗਰੀ ਪਰੋਸ ਕੇ ਅਤੇ ਉਸ ਨੂੰ ਵਾਇਰਲ ਕਰਵਾ ਕੇ ਉਹ ਚੋਖੀ ਕਮਾਈ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਉਨ੍ਹਾਂ ਨੂੰ ਕਮਾਈ ਕਰਨ ਦਾ ਇਹ ਸੌਖਾ ਢੰਗ ਲੱਗਦਾ ਹੈ ਪਰ ਆਪਣੇ ਵਿੱਤੀ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਉਹ ਆਪਣੇ ਸਮਾਜਿਕ ਸਰੋਕਾਰਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਕੁਝ ਵਿਚਾਰਕ ਇਸ ਸਮੱਸਿਆ ਨੂੰ ਦੁਨੀਆ ਭਰ ਵਿਚ ਲਾਗੂ ਕੀਤੇ ਗਏ ਕਾਰਪੋਰੇਟ ਮਾਡਲ ਤੇ ਮੁਕਤ ਵਪਾਰ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਵੀ ਦੇਖਦੇ ਹਨ, ਜਿਸ ਨੇ ਹਰ ਚੀਜ਼ ਦਾ ਬਜ਼ਾਰੀਕਰਨ ਕਰ ਦਿੱਤਾ ਹੈ। ਬਿਨਾਂ ਸ਼ੱਕ ਕਿਸੇ ਵੀ ਖੇਤਰ ਵਿਚ ਬੇਰੋਕ ਆਜ਼ਾਦੀ ਨਾਲ ਸਮਾਜ ਦਾ ਵੱਡਾ ਨੁਕਸਾਨ ਹੁੰਦਾ ਹੈ। ਪਰ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਰੋਕਣ ਲਈ, ਜਿਸ ਤਰ੍ਹਾਂ ਕਿ ਅਸੀਂ ਉੱਪਰ ਲਿਖਿਆ ਹੈ ਕਿ ਕਾਨੂੰਨੀ ਕਾਰਵਾਈ ਅਤੇ ਸਮਾਜਿਕ ਚੇਤਨਾ ਹੀ ਸਾਰਥਕ ਢੰਗ ਨਾਲ ਕੰਮ ਕਰ ਸਕਦੀ ਹੈ। ਇਸ ਮਕਸਦ ਲਈ ਹਿੰਸਾ ਕਰਨਾ ਜਾਂ ਕਾਨੂੰਨ ਹੱਥ ਵਿਚ ਲੈਣ ਨੂੰ ਕਿਸੇ ਵੀ ਢੰਗ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ।


## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸੰਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ।

ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ ?

ਹਰਲਾਜ ਸਿੰਘ ਬਹਾਦਰਪੁਰ




ਧਰਮ ਕੀ ਹੈ, ਧਰਮ ਨੂੰ ਦਇਆ ਦਾ ਪੁੱਤ ਵੀ ਕਿਹਾ ਜਾਂਦਾ ਹੈ, ਕਿਸੇ ਤੇ ਦਇਆ ਕਰਨ, ਕਿਸੇ ਦਾ ਭਲਾ ਕਰਨ, ਪੁੰਨ ਦਾਨ ਕਰਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਚੰਗੇ ਕੰਮ ਕਰਨ ਨੂੰ ਧਰਮ ਦੇ ਕੰਮ ਕਿਹਾ ਜਾਂਦਾ ਹੈ, ਗੁਰਬਾਣੀ ਵਿੱਚ ਦਰਜ ਹੈ, ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ਨੰਬਰ 266) ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ ਕਿ ਹੇ ਮਨ ਪ੍ਰਭੂ ਦਾ ਨਾਮ ਜਪ ਤੇ ਪਵਿਤ੍ਰ ਆਚਰਣ ਬਣਾ ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ। ਉਂਝ ਤਾਂ ਧਰਮ ਅਣਗਿਣਤ ਹੀ ਬਣ ਰਹੇ ਹਨ, ਪਰ ਜਿਆਦਾ ਤਰ ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ਦੀ ਗੱਲ ਹੀ ਚੱਲਦੀ ਹੈ, ਕਹੇ ਜਾਂਦੇ ਇਹਨਾ ਸਾਰੇ ਧਰਮਾਂ ਵਿੱਚ ਅੰਧਵਿਸ਼ਵਾਸੀ ਅਤੇ ਗੱਪ ਕਹਾਣੀਆਂ ਦੀ ਬਹੁਤਾਂਤ ਹੁੰਦੀ ਹੈ, ਸਾਰੇ ਆਪਣੇ ਆਪ ਨੂੰ ਵਿਗਆਨਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹੋਏ ਵਗਿਆਨ ਦਾ ਵਿਰੋਧ ਵੀ ਕਰਦੇ ਹਨ। ਸਾਰੇ ਧਰਮਾ ਵਾਲੇ ਇਹ ਵੀ ਕਹਿੰਦੇ ਹਨ ਕਿ ਰੱਬ ਇੱਕ ਹੀ ਹੈ, ਇਹ ਵੀ ਕਿਹਾ ਜਾਂਦਾ ਹੈ ਕਿ ਵੱਖਰੇ ਵੱਖਰੇ ਧਰਮਾਂ ਵੱਲੋਂ ਲਏ ਜਾਂਦੇ ਵੱਖੋ ਵੱਖਰੇ ਨਾਮ ਜਿਵੇਂ ਕਿ ਰਾਮ, ਅੱਲ੍ਹਾ, ਵਾਹਿਗੁਰੂ, ਗੌਡ ਆਦਿ ਇੱਕ ਹੀ ਹਨ ਅਤੇ ਇੱਕੋ ਹੀ ਰੱਬ ਦੇ ਨਾਮ ਹਨ, ਸਾਰੇ ਧਰਮਾਂ ਦੇ ਪ੍ਰਚਾਰਕ ਰੱਬ ਨੂੰ ਮੰਨਣ ਦੀ ਅਤੇ ਧਰਮ ਦੇ (ਚੰਗੇ) ਕੰਮ ਕਰਨ ਦੀ ਸਿੱਖਿਆ ਦਿੰਦੇ ਹਨ, ਸਾਰੇ ਹੀ ਇਹ ਪ੍ਰਚਾਰ ਕਰਦੇ ਹਨ ਕਿ ਨਸ਼ੇ ਨਾ ਕਰੋ, ਝੂਠ ਨਾ ਬੋਲੋ, ਕਿਸੇ ਦਾ ਹੱਕ ਨਾ ਮਾਰੋ, ਠੱਗੀ ਚੋਰੀ ਨਾ ਕਰੋ, ਮਾਂ ਪਿਉ ਦੀ ਸੇਵਾ ਕਰੋ ਆਦਿ, ਹਰ ਮਨੁੱਖ ਹੀ ਕਿਸੇ ਨਾ ਕਿਸੇ ਧਰਮ ਨੂੰ ਮੰਨਦਾ ਵੀ ਹੈ, ਕੁੱਝ ਗਿਣਤੀ ਦੇ ਲੋਕ ਹੋਣਗੇ ਜੋ ਕਹਿੰਦੇ ਹਨ ਕਿ ਅਸੀਂ ਕਿਸੇ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ, ਪਰ ਚੰਗੇ ਕੰਮ ਕਰਨ ਦੀ ਉਹ ਵੀ ਹਾਮੀ ਭਰਦੇ ਹਨ, ਫਿਰ ਸਵਾਲ ਪੈਦਾ ਹੁੰਦਾ ਕਿ ਮਾੜੇ ਕੰਮ ਕਰਨ ਵਾਲੇ ਕੌਣ ਹਨ ? ਇਹ ਲੋਕ ਕਿੱਥੋਂ ਆਏ ਹਨ, ਕਿਉਂਕਿ ਮਾੜੇ ਕੰਮ ਕਰਨ ਦੀ ਸਿੱਖਿਆ ਤਾਂ ਕੋਈ ਵੀ ਧਰਮ ਨਹੀਂ ਦੇ ਰਿਹਾ, ਫਿਰ ਇਹ ਵੀ ਮੰਨਣਾ ਪਵੇਗਾ ਕਿ ਮਾੜੇ ਲੋਕ ਵੀ ਸਾਡੇ ਕਹੇ ਜਾਂਦੇ ਧਰਮੀਆਂ ਦੇ ਵਿੱਚੋਂ ਹੀ ਹਨ। ਮੈਨੂੰ ਤਾਂ ਲੱਗਦਾ ਹੈ ਕਿ ਇਹ ਵੱਖੋ ਵੱਖਰੇ ਧਰਮਾਂ ਦੀਆਂ ਕਾਢਾਂ ਸਮੇਂ ਸਮੇਂ ਮਨੁੱਖਾਂ ਵੱਲੋਂ ਹੀ ਕੱਢੀਆਂ ਗਈਆਂ ਹਨ ਅਤੇ ਇਹ ਨਿਕਲੀਆਂ ਵੀ ਇੱਕ ਦੂਜੇ ਦੇ ਵਿਰੋਧ ਦੇ ਵਿੱਚੋਂ ਹੀ ਹਨ, ਜਦੋਂ ਕਿਸੇ ਨੂੰ ਪਹਿਲੇ ਕਿਸੇ ਧਰਮ ਦੀ ਗੱਲ ਚੰਗੀ ਨਾ ਲੱਗੀ ਤਾਂ ਉਸ ਨੇ ਆਪਣਾ ਵੱਖਰਾ ਰਾਹ ਚੁਣ ਲਿਆ, ਹੌਲੀ ਹੌਲੀ ਕੁੱਝ ਲੋਕ ਉਸ ਦੇ ਮਗਰ ਹੋ ਤੁਰੇ, ਉਹਨਾ ਨੇ ਉਸ ਨੂੰ ਆਪਣਾ ਧਰਮ ਗੁਰੂ ਮੰਨ ਲਿਆ, ਜਦੋਂ ਕਿਸੇ ਨੂੰ ਉਸ ਵਿੱਚ ਕੁੱਝ ਘਾਟ ਨਜ਼ਰ ਆਈ ਤਾਂ ਕਿਸੇ ਨੇ ਉਸ ਨੂੰ ਛੱਡ ਕੇ ਆਪਣਾ ਹੋਰ ਵੱਖਰਾ ਮੱਤ ਤੋਰ ਲਿਆ, ਇਸੇ ਤਰ੍ਹਾਂ ਧਰਮਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ। ਜਿਵੇਂ ਕਿ ਸਿੱਖ ਧਰਮ ਦੀ ਹੀ ਉਦਾਰਣ ਲੈ ਲਈਏ, ਤਾਂ ਨਿਰੰਕਾਰੀਏ, ਨਾਮਧਾਰੀਏ, ਬਿਆਸ ਵਾਲੇ ਆਦਿ ਸਾਰੇ ਸਿੱਖਾਂ ਵਿੱਚੋਂ ਹੀ ਵੱਖ ਹੋਏ ਹਨ, ਅੱਗੇ ਬਿਆਸ ਵਾਲਿਆਂ ਵਿੱਚੋਂ ਸਿਰਸੇ ਵਾਲਾ ਵੱਖ ਹੋ ਗਿਆ, ਸਿਰਸੇ ਡੇਰੇ ਵਿੱਚੋਂ ਵੀ ਇੱਕ ਹੋਰ ਬ੍ਰਾਂਚ ਬਣ ਗਈ ਹੈ, ਸਾਰਿਆਂ ਨੇ ਆਪਣੀ ਵੱਖੋ ਵੱਖਰੀ ਮਰਯਾਦਾ ਸ਼ੁਰੂ ਕਰ ਲਈ ਹੈ, ਚਲੋ ਇਹਨਾ ਨੂੰ ਤਾਂ ਅੱਜ ਸਿੱਖਾਂ ਦੇ ਵਿਰੋਧੀ ਮੰਨਿਆਂ ਜਾਂਦਾ ਹੈ, ਇਹਨਾ ਤੋਂ ਇਲਾਵਾ ਸਿੱਖ ਕਹਾਉਣ ਵਾਲਿਆਂ ਦੀਆਂ ਕਿੰਨੀਆਂ ਸੰਸਥਾਵਾਂ ਬਣ ਚੁੱਕੀਆਂ ਹਨ, ਸਾਰਿਆਂ ਦੀਆਂ ਆਪੋ ਆਪਣੀਆਂ ਰਹਿਤ ਮਰਿਯਾਦਾ ਹਨ, ਸਾਰੇ ਆਪਣੇ ਆਪ ਨੂੰ ਸਹੀ ਸਿੱਖ, ਪੰਥਕ ਅਤੇ ਦੂਜੇ ਨੂੰ ਪੰਥ ਦਾ ਵਿਰੋਧੀ ਸਮਝਦੇ ਹਨ, ਬੱਸ ਇਹੀ ਹਾਲ ਹੈ ਸਾਰੇ ਧਰਮਾਂ ਦਾ। ਅਸਲ ਵਿੱਚ ਕਹੇ ਜਾਂਦੇ ਧਰਮਾਂ ਨੇ ਜਿੱਥੇ ਇੱਕ ਰੱਬ ਪੈਦਾ ਕੀਤਾ ਹੈ ਉੱਥੇ ਇੱਕ ਰੱਬ ਦੇ ਪ੍ਰਚਾਰ ਦੇ ਨਾਮ ਹੇਠ ਰੱਬ ਨੂੰ ਵੰਡਣ ਵਾਲੇ ਵੀ ਇਹ ਧਰਮ ਹੀ ਹਨ। ਕਹਿਣ ਨੂੰ ਬੇਸ਼ੱਕ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰਦੇ ਹਨ ਅਤੇ ਸਾਰੇ ਹੀ ਲੋਕ ਭਲਾਈ ਦੇ ਕੰਮ ਕਰਨ ਦੀ ਸੇਧ ਦਿੰਦੇ ਹਨ ਪਰ ਇਹਨਾ ਸਾਰਿਆਂ ਦੇ ਆਪੋ ਆਪਣੀ ਮੱਤ ਅਨੁਸਾਰ ਆਪਣੇ ਰੱਬ ਵੱਡੇ ਅਤੇ ਵੱਖਰੇ ਹਨ, ਇਹਨਾ ਦੇ ਆਪੋ ਆਪਣੇ ਰੱਬਾਂ ਨੂੰ ਖੁਸ਼ ਕਰਨ ਦੇ ਧਾਰਮਿਕ ਨਿਯਮ ਵੀ ਵੱਖੋ ਵੱਖ ਹਨ, ਜੇ ਰੱਬ ਇੱਕ ਹੈ ਤਾਂ ਉਸ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਂਦੀ ਸੀ, ਕਿਸੇ ਧਰਮ ਦੇ ਰੱਬ ਨੂੰ ਕੇਸ (ਵਾਲ਼) ਕੱਟਣ ਤੇ ਕੋਈ ਇਤਰਾਜ ਨਹੀਂ ਹੈ, ਕਿਸੇ ਧਰਮ ਵਿੱਚ ਕੇਸ ਕੱਟਣਾ ਜੁਰਮ ਹੈ, ਅਸਲ ਵਿੱਚ ਇਹ ਸਾਰੇ ਬਾਹਰੋਂ ਬਾਹਰੋਂ ਦੂਜੇ ਧਰਮਾਂ ਦਾ ਸਤਿਕਾਰ ਕਰਨ ਦੀਆਂ ਗੱਲਾਂ ਤਾਂ ਜਰੂਰ ਕਰਦੇ ਹਨ ਪਰ ਅੰਦਰੋਂ ਇੱਕ ਦੂਜੇ ਨੂੰ ਨਫਰਤ ਹੀ ਕਰਦੇ ਹਨ, ਨਫਰਤ ਵੀ ਇੰਨੀ ਹੈ ਕਿ ਇੱਕ ਦੂਜੇ ਨੂੰ ਖਤਮ ਕਰਕੇ ਸਿਰਫ ਆਪਣੇ ਧਰਮ ਨੂੰ ਹੀ ਵੇਖਣਾ ਪਸੰਦ ਕਰਦੇ ਹਨ, ਹਿੰਦੂ ਸੱਭ ਨੂੰ ਹਿੰਦੂ ਬਣਾਉਣਾ ਚਾਹੁੰਦੇ ਹਨ, ਮੁਸਲਿਮ ਸੱਭ ਨੂੰ ਮੁਸਲਿਮ, ਸਿੱਖ ਸੱਭ ਨੂੰ ਸਿੱਖ ਅਤੇ ਇਸਾਈ ਸੱਭ ਨੂੰ ਇਸਾਈ ਬਣਾਉਣਾ ਚਾਹੁੰਦੇ ਹਨ। ਪਰ ਇੰਨਾ ਵਿਰੋਧ ਹੋਣ ਦੇ ਵਾਬਜੂਦ ਇਹਨਾ ਸਾਰਿਆਂ ਦੀ ਇੱਕ ਗੱਲ ਸਾਂਝੀ ਵੀ ਹੈ, ਕਿ ਇਹ ਧਰਮ ਨੂੰ ਨਾ ਮੰਨਣ ਵਾਲਿਆਂ ਨੂੰ ਸੱਭ ਤੋਂ ਵੱਧ ਮਾੜਾ ਮੰਨਦੇ ਹਨ, ਇਸੇ ਲਈ ਇਹ ਇੱਕ ਗੱਲ ਜਰੂਰ ਕਹਿੰਦੇ ਹਨ ਕਿ ਮਨੁੱਖ ਨੂੰ ਧਰਮੀ ਬਣਨਾ ਚਾਹੀਦਾ ਹੈ, ਚਾਹੇ ਤੁਸੀਂ ਕਿਸੇ ਵੀ ਧਰਮ ਨੂੰ ਮੰਨੋ ਪਰ ਮੰਨੋ ਜਰੂਰ, ਇਹ ਨਹੀਂ ਚਾਹੁੰਦੇ ਕਿ ਕੋਈ ਵੀ ਬੰਦਾ ਇਹਨਾ ਦੇ ਰੱਬ ਵਾਲੇ ਠੱਪੇ ਤੋਂ ਵਗੈਰ ਦਿਸੇ। ਇਹ ਵੀ ਕਿਹਾ ਜਾਂਦਾ ਹੈ ਕਿ ਹਿੰਦੂ ਸੱਚਾ ਹਿੰਦੂ ਬਣੇ, ਮੁਸਲਿਮ ਸੱਚਾ ਮੁਸਲਿਮ ਬਣੇ, ਸਿੱਖ ਸੱਚਾ ਸਿੱਖ ਬਣੇ ਜਾਂ ਇਸਾਈ ਸੱਚਾ ਇਸਾਈ ਬਣੇ, ਭਾਵ ਕਿ ਤੁਸੀਂ ਜਿਸ ਵੀ ਧਰਮ ਨੂੰ ਮੰਨਦੇ ਹੋਂ ਉਸ ਨੂੰ ਸੱਚੇ ਮਨੋ ਮੰਨੋ, ਉਸ ਵਿੱਚ ਸ਼ਰਧਾ ਰੱਖੋ, ਉਸ ਦੀਆਂ ਧਾਰਨਾਵਾਂ ਤੇ ਕਿੰਤੂ ਨਾ ਕਰੋ, ਜੋ ਵੀ ਹੈ ਉਸ ਨੂੰ ਸੌ ਪ੍ਰਤੀਸ਼ਤ ਸਹੀ ਮੰਨੋ। ਜਦੋਂ ਰੱਬ ਇੱਕ ਹੈ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰ ਰਹੇ ਹਨ, ਫਿਰ ਜਦੋਂ ਕੋਈ ਇੱਕ ਧਰਮ ਨੂੰ ਛੱਡ ਕੇ ਦੂਜੇ ਧਰਮ ਵਿੱਚ ਚਲਿਆ ਜਾਂਦਾ ਹੈ ਤਾਂ ਇਹਨਾ ਧਰਮੀਆਂ ਨੂੰ ਤਕਲੀਫ ਕਿਉਂ ਹੁੰਦੀ ਹੈ ? ਫਿਰ ਇਹ ਕਿਉਂ ਨਹੀਂ ਕਹਿੰਦੇ ਕਿ ਕੋਈ ਗੱਲ ਨਹੀਂ ਹੈ ਰੱਬ ਤਾਂ ਇੱਕ ਹੀ ਹੈ ਸਾਰੇ ਧਰਮ ਇੱਕ ਰੱਬ ਦੀ ਹੀ ਸਿੱਖਿਆ ਦਿੰਦੇ ਹਨ, ਜੇ ਕੋਈ ਦੂਜੇ ਪਾਸੇ ਚਲਾ ਗਿਆ ਤਾਂ ਕੀ ਹੋ ਗਿਆ, ਉਹ ਵੀ ਆਪਣਾ ਹੀ ਭਰਾ ਹੈ, ਜਿਵੇਂ ਕਿ ਜੇ ਕੋਈ ਅੰਗਰੇਜ ਜਾਂ ਹਿੰਦੂ ਪਰਿਵਾਰ ਦਾ ਬੰਦਾ ਸਿੱਖ ਬਣ ਜਾਂਦਾ ਹੈ ਫਿਰ ਤਾਂ ਅਸੀਂ (ਸਿੱਖ) ਉਸ ਦੀ ਪ੍ਰਸੰਸਾਂ ਵਿੱਚ ਫੋਟੋਆਂ ਸ਼ੇਅਰ ਕਰਦੇ ਹਾਂ, ਪਰ ਜਦੋਂ ਕੋਈ ਸਿੱਖ ਧਰਮ ਨੂੰ ਛੱਡ ਕਿ ਇਸਾਈ ਬਣਦਾ ਹੈ ਫਿਰ ਹਾਹਾਕਾਰ ਮੱਚ ਜਾਂਦੀ ਹੈ, ਫਿਰ ਉਸ ਨੂੰ ਗਦਾਰ ਜਾਂ ਵਿਕੇ ਹੋਣ ਦਾ ਸਰਟੀਫਿਕੇਟ ਇੱਕ ਮਿੰਟ ਵਿੱਚ ਦੇ ਦਿੰਦੇ ਹਾਂ, ਭਾਰਤ ਵਿੱਚ ਹਿੰਦੂ ਧਰਮ ਦੇ ਲੋਕਾਂ ਵੱਲੋਂ ਮੁਸਲਿਮ ਧਰਮ ਦੇ ਲੋਕਾਂ ਨਾਲ ਹੱਦੋਂ ਵੱਧ ਨਫਰਤ ਕੀਤੀ ਜਾਂਦੀ ਹੈ, (ਇਸੇ ਤਰਾਂ ਪਾਕਿਸਤਨ ਵਿੱਚ ਦੂਜੇ ਧਰਮਾਂ ਦੇ ਲੋਕਾਂ ਨਾਲ ਕੀਤੀ ਜਾਂਦੀ ਹੋਣੀ ਜਾਂ ਕੀਤੀ ਜਾਂਦੀ ਹੈ) ਜੋ ਸ਼ੋਸਲ ਮੀਡੀਆ ਤੇ ਆਮ ਹੀ ਵੇਖਣ ਨੂੰ ਮਿਲ ਜਾਂਦੀ ਹੈ, ਕਿਵੇਂ ਮੁਸਲਿਮ ਕੁੜੀਆਂ ਉੱਤੇ ਰੰਗ ਪਾਏ ਜਾਂਦੇ ਹਨ, ਮੁਸਲਿਮ ਵਿਅਕਤੀਆਂ ਦੀ ਕੁੱਟ ਮਾਰ ਕਰਕੇ ਉਹਨਾ ਤੋਂ ਜੈ ਸ਼੍ਰੀ ਰਾਮ ਦੇ ਨਾਹਰੇ ਲਗਵਾਏ ਜਾਂਦੇ ਹਨ, ਜਦੋਂ ਰੱਬ ਇੱਕ ਹੈ ਫਿਰ ਹਿੰਦੂ ਲੋਕ ਮੁਸਲਮਾਨਾ ਨੂੰ ਇੱਕ ਰੱਬ ਦੇ ਬੱਚੇ ਮੰਨ ਕੇ ਪਿਆਰ ਕਿਉਂ ਨਹੀਂ ਕਰਦੇ ? ਇਸਾਈ ਪ੍ਰਚਾਰਕ ਜੋ ਲੋਕਾਂ ਨੂੰ ਧਰਮ ਦੇ ਨਾਮ ਤੇ ਗੁਮਰਾਹ ਕਰਕੇ ਉਹਨਾ ਨੂੰ ਇਸਾਈ ਬਣਾਉਣ ਲੱਗੇ ਹੋਏ ਹਨ, ਅਜਿਹੇ ਧਰਮ ਬਦਲਣ ਵਾਲੇ ਲੋਕਾਂ ਦੀ ਉਹ ਆਰਥਿਕ ਤੌਰ ਤੇ ਸਹਾਇਤਾ ਵੀ ਕਰਦੇ ਹਨ, ਜੇ ਰੱਬ ਅਤੇ ਧਰਮ ਇੱਕ ਹੀ ਹੈ ਫਿਰ ਕਿਸੇ ਦੀ ਸਹਾਇਤਾ ਕਰਨ ਲਈ ਉਸ ਦਾ ਧਰਮ ਬਦਲਾਉਣ ਦੀ ਕੀ ਲੋੜ ਹੈ, ਕਿਸੇ ਵੀ ਲੋੜਬੰਦ ਦੀ ਮੱਦਦ ਉਸ ਦੇ ਹਿੰਦੂ, ਮੁਸਲਿਮ ਜਾਂ ਸਿੱਖ ਹੁੰਦੇ ਹੋਏ ਵੀ ਕੀਤੀ ਜਾ ਸਕਦੀ ਹੈ, ਕਿਉਂਕਿ ਸਾਰੇ ਮਨੁੱਖ ਇੱਕੋ ਰੱਬ ਦੀ ਸੰਤਾਨ ਤਾਂ ਹਨ, ਜਦੋਂ ਅਸੀਂ ਸਾਰੇ ਇੱਕ ਰੱਬ ਦੀ ਸੰਤਾਨ ਹਾਂ ਅਤੇ ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ ? ਅਸਲ ਵਿੱਚ ਕਹਿਣ ਨੂੰ ਤਾਂ ਭਾਵੇਂ ਕੋਈ ਕੁੱਝ ਵੀ ਕਹੀਂ ਜਾਵੇ ਪਰ ਸਾਰੇ ਆਪੋ ਆਪਣੇ ਧਰਮ (ਫਿਰਕੇ) ਦੇ ਲੋਕਾਂ ਨੂੰ ਚੰਗੇ ਅਤੇ ਵਿਸ਼ੇਸ਼ ਸਮਝਦੇ ਹਨ, ਸਾਰੇ ਹੀ ਕਿਸੇ ਦਾ ਆਪਣੇ ਧਰਮ ਵਿੱਚ ਆਉਣ ਤੇ ਸਵਾਗਤ ਅਤੇ ਛੱਡ ਕੇ ਜਾਣ ਤੇ ਵਿਰੋਧ ਕਰਦੇ ਹਨ, ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਕਹੇ ਜਾਂਦੇ ਧਰਮੀਆਂ ਦਾ ਰੱਬ ਅਤੇ ਧਰਮ ਇੱਕ ਦੂਜੇ ਦਾ ਵਿਰੋਧੀ ਹੈ। ਇਹ ਕਹੇ ਜਾਂਦੇ ਸਾਰੇ ਧਰਮ (ਫਿਰਕੇ) ਸਿਆਸੀ ਪਾਰਟੀਆਂ ਵਾਂਗ ਹੀ ਹਨ, ਜਿਵੇਂ ਕਿਸੇ ਪਾਰਟੀ ਨੂੰ ਛੱਡ ਕੇ ਜਾਣ ਵਾਲਾ ਛੱਡੀ ਹੋਈ ਪਾਰਟੀ ਲਈ ਗਦਾਰ ਅਤੇ ਜਿਸ ਪਾਰਟੀ ਵਿੱਚ ਜਾਂਦਾ ਹੈ ਉਸ ਲਈ ਉਹ ਹੀਰਾ ਹੁੰਦਾ ਹੈ, ਨਵਾਂ ਧਰਮ ਨਵੀਂ ਪਾਰਟੀ (ਆਮ ਆਦਮੀ ਪਾਰਟੀ) ਵਾਂਗ ਹੁੰਦਾ ਹੈ, ਲੋਕ ਨਵੇਂ ਦੇ ਚਾਅ ਵਿੱਚ ਖਿਚੇ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਰਗਾ ਹੀ ਹੁੰਦਾ ਹੈ, ਇਸੇ ਤਰਾਂ ਨਵੇਂ ਧਰਮਾਂ (ਡੇਰਿਆਂ) ਵੱਲ ਲੋਕ ਖਿਚੇ ਤਾਂ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਿੱਚੋਂ ਆਇਆ ਹੋਣ ਕਾਰਨ ਉਹਨਾ ਵਰਗਾ ਹੀ ਹੁੰਦਾ ਹੈ, ਲੋਕਾਂ ਦੇ ਪੱਲੇ ਫਿਰ ਨਿਰਾਸ਼ਾ ਹੀ ਪੈਂਦੀ ਹੈ, ਪਰ ਸਾਡੇ ਅੰਧਵਿਸ਼ਵਾਸੀ ਹੋਣ ਦਾ ਫਾਇਦਾ ਉਠਾ ਕੇ ਉਹ ਸਥਾਪਤ ਹੋ ਜਾਂਦੇ ਹਨ। ਸਿੱਖ ਮੱਤ ਦੇ ਡੇਰਿਆਂ ਵਿੱਚੋਂ ਸਿੱਖਿਆ ਲੈ ਕੇ ਧਰਮੀ ਸਿੱਖ ਬਣੇ ਅਤੇ ਸਿੱਖ ਮੱਤ ਦੇ ਡੇਰਿਆਂ ਦੇ ਹੀ ਵਿਰੋਧ ਦਾ ਸ਼ਿਕਾਰ ਹੋਏ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਬਦਲੇ ਵਿਚਾਰਾਂ ਤੋਂ ਲੱਗਦਾ ਸੀ ਕਿ ਭਾਈ ਸਾਹਿਬ ਲੋਕਾਂ ਨੂੰ ਧਾਰਮਿਕ ਪਖੰਡਾਂ ਵਿੱਚੋਂ ਬਾਹਰ ਕੱਢਣ ਲਈ ਕੁੱਝ ਨਵਾਂ ਕਰਨਗੇ ਪਰ ਉਹ ਵੀ ਹੁਣ ਇਸਾਈ ਪ੍ਰਚਾਰਕਾਂ ਵੱਲੋਂ ਕਰਵਾਏ ਜਾ ਰਹੇ ਧਰਮ ਪਰਿਵਰਤਨ ਨੂੰ ਰੋਕ ਕੇ ਲੋਕਾਂ ਨੂੰ ਮੁੜ ਸਿੱਖ ਧਰਮ ਨਾਲ ਜੋੜਨ ਲਈ ਪ੍ਰਚਾਰ ਕਰਨਗੇ, ਭਾਵ ਕਿ ਲੋਕਾਂ ਨੂੰ ਸਿੱਖ ਧਰਮ ਵਾਲੇ ਰੱਬ ਨਾਲ ਜੋੜ ਕੇ ਧਰਮੀ ਬਣੇ ਰਹਿਣ ਲਈ ਪ੍ਰੇਰਣਾ ਦੇਣਗੇ, ਇਸ ਲਈ ਇੱਥੋਂ ਵੀ ਓਹੀ ਆਮ ਆਦਮੀ ਪਾਰਟੀ ਦੇ ਬਦਲਾਅ ਵਾਲੀ ਗੱਲ ਹੀ ਨਿਕਲੀ, ਕਿੰਨਾ ਚੰਗਾ ਹੁੰਦਾ ਜੇ ਭਾਈ ਸਾਹਿਬ ਮਨੁੱਖ ਦੇ ਮੋਢਿਆਂ ਤੋਂ ਧਰਮ ਦਾ ਭਾਰ ਬਦਲਣ ਦੀ ਥਾਂ ਮੋਢਿਆਂ ਨੂੰ ਧਰਮਾਂ ਦੇ ਭਾਰ ਤੋਂ ਮੁਕਤ ਕਰ ਕੇ ਮਨੁੱਖ ਨੂੰ ਠੱਪਿਆਂ ਵਾਲੇ ਧਰਮ ਤੋਂ ਮੁਕਤ ਕਰਕੇ ਸਿਰਫ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੇ, ਪਰ ਕੁੱਝ ਨਹੀਂ ਹੋਇਆ। ਮੈਨੂੰ ਤਾਂ ਇਹੀ ਲੱਗਦਾ ਹੈ ਕਿ ਬੰਦੇ ਨੂੰ ਕੁੱਝ ਵੀ ਬਣਨ ਦੀ ਲੋੜ ਨਹੀਂ ਹੈ, ਬੰਦੇ ਨੂੰ ਸਿਰਫ ਬੰਦਾ ਬਣ ਕੇ ਹੀ ਰਹਿਣਾ ਚਾਹੀਦਾ ਹੈ, ਜੇ ਅਸੀਂ ਸਾਰੇ ਧਰਮਾਂ ਨੂੰ ਤਿਆਗ ਕੇ ਸਿਰਫ ਬੰਦੇ (ਮਨੁੱਖ) ਬਣ ਜਾਈਏ ਤਾਂ ਸਾਡੇ ਵਿੱਚੋਂ ਧਾਰਮਿਕ ਵਖਰੇਵਿਆਂ ਵਾਲੀ ਨਫਰਤ ਖਤਮ ਹੋ ਸਕਦੀ ਹੈ। ਅਸੀਂ ਸਾਰੇ ਮਨੁੱਖ ਹੋ ਕੇ ਮਨੁੱਖਤਾ ਨੂੰ ਪਿਆਰ ਕਰੀਏ, ਅਸੀਂ ਸਾਰੇ ਬੰਦੇ ਇੱਕੋ ਜਿਹੇ ਹੀ ਹਾਂ, ਸਾਡੇ ਸਾਰਿਆਂ ਦੀਆਂ ਸਰੀਰਕ ਲੋੜਾਂ ਵੀ ਇੱਕ ਹੀ ਹਨ, ਸਾਰਿਆਂ ਦੇ ਦੁੱਖ ਸੁੱਖ ਵੀ ਇੱਕੋ ਜਿਹੇ ਹਨ, ਫਿਰ ਸਾਨੂੰ ਵੱਖੋ ਵੱਖਰੇ ਧਰਮ ਦੇ ਠੱਪਿਆਂ ਦੀ ਕੀ ਲੋੜ ਹੈ। ਪਰ ਪਤਾ ਨਹੀਂ ਅਸੀਂ ਬੰਦੇ (ਮਨੁੱਖ) ਹੋਣ ਤੇ ਸੰਤੁਸਟ ਕਿਉਂ ਨਹੀਂ ਹਾਂ, ਅਸੀਂ ਬੰਦੇ ਤੋਂ ਵੱਖਰਾ ਹੋਰ ਕੁੱਝ ਕਿਉਂ ਬਣਨਾ ਚਾਹੁੰਦੇ ਹਾਂ ਜਿਵੇਂ ਕਿ ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਆਦਿ, ਅਸਲ ਵਿੱਚ ਕਿਸੇ ਵੀ ਧਰਮ ਦਾ ਆਸਰਾ ਲੈਣਾ ਜਿੱਥੇ ਆਮ ਮਨੁੱਖ ਦੀ ਮਾਨਸਿਕ ਕਮਜੋਰੀ ਹੈ, ਉੱਥੇ ਧਾਰਮਿਕ ਆਗੂਆਂ ਦਾ ਧਰਮ ਅਪਣਾ ਧੰਦਾ ਹੈ, ਧਰਮ ਦੇ ਪਰਦੇ ਹੇਠ ਬਹੁਤ ਗੁਨਾਹ ਛੁੱਪ ਜਾਂਦੇ ਹਨ, ਧਰਮ ਦੇ ਨਾਮ ਤੇ ਕੀਤੇ ਕਤਲ ਵੀ ਧਾਰਮਿਕ ਕਾਰਜ (ਸੇਵਾ) ਹੋ ਜਾਂਦੇ ਹਨ। ਕੀ ਕਿਸੇ ਬੰਦੇ ਦੇ ਹਿੰਦੂ ਮੁਸਲਿਮ ਸਿੱਖ ਜਾਂ ਇਸਾਈ ਬਣਨ ਨਾਲ ਉਸ ਦੀ ਕੋਈ ਬਿਮਾਰੀ ਠੀਕ ਹੋ ਜਾਂਦੀ ਹੈ ? ਜਾਂ ਉਹ ਕੁੱਝ ਖਾਣ ਪੀਣ ਤੋਂ ਵਗੈਰ ਜਿਉਂਦਾ ਰਹਿ ਸਕਦਾ ਹੈ ? ਜਾਂ ਕੋਈ ਐਸੀ ਦਵਾਈ ਹੋਵੇ ਜੋ ਵੱਖ ਵੱਖ ਧਰਮ ਵਾਲਿਆਂ ਤੇ ਵੱਖਰਾ ਵੱਖਰਾ ਅਸਰ ਕਰਦੀ ਹੋਵੇ, ਜਾਂ ਕਿਸੇ ਧਰਮ ਵਾਲੇ ਨੂੰ ਪਾਣੀ ਡੋਬਦਾ ਨਾ ਹੋਵੇ ਜਾਂ ਕਿਸੇ ਨੂੰ ਅੱਗ ਸਾੜਦੀ ਨਾ ਹੋਵੇ, ਜਾਂ ਕੋਈ ਆਕਸੀਜਨ ਤੋਂ ਵਗੈਰ ਵੀ ਸਾਂਹ ਲੈ ਸਕਦਾ ਹੋਵੇ, ਫਿਰ ਜਦੋਂ ਸਾਡੇ ਸਾਰਿਆਂ ਦੇ ਸਰੀਰਾਂ ਦੀ ਲੋੜ ਇੱਕੋ ਜਿਹੀ ਹੈ ਫਿਰ ਸਾਨੂੰ ਵੱਖੋ ਵੱਖਰੇ ਧਰਮਾਂ ਦੀ ਕੀ ਲੋੜ ਹੈ, ਨਾਲੇ ਸਾਰੇ ਧਰਮ ਇਹ ਵੀ ਕਹਿੰਦੇ ਹਨ ਕਿ ਬੰਦੇ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ, ਕਿਸੇ ਵੀ ਧਰਮੀ ਨੂੰ ਉਹ ਸਾਰੇ ਚੰਗੇ ਕੰਮ ਕਰਨੇ ਜਰੂਰੀ ਹਨ ਜੋ ਹਰ ਇੱਕ ਬੰਦੇ ਲਈ ਜਰੂਰੀ ਹਨ, ਜੇ ਉਹ ਧਰਮੀ ਬਣ ਕੇ ਚੰਗੇ ਕਰਮ ਨਹੀਂ ਕਰਦਾ ਫਿਰ ਉਹ ਧਰਮੀ ਵੀ ਨਹੀਂ ਬਣ ਸਕਦਾ, ਜਾਂ ਕਹਿ ਲਓ ਕਿ ਧਰਮ ਵੀ ਉਸ ਨੂੰ ਪਾਰ ਨਹੀਂ ਲੰਘਾ ਸਕਦਾ, ਜਦੋਂ ਚੰਗੇ ਕਰਮਾਂ (ਕੰਮਾਂ) ਨਾਲ ਹੀ ਧਰਮੀ ਬਣਿਆ ਜਾ ਸਕਦਾ ਹੈ ਜਾਂ ਚੰਗੇ ਕੰਮਾਂ ਨੇ ਹੀ ਪਾਰ ਲੰਘਾਉਣਾ ਹੈ, ਕਿਉਂਕਿ ਮਾੜੇ ਕੰਮ ਕਰਨ ਵਾਲੇ ਨੂੰ ਤਾਂ ਕੋਈ ਵੀ ਧਰਮ ਪਾਰ ਨਹੀਂ ਲੰਘਾ ਸਕਦਾ, ਜਦੋਂ ਚੰਗੇ ਕੰਮਾਂ ਨੇ ਹੀ ਚੰਗਾ ਬਣਾਉਣਾ ਹੈ ਫਿਰ ਕਿਉਂ ਨਾ ਬੰਦਾ ਬਣਕੇ ਹੀ ਚੰਗੇ ਕੰਮ ਕੀਤੇ ਜਾਣ, ਕਿਸੇ ਧਰਮ ਦਾ ਠੱਪਾ ਲਵਾਉਣ ਦੀ ਕੀ ਲੋੜ ਹੈ, ਬੰਦੇ ਹੋਂ ਬੰਦੇ ਬਣ ਕੇ ਰਹੋ।

ਮੋਬਾਇਲ-94170-23911

# ਜੂਨ 1716, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਸਮਰਪਿਤ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477





12 ਮਈ 1710 ਨੂੰ ਚੱਪੜ ਚਿੜੀ ਦੇ ਮੈਦਾਨ ਵਿੱਚ ਸਰਹੰਦ ਦੇ ਸੂਬੇਦਾਰ ਵਜੀਦ ਖਾਨ ਦੀਆਂ ਫੌਜਾਂ ਨਾਲ ਬੰਦਾ ਸਿੰਘ ਬਹਾਦਰ ਦੀ ਜਰਨੈਲੀ ਹੇਠ ਖ਼ਾਲਸੇ ਨੇ ਲਹੂ ਡੋਲ੍ਹਵੀਂ ਲੜਾਈ ਲੜੀ, ਇਸ ਲੜਾਈ ਵਿੱਚ ਸੂਬਾ ਸਰਹੰਦ ਵਜੀਦ ਖਾਨ ਮਾਰਿ-ਆ ਗਿਆ ਅਤੇ ਖ਼ਾਲਸਾ ਪੰਥ ਦੀ ਜਿੱਤ ਹੋਈ। 14 ਮਈ 1710 ਨੂੰ ਹਿੰਦੁਸਤਾਨ ਉੱਤੇ ਸਦੀਆਂ ਤੋਂ ਰਾਜ ਕਰਦੀ ਆ ਰਹੀ ਮੁਗ਼ਲ ਹਕੂਮਤ ਦਾ ਬੰਦਾ ਸਿੰਘ ਬਹਾਦਰ ਨੇ ਤੱਖਤਾ ਉਲਟਾ ਕੇ ਖ਼ਾਲਸਾ ਰਾਜ ਸਥਾਪਿਤ ਕਰ ਲਿਆ ਸੀ, ਹੁਣ ਖ਼ਾਲਸੇ ਕੋਲ ਮੁਗ਼ਲਾਂ ਵਾਂਗ ਸਭ ਕੁਝ ਆਪਣਾ ਸੀ, ਮੁਲਕ, ਤੱਖਤ, ਰਾਜਧਾਨੀ, ਸਿੱਕਾ, ਮੋਹਰ, ਝੰਡਾ, ਬਾਦਸ਼ਾਹ, ਫਰਕ ਸਿਰਫ਼ ਇੰਨਾ ਸੀ ਕਿ ਮੁਗ਼ਲਾਂ ਕੋਲ ਸਭ ਕੁਝ ਮੁਗ਼ਲ ਹਕੂਮਤ ਦੇ ਨਾਂ ਥੱਲੇ ਸੀ ਅਤੇ ਮੁਗ਼ਲ ਬਾਦਸ਼ਾਹ ਦਾ ਰਾਜ, ਸਿੱਕੇ ਅਤੇ ਮੋਹਰਾਂ ਉਨ੍ਹਾਂ ਦੇ ਨਿੱਜੀ ਨਾਉਂ ਉੱਤੇ ਚੱਲਦੇ ਸਨ ਪਰ ਖ਼ਾਲਸੇ ਦਾ ਰਾਜਸੀ ਨੇਤਾ ਬੰਦਾ ਸਿੰਘ ਆਪਣੇ ਨਿੱਜੀ ਨਾਉਂ ਉੱਤੇ ਕੁਝ ਨਹੀਂ ਸੀ ਕਰਦਾ ਉਹ ਰਾਜ ਦੀ ਪ੍ਰਾਪਤੀ ਸੱਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ ਕਹਿੰਦਾ ਹੈ ਅਤੇ ਆਪ ਦੇਗ ਅਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਿਸ਼ ਗੁਰੂ ਨਾਨਕ ਦੀ ਹੈ, ਫਤਹਿ ਗੁਰੂ ਗੋਬਿੰਦ ਸਿੰਘ ਦੀ ਅਤੇ ਪਾਤਿਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ। ਇਹ ਸੰਸਾਰ ਦੇ ਇਤਿਹਾਸ ਵਿੱਚ ਸਿੱਖ ਇਨਕਲਾਬ ਦੀ ਅਦੁੱਤੀ ਮਿਸਾਲ ਹੈ। ਖ਼ਾਲਸੇ ਦੀ ਸ਼ਾਹੀ ਮੋਹਰ ਤੇ ਦੇਗੋ ਤੇਗੋ ਫਤਹਿ ਓ ਨੁਸਰਤਿ ਬੇ-ਦਰੰਗ, ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ = ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ। ਬੰਦਾ ਸਿੰਘ ਬਹਾਦਰ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਖ਼ਾਲਸਾ ਰਾਜ ਦਾ ਜੋ ਮਾਡਲ ਪੇਸ਼ ਕੀਤਾ ਸੀ ਉਹ ਦੁਨੀਆਂ ਦੇ ਪੂਰੇ ਇਤਿਹਾਸ ਵਿੱਚ ਨਾ ਤਾਂ ਪਹਿਲਾਂ ਕਦੇ ਵਾਪਰਿਆ ਤੇ ਨਾ ਹੀ ਬਾਅਦ ਵਿੱਚ ਵਾਪਰਿਆ।

1711 ਦੇ ਸਾਲ ਵਿੱਚ ਬੰਦਾ ਸਿੰਘ ਬਹਾਦਰ ਨੇ ਸਾਰੀਆਂ ਪਹਾੜੀ ਰਿਆਸਤਾਂ ਅਤੇ ਰਾਵੀ ਬਿਆਸ ਦਰਿਆਵਾਂ ਦੇ ਮੈਦਾਨੀ ਇਲਾਕੇ ਵਿੱਚ ਪੂਰੀ ਤਰ੍ਹਾਂ ਖ਼ਾਲਸਾ ਰਾਜ ਸਥਾਪਿਤ ਕਰ ਲਿਆ ਸੀ। 1711 ਦੀ ਤਰ੍ਹਾਂ 1712 ਸਾਲ ਵੀ ਖ਼ਾਲਸੇ ਦਾ ਸਾਲ ਸੀ ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਰਾਵੀ ਤੋਂ ਲੈ ਕੇ ਜਮਨਾ ਤੱਕ ਦੇ ਖੇਤਰ ਉਪਰ ਵੀ ਖ਼ਾਲਸੇ ਦਾ ਹੀ ਰਾਜ ਸੀ, ਦਿਨ ਰਾਤ ਖ਼ਾਲਸੇ ਦੇ ਜੈਕਾਰੇ ਗੂੰਜਦੇ ਸਨ, ਦੂਜੇ ਪਾਸੇ 1712 ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਲਈ ਬੜਾ ਸੰਕਟ ਮਈ ਸਮਾਂ ਸੀ, ਉਸ ਨੂੰ ਲਗਾਤਾਰ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਭੇਜੀਆਂ ਗਈਆਂ ਮੁਹਿੰਮਾਂ ਦੀ ਅਸਫਲਤਾਵਾਂ ਦੀਆਂ ਖ਼ਬਰਾਂ ਮਿਲ ਰਹੀਆਂ ਸਨ।

ਦਿੱਲੀ ਦਾ ਬਾਦਸ਼ਾਹ ਬੰਦਾ ਸਿੰਘ ਬਹਾਦਰ ਦੀ ਯੁੱਧ ਨੀਤੀ ਤੋਂ ਇੰਨਾ ਭੈ ਭੀਤ ਹੋ ਗਿਆ ਤੇ ਇੰਨਾ ਡਰ ਗਿਆ ਕਿ ਕਿਤੇ ਦਾੜੀ ਵਾਲੇ ਹਿੰਦੂਆਂ ਵਿੱਚ ਕੋਈ ਸਿੱਖ ਹੀ ਨਾ ਹੋਵੇ ਜੋ ਬੰਦਾ ਸਿੰਘ ਬਹਾਦਰ ਲਈ ਸੂਹੀਏ ਦਾ ਕੰਮ ਕਰਦਾ ਹੋਵੇ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬਾਦਸ਼ਾਹੀ ਦਫਤਰਾਂ ਵਿੱਚ ਜਿਤਨੇ ਭੀ ਹਿੰਦੂ ਪੇਸ਼ਕਾਰ ਨੌਕਰ ਹਨ ਉਹ ਆਪਣੀਆਂ ਦਾੜੀਆਂ ਮੁੰਨਵਾ ਦੇਣ ਤਾਂ ਕਿ ਹਿੰਦੂ ਸਿੱਖ ਦੇ ਫਰਕ ਦਾ ਪਤਾ ਲੱਗਦਾ ਰਹੇ। ਭਾਵੇਂ ਉਸ ਦੇ ਬਾਦਸ਼ਾਹੀ ਦਫਤਰ ਵਿੱਚ ਕੋਈ ਸਿੱਖ ਹੈ ਹੀ ਨਹੀਂ ਸੀ ਫਿਰ ਵੀ ਹਿੰਦੂ ਦੀਵਾਨਾ ਅਤੇ ਪੇਸ਼ਕਾਰਾਂ ਨੇ ਇਸ ਹੁਕਮ ਦੀ ਤੁਰੰਤ ਪਾਲਣਾਂ ਕਰਦੇ ਹੋਏ ਤੁਰੰਤ ਦਾੜੀਆਂ ਮੁਨਾ ਦਿੱਤੀਆਂ, ਜਿਸ ਤੋਂ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਖਿੱਲਤਾਂ ਬਖਸ਼ੀਆਂ। ਹੋਰ ਬਹਾਦਰਸ਼ਾਹ ਦਿਨ-ਪਰ ਦਿਨ ਬੰਦਾ ਸਿੰਘ ਬਹਾਦਰ ਦੇ ਖੌਫ਼ ਨਾਲ ਬੇਚੈਨ ਰਹਿਣ ਲੱਗ ਪਿਆ ਤੇ ਅੰਤ ਵਿੱਚ ਇੰਨਾ ਬੇਜਾਰ ਹੋ ਗਿਆ ਕਿ ਉਹ ਆਪਣਾ ਦਿਮਾਗੀ ਸੰਤੁਲਣ ਗਵਾ ਬੈਠਾ ਤੇ ਸਿੱਟੇ ਵਜੋਂ ਬਹਾਦਰਸ਼ਾਹ ਪਾਗਲ ਹੋ ਗਿਆ। ਸੈਨਿਕ ਜਰਨੈਲਾਂ ਅਤੇ ਰਾਜ ਦਰਬਾਰੀਆਂ ਦੀਆਂ ਨਿਗਾਹਾਂ ਕਾਂ ਵਾਂਗ ਬਾਦਸ਼ਾਹ ਵੱਲ ਲੱਗੀਆਂ ਹੋਈਆਂ ਸਨ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਪਾਸ ਇੰਨੀ ਤਾਕਤ ਸੀ ਕਿ ਉਹ ਮੁਗ਼ਲਸ਼ਾਹੀ ਦੀ ਡਾਵਾਂਡੋਲ ਹਾਲਤ ਦਾ ਫਾਇਦਾ ਉਠਾਉਣ ਲਈ ਆਪਣੀ ਪੂਰੀ ਤਾਕਤ ਨਾਲ ਪਹਾੜਾਂ ਉੱਤੋਂ ਉੱਤਰ ਕੇ ਮੈਦਾਨੀ ਇਲਾਕਿਆਂ ਵਿੱਚ ਆ ਗਿਆ ਸੀ। ਜਨਵਰੀ ਫਰਵਰੀ ਦੇ ਦੋਵੇਂ ਮਹੀਨੇ ਸਾਰੀ ਮੁਗ਼ਲਸ਼ਾਹੀ ਬਾਦਸ਼ਾਹ ਦੇ ਆਲੇ ਦੁਆਲੇ ਕੇਂਦਰਿਤ ਹੋਈ ਰਹੀ ਤੇ ਅਖੀਰ 27-28 ਫਰਵਰੀ, 1712 ਦੀ ਵਿੱਚਕਾਰਲੀ ਰਾਤ ਨੂੰ ਬਾਦਸ਼ਾਹ ਮਰ ਗਿਆ ਸੀ। ਇਹੀ ਸਮਾਂ ਸੀ ਜਦੋਂ ਬੰਦਾ ਸਿੰਘ ਬਹਾਦਰ ਨੇ ਪਹਾੜਾਂ ਤੋਂ ਤੂਫਾਨ ਵਾਂਗ ਮੈਦਾਨਾਂ ਵਿੱਚ ਆ ਕੇ ਪੰਜਾਬ ਵਿੱਚ ਆਪਣੇ ਅਫ਼ਸਰ ਤਾਇਨਾਤ ਕਰ ਦਿੱਤੇ, ਉਹ ਫਿਰ ਤੋਂ ਲੋਹ ਗੜ੍ਹ ਦੇ ਕਿਲੇ ਵਿੱਚ ਆ ਗਿਆ ਸੀ। ਫਿਰ ਤੋਂ ਕਿਲੇ ਦੀ ਤਾਮੀਰ ਕਰਵਾਈ ਗਈ, ਖ਼ਾਲਸੇ ਦੇ ਸਿੱਕੇ ਤੇ ਮੋਹਰਾਂ ਜਾਰੀ ਰੱਖੀਆਂ, ਕਲਾਨੌਰ, ਬਟਾਲਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਪਹਿਲੋਂ ਹੀ ਬੰਦਾ ਸਿੰਘ ਦੇ ਕਬਜ਼ੇ ਵਿੱਚ ਸੀ। ਜੇ ਇਉਂ ਕਹਿ ਲਿਆ ਜਾਵੇ ਕਿ ਰਾਵੀ-ਬਿਆਸ ਦੇ ਦਬਾਬ ਦਾ ਉਪਰਲਾ ਇਲਾਕਾ ਅਤੇ ਸਾਰੇ ਬਿਸਤ-ਦਬਾਬ ਸਮੇਤ ਪਹਾੜੀ ਰਿਆਸਤਾਂ ਦਾ ਅਤੇ ਸਤਲੁੱਜ ਤੋਂ ਜਮੁਨਾ ਤੱਕ ਦਾ ਵਿਸ਼ਾਲ ਖੇਤਰ ਖ਼ਾਲਸੇ ਦੀ ਸਲਤਨਤ ਸੀ ਤਾਂ ਵੀ ਇਸ ਵਿੱਚ ਕੋਈ ਅਤਿ ਕਥਨੀ ਨਹੀਂ ਹੋ ਸਕਦੀ।

ਬਹਾਦਰਸ਼ਾਹ ਬਾਦਸ਼ਾਹ ਕੀ ਮਰਿਆ ਕਿ ਉਸ ਦੇ ਚਾਰੇ ਪੁੱਤਰਾਂ ਵਿੱਚ ਤੱਖਤ ਪ੍ਰਾਪ-ਤੀ ਲਈ ਜੰਗ ਛਿੜ ਪਈ, ਇਸ ਜੰਗ ਵਿੱਚ ਬਾਦਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਦੀ ਜਿੱਤ ਹੋਈ ਪਰ ਉਹ ਅਤਿ ਦਰਜੇ ਦਾ ਸ਼ਰਾਬੀ ਅਤੇ ਵਿਭਚਾਰੀ ਸੀ। ਜੋ ਜ਼ਿਆਦਾ ਦੇਰ ਰਾਜ ਪ੍ਰਬੰਧ ਨਾ ਚਲਾ ਸਕਿਆ। 31 ਜਨਵਰੀ, 1713 ਨੂੰ ਜਹਾਂਦਾਰ ਦੇ ਭਤੀਜੇ ਫਰੱਖਸੀਅਰ ਨੇ ਜਹਾਂਦਾਰ ਨੂੰ ਕਤਲ ਕਰਵਾ ਦਿੱਤਾ ਤੇ ਫਰੱਖਸੀਅਰ ਆਪ ਦਿੱਲੀ 'ਤੇ ਕਾਬਜ਼ ਹੋ ਗਿਆ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਲਈ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੇ ਬਾਦਸ਼ਾਹ ਦੇ ਨੱਕ ਵਿੱਚ ਦਮ ਕੀਤਾ ਹੋਇਆ ਸੀ। ਖ਼ਾਲਸਾ ਫੌਜਾਂ ਅਤੇ ਸ਼ਾਹੀ ਸੈਨਾ ਵਿੱਚਕਾਰ ਹੋਈਆਂ ਜੰਗਾਂ ਵਿੱਚ ਮੁਗ਼ਲ ਸਾਮਰਾਜ ਦੇ ਚੋਟੀ ਦੇ 30 ਤੋਂ ਵੱਧ ਜਰਨੈਲ ਅਤੇ ਸੂਬਾ ਸਰਹੰਦ ਵਰਗੇ ਵੱਡੇ ਵੱਡੇ ਅਹਿਲਕਾਰ ਮਾਰੇ ਜਾ ਚੁੱਕੇ ਸਨ। ਦੁਨੀਆਂ ਵਿੱਚ ਸਭ ਤੋਂ ਤਾਕਤਵਰ ਮੰਨੇ ਜਾਣ ਵਾਲੇ ਦਿੱਲੀ ਦੇ ਦੋ ਬਾਦਸ਼ਾਹ ਖ਼ਾਲਸਾ ਰਾਜ ਦੀ ਬਲੀ ਚੜ੍ਹ ਚੁੱਕੇ ਸਨ। ਫਰੱਖਸੀਅਰ ਭਾਵੇਂ ਦਿੱਲੀ ਦੇ ਤੱਖਤ 'ਤੇ ਕਾਬਜ਼ ਹੋ ਗਿਆ ਸੀ ਪਰ ਬੰਦਾ ਸਿੰਘ ਬਹਾਦਰ ਦੀ ਏਨੀ ਤਾਕਤ ਵੱਧ ਚੁੱਕੀ ਸੀ ਕਿ ਫਰੱਖਸੀਅਰ ਦਾ ਕੋਈ ਵੀ ਮੁਗ਼ਲ ਜਰਨੈਲ ਪੰਜਾਬ ਵੱਲ ਨੂੰ ਮੂੰਹ ਕਰਨ ਨੂੰ ਤਿਆਰ ਨਹੀਂ ਸੀ, ਲਾਹੌਰ ਦੇ ਸੂਬੇਦਾਰ ਨੂੰ ਤਾਂ ਫ਼ਿਕਰ ਪਿਆ ਹੋਇਆ ਸੀ ਕਿ ਖ਼ਾਲਸਾ ਫੌਜਾਂ ਕਿਤੇ ਲਾਹੌਰ ਅਤੇ ਦਿੱਲੀ ਉੱਤੇ ਹਮਲੇ ਕਰਕੇ ਲਾਹੌਰ 'ਤੇ ਕਾਬਜ਼ ਨਾ ਹੋ ਜਾਣ, ਕਿਉਂਕਿ ਬੰਦਾ ਸਿੰਘ ਬਹਾਦਰ ਨੇ ਦਿੱਲੀ ਦੇ ਬਾਦਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਦੇ ਜ਼ੁਲਮ ਅਤੇ ਅਤਿਆਚਾਰ ਰੋਕਣ ਲਈ ਅਤੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਵਾਲੀ ਲੜੀ ਜਾ ਰਹੀ ਲੜਾਈ ਨੂੰ ਧਾਰਮਿਕ ਲੜਾਈ ਨਹੀਂ ਸੀ ਬਣਨ ਦਿੱਤਾ।

**ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਹੋ ਗਏ ਸਨ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਸਿਪਾਹੀਆਂ ਨੂੰ ਨਮਾਜ਼ ਪੜ੍ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਰਸਮਾਂ ਇਸਲਾਮ ਮੱਤ ਅਨੁਸਾਰ ਮਨਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ ਅਤੇ ਤਨਖਾਹ ਵੀ ਮੁਗ਼ਲ ਬਾਦਸ਼ਾਹ ਨਾਲੋਂ ਜ਼ਿਆਦਾ ਦਿੰਦਾ ਸੀ । ਇਕ ਮੁਸਲਮਾਨ ਅਹਿਲਕਾਰ ਦੀਨਦਾਰ ਖਾਂ ਅੰਮ੍ਰਿਤ ਛੱਕ ਕੇ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਇਕ ਖਬਰ ਨਬੀਸ, ਨਸੀਰ ਖਾਨ ਅੰਮ੍ਰਿਤ ਛੱਕ ਕੇ ਨਸੀਰ ਸਿੰਘ ਬਣ ਗਿਆ ਸੀ । ਬੰਦਾ ਸਿੰਘ ਬਹਾਦਰ ਦੀਆਂ ਚੜ੍ਹਦੀ ਕਲਾਂ ਵਾਲੀਆਂ ਇਹ ਖਬਰਾਂ ਸੁਣ ਕੇ ਖ਼ਾਲਸਾ ਫੌਜ ਸ਼ਾਹੀ ਫੌਜਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਰਹੀ ਹੈ,**

ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਹੋ ਗਏ ਸਨ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਸਿਪਾਹੀਆਂ ਨੂੰ ਨਮਾਜ਼ ਪੜ੍ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਰਸਮਾਂ ਇਸਲਾਮ ਮੱਤ ਅਨੁਸਾਰ ਮਨਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ ਅਤੇ ਤਨਖਾਹ ਵੀ ਮੁਗ਼ਲ ਬਾਦਸ਼ਾਹ ਨਾਲੋਂ ਜ਼ਿਆਦਾ ਦਿੰਦਾ ਸੀ। ਇਕ ਮੁਸਲਮਾਨ ਅਹਿਲਕਾਰ ਦੀਨਦਾਰ ਖਾਂ ਅੰਮ੍ਰਿਤ ਛੱਕ ਕੇ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਇਕ ਖਬਰ ਨਬੀਸ, ਨਸੀਰ ਖਾਨ ਅੰਮ੍ਰਿਤ ਛੱਕ ਕੇ ਨਸੀਰ ਸਿੰਘ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਦੀਆਂ ਚੜ੍ਹਦੀ ਕਲਾਂ ਵਾਲੀਆਂ ਇਹ ਖਬਰਾਂ ਸੁਣ ਕੇ ਖ਼ਾਲਸਾ ਫੌਜ ਸ਼ਾਹੀ ਫੌਜਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਰਹੀ ਹੈ, ਫਰੱਖਸੀਅਰ ਨੇ ਰਾਜ ਸੱਤਾ ਸੰਭਾਲਦਿਆਂ ਹੀ ਲਾਹੌਰ ਦੇ ਸੂਬੇਦਾਰ ਅਬੱਦੁਸ ਸਮੱਦ ਖਾਨ ਸਮੇਤ ਸਾਰੇ ਮੁਗ਼ਲ ਜਰਨੈਲਾਂ ਨੂੰ ਸੱਦ ਕੇ ਬੰਦਾ ਸਿੰਘ ਬਹਾਦਰ ਨੂੰ ਮਾਰਨ ਜਾਂ ਜਿਊਂਦਿਆਂ ਗ੍ਰਿਫਤਾਰ ਕਰਨ ਲਈ ਹੁਕਮ ਸੁਣਾ ਦਿੱਤਾ ਪਰ ਲਾਹੌਰ ਦੇ ਸੂਬੇਦਾਰ ਸਮੇਤ ਸਾਰੇ ਮੁਗ਼ਲ ਜਰਨੈਲਾਂ ਨੇ ਇਕ ਮੱਤ ਹੁੰਦਿਆਂ ਫਰੱਖਸੀਅਰ ਬਾਦਸ਼ਾਹ ਨੂੰ ਕਿਹਾ ਕਿ ਬੰਦਾ ਸਿੰਘ ਦੀ ਅਗਵਾਈ ਵਿੱਚ ਲੜ ਰਹੀਆਂ ਖ਼ਾਲਸਾ ਫੌਜਾਂ ਨੂੰ ਮੈਦਾਨ ਵਿੱਚ ਲੜ ਕੇ ਹਰਾਉਣਾ ਬਹੁਤ ਔਖਾ ਹੈ ਇਸ ਕਰਕੇ ਨੀਤੀ ਇਹ ਵਰਤੀ ਜਾਵੇ ਕਿ ਖ਼ਾਲਸਾ ਫੌਜਾਂ ਵਿੱਚ ਫੁੱਟ ਪਾ ਕੇ ਉਨ੍ਹਾਂ ਨੂੰ ਦੋ ਧੜਿਆਂ ਵਿੱਚ ਵੰਡ ਲਿਆ ਜਾਵੇ,

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google ★★★★★ 4.9/5 CUSTOMER REVIEWS

Lexcel Legal Practice Quality Mark Law Society Accredited



**Rajbir Singh Manak MA (Hons)**

**Surinder Singh Manak LLB (Hons)**

# ਸਲੋਹ ਕਬੱਡੀ ਟੂਰਨਾਮੈਂਟ ਤੇ ਗ੍ਰੇਵਜ਼ੈਂਡ/ਬਾਰਕਿੰਗ ਦੀ ਸ਼ਾਨਦਾਰ ਜਿੱਤ, ਸਲੋਹ ਇਕਨਹਮ ਬਣੀ ਉੱਪ ਜੇਤੂ

## ਗੱਗੀ ਚੁੱਕ ਦੇਸਰਾਜ ਸਰਬੋਤਮ ਜਾਫੀ ਅਤੇ ਸਾਜ਼ੀ ਸਰਬੋਤਮ ਧਾਵੀ ਬਣੇ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਇੰਗਲੈਂਡ ਦਾ ਬਹੁ ਚਰਚਿੱਤ ਅਤੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲਾ ਸ਼ਹਿਰ ਹੈ ਜਿਸ ਦਾ ਨਾਮ ਸਲੋਹ ਹੈ। ਇਹ ਸ਼ਹਿਰ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਦੀ ਸੰਘਣੀ ਵਸੋਂ ਵਾਲਾ ਵੀ ਹੈ ਅਤੇ ਬੀਤੇ ਕੁੱਝ ਵਰ੍ਹਿਆਂ ਤੋਂ ਇਹ ਦੁਨੀਆਂ ਦੇ ਨਕਸ਼ੇ ਤੇ ਗੂੜਾ ਉੱਕਰਿਆ ਗਿਆ ਹੈ। ਕਿਉਂਕਿ ਇਸ ਹਲਕੇ ਦੇ ਲੋਕਾਂ ਨੇ ਪੰਜਾਬੀਆਂ ਅਤੇ ਖਾਸ ਤੌਰ ਤੇ ਸਿੱਖਾਂ ਦਾ ਨਾਮ ਪੂਰੀ ਦੁਨੀਆਂ ਵਿੱਚ ਉਸ ਸਮੇਂ ਚਰਚਾ ਵਿੱਚ ਲਿਆਂਦਾ ਹੈ, ਜਦੋਂ ਇਥੋਂ ਬਰਤਾਨੀਆਂ ਦੀ ਸੰਸਦ ਵਿੱਚ ਪਹਿਲਾ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ ਜਿੱਤ ਕੇ ਸਾਂਸਦ ਬਣਿਆ। ਇਸ ਸ਼ਹਿਰ ਦਾ ਕਬੱਡੀ ਨਾਲ ਗੂੜਾ ਨਾਤਾ ਹੈ, ਸਲੋਹ ਕਲੱਬ ਲਈ ਚੋਟੀ ਚੋਟੀ ਦੇ ਖਿਡਾਰੀ ਖੇਡਦੇ ਰਹੇ ਹਨ, ਇਸ ਵਾਰ ਵੀ ਸਲੋਹ ਇਕਨਹਮ ਦੀ ਸਾਂਝੀ ਟੀਮ ਵਧੀਆ ਪ੍ਰਦਰਸ਼ਨ ਕਰ ਰਹੀ ਹੈ।

ਪ੍ਰਬੰਧ ਵੱਲੋਂ ਸਲੋਹ ਦੀ ਕਮੇਟੀ ਨੇ ਹਮੇਸ਼ਾਂ ਹੀ ਕੁਝ ਨਵਾਂ ਅਤੇ ਵਧੀਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਤਾਂ ਕਿ ਦਰਸ਼ਕ ਕਬੱਡੀ ਦਾ ਭਰਪੂਰ ਅਨੰਦ ਲੈ ਸਕਣ। ਟੂਰਨਾਮੈਂਟ ਦੀ ਗਰਾਉਂਡ ਵਿੱਚ ਪਹੁੰਚੇ ਤਾਂ ਕਾਰ ਪਾਰਕਿੰਗ ਲਈ 5 ਪੌਂਡ ਦੀ ਬੋਹਣੀ ਕਰਵਾਉਣੀ ਪਈ, ਬਥੇਰੇ ਲੱਲੇ ਭੱਬੇ ਮਾਰੇ ਭਾਈ ਸਾਨੂੰ ਮੀਡੀਏ ਵਾਲਿਆਂ ਨੂੰ ਤਾਂ ਲੰਘ ਜਾਣ ਦਿਓ ਪਰ ਕਿੱਥੇ ਕਹਿੰਦੇ ਸ਼ੀਰੇ ਬਾਬੇ ਦਾ ਹੁਕਮ ਹੈ ਕੋਈ ਸੁੱਕਾ ਨਹੀਂ ਜਾਣ ਦੇਣਾ। ਚਲੋ ਖੈਰ ਅੱਗੋਂ ਸਾਰਾ ਕਲੱਬ ਗਰਾਉਂਡ ਵਿੱਚ ਪ੍ਰਬੰਧ ਕਰਨ ਲਈ ਭੱਜਿਆ ਫਿਰ ਰਿਹਾ ਸੀ, ਪ੍ਰਧਾਨ ਪ੍ਰਮਜੀਤ ਸਿੰਘ ਗਿੱਲ, ਸ਼ੀਰਾ ਸੰਮੀਪੁਰ, ਗੋਲਡੀ ਸੰਧੂ, ਕੁਲਵੰਤ ਚੱਠਾ, ਪ੍ਰਮਿੰਦਰ ਗਿੱਲ ਸਭ ਕੰਮਾਂ ਵਿੱਚ ਲੱਗੇ ਹੋਏ ਸੀ। ਪਰ ਚੇਅਰਮੈਨ ਅਮਰਜੀਤ ਸਿੰਘ ਔਜਲਾ ਫੋਰਡ ਟਰੈਕਟਰ ਲੈ ਕੇ ਪਹੁੰਚੇ। ਦਰਸ਼ਨ ਢਿਲੋਂ, ਸਰਬਜੀਤ ਵਿਰਕ, ਹਰਜਿੰਦਰ, ਗੁਰਮੇਲ ਸਹੋਤਾ ਦੇ ਨਾਲ ਇਕਨਹਮ ਵਾਲੇ ਵੀ ਆਪਣੀ ਟੀਮ ਸਮਝ ਕੇ ਕੇਵਲ ਰਣਦੇਵਾ, ਬਲਜੀਤ ਮੱਲੀ, ਤਰਲੋਚਨ ਗਿੱਲ, ਹਰਜੀਤ ਢਿਲੋਂ, ਰਮਨ ਭੈਣੀ, ਬਿੱਲਾ ਗਿੱਲ ਦੀਨੇਵਾਲੀਆ, ਮੰਤਾ, ਤਾਰੀ, ਨਰਿੰਦਰ ਸ਼ੇਰਾ, ਸ਼ਹਿਨਸ਼ਾਹ, ਸੁੱਖੀ, ਹਰਜਿੰਦਰ, ਜਰਨੈਲ ਬੱਲ, ਸਾਬੀ, ਰਣੀਆਂ, ਰਾਜੂ, ਸਭ ਪਹੁੰਚੇ ਹੋਏ ਸੀ।

ਗਰਾਉਂਡ ਦੇ ਇੱਕ ਪਾਸੇ ਖੜ੍ਹੇ ਕੀਤੇ ਪੰਜਾਬ ਦੇ ਖੇਤਾਂ ਦੀ ਯਾਦ ਦਿਵਾਉਂਦੇ ਫੋਰਡ 3600, 5911, ਫਾਰਮਟਰੈਕ, ਸਵਰਾਜ, ਮੈਸੀ ਟਰੈਕਟਰ ਦਰਸ਼ਕਾਂ ਦਾ ਧਿਆਨ ਖਿਚਦੇ ਸੀ। ਬਾਅਦ ਵਿੱਚ ਕੁਮੈਂਟੇਟਰਾਂ ਨੇ ਇਹਨਾਂ ਤੇ ਬੈਠ ਕੇ ਕਬੱਡੀ ਦਾ ਅੱਖੀਂ ਡਿੱਠਾ ਹਾਲ ਬਿਆਨ ਕੀਤਾ। ਗੁਰਦੁਆਰਾ ਸਿੰਘ ਸਭਾ ਸਲੋਹ, ਰਾਮਗੜ੍ਹੀਆ ਸਭਾ ਸਲੋਹ, ਗੁਰੂ ਮਾਨਿਓ ਗ੍ਰੰਥ ਸਲੋਹ, ਹਿੰਦੂ ਮੰਦਰ ਸਲੋਹ ਅਤੇ ਸਥਾਨਿਕ ਵਾਸਿਆਂ ਦੇ ਸਹਿਯੋਗ ਨਾਲ ਸਿੰਘ ਸਭਾ ਸਲੋਹ ਕਬੱਡੀ ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ਦੀ ਗਿਆਨੀ ਜਸਵੰਤ ਸਿੰਘ ਨੇ ਅਰਦਾਸ ਕਰਕੇ ਟੂਰਨਾਮੈਂਟ ਦੀ ਆਰੰਭਤਾ ਲਈ ਜੋਦੜੀ ਕੀਤੀ। ਪਹਿਲੇ ਮੈਚ ਵਿੱਚ ਬੀ ਗਰੁੱਪ ਦੀਆਂ ਟੀਮਾਂ ਮੌੜ ਕਬੱਡੀ ਕਲੱਬ ਨੇ ਮਿਡਲੈਂਡ ਟਾਈਗਰ ਨੂੰ 33.5/33 ਦੇ ਅੰਕਾਂ ਨਾਲ ਹਰਾਇਆ ਅਤੇ ਦੂਜੇ ਮੈਚ ਵਿੱਚ ਬਾਬਾ ਦੀਪ ਸਿੰਘ ਕਲੱਬ ਨੇ ਲੰਡਨ ਟਾਈਗਰ ਟੀਮ ਨੂੰ 38.5/28 ਅੰਕਾਂ ਦੇ ਫਰਕ ਨਾਲ ਹਰਾਇਆ।

## ਸੁਲੱਖਣ ਖਹਿਰਾ ਦਾ ਗੋਲਡ ਮੈਡਲ ਨਾਲ ਸਨਮਾਨ



ਸਿੰਘ ਸਭਾ ਸਲੋਹ ਦੇ ਟੂਰਨਾਮੈਂਟ ਦੀਆਂ ਬੀ ਟੀਮ ਦੀਆਂ ਜੇਤੂ ਟੀਮਾਂ ਅਤੇ ਹੇਠ ਸਰਬੋਤਮ ਖਿਡਾਰੀ ਗੱਗੀ ਚੱਕ ਦੇਸ ਰਾਜ ਅਤੇ ਸ਼ਹਿਯਾਦ ਸ਼ਾਜੀ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੈਸਟਰ ਬਰੈਡਫੋਰਡ ਅਤੇ ਈਰਥ ਵੂਲਿਚ ਸਾਊਥਾਲ ਵਿਚਕਾਰ ਏ ਟੀਮਾਂ ਦਾ ਪਹਿਲਾ ਮੈਚ ਹੀ ਬੜਾ ਗਹਿ ਗੱਡਵਾਂ ਹੋਇਆ। ਕਾਕਾ ਸ਼ਕਰਪੁਰ ਨੇ ਸ਼ੀਰਾ ਰੋਕਿਆ, ਹਰਪਾਲ ਕਾਹਲਵਾਂ ਨੇ ਬਾਗੀ ਗਰਾਉਂਡੋਂ ਬਾਹਰ ਕੱਢਿਆ, ਸੁੱਖੀ ਮੌੜ ਨੇ ਬਾਗੀ ਨੂੰ ਰੋਕ ਕੇ ਵਲੈਤੀ ਜ਼ੋਰ ਦੀ ਪੁਸ਼ਟੀ ਕੀਤੀ। ਮੱਛੋਜੱਟ, ਅਜ਼ੀਮ ਚੱਠਾ, ਆਤੀ, ਗੁਰਬਾਜ਼ ਭਾਵੇਂ ਕੁਲਵੰਤ ਸੰਘਾ, ਕੁਲਬੀਰ ਖੱਖ, ਦਲਬੀਰ ਸੈਂਬੀ ਅਤੇ ਸਾਥੀਆਂ ਨੂੰ ਖੁਸ਼ ਕਰਨ ਦੀ ਪੂਰੀ ਵਾਹ ਲਾ ਰਹੇ ਸੀ, ਪਰ ਕੰਮਾ ਔਜਲਾ, ਲਾਲਾ, ਪਾਲਾ ਬਾਜਵਾ, ਗੁਰਮੀਤ ਰੰਧਾਵਾ ਦੇ ਚੋਬਰਾਂ ਨੇ 38.5/36 ਦੇ ਫਰਕ ਨਾਲ ਜਿੱਤ ਦਰਜ਼ ਕਰਕੇ ਸੁਰਿੰਦਰ ਸਿੰਘ ਮਾਣਕ ਦੇ ਆਉਣ ਤੋਂ ਪਹਿਲਾਂ ਪਹਿਲਾਂ ਪਹਿਲੀ ਫਤਹਿ ਦਰਜ਼ ਕਰ ਦਿੱਤੀ।

ਹੇਜ਼ ਡਰਬੀ ਅਤੇ ਬ੍ਰਮਿੰਘਮ ਕਵੈਂਟਰੀ ਵਿਚਕਾਰ ਖੇਡੇ ਗਏ ਅਗਲੇ ਮੈਚ ਵਿੱਚ ਵੀ ਪੂਰੇ ਸਿੰਗ ਫਸੇ ਰਹੇ। ਹਿੰਦਾ ਖੀਰਾਂਵਾਲੀ ਨੇ ਪਹਿਲਾ ਡੇਢ ਅੰਕ ਲੈ ਕੇ ਸ਼ੁਰੂਆਤ ਕੀਤੀ, ਯੋਧਾ, ਪ੍ਰਦੀਪ, ਢਿਲੋਂ, ਹਰਪ੍ਰੀਤ, ਬਿੱਲੂ, ਸਦੀਕ ਨੂੰ ਹਰਨੇਕ ਨੇਕਾ, ਮਨਜੀਤ, ਸੁੱਖੀ, ਦੂਲੇ, ਸੁਖਦੇਵ, ਗੀਤਾ, ਸਤਨਾਮ ਗਿੱਲ, ਮੁੜ ਮੁੜ ਲਲਕਰੇ ਮਾਰਦੇ, ਪਰ ਅੱਜ ਦਿਨ ਹੇਜ਼ ਡਰਬੀ ਦਾ ਸੀ ਇੰਦਰ ਤਲਵੰਡੀ, ਹਰਮਨ, ਬਿੱਲਾ ਦੀ ਜਾਫ ਤੇ ਸੁਖਵੀਰ ਗੁਰੂ ਸਰੀਆ, ਲੱਡਾ ਬਾਬ, ਅਰਸ਼, ਗੁਰਪ੍ਰੀਤ ਨੇ ਬਲਜਿੰਦਰ ਭਿੰਡਰ, ਹਰਜਿੰਦਰ ਬੋਈ, ਕੁਲਵਿੰਦਰ ਛੋਕਰ, ਪੱਤੋ ਅਤੇ ਸਾਥੀਆਂ ਨੂੰ 36/34.5 ਅੰਕਾਂ ਨਾਲ ਜਿੱਤ ਦਿਵਾਈ।

ਹੁਣ ਤੱਕ ਦੇ ਸਭ ਤੋਂ ਵੱਧ ਕੱਪ ਜਿੱਤਣ ਦਾ ਮਾਣ ਰੱਖਣ ਵਾਲੀ ਟੈਲਫੋਰਡ ਦੀ ਟੀਮ ਨੂੰ ਗ੍ਰੇਵਜ਼ੈਂਡ/ਬਾਰਕਿੰਗ ਨੇ ਵੱਡੇ ਫਰਕ ਨਾਲ ਹਰਾਇਆ। ਅੱਧੇ ਸਮੇਂ ਤੱਕ ਤਾਂ ਦੋਵਾਂ ਟੀਮਾਂ ਵਿੱਚ 23.5/8 ਦਾ ਵੱਡਾ ਫਾਸਲਾ ਸੀ, ਪਰ ਬਾਅਦ ਵਿੱਚ ਵੀ 37.5/29 ਨਾਲ ਗ੍ਰੇਵਜ਼ੈਂਡ/ਬਾਰਕਿੰਗ ਨੇ ਜਿੱਤ ਦਰਜ਼ ਕੀਤੀ। ਬੂਟੇ ਵੱਲੋਂ ਰਮਨ ਮੱਲੀਆਂ ਨੂੰ ਲਾਇਆ ਜੱਫਾ ਕਮਾਲ ਦਾ ਸੀ। ਜਿੱਤ ਤੋਂ ਬਾਅਦ ਭਾਵੇਂ ਰਾਣਾ ਪੱਤਾ, ਬਿੰਦਰ, ਮਨਦੀਪ, ਸੁੱਖਾ ਚੱਕਾਂ ਵਾਲਾ, ਕੁਲਵਿੰਦਰ ਸਹੋਤਾ ਪੂਰੇ ਖੁਸ਼ ਸੀ। ਪਰ ਅੱਜ ਸੱਤੇ ਮੁਠੱਡੇ ਦੀ ਸਵੇਰ ਤੋਂ ਮੁਸਕਾਨ ਵੱਖਰੀ ਹੀ ਰਹੀ। ਸ਼ਾਇਦ ਅੱਜ ਦੇ ਕੱਪ ਤੇ ਨਿਗਾਹਾਂ ਰੱਖ ਕੇ ਹੀ ਘਰੋਂ ਤੁਰਿਆ ਸੀ। ਬਲਵਿੰਦਰ ਸਿੰਘ ਚੱਠਾ, ਸੁੱਖੀ ਬੈਂਸ, ਟੋਨੀ, ਗੁਰਜੀਤ ਸੰਧੂ ਟੀਮ ਦੀ ਕਾਰਗੁਜ਼ਾਰੀ ਨੂੰ ਲੈ ਕੇ ਫਿਕਰਮੰਦ ਵਿਖਾਈ ਦੇ ਰਹੇ ਸੀ।

ਸਲੋਹ ਇਕਨਹਮ ਅਤੇ ਮਿਡਵੇ/ਸਿੱਖ ਟੈਂਪਲਜ਼ ਵੁਲਵਰਹੈਂਪਟਨ ਦੀਆਂ ਟੀਮਾਂ ਵਿਚਕਾਰ ਖੇਡੇ ਗਏ 6ਵੇਂ ਮੈਚ ਵਿੱਚ ਵੀ ਕਮਾਲ ਦੀ ਖੇਡ ਦਰਸ਼ਕਾਂ ਨੇ ਵੇਖੀ। ਸ਼ੀਰਾ ਧੂੜਕੋਟੀਏ ਨੇ ਮੇਸ਼ੀ ਅਤੇ ਕਲੀਮ ਜੱਟ ਨੂੰ ਕਮਾਲ ਦਾ ਜੱਫਾ ਲਾਇਆ, ਸ਼ਾਕਾ ਦਿਆਲਪੁਰੀਆ, ਏਕਮ ਮੀਰਪੁਰੀਆ ਬਾਜ਼ ਵਾਂਗੂੰ ਪੈਂਦਾ, ਗੋਲਾ ਸੰਧਵਾਂ ਜੇ ਕਰੜਾ ਹੱਥ ਵਿਖਾਉਂਦਾ ਤਾਂ ਦੂਜੇ ਪਾਸੇ ਪ੍ਰਤਾਪ ਕੰਡਿਆਣਾ ਅੱਗੋਂ ਦੋ ਹੱਥ ਕਰਦਾ, ਬਿੱਲਾ ਵੀ ਪੂਰਾ ਉੱਡਦਾ ਸੀ। ਭਾਵੇਂ ਛੋਟੇ ਨਾਥ, ਛੋਟੇ ਦੁੱਲੇ, ਮੇਸ਼ੀ, ਜਸ਼ਨ, ਕਲੀਮ ਨੇ ਸਾਬੀ ਸੰਧੂ, ਜੋਗਿੰਦਰ ਦੁਸਾਂਝ, ਸ਼ੀਰਾ ਔਲਖ, ਅੰਮ੍ਰਿਤ ਬਰਮੀ, ਸੋਨਾ ਹੋਠੀਆਂ, ਸੋਨਾ ਡਾਂਸੀਵਾਲ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ਼ੀਰਾ ਸੰਮੀਪੁਰ ਅੱਜ ਗਰਾਉਂਡ ਵਿੱਚ ਕਮਾਲ ਦੀ ਕੋਚਿੰਗ ਦੇ ਰਿਹਾ ਸੀ, ਤਾਰੀ ਤਿਰਸ਼ੀ ਨਜ਼ਰ ਰੱਖਦਾ, ਗੋਲਡੀ, ਅਮਰਜੀਤ ਲੱਡੂ, ਪ੍ਰਮਜੀਤ ਗਿੱਲ, ਕੁਲਵੰਤ ਚੱਠਾ, ਬਿੱਲਾ ਗਿੱਲ ਦੀਨੇਵਾਲੀਆ ਨੋਟਾਂ ਨਾਲ ਖਿਡਾਰੀਆਂ ਨੂੰ ਨਿਵਾਜ਼ਦੇ। ਬਲਜੀਤ ਮੱਲੀ, ਕੇਵਲ ਰਣਦੇਵਾ, ਸੁੱਖਾ, ਤਰਲੋਚਨ ਗਿੱਲ, ਰਣੀਆ, ਸਾਬੀ, ਸ਼ਹਿਨਸ਼ਾਹ, ਮੰਤਾ, ਹਰਜੀਤ, ਬੱਲ ਸਭ ਖੁਸ਼ ਸਨ ਕਿ ਪੰਕਜ ਬੇਰੀ ਵਾਲਾ, ਰੇਸ਼ਮ ਸਲੀਨਾ, ਪ੍ਰਤਾਪ, ਢੀਲਾ ਵਧੀਆ ਪ੍ਰਦਰਸ਼ਨ ਕਰਦਿਆਂ ਨੇ 34/32.5 ਦੇ ਫਰਕ ਨਾਲ ਜਿੱਤ ਦਰਜ਼ ਕਰ ਦਿੱਤੀ।

ਹੁਣ ਤੱਕ ਗਰਾਉਂਡ ਦੇ ਆਸ ਪਾਸ ਪੂਰੀਆਂ ਰੌਣਕਾਂ ਲੱਗ ਚੁੱਕੀਆਂ ਸਨ। ਗਰਾਉਂਡ ਦੇ ਆਸ ਪਾਸ ਛੋਟੇ ਟੈਂਟਾਂ ਵਿੱਚ ਟੀਮਾਂ ਦੇ ਪ੍ਰਬੰਧਕ, ਫੈਡਰੇਸ਼ਨ ਦੇ ਨੁਮਾਇੰਦੇ ਅਤੇ ਹੋਰ ਅਧਿਕਾਰੀਆਂ ਲਈ ਬਕਾਇਦਾ ਪ੍ਰਬੰਧ ਕੀਤਾ ਹੋਇਆ ਸੀ। ਗੋਗੀ ਭੰਡਾਲ ਗਰਮੀ ਨੂੰ ਵੇਖਦਿਆਂ ਸ਼ਕੰਜਵੀਂ ਪਿਲਾ ਗਿਆ। ਲੰਗਰਾਂ ਦੇ ਨਾਲ ਨਾਲ ਪ੍ਰਬੰਧਕਾਂ ਨੇ ਫਲਾਂ ਦੀ ਸੇਵਾ ਵੀ ਕੀਤੀ। ਚਾਹ ਤੇ ਬੇਸਣ ਦਾ ਚੱਲਦੇ ਹੀ ਰਹੇ।

ਪਹਿਲੇ ਸੈਮੀਫਾਈਨਲ ਵਿੱਚ ਗ੍ਰੇਵਜ਼ੈਂਡ/ਬਾਰਕਿੰਗ ਨੇ ਈਰਥ ਵੂਲਿਚ ਸਾਊਥਾਲ ਨੂੰ 43.5/34 ਅੰਕਾਂ ਦੇ ਫਰਕ ਨਾਲ ਹਰਾਇਆ। ਗੱਗੀ ਚੱਕ ਦੇਸਰਾਜ ਨੇ ਬਾਗੀ, ਗਗਨ ਨੂੰ ਦਬੋਚਿਆ, ਦੂਜੇ ਪਾਸੇ ਧਾਕੜ ਨੇ ਸੋਨੀ ਨੂੰ ਹਿੱਕ ਨਾਲ ਲਾਇਆ। ਸੋਹਣ ਦੀ ਗਗਨ ਨੂੰ ਪੱਠੀ ਕੈਂਚੀ ਲੱਗੀ। ਮਾਣਕ ਵੀ ਖਿਡਾਰੀਆਂ ਨੂੰ ਹੌਂਸਲਾ ਦੇ ਰਿਹਾ ਸੀ,

ਬਾਕੀ ਹਿਸਾ ਸਫਾ 42 'ਤੇ ਪੜ੍ਹੋ →

## ਸਲੋਹ ਕਬੱਡੀ ਟੂਰਨਾਮੈਂਟ

41 ਸਫੇ ਦੀ ਬਾਕੀ

ਪਾਲਾ ਬਾਜਵਾ ਤਾਂ ਪਹਿਲਾਂ ਵੀ ਸਾਥੀਆਂ ਦੀ ਲਿਸਟ ਬਣਾ ਚੁੱਕਾ ਸੀ ਕਿ ਜੱਫਿਆਂ ਤੇ ਹੌਂਸਲਾ ਅਫਜ਼ਾਈ ਕਿਵੇਂ ਕਰਨੀ ਹੈ। ਗੁਰਮੀਤ ਸਿੰਘ ਰੰਧਾਵਾ, ਛੀਨਾ, ਲਵਲੀ, ਕੰਮਾ ਔਜਲਾ, ਲਾਲਾ, ਜ਼ੈਲਾ ਬਬੇਰਾ ਜ਼ੋਰ ਮਾਰ ਰਹੇ ਸੀ, ਪਰ ਅੱਜ ਸੱਤਾ ਮੁਠੱਡਾ ਤਾਂ ਕੱਪ ਜਿੱਤਣ ਦੇ ਮੂਡ ਵਿੱਚ ਸੀ ਤੇ ਟੀਮ ਨੂੰ ਫਾਈਨਲ 'ਚ ਵੇਖ ਫੁੱਲਿਆ ਨਹੀਂ ਸੀ ਸਮਾਉਂਦਾ। ਅਜਮੇਰ ਮੇਲਾ ਟੀਮ ਤੋਂ ਪੂਰਾ ਖੁਸ਼ ਸੀ। ਬਿੱਲਾ ਗਿੱਲ ਦੀਨੇਵਾਲੀਆ ਨੇ ਵੀ ਗ੍ਰੇਵਜ਼ੈਂਡੀਆਂ ਦੇ ਖਿਡਾਰੀਆਂ ਲਈ ਬਟੂਆ ਖੋਲੀ ਰੱਖਿਆ।

ਦੂਜੇ ਸੈਮੀਫਾਈਨਲ ਵਿੱਚ ਸਲੋਹ/ਇਕਨਹਮ ਨੇ ਹੇਜ਼ ਡਰਬੀ ਨੂੰ 43/41.5 ਅੰਕਾ ਨਾਲ ਹਰਾਇਆ ਤਾਂ ਜਰੂਰ ਪਰ ਮੈਚ ਦਰਸ਼ਕਾਂ ਨੂੰ ਮੁੜਕੋ ਮੁੜਕੀ ਕਰ ਗਿਆ। ਇਸ ਮੈਚ ਨੇ ਤਾਂ ਜਾਣੀ ਮੇਲਾ ਬਣਾ ਦਿੱਤਾ ਸੀ। ਸਭ ਤੋਂ ਕੌਢੀਆਂ ਇਸ ਮੈਚ ਵਿੱਚ ਪਈਆਂ। ਆਖਰੀ ਸਮੇਂ ਤੱਕ ਖਿਡਾਰੀਆਂ ਨਾਲੋਂ ਵੱਧ ਜ਼ੋਰ ਪ੍ਰਬੰਧਕਾਂ ਦਾ ਲੱਗਿਆ ਰਿਹਾ। ਦੋਵੇਂ ਟੀਮਾਂ ਸੀ ਵੀ ਆਂਢ ਗੁਆਂਡ ਦੀਆਂ। ਪੌਂਡਾਂ ਦਾ ਵੀ ਮੀਂਹ ਵਰਦਾ ਰਿਹਾ। ਬਲਜਿੰਦਰ ਭਿੰਡਰ, ਹਰਜਿੰਦਰ ਬੋਈ, ਹਰਵੰਤ ਮੱਲੀ, ਸੋਨੀ ਬਿਲਗਾ, ਸ਼ੀਪਾ ਚਕਰ ਅੱਜ ਫਾਈਨਲ 'ਚ ਟੀਮ ਨੂੰ ਲਿਜਾਣ ਲਈ ਪੂਰਾ ਤਾਣ ਲਾ ਰਹੇ ਸੀ, ਕੁਲਵਿੰਦਰ ਛੋਕਰ ਬਾਹਰੋ ਲਲਕਰੇ ਮਾਰ ਰਿਹਾ ਸੀ। ਪਰ ਗੋਲਡੀ ਸੰਧੂ, ਸ਼ੀਰਾ ਸੰਮੀਪੁਰ, ਕੁਲਵੰਤ ਚੱਠਾ, ਪ੍ਰਮਜੀਤ ਗਿੱਲ ਦੇ ਨਾਲ ਸੁੱਖਾ, ਬਲਜੀਤ ਮੱਲੀ, ਤਾਰੀ, ਮੰਤਾ, ਬਿੱਲਾ ਗਿੱਲ, ਸੋਨੂੰ ਥਿੰਦ, ਜਸਪਾਲ ਥਿੰਦ, ਬਲਜਿੰਦਰ ਜੈਨਪੁਰੀਆ ਦਿਲ ਖੋਲ ਕੇ ਨੋਟਾਂ ਦੀ ਵਰਖਾ ਕਰ ਰਹੇ ਸੀ। ਗੋਲਾ ਸੰਧਵਾਂ ਨੇ ਗੁਰਪ੍ਰੀਤ ਨੂੰ ਰੋਕਿਆ, ਸ਼ੀਰੇ ਨੇ ਸੁਖਵੀਰ ਨੂੰ, ਲੱਖਾ ਸਰਾਵਾਂ ਨੇ ਰੇਸ਼ਮ ਨੂੰ। ਅਰਸ਼ ਬਰਨਾਲਾ, ਇੰਦੂ, ਬਿੱਲਾ, ਅਮਨ ਤਲਵੰਡੀ, ਇੰਦਰ ਅੜ੍ਹੇ ਤਾਂ ਪੂਰੇ, ਪਰ ਢੀਲੇ, ਰੇਸ਼ਮ, ਪੰਕਜ, ਨਿਰਮਲ ਲੋਪਕੇ, ਫਰਿਆਦ ਅੱਗੇ ਪੇਸ਼ ਨਾ ਗਈ, ਬੱਸ ਇੱਕ ਜੱਫੇ ਦੇ ਫਰਕ ਨਾਲ ਸਲੋਹ/ਇਕਨਹਮ ਜੇਤੂ ਹੋ ਗਈ। ਫੈਡਰੇਸ਼ਨ ਨੇ ਇਸ ਵਾਰ ਹਰ ਕਲੱਬ ਨੂੰ ਦੋ ਖਿਡਾਰੀ ਬਦਲਣ ਦੀ ਇਜਾਜ਼ਤ ਦੇ ਕੇ ਨਵਾਂ ਰਾਹ ਲੱਭਿਆ ਹੈ ਤਾਂ ਕਿ ਕਿਸੇ ਵੀ ਖਿਡਾਰੀ ਦੇ ਸੱਟ ਲੱਗਣ ਜਾਂ ਕਿਸੇ ਹੋਰ ਕਾਰਨ ਕਰਕੇ ਦੋ ਖਿਡਾਰੀਆਂ ਨੂੰ ਬਦਲਿਆ ਜਾ ਸਕਦਾ ਹੈ। ਜਿਸ ਦੇ ਚੱਲਦਿਆਂ ਸਲੋਹ ਟੂਰਨਾਮੈਂਟ ਤੇ ਇਹ ਤਬਦੀਲੀ ਦਾ ਅਮਲ ਵੇਖਿਆ ਗਿਆ। ਇਸ ਮੈਚ ਦਾ ਕਰਨ ਬੁਟਰ ਵੀ ਪੂਰਾ ਸਵਾਦ ਲੈ ਰਿਹਾ ਸੀ। ਸ਼ਰਿਾ ਸੰਮੀਪੁਰ ਦੀ ਤਿਰਸ਼ੀ ਨਜ਼ਰ ਤੇ ਟੀਮ ਖਿਡਾਉਣ ਦੇ ਤਜ਼ਰਬੇ ਨਾਲ ਆਖਿਰ ਸਲੋਹ/ਇਕਨਹਮ ਨੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਬੀ ਟੀਮਾਂ ਦਾ ਫਾਈਨਲ ਮੈਚ ਬਾਬਾ ਦੀਪ ਸਿੰਘ ਕਲੱਬ ਨੇ ਮਿਡਲੈਂਡ ਟਾਈਗਰ ਨੂੰ 28/27.5 ਦੇ ਫਰਕ ਨਾਲ ਹਰਾ ਕੇ ਜਿੱਤਿਆ। ਜਦ ਕਿ ਗ੍ਰੇਵਜ਼ੈਂਡ/ਬਾਰਕਿੰਗ ਦੀ ਟੀਮ ਨੇ ਸਲੋਹ/ਇਕਨਹਮ ਨੂੰ ਹਰਾ ਕੇ ਸਲੋਹ ਦਾ ਲੱਕ ਜਿੱਡਾ ਕੱਪ ਜਿੱਤਿਆ। ਸਾਜੀ ਨੇ ਪਹਿਲੀ ਰੇਡ ਤੇ ਹੀ ਨੰਬਰ ਲਿਆ, ਪਰ ਦੂਜੇ ਪਾਸੇ ਰੇਸ਼ਮ ਸਲੀਨਾ ਸੱਟ ਖਾ ਬੈਠਾ, ਬਿੱਲਾ ਬਨੂੰੜ ਨੇ ਮਾਹਲੇ ਗੋਬਿੰਦਪੁਰੀਏ ਨੂੰ ਜੱਫਾ ਲਾਇਆ, ਫਰਿਆਦ, ਢੀਲਾ ਅਤੇ ਪੂਰੀ ਟੀਮ ਅੜ੍ਹਦੀ ਤਾਂ ਰਹੀ ਪਰ ਅੱਜ ਦਿਨ ਗੱਗੀ ਚੱਕ ਦੇਸ ਰਾਜ ਵਾਲੇ ਦਾ ਸੀ, ਜਿਸ ਨੇ ਜੱਫਿਆਂ ਦਾ ਮੀਂਹ ਲਿਆਂਦਾ ਹੋਇਆ ਸੀ 9 ਕੋਸ਼ਿਸ਼ਾਂ ਵਿੱਚ 6 ਜੱਫੇ ਲਾ ਕੇ ਟੀਮ ਵੀ ਜਿਤਾਈ ਤੇ ਸਰਬੋਤਮ ਖਿਡਾਰੀ ਵੀ ਬਣਿਆ, ਸਾਜ਼ੀ 15 ਕੌਢੀਆਂ ਪਾ ਕੇ ਕਿਸੇ ਦੇ ਹੱਥ ਨਾ ਲੱਗਿਆ ਤੇ ਸਰਬੋਤਮ ਧਾਵੀ ਬਣਿਆ। ਰਾਜਾ ਪੱਧਰੀ, ਹੁਸ਼ਿਆਰਾ, ਬੂਟਾ, ਸੋਹਣ, ਸੋਨੀ ਦੀ ਵਧੀਆ ਖੇਡ ਨੇ ਅੱਜ ਦਰਸ਼ਕਾਂ ਦਾ ਹੀ ਨਹੀਂ ਬਲਕਿ ਕੱਪ ਜਿੱਤ ਕੇ ਗ੍ਰੇਵਜ਼ੈਂਡ ਅਤੇ ਬਾਰਕਿੰਗ ਵਾਲਿਆਂ ਦਾ ਵੀ ਦਿੱਲ ਜਿੱਤਿਆ।

ਟੂਰਨਾਮੈਂਟ ਮੌਕੇ ਪ੍ਰਬੰਧਕਾਂ ਵੱਲੋਂ ਸਾਬਕਾ ਕਬੱਡੀ ਖਿਡਾਰੀ ਸੁਲੱਖਣ ਸਿੰਘ ਖਹਿਰਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਕੁੱਲ ਮਿਲਾ ਕੇ ਮੇਲਾ ਪੂਰਾ ਕਾਮਯਾਬ ਰਿਹਾ। ਆਖਿਰ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ, ਹਿੰਦੂ ਮੰਦਰ ਦੇ ਪ੍ਰਬੰਧਕਾਂ ਸਮੇਤ ਸਹਿਯੋਗੀ ਸੱਜਣਾਂ ਦਾ ਸਨਮਾਨ ਕੀਤਾ।

ਸਲੋਹ ਕਬੱਡੀ ਕਲੱਬ ਦੇ ਪ੍ਰਧਾਨ ਪ੍ਰਮਜੀਤ ਸਿੰਘ ਗਿੱਲ ਅਤੇ ਚੇਅਰਮੈਨ ਅਮਰਜੀਤ ਸਿੰਘ ਔਜਲਾ ਨੇ ਸਲੋਹ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਲਈ ਸਲੋਹ ਦੇ ਸਮੂਹ ਗੁਰਦੁਆਰਾ ਸਾਹਿਬਾਨ, ਹਿੰਦੂ ਮੰਦਰ, ਇੰਗਲੈਂਡ ਕਬੱਡੀ ਫੈਡਰੇਸ਼ਨ, ਸਲੋਹ ਕਬੱਡੀ ਕਲੱਬ, ਸਹਿਯੋਗੀ ਸੱਜਣਾਂ ਅਤੇ ਦਰਸ਼ਕਾਂ ਦਾ ਹਾਰਦਿਕ ਧੰਨਵਾਦ ਕੀਤਾ।



ਗ੍ਰੇਵਜ਼ੈਂਡ ਕਬੱਡੀ ਕਲੱਬ ਦੇ ਮੁੱਖ ਪ੍ਰਬੰਧਕ ਸਤਨਾਮ ਸਿੰਘ ਸੱਤਾ ਮੁਠੱਡਾ ਗ੍ਰੇਵਜ਼ੈਂਡ ਟੂਰਨਾਮੈਂਟ ਦਾ ਜੇਤੂ ਕੱਪ ਮਿਡਵੇ/ਸਿੱਖ ਟੈਂਪਲਜ਼ ਵੁਲਵਰਹੈਂਪਟਨ ਦੀ ਟੀਮ ਦੇ ਪ੍ਰਬੰਧਕਾਂ ਨੂੰ ਸੌਂਪਦੇ ਹੋਏ ਇਹ ਕੱਪ ਸਲੋਹ ਟੂਰਨਾਮੈਂਟ 'ਤੇ ਦਿੱਤਾ ਗਿਆ ਹੈ

## ਗਲਾਸਗੋ ਮੇਲੇ ਵਿੱਚ ਲਹਿੰਬਰ ਹੁਸੈਨਪੁਰੀ ਨੇ ਝੂਮਣ ਲਾਏ ਦਰਸ਼ਕ

ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ)– ਹਰ ਸਾਲ ਗਰਮੀਆਂ 'ਚ ਹੋਣ ਵਾਲਾ ਗਲਾਸਗੋ ਮੇਲਾ ਬੀਤੇ ਦਿਨ ਗਲਾਸਗੋ ਸਿਟੀ ਕੌਂਸਲ ਅਤੇ ਗਲਾਸਗੋ ਲਾਈਫ ਦੇ ਸਹਿਯੋਗ ਨਾਲ ਗਲਾਸਗੋ ਦੇ ਕੈਲਵਿਨ ਗਰੋਵ ਪਾਰਕ 'ਚ ਕਰਵਾਇਆ ਗਿਆ। ਦਿਨ ਵੇਲੇ ਹਲਕਾ ਹਲਕਾ ਮੀਂਹ ਪੈਣ ਕਾਰਨ ਰੌਣਕ ਘੱਟ ਦਿਸੀ, ਪਰ ਸ਼ਾਮ ਨੂੰ ਜਦੋਂ ਬਾਰਿਸ਼ ਰੁਕੀ ਤਾਂ 20000 ਤੋਂ ਵੱਧ ਲੋਕਾਂ ਨੇ ਮੇਲੇ 'ਚ ਗੀਤ ਸੰਗੀਤ, ਨ੍ਰਿ ਕਲਾ ਦਾ ਅਨੰਦ ਮਾਣਿਆ ਅਤੇ ਖਾਣ ਪੀਣ ਦੇ ਸਟਾਲਾਂ ਤੋਂ ਭਾਂਤ ਭਾਂਤ ਦੇ ਭਾਰਤੀ ਖਾਣਿਆਂ ਦਾ ਵੀ ਲੁਤਫ ਲਿਆ। ਮੇਲੇ 'ਚ ਦੋ ਸਟੇਜਾਂ ਨਵਰਸ ਸਟੇਜ ਅਤੇ ਹਮਾਰਾ ਸਟੇਜ ਲਗਾਈਆਂ ਗਈਆਂ ਸਨ। ਸਥਾਨਕ ਅਤੇ ਵਿਦੇਸ਼ੀ ਕਲਾਕਾਰਾਂ 'ਚ ਸਲੋਨੀ, ਜੀਟਾਊਨ ਦੇਸੀ, ਕਰਮਜੀਤ ਭੱਲਾ ਮੀਨੀਆਂ, ਗਲਾਸਗੋ ਸਿਤਾਰੇ, ਸ਼ਿਨ ਡੀਸੀਐਸ, ਸਕਾਟਿਸ਼ ਲੋਕ-ਰੌਕ ਰੀਲੀ ਜਿਗਰੇਡ, ਪਾਕਿਸਤਾਨੀ ਸਿਤਾਰਵਾਦਕ ਰਾਕੇ ਜਮੀਲ ਨੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ। ਅੰਤ 'ਚ ਪੰਜਾਬ ਤੋਂ ਪਹੁੰਚੇ ਗਾਇਕ ਲਹਿੰਬਰ ਹੁਸੈਨਪੁਰੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਲੋਕਾਂ ਨੂੰ ਨੱਚਣ ਲਈ ਮਜ਼ਬੂਰ ਕੀਤਾ । ਜਿੱਥੇ ਮੇਲੇ 'ਚ ਲੱਗੀਆਂ ਦੁਕਾਨਾਂ 'ਤੇ ਭਰਪੂਰ ਰੌਣਕ ਸੀ, ਉੱਥੇ ਬੱਚਿਆਂ, ਜਵਾਨਾਂ ਨੇ ਲੱਗਿਆਂ ਪੰਘੂੜਿਆਂ 'ਤੇ ਵੀ ਸਵਾਰੀ ਕੀਤੀ। ਇਸ ਵਾਰ ਪਹਿਲੀ ਵਾਰ ਮੇਲੇ ਵਿੱਚ ਮਨੋਰੰਜਨ ਲਈ ਖੇਡਾਂ ਟੈਨਿਸ, ਪਿਕਲਬਾਲ, ਕਬੱਡੀ ਅਤੇ ਵਾਲੀਬਾਲ ਨੂੰ ਸ਼ਾਮਿਲ ਕੀਤਾ ਗਿਆ, ਜਿਹਨਾਂ ਦਾ ਲੋਕਾਂ ਨੇ ਖੂਬ ਆਨੰਦ ਮਾਣਿਆ । ਗਲਾਸਗੋ ਮੇਲੇ ਦੇ ਮੁੱਖ ਪ੍ਰਬੰਧਕ ਹਰਦੀਪ ਸਿੰਘ ਸੋਢੀ ਨੇ ਖਰਾਬ ਮੌਸਮ ਹੋਣ 'ਤੇ ਵੀ ਇੰਨੇ ਵੱਡੇ ਇਕੱਠ ਲਈ ਲੋਕਾਂ ਦਾ, ਕਲਾਕਾਰਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ । ਜਿਕਰਯੋਗ ਹੈ ਕਿ ਇਹ ਮੇਲਾ ਪਹਿਲੀ ਵਾਰ 1990 ਵਿੱਚ ਕਰਵਾਇਆ ਗਿਆ, ਜੋ ਕਿ ਇਸ ਵਾਰ 2025 ਵਿੱਚ 35ਵਾਂ ਮੇਲਾ ਸੀ।



ਲਹਿੰਬਰ ਹੁਸੈਨਪੁਰੀ, ਸ਼ਿਨ ਡੀਸੀ ਐੱਸ, ਕਰਮਜੀਤ ਭੱਲਾ ਮੀਨੀਆਂ ਗਾਇਕੀ ਪੇਸ਼ ਕਰਦੇ ਹੋਏ ਅਤੇ ਦਰਸ਼ਕ ਆਨੰਦ ਮਾਣਦੇ ਹੋਏ

## ਅਮਰੀਕਾ 'ਚ ਬਜ਼ੁਰਗਾਂ ਨੂੰ ਠੱਗਣ ਵਾਲੇ ਦੋ ਭਾਰਤੀ ਵਿਦਿਆਰਥੀਆਂ ਨੂੰ ਕੈਦ

ਹਿਊਸਟਨ: ਅਮਰੀਕਾ ਵਿੱਚ ਪੜ੍ਹਾਈ ਕਰਨ ਵਾਲੇ ਦੋ ਭਾਰਤੀ ਵਿਦਿਆਰਥੀਆਂ ਨੂੰ ਬਜ਼ੁਰਗਾਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕਰਨ ਦੇ ਵੱਖ-ਵੱਖ ਮਾਮਲਿਆਂ ਵਿੱਚ ਸਜ਼ਾ ਸੁਣਾਈ ਗਈ ਹੈ। ਵਿਦਿਆਰਥੀ ਵੀਜ਼ਾ ਤੇ ਅਮਰੀਕਾ ਵਿੱਚ ਰਹਿ ਰਹੇ ਕਿਸ਼ਨ ਰਾਜੇਸ਼ਕੁਮਾਰ ਪਟੇਲ (20) ਵੱਲੋਂ ਮਨੀ ਲਾਂਡਰਿੰਗ ਦੀ ਸਾਜ਼ਿਸ਼ ਰਚਣ ਦਾ ਅਪਰਾਧ ਕਬੂਲ ਕੀਤੇ ਜਾਣ ਤੋਂ ਬਾਅਦ ਇਸ ਹਫ਼ਤੇ ਉਸ ਨੂੰ 63 ਮਹੀਨੇ (ਪੰਜ ਸਾਲ ਤੋਂ ਵੱਧ) ਕੈਦ ਦੀ ਸਜ਼ਾ ਸੁਣਾਈ ਗਈ। ਅਮਰੀਕਾ ਦੇ ਨਿਆਂ ਵਿਭਾਗ (ਡੀਓਜੇ) ਮੁਤਾਬਕ ਪਟੇਲ ਨੇ ਖ਼ੁਦ ਨੂੰ ਸਰਕਾਰੀ ਅਧਿਕਾਰੀ ਦੱਸ ਕੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ ਅਤੇ ਡਰ ਦਿਖਾ ਕੇ ਉਨ੍ਹਾਂ ਕੋਲੋਂ ਨਕਦੀ ਅਤੇ ਸੋਨੇ ਦੇ ਗਹਿਣੇ ਠੱਗ ਲਏ। ਇਕ ਜਾਂਚ ਵਿੱਚ ਪਾਇਆ ਗਿਆ ਕਿ ਉਸ ਨੇ ਘੱਟੋ ਘੱਟ 25 ਬਜ਼ੁਰਗਾਂ ਤੋਂ 26,94,156 ਡਾਲਰ ਠੱਗੇ। ਪਟੇਲ ਨੂੰ 24 ਅਗਸਤ 2024 ਨੂੰ ਟੈਕਸਾਸ ਦੇ ਗਰੇਨਾਈਟ ਸ਼ੌਲਜ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 29 ਅਗਸਤ ਤੋਂ ਉਹ ਸੰਘੀ ਹਿਰਾਸਤ ਚ ਹੈ। ਅਧਿਕਾਰੀ ਨੇ ਦੱਸਿਆ ਕਿ ਪਟੇਲ ਦੇ ਸਹਿ-ਪ੍ਰਤੀਵਾਦੀ ਭਾਰਤੀ ਨਾਗਰਿਕ ਧਰੁੱਵ ਰਾਜੇਸ਼ਭਾਈ ਮੰਗੂਕੀਆ ਨੇ 16 ਜੂਨ ਨੂੰ ਆਪਣਾ ਅਪਰਾਧ ਕਬੂਲ ਕਰ ਲਿਆ ਪਰ ਉਸ ਨੂੰ ਕਿੰਨੀ ਸਜ਼ਾ ਸੁਣਾਈ ਗਈ, ਇਸ ਬਾਰੇ ਜਾਣਕਾਰੀ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

## ਬਰਸੀ 'ਤੇ ਵਿਸ਼ੇਸ਼

# ਪੰਜ ਦਰਿਆਵਾਂ ਦਾ ਸ਼ੇਰ ਮਹਾਰਾਜਾ ਰਣਜੀਤ ਸਿੰਘ

**ਪਰਮਜੀਤ ਢੀਂਗਰਾ**

1780 ਤੋਂ ਲੈ ਕੇ 1839 ਤਕ ਦੇ 59 ਸਾਲ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਸਨ। ਇਨ੍ਹਾਂ ਸਾਲਾਂ ਵਿਚ ਪੰਜਾਬ ਦੇ ਇਤਿਹਾਸ ਵਿਚ ਇਕ ਸ਼ਾਨਦਾਰ ਇਤਿਹਾਸਕ ਵਰਤਾਰਾ ਵਰਤਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਵੱਖ-ਵੱਖ ਟੁਕੜਿਆਂ ਨੂੰ ਇਕੱਠਾ ਕਰ ਕੇ ਪੰਜ ਦਰਿਆਵਾਂ ਦੀ ਧਰਤੀ 'ਤੇ ਇਕ ਬਹੁਤ ਹੀ ਵਿਸ਼ਾਲ ਅਤੇ ਤਾਕਤਵਰ ਸਲਤਨਤ ਖੜ੍ਹੀ ਕਰ ਦਿੱਤੀ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਪੰਜ ਦਰਿਆਵਾਂ ਦੀ ਧਰਤੀ ਨੇ ਵਿਸ਼ਵ ਨੂੰ ਇਕ ਸ਼ਾਨਦਾਰ ਬਾਦਸ਼ਾਹਤ ਮੁਹੱਈਆ ਕੀਤੀ ਸੀ।

ਸ਼ੁੱਕਰਚੱਕੀਆ ਮਿਸਲ ਦੇ ਮਹਾਂ ਸਿੰਘ ਦੇ ਇਕਲੌਤੇ ਪੁੱਤਰ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਬੀਬੀ ਰਾਜ ਕੌਰ ਦੀ ਕੁੱਖੋਂ ਹੋਇਆ। ਪਹਿਲਾਂ ਇਸ ਬਾਲਕ ਦਾ ਨਾਂ ਬੁੱਧ ਸਿੰਘ ਰਖਿਆ ਗਿਆ ਪਰ ਪਿਤਾ ਦੀਆਂ ਯੁੱਧ-ਮੁਹਿੰਮਾਂ ਕਰਕੇ ਉਹਦਾ ਨਾਂ ਬਦਲ ਕੇ ਰਣਜੀਤ ਸਿੰਘ ਅਥਵਾ ਰਣ ਤੱਤੇ ਦਾ ਜੇਤੂ ਸ਼ੇਰ ਰੱਖ ਦਿੱਤਾ ਗਿਆ। ਬਚਪਨ ਵਿਚ ਹੀ ਚੇਚਕ ਵਰਗੀ ਭਿਆਨਕ ਬਿਮਾਰੀ ਨੇ ਬਾਲਕ 'ਤੇ ਹਮਲਾ ਕਰਕੇ ਉਹਦੇ ਚਿਹਰੇ 'ਤੇ ਚੇਚਕ ਦੇ ਦਾਗ਼ ਪਾ ਦਿੱਤੇ ਤੇ ਖੱਬੀ ਅੱਖ ਨੂੰ ਨੁਕਸਾਨ ਪਹੁੰਚਾ ਕੇ ਉਹਨੂੰ ਕਰੂਪ ਕਰ ਦਿੱਤਾ। ਪਰ ਇਸ ਕਰੂਪਤਾ ਪਿੱਛੇ ਇਕ ਜੇਤੂ ਗੌਰਵ ਸੀ ਜਿਸਨੇ ਇਤਿਹਾਸ ਦੇ ਪੰਨਿਆਂ 'ਤੇ ਉਹਨੂੰ ਸਦਾ ਲਈ ਮਾਨਵ ਹਿਤੈਸ਼ੀ ਮਹਾਰਾਜੇ ਵਜੋਂ ਅਮਰ ਸਥਾਨ ਦਿਵਾ ਦਿੱਤਾ।

ਬਚਪਨ ਵਿਚ ਬਾਲਕ ਰਣਜੀਤ ਸਿੰਘ ਨੂੰ ਪੜ੍ਹਨ ਲਈ ਭਾਈ ਭਾਗੂ ਸਿੰਘ ਕੋਲ ਗੁਜਰਾਂਵਾਲੇ ਉਹਦੀ ਧਰਮਸ਼ਾਲਾ ਵਿਚ ਭੇਜਿਆ ਗਿਆ ਪਰ ਪੜ੍ਹਾਈ ਵਿਚ ਉਹਦੀ ਬਹੁਤੀ ਰੁਚੀ ਨਹੀਂ ਸੀ। ਏਸ ਕਰਕੇ ਉਹ ਪੜ੍ਹ ਨਾ ਸਕਿਆ। ਪਰ ਇਹ ਵੀ ਇਕ ਇਤਫਾਕ ਹੈ ਕਿ ਜਦੋਂ ਉਹਨੇ ਰਾਜ ਭਾਗ ਦੀ ਵਾਗ ਡੋਰ ਸੰਭਾਲੀ ਤਾਂ ਸਭ ਤੋਂ ਵੱਧ ਜ਼ੋਰ ਸਿੱਖਿਆ 'ਤੇ ਦਿਤਾ ਤੇ ਉਹਦੇ ਰਾਜ ਵਿਚ ਸਾਖਰਤਾ ਦਰ ਬਹੁਤ ਜ਼ਿਆਦਾ ਸੀ। ਇਹ ਸਮੇਂ ਜੰਗਾਂ ਯੁੱਧਾਂ ਦੇ ਸਨ ਤੇ ਹਰ ਮਿਸਲ ਆਪਣੀ ਸਥਾਪਤੀ ਲਈ ਯੁੱਧ ਕਲਾ 'ਤੇ ਜ਼ੋਰ ਦੇਂਦੀ ਸੀ। ਏਸੇ ਕਰਕੇ ਬਾਲਕ ਰਣਜੀਤ ਸਿੰਘ ਨੇ ਬਚਪਨ ਵਿਚ ਹੀ ਘੋੜ ਸਵਾਰੀ ਤੇ ਸ਼ਸ਼ਤਰਾਂ ਦੇ ਕਰਤੱਬ ਸਿੱਖਣ ਵਿਚ ਵਧੇਰੇ ਦਿਲਚਸਪੀ ਦਿਖਾਈ।ਆਪਣੇ ਪਿਤਾ ਦੀ ਮੌਤ ਸਮੇਂ ਉਹਦੀ ਉਮਰ ਅਜੇ ਨਿਆਣੀ ਸੀ। ਇਸ ਕਰਕੇ ਉਹਦੀ ਮਾਤਾ ਦੀਵਾਨ ਲੱਖਪਤ ਰਾਏ ਦੀ ਸਹਾਇਤਾ ਨਾਲ ਕਾਇਮ ਮੁਕਾਮ ਹਾਕਮ ਬਣ ਗਈ। ਉਹਨੇ ਸਾਰੀ ਪ੍ਰਬੰਧਕੀ ਵਾਗ-ਡੋਰ ਆਪਣੇ ਹੱਥ ਲੈ ਲਈ ਤੇ ਸਾਰੇ ਪ੍ਰਬੰਧਾਂ ਨੂੰ ਅਜਿਹੀ ਯੋਗਤਾ ਨਾਲ ਅੰਜਾਮ ਦਿੱਤਾ ਕਿ ਉਹਦੀ ਚੰਗੀ ਪੈਂਠ ਬਣ ਗਈ।

1796 ਵਿਚ 16 ਵਰ੍ਹਿਆਂ ਦੀ ਉਮਰੇ ਉਹਦਾ ਵਿਆਹ ਬਟਾਲੇ ਵਿਖੇ ਘਨੱਈਏ ਮਿਸਲ ਦੀ ਮੁਖੀ ਮਾਤਾ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ ਹੋਇਆ। ਕਾਬਲ ਦੇ ਬਾਦਸ਼ਾਹ ਸ਼ਾਹ ਜਮਾਨ ਨੇ ਏਸੇ ਸਮੇਂ ਭਾਰਤ ਵਿਚ ਮੁੜ ਦੁਰਾਨੀ-ਸੱਤਾ ਸਥਾਪਤ ਕਰਨ ਲਈ ਜਤਨ ਕੀਤੇ ਤੇ 1797 ਵਿਚ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਲਿਆ ਪਰ ਮਿਸਲਾਂ ਨੇ ਛੇਤੀ ਹੀ ਉਹਨੂੰ ਵਾਪਸੀ ਵਾਲੇ ਰਾਹ ਤੋਰ ਦਿੱਤਾ। ਸਿੱਖਾਂ ਹੱਥੋਂ ਆਪਣੇ ਸੈਨਾਪਤੀ ਅਹਿਮਦ ਖ਼ਾਨ ਸ਼ਹਾਨਚੀ ਦੀ ਕਰਾਰੀ ਹਾਰ ਅਤੇ ਉਹਦੀ ਮੌਤ ਤੋਂ ਬਾਅਦ ਸ਼ਾਹ ਜਮਾਨ ਨੇ 1798 ਵਿਚ ਫਿਰ ਪੰਜਾਬ 'ਤੇ ਹੱਲਾ ਬੋਲਿਆ। ਉਹਨੇ ਫਿਰ ਲਾਹੌਰ 'ਤੇ ਹਮਲਾ ਕਰਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸੋਹਣ ਲਾਲ ਸੂਰੀ ਤੇ ਬੂਟੇ ਸ਼ਾਹ ਨੇ ਆਪਣੇ ਰੋਜ਼ਨਾਮਚਿਆਂ ਵਿਚ ਲਿਖਿਆ ਹੈ।



ਰਣਜੀਤ ਸਿੰਘ ਨੇ ਇਸ ਸਮੇਂ ਸੀਮਤ ਗਿਣਤੀ ਵਿਚ ਸਰਦਾਰਾਂ ਨੂੰ ਲੈ ਕੇ ਕਿਲ੍ਹੇ ਦੇ ਸਮਨ ਬੁਰਜ 'ਤੇ ਤਿੰਨ ਵਾਰ ਚੜ੍ਹਾਈ ਕੀਤੀ। ਫਾਇਰ ਕੀਤੇ, ਕਈ ਅਫਗਾਨੀਆਂ ਨੂੰ ਮਾਰਿਆ ਅਤੇ ਜ਼ਖ਼ਮੀ ਕੀਤਾ। ਸ਼ਾਹ ਜ਼ਮਾਨ ਨੂੰ ਆਹਮੋ-ਸਾਹਮਣੇ ਲੜਾਈ ਲਈ ਵੰਗਾਰਦੇ ਹੋਏ ਰਣਜੀਤ ਸਿੰਘ ਨੇ ਕਿਹਾ 'ਆ ਜਾ ਓਏ ਅਹਿਮਦ ਸ਼ਾਹ ਦਿਆ ਪੋਤਰਿਆ, ਅੱਜ ਤੈਨੂੰ ਮਹਾਨ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਦੋ ਹੱਥ ਅਜ਼ਮਾਉਣੇ ਪੈਣਗੇ ਤੇ ਪਤਾ ਲੱਗ ਜਾਏਗਾ ਕਿਹੜਾ ਵੱਡਾ ਸੂਰਮਾ ਹੈ,' ਪਰ ਦੂਜੇ ਪਾਸਿਓਂ ਕੋਈ ਉਤਰ ਨਾ ਆਇਆ। ਸ਼ਾਹ ਜ਼ਮਾਨ ਮਹਾਰਾਜੇ ਤੋਂ ਡਰਦਾ ਹੀ ਵਾਪਸ ਪਰਤ ਗਿਆ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਸਾਰਾ ਸਮਾਂ ਜੰਗਾਂ ਯੁੱਧਾਂ ਦੀਆਂ ਮੁਹਿੰਮਾਂ ਤੇ ਆਪਣੇ ਰਾਜ ਦੇ ਵਿਸਥਾਰ ਵਿਚ ਬੀਤਿਆ। ਸਭ ਤੋਂ ਪਹਿਲਾਂ ਤਾਂ ਉਹਨੇ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਆਪਣਾ ਸਿੱਕਾ ਜਮਾਇਆ। 7 ਜੁਲਾਈ, 1799 ਵਿਚ ਭੰਗੀ ਸਰਦਾਰਾਂ ਵਲੋਂ ਬਿਨਾਂ ਕਿਸੇ ਉਜਰ ਦੇ ਉਹ ਲਾਹੌਰ 'ਤੇ ਕਾਬਜ਼ ਹੋ ਗਿਆ। ਏਸੇ ਤਰ੍ਹਾਂ ਬੁੱਧੂ ਦੇ ਆਵੇ ਕੋਲੋਂ ਉਹਨੂੰ ਖ਼ਜ਼ਾਨਾ ਮਿਲਿਆ। ਫਿਰ ਉਹਨੇ ਜੰਮੂ, ਮੀਰੋਵਾਲ, ਨਾਰੋਵਾਲ ਅਤੇ ਜੱਸਰਵਾਲ ਨੂੰ ਜਿੱਤ ਲਿਆ। ਇਨ੍ਹਾਂ ਖ਼ੁਸ਼ਨੁਮਾ ਦਿਨਾਂ ਦੌਰਾਨ ਮੁਖੀਆਂ, ਪ੍ਰਸਿੱਧ ਹਸਤੀਆਂ, ਦਰਬਾਰੀਆਂ ਤੇ ਸ਼ਹਿਰੀਆਂ ਨੇ ਉਸਨੂੰ ਮਹਾਰਾਜੇ ਦਾ ਖਿਤਾਬ ਦੇਣ ਦਾ ਫ਼ੈਸਲਾ ਕੀਤਾ। ਇਸ ਉਤਸਵ ਲਈ 1801 ਦੀ ਵੈਸਾਖੀ ਤੋਂ ਇਕ ਦਿਨ ਪਹਿਲਾਂ 12 ਅਪ੍ਰੈਲ ਨੂੰ ਇਕ ਸ਼ਾਨਦਾਰ ਦਰਬਾਰ ਸਜਾਇਆ ਗਿਆ ਜਿਸ 'ਚ ਸਾਰੇ ਵੱਡੇ ਸਰਦਾਰ, ਮਿਸਲਦਾਰ, ਉੱਘੇ ਹਿੰਦੂ ਅਤੇ ਮੁਸਲਿਮ ਅਹਿਲਕਾਰ ਹਾਜ਼ਰ ਹੋਏ। ਕੁਝ ਸਿੱਖ ਧਾਰਮਕ ਰਸਮਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਬੇਦੀ ਨੇ ਸਰਦਾਰ ਰਣਜੀਤ ਸਿੰਘ ਦੇ ਮੱਥੇ 'ਤੇ ਮਹਾਰਾਜਸ਼ਾਹੀ ਤਿਲਕ ਦੀ ਰਸਮ ਕੀਤੀ ਤੇ ਉਹਨੂੰ ਮਹਾਰਾਜੇ ਦਾ ਖਿਤਾਬ ਦਿੱਤਾ। ਹਾਲਾਂਕਿ ਉਹਨੇ ਆਪ ਕਿਸੇ ਬਾਦਸ਼ਾਹਤ ਦਾ ਦਾਅਵਾ ਨਹੀਂ ਸੀ ਕੀਤਾ। ਸਗੋਂ ਉਹਦੇ ਲਈ ਗੁਰੂ ਹੀ ਸੱਚਾ ਪਾਤਸ਼ਾਹ ਤੇ ਅਸਲੀ ਬਾਦਸ਼ਾਹ ਸੀ। ਉਹ ਤਾਂ ਆਪਣੇ ਆਪਨੂੰ ਗੁਰੂ ਦਾ ਨਿਮਾਣਾ ਜਿਹਾ ਸੇਵਕ ਮੰਨਦਾ ਸੀ। ਉਹਨੇ ਸਭ ਨੂੰ ਕਹਿ ਦਿੱਤਾ ਸੀ ਕਿ ਅੱਗੇ ਤੋਂ ਉਹਨੂੰ ਸਰਕਾਰ ਕਿਹਾ ਜਾਵੇ। ਉਹਨੇ ਆਪਣੇ ਅਸਲੀ ਬਾਦਸ਼ਾਹ ਗੁਰੂ ਦੇ ਨਾਂ ਦੇ ਸਿੱਕੇ ਢਾਲੇ ਜੋ ਨਾਨਕਸ਼ਾਹੀ ਨਾਂ ਨਾਲ ਅੱਜ ਤਕ ਪ੍ਰਸਿੱਧ ਹਨ। ਉਨ੍ਹਾਂ 'ਤੇ ਉਹਨੇ ਗੁਰੂ ਦੀ ਮੋਹਰ ਉਕਰਵਾਈ 1801 ਦੇ ਅਰੰਭ ਵਿਚ ਉਹਦੇ ਪਹਿਲੇ ਸ਼ਹਿਜ਼ਾਦੇ ਖੜਕ ਸਿੰਘ ਦਾ ਜਨਮ ਹੋਇਆ।

### ਅੰਮ੍ਰਿਤਸਰ ਦੀ ਸੰਧੀ

ਅੰਮ੍ਰਿਤਸਰ ਦੀ ਸੰਧੀ ਮਹਾਰਾਜੇ ਦੀ ਜ਼ਿੰਦਗੀ ਦੀ ਅਹਿਮ ਘਟਨਾ ਸੀ। ਮਹਾਰਾਜਾ ਬ੍ਰਿਟਿਸ਼ ਸਾਮਰਾਜ ਦੀਆਂ ਚਾਲਾਂ ਤੋਂ ਜਾਣੂ ਸੀ। ਉਸਨੂੰ ਆਪਣੇ 'ਤੇ ਉਨ੍ਹਾਂ ਦਾ ਖ਼ਤਰਾ ਮੰਡਰਾ ਰਿਹਾ ਮਹਿਸੂਸ ਹੋ ਰਿਹਾ ਸੀ ਕਿਉਂਕਿ ਮਹਾਰਾਜੇ ਦੇ ਦ੍ਰਿੜ ਇਰਾਦੇ ਨੂੰ ਦੇਖਦੇ ਹੋਏ ਬ੍ਰਿਟਿਸ਼ ਸਰਕਾਰ ਕਿਸੇ ਵੇਲੇ ਵੀ ਕਸੂਰ, ਮੁਲਤਾਨ ਅਤੇ ਝੰਗ ਦੇ ਸ਼ਾਸਕਾਂ ਨੂੰ ਸੁਰੱਖਿਆ ਦੇ ਸਕਦੀ ਸੀ। ਇਸ ਨੂੰ ਧਿਆਨ ਵਿਚ ਰੱਖਦਿਆਂ ਹੀ ਮਹਾਰਾਜੇ ਨੇ 25 ਮਾਰਚ, 1809 ਨੂੰ ਅੰਮ੍ਰਿਤਸਰ ਸੰਧੀ ਕਰਨ ਦੀ ਅਕਲਮੰਦੀ ਕੀਤੀ। ਇਸ ਸੰਧੀ ਦੀਆਂ ਕੁਝ ਪ੍ਰਮੁੱਖ ਸ਼ਰਤਾਂ ਸਨ : ਬ੍ਰਿਟਿਸ਼ ਸਰਕਾਰ ਤੇ ਲਾਹੌਰ ਦਰਬਾਰ ਵਿਚ ਸਥਾਈ ਮਿੱਤਰਤਾ ਕਾਇਮ ਰਹੇਗੀ। ਲਾਹੌਰ ਰਾਜ ਨੂੰ ਸਭ ਤੋਂ ਵੱਧ ਨਿਵਾਜਿਆ ਜਾਵੇਗਾ ਤੇ ਬ੍ਰਿਮਿਸ਼ ਸਰਕਾਰ ਸਤਲੁਜ ਦਰਿਆ ਦੇ ਉੱਤਰ ਵਿਚ ਮਹਾਰਾਜੇ ਦੇ ਇਲਾਕਿਆਂ ਤੇ ਜਨਤਾ ਨਾਲ ਕੋਈ ਸਰੋਕਾਰ ਨਹੀਂ ਰੱਖੇਗੀ। ਦਰਿਆ ਸਤਲੁਜ ਦੇ ਖੱਬੇ ਕੰਢੇ ਆਪਣੇ ਅਧੀਨ ਪੈਂਦੇ ਇਲਾਕਿਆਂ ਵਿਚ ਮਹਾਰਾਜਾ ਕੇਵਲ ਓਨੀ ਫੌਜ ਹੀ ਰੱਖੇਗਾ ਜਿੰਨੀ ਇਲਾਕੇ ਦੀਆਂ ਅੰਦਰੂਨੀ ਲੋੜਾਂ ਨੂੰ ਪੂਰਿਆਂ ਕਰਨ ਲਈ ਜ਼ਰੂਰੀ ਹੋਵੇਗੀ ਤੇ ਪਾਰਲੇ ਇਲਾਕਿਆਂ ਵਿਚ ਕੋਈ ਦਖਲ ਨਹੀਂ ਦੇਵੇਗਾ। ਦੋਹਾਂ ਵਿਚੋਂ ਕਿਸੇ ਵੀ ਰਾਜ ਦੁਆਰਾ ਉਪਰੋਕਤ ਧਰਾਵਾਂ ਜਾਂ ਮਿੱਤਰਤਾ ਦੀ ਉਲੰਘਣਾ ਦੀ ਸੂਰਤ ਵਿਚ ਇਸ ਸੰਧੀ ਨੂੰ ਰੱਦ ਸਮਝਿਆ ਜਾਵੇਗਾ। ਪਰ ਇਹ ਵੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਅੰਤ ਬ੍ਰਿਟਿਸ਼ ਸਰਕਾਰ ਨੇ ਹੀ ਇਸ ਸੰਧੀ ਨੂੰ ਤੋੜ ਕੇ ਪੰਜਾਬ 'ਤੇ ਜਬਰੀ ਕਬਜ਼ਾ ਕੀਤਾ।

ਮਹਾਰਾਜੇ ਨੇ ਆਪਣੀ ਸਿਆਸੀ ਸੂਝ ਬੂਝ, ਪ੍ਰਬੰਧਕੀ ਯੋਗਤਾ ਤੇ ਰਣਨੀਤੀ ਘਾੜੇ ਵਜੋਂ ਅਜਿਹਾ ਸੰਭਵ ਕਰ ਵਿਖਾਇਆ ਜਿਸਨੇ ਜੰਗਾਂ ਯੁੱਧਾਂ ਦੀ ਇਸ ਧਰਤੀ ਨੂੰ ਅਮਨ, ਚੈਨ ਤੇ ਸ਼ਾਂਤੀ ਦੇ ਖਿੱਤੇ ਵਿਚ ਬਦਲ ਦਿੱਤਾ। ਉਹਨੇ ਸਿੱਖ ਗੁਰੂਆਂ ਦੇ ਆਦਰਸ਼ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਦੇ ਲਿਖਤੀ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾ ਕੇ ਇਕ ਸਰਬ ਸਾਂਝੇ ਰਾਜ ਦੀ ਨੀਂਹ ਰੱਖੀ। ਇਸ ਸਾਂਝੇ ਰਾਜ ਦੀਆਂ ਸਿਫ਼ਤਾਂ ਦੇ ਗੁਣਗਾਨ ਕਰਦਾ ਸਾਡਾ ਉੱਘਾ ਲੋਕ ਕਵੀ ਸ਼ਾਹ ਮੁਹੰਮਦ ਲਿਖਦਾ ਹੈ -

ਮਹਾਂਬਲੀ ਰਣਜੀਤ ਸਿੰਘ
ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ,
ਨਿਵਾ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ
ਸਿੱਕਾ ਆਪਣੇ ਨਾਮ ਚਲਾ ਗਿਆ।
ਸ਼ਾਹ ਮੁਹੰਮਦਾ ਜਾਣ
ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾ ਗਿਆ।

ਏਸੇ ਮਹਾਰਾਜੇ ਦੀ ਮੌਤ 'ਤੇ ਉਹ ਹੰਝੂ ਵੀ ਕੇਰਦਾ ਹੈ। ਮਹਾਰਾਜੇ ਦੀ ਮੌਤ ਉਪਰੰਤ ਦਰਬਾਰ ਵਿਚ ਹੋਈ ਬੁਰਛਾਗਰਦੀ ਨੇ ਉਸ ਗੌਰਵਸ਼ਾਲੀ ਸਲਤਨਤ ਨੂੰ ਮੁੜ ਖੇਰੂੰ ਖੇਰੂੰ ਕਰ ਦਿੱਤਾ। ਮਹਿੰਗੇ ਮੁੱਲ ਦੀ ਆਜ਼ਾਦੀ ਬਸਤੀਵਾਦੀ ਸਾਮਰਾਜੀਆਂ ਦੇ ਕਬਜ਼ੇ ਵਿਚ ਆ ਗਈ ਤੇ ਪੰਜਾਬ ਮੁੜ ਇਕ ਨਵੇਂ ਧਾੜਵੀ ਨੂੰ ਵੰਗਾਰਨ ਤੇ ਆਜ਼ਾਦੀ ਪ੍ਰਾਪਤੀ ਦੇ ਰਾਹ ਪੈ ਗਿਆ ਜਿਸਦੇ ਸਿੱਟੇ ਵਜੋਂ ਇਹਦੇ ਟੋਟੇ-ਟੋਟੇ ਹੋ ਗਏ, ਇਹ ਖੰਡ ਖੰਡ ਹੋ ਕੇ ਬਿਖਰ ਗਿਆ ਤੇ ਇਤਿਹਾਸ ਦੇ ਪੰਨਿਆਂ ਨੂੰ ਲਹੂ ਲੁਹਾਨ ਕਰ ਗਿਆ।

* * * * * * *

# ਢੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਭਾਰਤੀ ਡਾਕਟਰ ਨੂੰ ਪਹਿਲਾ 'ਆਈਜੀਐੱਫ ਆਰਚਰ-ਅਮੀਸ਼ ਸਟੋਰੀਟੈਲਰਜ਼' ਐਵਾਰਡ-ਬਰਤਾਨੀਆ ਦੀ ਸਭਿਆਚਾਰਕ ਮੰਤਰੀ ਨੇ ਕੀਤਾ ਸਨਮਾਨਿਤ




*ਲੰਡਨ- ਬਰਤਾਨੀਆ ਦੀ ਸਭਿਆਚਾਰਕ ਮੰਤਰੀ ਲਿਜ਼ਾ ਨੰਦੀ ਨੇ ਡਾਕਟਰ ਅਤੇ ਲੇਖਿਕਾ ਸ਼ਾਲਿਨੀ ਮਲਿਕ ਨੂੰ ਉਨ੍ਹਾਂ ਦੇ ਨਾਵਲ ਦਿ ਵੇਅ ਹੋਮ ਲਈ ਬੈਸਟਸੈਲਰ ਲੇਖਕ ਲਾਰਡ ਜੈਫਰੀ ਆਰਚਰ ਅਤੇ ਅਮੀਸ਼ ਤ੍ਰਿਪਾਠੀ ਦੇ ਨਾਮ ਤੇ ਸ਼ੁਰੂ ਕੀਤਾ ਗਿਆ 25,000 ਅਮਰੀਕੀ ਡਾਲਰ ਦਾ ਪਹਿਲਾ ਆਈਜੀਐੱਫ ਆਰਚਰ-ਅਮੀਸ਼ ਐਵਾਰਡ ਫਾਰ ਸਟੋਰੀਟੈਲਰਜ਼ ਪ੍ਰਦਾਨ ਕੀਤਾ ਹੈ।*

ਮਲਿਕ ਦੇ ਨਾਵਲ ਵਿੱਚ ਤਿੰਨ ਨੌਜਵਾਨਾਂ ਦੀ ਕਹਾਣੀ ਹੈ, ਜੋ ਗੋਆ ਵਿੱਚ ਸ਼ਰਨ ਲੈਂਦੇ ਹਨ ਅਤੇ ਆਪਣੇ ਨਿੱਜੀ ਦੁੱਖਾਂ ਨਾਲ ਜੂਝ ਰਹੇ ਹਨ। ਇਸ ਨਾਵਲ ਨੂੰ ਦੁੱਖ, ਪਛਾਣ ਅਤੇ ਇਲਾਜ ਦੀ ਦਿਲ ਨੂੰ ਛੂਹ ਲੈਣ ਵਾਲੀ ਅਤੇ ਸਬੰਧਤ ਖੋਜ ਲਈ ਸ਼ਾਨਦਾਰ ਕੰਮ ਵਜੋਂ ਚੁਣਿਆ ਗਿਆ ਹੈ। ਬੁੱਧਵਾਰ ਨੂੰ ਲੰਡਨ ਵਿੱਚ ਇੰਡੀਆ ਗਲੋਬਲ ਫੋਰਮ (ਆਈਜੀਐੱਫ) ਯੂਕੇ-ਇੰਡੀਆ ਵੀਕ (ਹਫ਼ਤੇ) ਵਿੱਚ ਪੁਰਸਕਾਰ ਪ੍ਰਦਾਨ ਕਰਦੇ ਹੋਏ ਨੰਦੀ ਨੇ ਪੁਰਸਕਾਰ ਦੀ ਵਿਆਪਕ ਸਭਿਆਚਾਰਕ ਅਹਿਮੀਅਤ ਅਤੇ ਭਾਰਤ ਤੇ ਬਰਤਾਨੀਆ ਵਿਚਾਲੇ ਸਾਂਝੇ ਸਬੰਧਾਂ ਤੇ ਜ਼ੋਰ ਦਿੱਤਾ। ਸਭਿਆਚਾਰ, ਮੀਡੀਆ ਅਤੇ ਖੇਡ ਮਾਮਲਿਆਂ ਬਾਰੇ ਭਾਰਤੀ ਮੂਲ ਦੀ ਬਰਤਾਨਵੀ ਮੰਤਰੀ ਨੰਦੀ ਨੇ ਕਿਹਾ, ਲੋਕਾਂ ਵਿਚਾਲੇ ਸੰਪਰਕ ਸਾਡੇ ਵਾਸਤੇ ਕਾਫੀ ਅਹਿਮ ਹਨ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
**4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**





**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਪੰਜਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



# ਸਿਹਤ ਤੇ ਸੁੰਦਰਤਾ



## ਜਾਣੋ ਪਾਣੀ ਬੈਠ ਕੇ ਹੀ ਕਿਉਂ ਪੀਣਾ ਚਾਹੀਦੈ ?

ਆਧੁਨਿਕ ਵਿਗਿਆਨ ਦੋਵੇਂ ਇਹ ਗੱਲ ਦੱਸਦੇ ਹਨ ਕਿ ਪਾਣੀ ਹਮੇਸ਼ਾ ਬੈਠ ਕੇ ਅਤੇ ਹੌਲੀ-ਹੌਲੀ ਪੀਣਾ ਚਾਹੀਦਾ ਹੈ। ਇਹ ਨਾ ਸਿਰਫ਼ ਪਚਨ ਤੰਤਰ ਨੂੰ ਮਜਬੂਤ ਕਰਦਾ ਹੈ ਸਗੋਂ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਤੋਂ ਵੀ ਬਚਾਅ ਕਰਦਾ ਹੈ। ਬੈਠ ਕੇ ਪਾਣੀ ਪੀਣ ਨਾਲ ਪਾਚਨ ਤੰਤਰ ਨੂੰ ਪੂਰਾ ਸਮਰਥਨ ਮਿਲਦਾ ਹੈ। ਬੈਠ ਕੇ ਪਾਣੀ ਪੀਣ ਨਾਲ ਗੁਰਦਿਆਂ ਵੱਲ ਖੂਨ ਦੀ ਸਹੀ ਗਤੀ ਬਣੀ ਰਹਿੰਦੀ ਹੈ, ਜਿਸ ਨਾਲ ਵਾਧੂ ਲੋਣ ਅਤੇ ਜ਼ਹਿਰੀਲੇ ਪਦਾਰਥ ਨਿਕਲਣ 'ਚ ਮਦਦ ਮਿਲਦੀ ਹੈ। ਖੜ੍ਹੇ ਹੋ ਕੇ ਪਾਣੀ ਪੀਣ ਨਾਲ ਪਾਣੀ ਝਟਕੇ ਨਾਲ ਨੀਵਾਂ ਵੱਲ ਜਾਂਦਾ ਹੈ, ਜਿਸ ਨਾਲ ਜੋੜਾਂ 'ਤੇ ਬੋਝ ਪੈਂਦਾ ਹੈ। ਬੈਠ ਕੇ ਪਾਣੀ ਪੀਣ ਨਾਲ ਇਹ ਬਚਾਅ ਹੁੰਦਾ ਹੈ। ਬੈਠਣ ਨਾਲ ਹਾਰਟ ਦੀ ਧੜਕਣ ਨਿਯਮਤ ਰਹਿੰਦੀ ਹੈ ਅਤੇ ਪਾਣੀ ਹੌਲੀ-ਹੌਲੀ ਲਿਵਰ ਤੱਕ ਪਹੁੰਚ ਕੇ ਉਸ ਦੀ ਕਾਰਗੁਜ਼ਾਰੀ ਨੂੰ ਵਧੀਆ ਬਣਾਉਂਦਾ ਹੈ।

ਤੁਰਦੇ ਜਾਂ ਖੜ੍ਹੇ ਹੋ ਕੇ ਪਾਣੀ ਪੀਣ ਨਾਲ ਗੈਸ ਜਾਂ ਬਲੋਟਿੰਗ ਦੀ ਸਮੱਸਿਆ ਵਧ ਸਕਦੀ ਹੈ, ਜੋ ਬੈਠ ਕੇ ਪੀਣ ਨਾਲ ਨਹੀਂ ਹੁੰਦੀ। ਖਾਣੇ ਦੇ ਤੁਰੰਤ ਬਾਅਦ ਜ਼ਿਆਦਾ ਪਾਣੀ ਨਾ ਪੀਓ। ਤੇਜ਼ ਰਫਤਾਰ ਨਾਲ ਗਲਾਸ ਚੜ੍ਹਾ ਲੈਣਾ ਗਲਤ ਹੈ। ਪ੍ਰੇਸ਼ਾਨੀ ਜਾਂ ਗੁੱਸੇ ਦੀ ਹਾਲਤ ਵਿਚ ਪਾਣੀ ਨਾ ਪੀਓ।

## ਕਰੋਨਾ ਬਾਅਦ ਫੰਗਜ ਅਸਪਰਜਿਲਸ ਫਿਊਮਿਗੇਟਸ ਖਤਰਨਾਕ


### ✪ ਫੰਗਸ ਅੰਦਰੋਂ ਖਾ ਰਹੀ ਏ ਸਰੀਰ ਨੂੰ

ਸਾਲ 2019 'ਚ ਚੀਨ ਤੋਂ ਫੈਲੇ ਕੋਰੋਨਾ ਨੇ ਜਿੱਥੇ ਦੁਨੀਆ ਭਰ ਵਿਚ ਹਜ਼ਾਰਾਂ-ਲੱਖਾਂ ਲੋਕਾਂ ਦੀ ਜਾਨ ਲਈ ਸੀ, ਉੱਥੇ ਹੀ ਇਸ ਦਾ ਅਸਰ ਹਾਲੇ ਵੀ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਇਸੇ ਦੌਰਾਨ ਅਮਰੀਕਾ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਕਈ ਸੂਬਿਆਂ ਵਿਚ ਇੱਕ ਜ਼ਹਿਰੀਲਾ ਫੰਗਸ ਅਸਪਰਜਿਲਸ ਫਿਊਮਿਗੇਟਸ ਤੇਜ਼ੀ ਨਾਲ ਫੈਲ ਰਿਹਾ ਹੈ।

ਇਹ ਫੰਗਸ ਇੰਨਾ ਖ਼ਤਰਨਾਕ ਹੈ ਕਿ ਇਹ ਮਰੀਜ਼ ਦੇ ਸਰੀਰ ਨੂੰ ਅੰਦਰੋਂ ਖਾਣਾ ਸ਼ੁਰੂ ਕਰ ਦਿੰਦਾ ਹੈ। ਇਹ ਖ਼ਤਰਾ ਜ਼ਿਆਦਾਤਰ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਦੀ ਇਮਿਊਨ ਸਿਸਟਮ ਕਮਜ਼ੋਰ ਹੋਵੇ-ਜਿਵੇਂ ਕਿ ਕੈਂਸਰ ਮਰੀਜ਼, ਟ੍ਰਾਂਸਪਲਾਂਟ ਤੋਂ ਗੁਜ਼ਰ ਰਹੇ ਲੋਕ ਜਾਂ ਐੱਚ.ਆਈ.ਵੀ. ਪੀੜਤ।

ਇਹ ਫੰਗਸ ਅਮਰੀਕਾ ਦੇ ਫਲੋਰੀਡਾ, ਟੈਕਸਾਸ, ਕੈਲੀਫੋਰਨੀਆ, ਲੂਜ਼ਿਆਨਾ ਅਤੇ ਜੌਰਜੀਆ ਸਮੇਤ ਕਈ ਸੂਬਿਆਂ 'ਚ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਵੱਡੀ ਗਿਣਤੀ ਵਿਚ ਲੋਕ ਇਸ ਦੀ ਚਪੇਟ 'ਚ ਆ ਰਹੇ ਹਨ। ਜ਼ਿਆਦਾ ਖ਼ਤਰਨਾਕ ਗੱਲ ਇਹ ਹੈ ਕਿ ਇਸ ਦੇ ਕੁਝ ਸਟ੍ਰੇਨਜ਼ ਇੰਨੇ ਇਮਿਊਨ ਹੋ ਗਏ ਹਨ ਕਿ ਆਮ ਐਂਟੀਫੰਗਲ ਦਵਾਈਆਂ ਇਨ੍ਹਾਂ 'ਤੇ ਅਸਰ ਹੀ ਨਹੀਂ ਕਰ ਰਹੀਆਂ।

ਕਿਵੇਂ ਫੈਲਦਾ ਹੈ ਇਹ ਫੰਗਸ ?-ਇਹ ਫੰਗਸ ਸਰੀਰ ਦੇ ਫੇਫੜਿਆਂ ਤੋਂ ਸ਼ੁਰੂ ਹੋ ਕੇ ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਤੱਕ ਪਹੁੰਚਦਾ ਹੈ। ਇਸ ਕਾਰਨ, ਲੰਮੀ ਖਾਂਸੀ,



ਬੁਖਾਰ, ਛਾਤੀ 'ਚ ਦਰਦ ਜਾਂ ਸਾਹ ਲੈਣ ਵਿੱਚ ਦਿੱਕਤ ਆ ਸਕਦੀ ਹੈ। ਜੇਕਰ ਇਲਾਜ ਵਿੱਚ ਦੇਰੀ ਹੋਵੇ ਤਾਂ ਇਹ ਮਰੀਜ਼ ਲਈ ਜਾਨਲੇਵਾ ਸਾਬਤ ਹੋ ਸਕਦਾ ਹੈ।

ਆਖ਼ਿਰ ਕਿਉਂ ਫੈਲ ਰਿਹਾ ਹੈ ਇਹ ਫੰਗਸ ?-ਮਾਹਿਰਾਂ ਅਨੁਸਾਰ ਗਲੋਬਲ ਵਾਰਮਿੰਗ, ਵਾਧੂ ਨਮੀ ਅਤੇ ਗਰਮੀ ਦੇ ਸੰਯੋਗ ਨੇ ਇਸ ਫੰਗਸ ਨੂੰ ਵਧਣ ਲਈ ਮੌਕਾ ਦਿੱਤਾ ਹੈ। ਹਾਲਾਤ ਇੰਨੇ ਖ਼ਤਰਨਾਕ ਹਨ ਕਿ ਵਿਸ਼ਵ ਸਿਹਤ ਸੰਗਠਨ ਨੇ ਇਸ ਫੰਗਸ ਨੂੰ "ਕ੍ਰਿਟੀਕਲ ਪ੍ਰਾਇਓਰਟੀ" ਵਿਚ ਰੱਖਿਆ ਹੈ।

ਕਿਵੇਂ ਕਰੀਏ ਬਚਾਅ ?-ਮਾਹਿਰਾਂ ਮੁਤਾਬਕ ਇਸ ਫੰਗਸ ਤੋਂ ਬਚਣ ਲਈ ਲੋਕ ਮਿੱਟੀ-ਘੱਟੇ ਜਾਂ ਗਾਰਡਨ ਵਰਗੀਆਂ ਥਾਵਾਂ 'ਤੇ ਕੰਮ ਕਰਦੇ ਸਮੇਂ ਐਨ95 ਮਾਸਕ ਪਹਿਨਣ। ਇਸ ਤੋਂ ਇਲਾਵਾ ਛਾਤੀ ਦੀ ਲੰਮੀ ਬੀਮਾਰੀ ਵਾਲੇ ਲੋਕਾਂ ਨੂੰ ਲੱਛਣ ਆਉਣ 'ਤੇ ਤੁਰੰਤ ਜਾਂਚ ਕਰਵਾਉਣੀ ਚਾਹੀਦੀ ਹੈ।

## * ਹੁੰਝਾਂ–ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**







*ਸੁਖਬੀਰ ਬਾਦਲ ਦੀ ਅਗਵਾਈ ਕਬੂਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ- ਪਰਮਿੰਦਰ ਸਿੰਘ ਢੀਂਡਸਾ
-ਮੱਝ ਲੈ ਦੇ ਮੈਨੂੰ ਬਾਬਲਾ, ਮੈਂ ਜੇਠ ਦੀ ਲੱਸੀ ਨਹੀਂ ਪੀਣੀ।



*ਦਿੱਲੀ ਤੋਂ ਆਏ 'ਆਪ' ਦੇ ਸਾਰੇ ਭ੍ਰਿਸ਼ਟ ਆਗੂਆਂ ਨੇ ਪੰਜਾਬ 'ਚ ਡੇਰੇ ਲਾਏ- ਦਿੱਲੀ ਦੀ ਮੁੱਖ ਮੰਤਰੀ
-ਮੇਰੀ ਸੇਜ 'ਤੇ ਬਹਿ ਗਿਆ ਨੀ, ਉਹ ਰਾਂਝਣ ਮੱਲੋਜ਼ੋਰੀ।



*ਜੀ-7 ਸੰਮੇਲਨ ਵਿਚੇ ਛੱਡ ਕੇ ਅਮਰੀਕਾ ਪਰਤੇ ਰਾਸ਼ਟਰਪਤੀ ਟਰੰਪ- ਇਕ ਖ਼ਬਰ
-ਛੱਡ ਮਿੱਤਰ ਫੁਲਕਾਰੀ, ਹਾਕਾਂ ਘਰ ਵੱਜੀਆਂ।



*ਇਰਾਨ ਇਜ਼ਰਾਈਲ ਦੀ ਜੰਗ ਜਾਰੀ ਰਹੀ ਤਾਂ ਭਾਰਤੀਆਂ ਦੀ ਜੇਬ 'ਤੇ ਕਾਫ਼ੀ ਭਾਰੀ ਪਵੇਗੀ- ਇਕ ਖ਼ਬਰ
-ਨਾਨੀ ਖ਼ਸਮ ਕਰੇ, ਦੋਹਤਾ ਚੱਟੀ ਭਰੇ।



*ਪਾਕਿ ਫੌਜ ਮੁਖੀ ਮੁਨੀਰ ਦੀ ਮੇਜ਼ਬਾਨੀ ਕਰੇਗਾ ਟਰੰਪ- ਇਕ ਖ਼ਬਰ
-ਨਵੇਂ ਨਵੇਂ ਮਿੱਤ, ਪੁਰਾਣੇ ਕੀਹਦੇ ਚਿੱਤ।

*ਸਵਿਸ ਬੈਂਕਾਂ 'ਚ ਭਾਰਤੀਆਂ ਦਾ ਪੈਸਾ ਤਿੰਨ ਗੁਣਾ ਵਧਿਆ- ਇਕ ਖ਼ਬਰ
-ਗੇਅਰ ਪੁੱਠਾ ਪੈ ਗਿਆ, ਪੈਸਾ ਆਉਣ ਦੀ ਬਜਾਇ ਜਾਣ ਲੱਗ ਪਿਆ।



*ਇਰਾਨ ਆਤਮ ਸਮਰਪਣ ਨਹੀਂ ਕਰੇਗਾ- ਖਾਮੇਨਾਈ
-ਗੱਲ ਸੋਚ ਕੇ ਕਰੀਂ ਠਾਣੇਦਾਰਾ, ਅਸਾਂ ਨਹੀਂ ਕਨੌੜ ਝੱਲਣੀ।




*ਖਾਮੇਨੇਈ ਦੇ ਖ਼ਾਤਮੇ ਦਾ ਵਕਤ ਆ ਗਿਆ ਹੈ- ਨੇਤਨਯਾਹੂ
-ਨਾ ਰਹੇ ਬਾਂਸ ਤੇ ਨਾ ਵੱਜੇ ਬੰਸਰੀ।

*36 ਹੋਰ ਦੇਸ਼ਾਂ ਦੀ ਐਂਟਰੀ ਅਮਰੀਕਾ ਲਈ ਹੋਵੇਗੀ ਬੰਦ- ਇਕ ਖ਼ਬਰ
-ਗ਼ਲੀਆਂ ਹੋ ਜਾਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।




*ਰੋਜ਼ੀ-ਰੋਟੀ ਚਲਾਉਣ ਲਈ ਕੁਝ ਤਾਂ ਕਰਨਾ ਜ਼ਰੂਰੀ ਹੈ- ਨਵਜੋਤ ਸਿੱਧੂ
-ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ।




*ਇਰਾਨ ਵਲੋਂ ਪ੍ਰਮਾਣੂੰ ਬੰਬ ਨਾ ਬਣਾਏ ਜਾਣ ਦੀ ਖ਼ੁਫ਼ੀਆ ਜਾਣਕਾਰੀ ਟਰੰਪ ਵਲੋਂ ਰੱਦ- ਇਕ ਖ਼ਬਰ
-ਚੰਦਰਾ ਸ਼ੌਕੀਨ ਹੋ ਗਿਆ, ਤੇੜ ਲਾ ਕੇ ਖੱਦਰ ਦਾ ਸਾਫ਼ਾ।



*ਕਾਂਗਰਸ ਦੇ ਕੁਝ ਆਗੂਆਂ ਤੋਂ ਮੇਰੀ ਰਾਇ ਵੱਖ ਹੈ- ਸ਼ਸ਼ੀ ਥਰੂਰ
-ਪਿਛਾਂਹ ਨੂੰ ਗੱਡੀ ਮੋੜ ਬਾਬਲਾ, ਮੇਰੇ ਹਾਣ ਦਾ ਮੁੰਡਾ ਨਾ ਕੋਈ।



*ਗਾਜ਼ਾ ਤੇ ਇਰਾਨ ਬਾਰੇ ਸਰਕਾਰ ਦੀ ਚੁੱਪ ਰੜਕਦੀ ਹੈ- ਸੋਨੀਆਂ ਗਾਂਧੀ
-ਕੁਝ ਬੋਲ ਵੇ ਦਿਲਾਂ ਦੀ ਘੁੰਡੀ ਖੋਲ੍ਹ ਵੇ।



*ਪਾਕਿਸਤਾਨ ਨੇ ਨੋਬੇਲ ਪੁਰਸਕਾਰ ਲਈ ਟਰੰਪ ਨੂੰ ਕੀਤਾ ਨਾਮਜ਼ਦ- ਇਕ ਖ਼ਬਰ
-ਮਿੱਤਰਾਂ ਦੀ ਜਾਕਟ 'ਤੇ, ਘੁੰਡ ਕੱਢ ਕੇ ਬੂਟੀਆਂ ਪਾਵਾਂ।



*ਅਸੀਂ ਇਰਾਨ 'ਤੇ ਅਮਰੀਕੀ ਹਮਲੇ 'ਚ ਸ਼ਾਮਲ ਨਹੀਂ ਪਰ ਸਾਨੂੰ ਪਹਿਲਾਂ ਤੋਂ ਜਾਣਕਾਰੀ ਸੀ- ਬ੍ਰਿਟੇਨ
-ਘੁੰਡ ਕੱਢਦੀ ਤਵੀਤ ਨੰਗਾ ਰੱਖਦੀ, ਛੜਿਆਂ ਦੀ ਹਿੱਕ ਲੂਹਣ ਨੂੰ।

* * * * * * *

# ਕਾਵਿ-ਕਿਆਰੀ

## ਟੁੱਟੇ ਦਿਲ ਦੀ ਹਾਕ ਨਈਂ ਸੁਣਦਾ

ਟੁੱਟੇ ਦਿਲ ਦੀ ਹਾਕ ਨਈਂ ਸੁਣਦਾ
ਉਹ ਸ਼ਾਹੇ-ਅਫ਼ਲਾਕ ਨਈਂ ਸੁਣਦਾ

ਦੁਨੀਆਂ ਦੁੱਖੜੇ ਸੁਣ ਲੈਂਦੀ ਏ
ਪਰ ਉਹੋ ਚਾਲਾਕ ਨਈਂ ਸੁਣਦਾ

ਜਿੰਨਾ ਮਰਜੀ ਰੌਲਾ ਪਾਵੇ
ਦਿਲ ਦੀ ਗੱਲ ਇਦਰਾਕ ਨਈਂ ਸੁਣਦਾ

ਵੈਸੇ ਸਮਝੋਂ ਬਾਹਰ ਏ ਇਹ ਗੱਲ
ਕੂਜ਼ਾਗਰ ਦੀ ਚਾਕ ਨਈਂ ਸੁਣਦਾ

ਕੀ ਚਾਹੁੰਦਾ ਏ ਖੋਲ੍ਹਣ ਵਾਲਾ
ਬੂਹੇ ਲੱਗਾ ਲਾਕ ਨਈਂ ਸੁਣਦਾ

ਜਿੰਨੀਆਂ ਗੱਲਾਂ ਤੂੰ ਕਰਨਾ ਐਂ
ਏਨੀਆਂ ਗੱਲਾਂ ਗਾਹਕ ਨਈਂ ਸੁਣਦਾ

ਬੁਸ਼ਰਾ ਸਿੱਧੀ ਪੱਧਰੀ ਗੱਲ ਏ
ਨਾ-ਪਾਕਾਂ ਦੀ ਪਾਕ ਨਈਂ ਸੁਣਦਾ

–ਬੁਸ਼ਰਾ ਨਾਜ਼

* * * *

## ਨੇਕੀ ਦੀ ਰਾਹ ਤੇ ਚੱਲ ਓ ਬੰਦਿਆ

ਨੇਕੀ ਦੀ ਰਾਹ ਤੇ ਚੱਲ ਓ ਬੰਦਿਆ,
ਖੌਰੇ ਕੀ ਹੋ ਜਾਣਾ ਅਗਲੇ ਪਲ ਓ ਬੰਦਿਆ।
ਲੜਾਈ, ਝਗੜੇ ਵਿੱਚ ਕੁਝ ਨਹੀਂ ਰੱਖਿਆ,
ਗੱਲਬਾਤ ਕਰਕੇ ਕਰ ਮਸਲੇ ਹੱਲ ਓ ਬੰਦਿਆ।
ਜਿਸ ਨੂੰ ਪੜ੍ਹ ਕੇ ਉਸ ਦਾ ਦਿਲ ਤੰਗ ਨਾ ਹੋਵੇ,
ਸੱਜਣ ਵੱਲ ਇਹੋ ਜਿਹਾ ਸੁਨੇਹਾ ਘੱਲ ਓ ਬੰਦਿਆ।
ਮਾਇਆ ਕਿਸੇ ਦੇ ਨਾਲ ਜਾਂਦੀ ਨਹੀਂ ਵੇਖੀ,
ਇਹ ਕੱਠੀ ਨਾ ਕਰ ਕਰਕੇ ਛੱਲ ਓ ਬੰਦਿਆ।
ਐਵੇਂ ਕਿਸੇ ਦੀ ਨਿੰਦਿਆ, ਚੁਗਲੀ ਕਰਕੇ,
ਆਪਣੇ ਮੂੰਹ ਤੇ ਕਾਲਖ ਨਾ ਮਲ ਓ ਬੰਦਿਆ।
ਦਸਾਂ ਨਹੁੰਆਂ ਦੀ ਕਿਰਤ ਕਰਕੇ ਰੋਟੀ ਖਾਹ,
ਕੋਈ ਕਰੇ ਨਾ ਉਂਗਲ ਤੇਰੇ ਵੱਲ ਓ ਬੰਦਿਆ।
ਤੇਰੇ ਕੀਤੇ ਕੰਮਾਂ ਦੀਆਂ ਲੋਕ ਗੱਲਾਂ ਕਰਨਗੇ,
ਜਦ ਤੂੰ ਇਸ ਜੱਗ ਚੋਂ ਪਿਆ ਚੱਲ ਓ ਬੰਦਿਆ।



ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

## ਪੱਖੀ

ਗਰਮੀ ਦੀ ਦੁਪਿਹਰ ਸੀ, 'ਤੇ ਚਿਲਕਦੀ ਧੁੱਪ ਸੀ,
ਪੱਤਾ ਵੀ ਨਾ ਹਿੱਲਦਾ ਸੀ, ਹੋਇਆ ਡਾਢਾ ਹੁੱਟ ਸੀ।


ਸੜਕ ਦੇ ਦੋਨੋਂ ਪਾਸੇ, ਸੰਘਣੇ ਬੜੇ ਰੁੱਖ ਸੀ,
ਗਰਮੀ ਤੋਂ ਬਚਣ ਦਾ, ਵਧੀਆ ਇਹ ਢੁੱਕ ਸੀ।

ਮੈਂ ਆਪਣੇ ਧਿਆਨ ਵਿੱਚ, ਛਾਵੇਂ ਟਹਿਲ ਰਿਹਾ ਸਾਂ,
ਕੁਦਰਤੀ ਇਕੱਲਤਾ ਦਾ, ਆਨੰਦ ਮਾਣ ਰਿਹਾ ਸਾਂ।

ਅਚਾਨਕ ਹੀ ਪਿੱਛੋਂ ਇੱਕ, ਯੁਵਤੀ ਜੋ ਆਈ ਸੀ,
ਹੱਥ ਵਿੱਚ ਪੱਖੀ, ਜਿਸ 'ਤੇ ਸੁੰਦਰ ਕਢਾਈ ਸੀ।

ਮੇਰੇ ਕੋਲ ਆਕੇ ਉਹਨੇ, ਬਾਂਹ 'ਚ ਬਾਂਹ ਪਾ ਲਈ,
ਤਸੱਲੀ ਵਾਲਾ ਹੌਕਾ ਲੈਕੇ, ਪੱਖੀ ਝੱਲ ਲਾ ਲਈ।

ਕਹਿਣ ਲੱਗੀ ਮੈਂ ਤੈਨੂੰ, ਸਾਲਾਂ ਤੋਂ ਹਾਂ ਜਾਣਦੀ,
ਮੰਨੇ ਤੂੰ ਭਾਵੇਂ ਨਾ, ਤੇਰੀ ਆਵਾਜ਼ ਹਾਂ ਪਛਾਣਦੀ।



ਰੇਡੀਓ 'ਤੇ ਤੇਰੇ ਮੈਂ, ਪ੍ਰੋਗਰਾਮ ਸਾਰੇ ਸੁਣੇ ਨੇ,
ਵਿਚਾਰ ਤੇਰੇ ਸੁਣ ਮੇਰੇ, ਸਿੱਧੇ ਪਏ ਗੁਣੇ ਨੇ।

ਮੇਰੀ ਸਾਰੀ ਜਿੰਦੜੀ ਹੀ, ਪਹਿਲਾਂ ਡਾਵਾਂ ਡੋਲ ਸੀ,
ਕਈ ਪੁੱਠੇ ਸਿੱਧੇ ਮੇਰੀ, ਜ਼ਿੰਦਗੀ ਦੇ ਘੋਲ਼ ਸੀ।

ਅਚਾਨਕ ਇੱਕ ਦਿਨ ਤੇਰਾ, ਸੁਣਿਆ ਵਿਚਾਰ ਸੀ,
ਜਿਸ ਤੋਂ ਹੌਲੀ ਹੌਲੀ, ਮੇਰਾ ਬਦਲਿਆ ਆਚਾਰ ਸੀ।

ਸੱਚ ਪੁੱਛੇਂ ਮੇਰੇ ਲਈ ਤੂੰ, ਬਣਿਆ ਮਸੀਹਾ ਸੀ,
'ਤੇ ਮੇਰੀ ਜ਼ਿੰਦਗੀ ਚੋਂ ਮੁੱਕ, ਗਿਆ ਹਰ ਤਸੀਹਾ ਸੀ।

ਚਾਹੁੰਦੀ ਸਾਂ ਮੈਂ ਤੈਨੂੰ ਮਿਲ, ਦੱਸ ਦੇਵਾਂ ਗੱਲ ਸਾਰੀ,
ਖੁਸ਼ੀ ਮੈਨੂੰ ਹੋਰ ਮਿਲੇ, ਜਾਵਾਂ ਤੈਥੋਂ ਬਲਿਹਾਰੀ।

ਮੇਰੇ ਧੰਨ ਭਾਗ ਅੱਜ, ਤੂੰ ਹੈਂ ਮੈਨੂੰ ਮਿਲ ਗਿਆ,
ਮੇਰੀ ਹਰ ਘਾਲਣਾ ਦਾ, ਫਲ ਅੱਜ ਪੱਲੇ ਪਿਆ।

ਤੇਰੇ ਅਹਿਸਾਨਾਂ ਦਾ, ਬਦਲਾ ਚੁਕਾਉਣ ਲਈ,
ਮੇਰੀ ਇਹ ਨਿਸ਼ਾਨੀ ਰੱਖ, ਮੇਰੀ ਯਾਦ ਆਉਣ ਲਈ।

ਫੜ ਲੈ ਇਹ ਪੱਖੀ, ਅਤੇ ਝੱਲੇਂਗਾ ਤੂੰ ਜਦੋਂ ਕਦੀ,
ਠੰਢੀ ਹਵਾ ਮੇਰੇ ਵਲੋਂ, ਆਏਗੀ ਫਿਰ ਬਦੋ ਬਦੀ।

ਇੰਨਾਂ ਕਹਿ ਕੇ ਸੁੰਦਰੀ ਉਹ, ਸੜਕ ਪਾਰ ਕਰ ਗਈ,
ਗੱਲਾਂ ਗੱਲਾਂ ਵਿੱਚ ਮੈਨੂੰ, ਠੰਢਾ ਠਾਰ ਕਰ ਗਈ।

ਪੱਖੀ ਹੱਥ ਫੜੀ ਖੜ੍ਹਾ, ਰਹਿ ਗਿਆ ਅਵਾਕ ਮੈਂ,
ਨਾ ਕੋਈ ਸਵਾਲ ਕੀਤਾ, ਨਾ ਦਿੱਤਾ ਕੋਈ ਜਵਾਬ ਮੈਂ।

ਸਕਤੇ ਵਿੱਚ ਆ ਕੇ ਮੈਂ, ਸੁੰਨ ਹੋਇਆ ਖੜ੍ਹਾ ਸੀ,
ਸੱਚਮੁੱਚ ਉਸ 'ਤੇ ਮੈਨੂੰ, ਤਰਸ ਆਇਆ ਬੜਾ ਸੀ।

ਤਰਸਵਾਨ ਅੱਖਾਂ ਤੋਂ, ਉਹ ਅਲੋਪ ਝੱਟ ਹੋ ਗਈ,
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।

ਰਵਿੰਦਰ ਸਿੰਘ ਕੁੰਦਰਾ ਕੌਵੈਂਟਰੀ ਯੂ ਕੇ

## ਮੈਂ ਕਵਿਤਾ ਮਾਰ ਮੁਕਾਉਣੀ

–ਨੀਰੂ ਜੱਸਲ

ਮੈਨੂੰ ਕਵਿਤਾ ਇਕ ਬਣਾ ਤਾ
ਮੈਨੂੰ ਅੱਧ ਵਿੱਚਕਾਰੋਂ ਢਾਹ ਤਾ
ਮੈਨੂੰ ਕੁੱਖ ਵਿੱਚ ਕਤਲ ਕਰਾ ਤਾ
ਮੈਨੂੰ ਕਿਹੜੇ ਖੂੰਜੇ ਲਾ ਤਾ
ਮੈਨੂੰ ਤੋੜ ਕੇ ਅੱਧ ਵਿੱਚਕਾਰੇ
ਹੁਣ ਕਵਿਤਾ ਵਿੱਚ ਨਿਖਾਰੇ
ਕਿਉਂ ਸ਼ਰਮ ਤੁਸਾਂ ਨੇ ਖੋਹੀ
ਨਾ ਸੁਣੀ ਮੇਰੀ ਅਰਜ਼ੋਈ

ਮੇਰਾ ਅੰਗ ਅੰਗ ਕੱਠਾ ਕਰਕੇ
ਸੀ ਵਿੱਚ ਲਿਫ਼ਾਫ਼ੇ ਪਾਇਆ
ਮੈਨੂੰ ਆਪਣੇ ਗੱਲ਼ ਤੋਂ ਲਾਹ ਕੇ
ਸੀ ਫੇਰ ਟਿਕਾਣੇ ਲਾਇਆ
ਫਿਰ ਸਭ ਤੋਂ ਉਹਲੇ ਜਾ ਕੇ
ਸੀ ਵਿੱਚ ਧਰਤ ਦਫ਼ਨਾਇਆ
ਨਾ ਸੁਣੀ ਮੇਰੀ ਅਰਜ਼ੋਈ
ਕਿਉਂ ਸ਼ਰਮ ਤੁਸਾਂ ਨੇ ਖੋਹੀ

ਮੈਨੂੰ ਖ਼ੁਰਦ ਬੁਰਦ ਜਿਉਂ ਕਰਤਾ
ਹੱਡੀਆਂ ਵਿੱਚ ਪਾਣੀ ਭਰਤਾ
ਮੇਰਾ ਲਹੂ ਵੀ ਜਾਵੇ ਚੋਈ
ਨਾ ਸੁਣੀ ਮੇਰੀ ਅਰਜ਼ੋਈ
ਕਿਉਂ ਸ਼ਰਮ ਤੁਸਾਂ ਨੇ ਖੋਹੀ

ਮੈਨੂੰ ਕਵਿਤਾ ਵਿੱਚ ਜੇ ਰੱਖਿਆ
ਮੈਂ ਪਾਉਣੀ ਵਿੱਚ ਦੁਹਾਈ
ਜਿਵੇਂ ਮੈਨੂੰ ਸੀ ਦਫ਼ਨਾਇਆ
ਮੈਂ ਕਵਿਤਾ ਇਹ ਦਫ਼ਨਾਉਣੀ
ਜਿਵੇਂ ਮੈਨੂੰ ਮਾਰ ਮੁਕਾਇਆ
ਮੈਂ ਕਵਿਤਾ ਮਾਰ ਮੁਕਾਉਣੀ
ਇਹ ਕਵਿਤਾ ਮਾਰ ਮੁਕਾਉਣੀ

* * * * * * * *

## ਜਮਾਨਤ ਜ਼ਬਤ ਪਾਰਟੀ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਆਸ ਜਿੱਤ ਦੀ ਆਸ਼ੂ ਨੂੰ ਬਹੁਤ ਹੈ ਸੀ
ਉਸਨੂੰ ਕਾਟੋ-ਕਲ਼ੇਸ ਨੇ ਮਾਰਿਆ ਈ।
ਬਿੱਟੂ-ਕਿਆਂ ਨੇ ਵੱਟ 'ਤੇ ਜਿੱਤ ਸਮਝੀ
ਜਗਾਹ 'ਤੀਸਰੇ' ਜਾ ਖਲ੍ਹਾਰਿਆ ਈ।
ਫੜਨਾ 'ਝਾੜੂ' ਮੈਂ ਛੱਡ ਕੇ ਕਮਲ-ਪੰਜਾ
ਹੈ ਲੁਧਿਆਣੇ ਨੇ ਇਉਂ ਵਿਚਾਰਿਆ ਈ।
'ਤਖਤ ਸਾਹਿਬ' ਤੋਂ ਹੋਏ ਭਗੌੜਿਆਂ ਨੂੰ
ਸਿੱਖ ਵੋਟਰਾਂ ਨੇ ਫਿਰ ਦੁਰਕਾਰਿਆ ਈ।
ਹੋਈ ਜਾ ਰਹੀਆਂ 'ਜ਼ਬਤ ਜਮਾਨਤਾਂ' ਜੀ
ਦੇਖੋ ਹਾਲ ਕੀ ਦਲ ਦੀ ਸਿਨੀਆਰਟੀ ਦਾ
ਬਾਦਲ ਦਲੀਆਂ ਨੂੰ ਟਿੱਚਰਾਂ ਕਰਨ ਲੋਕੀ
ਨਾਮ ਰੱਖ ਲਉ 'ਜੇ.ਜੇ.ਪੀ' ਪਾਰਟੀ ਦਾ !

-ਤਰਲੋਚਨ ਸਿੰਘ ਦੁਪਾਲ ਪੁਰ

# ਅਖ਼ਬਾਰਾਂ ਪੱਤਰਕਾਰੀ ਦੀ ਬੁਨਿਆਦ ਹਨ

ਪ੍ਰੋ: ਕੁਲਬੀਰ ਸਿੰਘ
9417153513



ਇਕ ਪ੍ਰਸਿੱਧ ਟੈਲੀਵਿਜ਼ਨ ਐਂਕਰ ਦੀ ਵੀਡੀਓ ਵੇਖ ਰਿਹਾ ਸਾਂ। ਉਹ ਕਹਿ ਰਿਹਾ ਸੀ ਅਖ਼ਬਾਰਾਂ ਪੱਤਰਕਾਰੀ ਦੀ ਬੁਨਿਆਦ ਹਨ। ਆਤਮਾ ਹਨ। ਜੇ ਤੁਸੀਂ ਖ਼ੁਦ ਨੂੰ ਅਪਡੇਟ ਰੱਖਣਾ ਚਾਹੁੰਦੇ ਹੋ ਤਾਂ ਅਖ਼ਬਾਰਾਂ ਤੋਂ ਬਿਹਤਰ ਕੋਈ ਮਾਧਿਅਮ ਨਹੀਂ। ਅਖ਼ਬਾਰਾਂ ਜਾਣਕਾਰੀ ਦੀ ਯੂਨੀਵਰਸਿਟੀ ਹਨ। ਇਹ ਗੱਲ ਹਰ ਕੋਈ ਮੰਨਦਾ ਸਮਝਦਾ ਹੈ। ਟੈਲੀਵਿਜ਼ਨ ਚੈਨਲਾਂ ਵਾਲੇ ਵੀ, ਡਿਜ਼ੀਟਲ ਮੀਡੀਆ ਵਾਲੇ ਵੀ, ਪਾਠਕ ਦਰਸ਼ਕ ਵੀ।

ਅੱਜ ਖ਼ਬਰਾਂ ਦੀ ਜਾਨ ਨਿਕਲ ਗਈ ਹੈ। ਖ਼ਬਰ ਕੇਵਲ ਅਖ਼ਬਾਰਾਂ ਵਿਚ ਵੀ ਬਚੀ ਹੈ। ਅਖ਼ਬਾਰ ਬਹੁਤ ਮਹੱਤਵਪੂਰਨ ਹੈ। ਡਿਜ਼ੀਟਲ ਤੋਂ ਇਕ ਸੁਰਖੀ ਪੜ੍ਹਕੇ ਲੋਕ ਸਮਝਦੇ ਹਨ ਕਿ ਖ਼ਬਰ ਪੜ੍ਹ ਲਈ ਹੈ। ਪਰ ਉਥੇ ਖ਼ਬਰ ਕਿੱਥੇ ਹੈ? ਖ਼ਬਰ ਤਾਂ ਅਖ਼ਬਾਰਾਂ ਦੇ ਪੰਨਿਆ 'ਤੇ ਪਈ ਹੈ।

ਅਖ਼ਬਾਰਾਂ ਨੀਂਹ ਦਾ ਪੱਥਰ ਅਤੇ ਪੱਤਰਕਾਰੀ ਦਾ ਆਧਾਰ ਇਸ ਲਈ ਵੀ ਹਨ ਕਿ ਇਹ ਖ਼ਬਰਾਂ, ਜਾਣਕਾਰੀ ਅਤੇ ਵਿਚਾਰਾਂ ਦੇ ਨਾਲ ਨਾਲ ਜ਼ਿੰਦਗੀ ਦੇ ਹਰੇਕ ਮਹੱਤਵਪੂਰਨ ਪੱਖ ਤੇ ਪਹਿਲੂ ਦੀ ਗੱਲ ਕਰਦੀਆਂ ਹਨ। ਲੋਕਾਂ ਨੂੰ ਜਾਗ੍ਰਿਤ ਕਰਦਿਆਂ ਸਹਿਜ ਢੰਗ ਨਾਲ ਸੰਤੁਲਿਤ ਜਾਣਕਾਰੀ ਮੁਹੱਈਆ ਕਰਦੀਆਂ ਹਨ।

ਅੱਜ ਹਰ ਕੋਈ ਹਰ ਵੇਲੇ ਵੱਖ ਵੱਖ ਤਰ੍ਹਾਂ ਦੀ ਪੱਤਰਕਾਰੀ ਦੇ ਸੰਪਰਕ ਵਿਚ ਹੈ। ਟੈਲੀਵਿਜ਼ਨ ਹੈ, ਰੇਡੀਓ ਹੈ, ਸੋਸ਼ਲ ਮੀਡੀਆ ਹੈ, ਅਖ਼ਬਾਰਾਂ ਹਨ, ਡਿਜ਼ੀਟਲ ਮੀਡੀਆ ਹੈ, ਮੈਗਜ਼ੀਨ ਹਨ, ਆਨਲਾਈਨ ਸ਼੍ਰੇਣੀ ਵਿਚ ਨਵੇਂ ਨਵੇਂ ਰੂਪ ਹੋਂਦ ਵਿਚ ਆ ਰਹੇ ਹਨ। ਅਸੀਂ ਸੂਚਨਾ-ਕ੍ਰਾਂਤੀ ਦੇ ਦੌਰ ਵਿਚ ਜੀਅ ਰਹੇ ਹਾਂ। ਪਰ ਕਿਸੇ ਮਾਹਿਰ ਦੁਆਰਾ ਅਖ਼ਬਾਰ ਵਿਚ ਲਿਖਿਆ ਗਿਆ ਆਰਟੀਕਲ ਅੱਜ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਪਹਿਲਾਂ ਹੁੰਦਾ ਸੀ। ਕਿਸੇ ਪ੍ਰਤੀਬੱਧ ਪੱਤਰਕਾਰ ਦੁਆਰਾ ਤਿਆਰ ਕੀਤੀ ਗਈ ਅਖ਼ਬਾਰ ਦੀ ਸੁਰਖੀ ਤੇ ਸਟੋਰੀ ਓਨੀ ਹੀ ਅਹਿਮ ਹੈ ਜਿੰਨੀ ਦਹਾਕਿਆਂ ਪਹਿਲਾਂ ਹੁੰਦੀ ਸੀ।

ਅਖ਼ਬਾਰੀ ਪੱਤਰਕਾਰੀ ਭਰੋਸੇ 'ਤੇ ਵਿਸ਼ਵਾਸ 'ਤੇ ਟਿਕੀ ਹੈ। ਨੈਤਿਕ ਕਦਰਾਂ-ਕੀਮਤਾਂ, ਮਰਯਾਦਾ ਅਤੇ ਭਰੋਸੇਯੋਗਤਾ ਦੇ ਥੰਮ੍ਹ ਇਸਦਾ ਮਜ਼ਬੂਤ ਸਹਾਰਾ ਹਨ। ਸਟੀਕਤਾ ਨਿਰਪੱਖਤਾ, ਪਾਰਦਰਸ਼ਤਾ ਤੇ ਜਵਾਬਦੇਹੀ ਇਨ੍ਹਾਂ ਥੰਮ੍ਹਾਂ ਦੀਆਂ ਸ਼ਾਖਾਵਾਂ ਦੀ ਭੂਮਿਕਾ ਨਿਭਾਉਂਦੇ ਹਨ। ਸੰਪਾਦਕੀ ਨੀਤੀ ਅਖ਼ਬਾਰਾਂ ਦੀ ਸ਼ਕਤੀ ਬਣਦੀ ਹੈ। ਸੂਚਨਾ-ਕ੍ਰਾਂਤੀ ਦੇ ਇਸ ਦੌਰ ਵਿਚ ਭਰੋਸੇਯੋਗਤਾ ਬੜੀ ਵੱਡੀ ਤਾਕਤ ਹੈ।

ਇਕ ਪਾਸੇ ਪੱਤਰਕਾਰੀ ਦੀ ਮਰਯਾਦਾ ਹੈ ਦੂਸਰੇ ਪਾਸੇ ਫਰਜ਼ੀ ਖ਼ਬਰਾਂ ਦਾ ਬੋਲਬਾਲਾ ਹੈ। ਉਲਾਰ ਤੇ ਪੱਖਪਾਤੀ ਰੁਝਾਨ ਹੈ। ਤਰ੍ਹਾਂ ਤਰ੍ਹਾਂ ਦੇ ਦਬਾਅ ਹਨ। ਤਰ੍ਹਾਂ ਤਰ੍ਹਾਂ ਦੀਆਂ ਚੁਣੌਤੀਆਂ ਹਨ। ਇਸ ਸੱਭ ਕੁਝ ਦੇ ਬਾਵਜੂਦ ਅਖ਼ਬਾਰਾਂ ਸਮਾਜ ਪ੍ਰਤੀ, ਲੋਕਾਂ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾ ਰਹੀਆਂ ਹਨ।

ਤਕਨੀਕ ਦੇ ਇਸ ਦੌਰ ਵਿਚ ਅਖ਼ਬਾਰਾਂ ਵੀ ਤਕਨੀਕੀ ਤੌਰ 'ਤੇ ਬਹੁਤ ਤਰੱਕੀ ਕਰ



ਗਈਆਂ ਹਨ। ਡਾਟਾ ਐਨਾਲਿਟਿਕਸ ਅਤੇ ਡਿਜ਼ੀਟਲ ਪਲੇਟਫਾਰਮ ਜਿਹੀਆਂ ਅਤਿ-ਆਧੁਨਿਕ ਸਹੂਲਤਾਂ ਦੀ ਆਮਦ ਨਾਲ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ। ਅਜੋਕੇ ਡਿਜ਼ੀਟਲ ਸਮਿਆਂ ਵਿਚ ਅਖ਼ਬਾਰਾਂ ਨੂੰ ਪ੍ਰਸੰਗਕ ਤੇ ਪ੍ਰਭਾਵੀ ਬਣਾਈ ਰੱਖਣ ਲਈ ਲੋੜੀਂਦੇ ਬਦਲਾਅ ਜ਼ਰੂਰੀ ਹੋ ਗਏ ਹਨ।

ਇੰਟਰਨੈਟ ਅਤੇ ਐਪ ਦੀ ਸਹੂਲਤ ਨਾਲ ਅਖ਼ਬਾਰਾਂ ਅੱਜ ਦੇਸ਼ ਅਤੇ ਦੁਨੀਆਂ ਦੇ ਪਾਠਕਾਂ ਤੱਕ ਪਹੁੰਚ ਰਹੀਆਂ ਹਨ। ਆਨਲਾਈਨ ਅਡੀਸ਼ਨ ਕਿਉਂ ਕਿ ਪੂਰੀ ਦੁਨੀਆਂ ਤੱਕ ਪਹੁੰਚਦਾ ਹੈ ਇਸ ਲਈ ਉਸਦੇ ਪਾਠਕਾਂ ਦਾ ਦਾਇਰਾ ਤੇਜ਼ੀ ਨਾਲ ਵਧ ਰਿਹਾ ਹੈ। ਅਖ਼ਬਾਰਾਂ ਸਥਾਨਕ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਲੋਕਾਂ ਦੀ ਰਾਏ ਨੂੰ ਪ੍ਰਭਾਵਤ ਕਰਨ, ਬਦਲਣ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ।

ਅਖ਼ਬਾਰਾਂ ਸਮਾਜਕ, ਸਭਿਆਚਾਰਕ, ਪਰਿਵਾਰਕ ਅਤੇ ਰਾਜਨੀਤਕ ਮੁੱਦਿਆਂ ਮਸਲਿਆਂ 'ਤੇ ਸੰਜੀਦਾ ਤੇ ਸੰਤੁਲਿਤ ਵਿਚਾਰ-ਚਰਚਾ ਕਰਵਾਉਣ ਵਿਚ ਵੀ ਅੱਗੇ ਹਨ। ਪਾਠਕ ਇਨ੍ਹਾਂ ਨਾਲ ਭਾਵਨਾਤਮਕ ਪੱਧਰ 'ਤੇ ਇਕ ਸਾਂਝ, ਇਕ ਜੁੜਾਅ ਮਹਿਸੂਸ ਕਰਦੇ ਹਨ।

ਇਸ਼ਤਿਹਾਰਬਾਜ਼ੀ ਪੱਖੋਂ ਵੀ ਹੋਰ ਕੋਈ ਮਾਧਿਅਮ ਅਖ਼ਬਾਰਾਂ ਜਿੰਨਾ ਕਾਰਗਰ ਤੇ ਪ੍ਰਭਾਵਸ਼ਾਲੀ ਨਹੀਂ ਕਿਉਂ ਕਿ ਅਖ਼ਬਾਰ ਸਿੱਧੀ ਸੰਬੰਧਤ ਖਿੱਤੇ ਅਤੇ ਲੋਕਾਂ ਤੱਕ ਪਹੁੰਚ ਯਕੀਨੀ ਬਣਾਉਂਦੀ ਹੈ। ਮਨੁੱਖੀ ਮਨ 'ਤੇ ਜੋ ਪ੍ਰਭਾਵ ਲਿਖਤੀ ਸਮੱਗਰੀ ਦਾ ਪੈਂਦਾ ਹੈ ਉਹ ਸਕਰੀਨ ਤੇ ਵੇਖਣ ਪੜ੍ਹਨ ਨਾਲ ਨਹੀਂ ਪੈਂਦਾ। ਅਖ਼ਬਾਰ ਦੀ ਪਹੁੰਚ ਉਨ੍ਹਾਂ ਲੋਕਾਂ ਤੱਕ ਵੀ ਹੁੰਦੀ ਹੈ ਜਿਹੜੇ ਤਕਨੀਕੀ ਮੁਹਾਰਤ ਨਹੀਂ ਰੱਖਦੇ। ਜਿਹੜੇ ਇੰਟਰਨੈਟ, ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਦੇ।

ਪ੍ਰਿੰਟ ਰੂਪ ਵਿਚ ਸਮੱਗਰੀ ਨੂੰ ਪੜ੍ਹਨਾ, ਸਮਝਣਾ ਤੇ ਸੰਭਾਲਣਾ ਆਸਾਨ ਹੁੰਦਾ ਹੈ। ਆਰਾਮਦਾਇਕ ਹੁੰਦਾ ਹੈ। ਚੰਗਾ ਲੱਗਦਾ ਹੈ।ਅਜੋਕੇ ਡਿਜ਼ੀਟਲ ਦੌਰ ਵਿਚ ਅਖ਼ਬਾਰਾਂ ਦੀ ਸਫ਼ਲਤਾ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਹਮਣੇ ਆਈਆਂ ਹਨ। 'ਦਾ ਨਿਊਯਾਰਕ ਟਾਈਮਜ਼' ਅਜਿਹੀ ਅਖ਼ਬਾਰ ਹੈ ਜਿਸਨੇ ਪ੍ਰਿੰਟ ਰੂਪ ਵਿਚ ਵੀ ਆਪਣੀ ਸਰਕੂਲੇਸ਼ਨ ਨੂੰ ਬਰਕਰਾਰ ਰੱਖਿਆ ਹੈ ਅਤੇ

**ਇਸ਼ਤਿਹਾਰਬਾਜ਼ੀ ਪੱਖੋਂ ਵੀ ਹੋਰ ਕੋਈ ਮਾਧਿਅਮ ਅਖ਼ਬਾਰਾਂ ਜਿੰਨਾ ਕਾਰਗਰ ਤੇ ਪ੍ਰਭਾਵਸ਼ਾਲੀ ਨਹੀਂ ਕਿਉਂ ਕਿ ਅਖ਼ਬਾਰ ਸਿੱਧੀ ਸੰਬੰਧਤ ਖਿੱਤੇ ਅਤੇ ਲੋਕਾਂ ਤੱਕ ਪਹੁੰਚ ਯਕੀਨੀ ਬਣਾਉਂਦੀ ਹੈ। ਮਨੁੱਖੀ ਮਨ 'ਤੇ ਜੋ ਪ੍ਰਭਾਵ ਲਿਖਤੀ ਸਮੱਗਰੀ ਦਾ ਪੈਂਦਾ ਹੈ ਉਹ ਸਕਰੀਨ ਤੇ ਵੇਖਣ ਪੜ੍ਹਨ ਨਾਲ ਨਹੀਂ ਪੈਂਦਾ। ਅਖ਼ਬਾਰ ਦੀ ਪਹੁੰਚ ਉਨ੍ਹਾਂ ਲੋਕਾਂ ਤੱਕ ਵੀ ਹੁੰਦੀ ਹੈ ਜਿਹੜੇ ਤਕਨੀਕੀ ਮੁਹਾਰਤ ਨਹੀਂ ਰੱਖਦੇ। ਜਿਹੜੇ ਇੰਟਰਨੈਟ, ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਦੇ।**

**ਪ੍ਰਿੰਟ ਰੂਪ ਵਿਚ ਸਮੱਗਰੀ ਨੂੰ ਪੜ੍ਹਨਾ, ਸਮਝਣਾ ਤੇ ਸੰਭਾਲਣਾ ਆਸਾਨ ਹੁੰਦਾ ਹੈ। ਆਰਾਮਦਾਇਕ ਹੁੰਦਾ ਹੈ। ਚੰਗਾ ਲੱਗਦਾ ਹੈ।ਅਜੋਕੇ ਡਿਜ਼ੀਟਲ ਦੌਰ ਵਿਚ ਅਖ਼ਬਾਰਾਂ ਦੀ ਸਫ਼ਲਤਾ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਹਮਣੇ ਆਈਆਂ ਹਨ।**

ਆਨਲਾਈਨ ਪਾਠਕ-ਗਿਣਤੀ ਨੂੰ ਵੀ ਲਗਾਤਾਰ ਵਧਾਇਆ ਹੈ।

ਅੱਜ ਦੇ ਤੇਜ਼ ਤਰਾਰ ਤਕਨੀਕੀ ਸਮੇਂ ਵਿਚ ਭਾਵੇਂ ਡਿਜ਼ੀਟਲ ਮੀਡੀਆ ਦੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰੰਤੂ ਪ੍ਰਿੰਟ ਮੀਡੀਆ ਦੀ ਭੂਮਿਕਾ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਦਰਅਸਲ ਸਮਾਂ ਦੋਹਾਂ ਦੇ ਸੁਮੇਲ ਦਾ ਹੈ। ਡਿਜ਼ੀਟਲ ਮੀਡੀਆ 'ਤੇ ਇਕ ਪੰਛੀ ਝਾਤ ਮਾਰਨ ਬਾਅਦ ਵਿਸਥਾਰ ਤੇ ਅਸਲੀਅਤ ਜਾਨਣ ਲਈ ਅਖ਼ਬਾਰ ਦੇ ਪੰਨਿਆ 'ਤੇ ਜਾਣਾ ਪੈਂਦਾ ਹੈ। ਇੰਝ ਕਰਕੇ ਹੀ ਅਸੀਂ ਖ਼ਬਰ ਨੂੰ, ਦੁਨੀਆਂ ਨੂੰ ਸਹੀ ਤਰ੍ਹਾਂ ਸਮਝ ਸਕਦੇ ਹਾਂ।

# ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਦੇ ਪੰਜਾਬੀ ਸਕੂਲ ਦੇ ਬੱਚਿਆਂ ਦਾ ਇੱਕ ਰੋਜ਼ਾ ਖੇਡ ਮੇਲਾ ਕਰਵਾਇਆ ਗਿਆ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਬੱਚਿਆਂ ਨੂੰ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਨਾਲ ਜੋੜਨ ਲਈ ਗਲਾਸਗੋ ਦੇ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਅਲਬਰਟ ਡਰਾਈਵ ਵਿੱਚ ਪੰਜਾਬੀ ਸਕੂਲ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 250 ਤੋਂ ਵੱਧ ਸਕਾਟਲੈਂਡ ਦੇ ਜੰਮਪਲ ਬੱਚੇ ਪੜ ਰਹੇ ਹਨ। ਇਸ ਦੇ ਨਾਲ ਹੀ ਬੱਚਿਆਂ ਦੀ ਮਾਨਸਿਕ ਤੰਦਰੁਸਤੀ ਦੇ ਨਾਲ ਸਰੀਰਕ ਤੰਦਰੁਸਤੀ ਲਈ ਵੀ ਸਮੇਂ ਸਮੇਂ ਪੰਜਾਬੀ ਸਕੂਲ ਵੱਲੋਂ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਸੰਦਰਭ ਵਿੱਚ ਅੱਜ ਗੁਰਦੁਆਰਾ ਸਾਹਿਬ ਦੀ ਕਾਰ ਪਾਰਕ ਵਿੱਚ ਬੱਚਿਆਂ ਦੀ ਇੱਕ ਦਿਨਾਂ ਖੇਡ ਸਰਗਰਮੀ ਕਰਵਾਈ ਗਈ। ਜਿਸ ਵਿੱਚ 4 ਸਾਲ ਤੋਂ 16 ਸਾਲ ਦੇ 100 ਤੋ ਵੱਧ ਬੱਚਿਆਂ ਨੇ ਹਿੱਸਾ ਲਿਆ। ਇਸ ਦੌਰਾਨ ਫੁੱਟਬਾਲ, ਵਾਲੀਬਾਲ, ਹੁੱਲਾ ਹੂਪਸ, ਆਂਡਾ ਤੇ ਚਮਚਾ, ਬਾਸਕਿਟਬਾਲ, ਰਿਲੇਅ ਦੌੜ, ਤੀਰ-ਅੰਦਾਜੀ, ਟੇਬਲ ਟੈਨਿਸ, ਰੱਸਾਕੱਸੀ, ਤੀਰ-ਅੰਦਾਜੀ,ਰੱਸੀ ਟੱਪਣਾ, ਕੋਟਲਾ ਛਪਾਕੀ, ਖੋ-ਖੋ, ਪਿੱਠੂ ਗਰਮ, ਰਿੰਗ ਟਾਸ, ਮਿੰਨੀ ਗੌਲਫ, ਰੁਕਾਵਟ ਕੋਰਸ, ਕਾਰ ਵਾਸ਼ ਰਿਲੇਅ ਅਤੇ ਹੋਰ ਕਈ ਛੋਟੀਆਂ ਖੇਡਾਂ ਵਿੱਚ ਬੱਚਿਆਂ ਨੇ ਸਰਗਰਮੀ ਨਾਲ ਭਾਗ ਲਿਆ। ਪੰਜਾਬੀ ਸਕੂਲ ਦੀ ਮੁੱਖ ਪ੍ਰਬੰਧਕ ਦਲਜੀਤ ਕੌਰ ਦਿਲਬਰ, ਅਧਿਆਪਕ ਗੁਰਦੇਵ ਸਿੰਘ, ਹਰਪ੍ਰੀਤ ਕੌਰ, ਜਸਪ੍ਰੀਤ ਕੌਰ, ਰਣਜੀਤ ਕੌਰ ਹੇਅਰ, ਗੁਰਦੀਪ ਕੌਰ, ਰਮਨ ਕੌਰ ਕੋਹਲੀ, ਦਲਬੀਰ ਕੌਰ ਵੜੈਚ, ਜਸਵੀਰ ਕੌਰ ਗਿੱਡਾ, ਮੀਨਾ ਕੌਰ, ਕਿਰਨਜੀਤ ਕੌਰ, ਜਸਵੀਰ ਕੌਰ ਮਾਨ, ਆਵਨੀ ਗਿੱਲ, ਨਵਦੀਪ ਕੌਰ ਗਿੱਲ, ਹਰਲੀਨ, ਤਮੰਨਾ ਕੌਰ, ਕਿਰਨ ਕੌਰ, ਰੂਪ ਕੌਰ, ਹਰਵਿੰਦਰ ਕੌਰ, ਮਹਿਕ ਕੌਰ, ਸ਼ਰਨ ਕੌਰ, ਜੀਵਨ, ਰਜਿੰਦਰ ਧਾਮੀ, ਸੁੱਖੀ ਔਜਲਾ, ਪ੍ਰੀਤਿਕਾ ਸਮਰਾ, ਰੋਮਾ ਗਿੱਲ, ਜਸਕਰਨ ਕੌਰ, ਕੋਮਲਪ੍ਰੀਤ ਕੌਰ, ਪਰਮਿੰਦਰ ਸੁੰਨੜ, ਜੋਤੀ ਢਿੱਲੋਂ ਵਿਰਹਿਆ ਅਤੇ ਤਰਲੋਚਨ ਮੁਠੱਡਾ ਆਦਿ ਦੀ ਮਿਹਨਤ ਅਤੇ ਗੁਰਦੁਆਰਾ ਸਾਹਿਬ ਦੀ ਕਮੇਟੀ, ਖੇਡ ਪ੍ਰਬੰਧਕਾਂ, ਸੇਵਾਦਾਰਾਂ ਦੀ ਮਿਹਨਤ ਸਦਕਾ ਇਸ ਖੇਡ ਸਰਗਰਮੀ ਦਿਨ ਨੂੰ ਸਫਲ ਬਣਾਇਆ ਜਾ ਸਕਿਆ।

**ਬਾ-ਮੁਲਾਹਜਾ ਹੋਸ਼ਿਆਰ !**

# ਭਾਈ ਗੜਗੱਜ ਦੀ 'ਸੰਤੁਸ਼ਟੀ' ਕਿਤੇ ਬਰਾਸਤਾ 'ਗੁਰਬਚਨ ਸਿੰਘ ਮੁਆਫੀ' ਤੋਂ ਫਖਰੇ-ਕੌਮ ਦੀ ਵਾਪਸੀ ਤੱਕ ਨਾ ਪਹੁੰਚ ਜਾਵੇ ! - ਦੁਪਾਲ ਪੁਰ

ਸੈਨਹੋਜ਼ੇ (ਪੱਤਰ-ਪ੍ਰੇਰਕ)-ਲੰਘੇ 22 ਜੂਨ ਦੀਆਂ ਅਖਬਾਰਾਂ ਵਿਚ ਛਪੀ ਖਬਰ ਕਿ ਸੌਦਾ ਸਾਧ ਮੁਆਫੀ-ਨਾਮਾ ਕਾਂਡ ਵਿਚ ਗਿਆਨੀ ਗੁਰਬਚਨ ਸਿੰਘ ਦੇ ਸਾਥੀ ਰਹੇ ਗਿਆਨੀ ਗੁਰਮੁਖ ਸਿੰਘ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਬਹਾਲ ਕਰ ਦਿੱਤਾ ਗਿਆ ਹੈ, ਉੱਤੇ ਟਿੱਪਣੀ ਕਰਦਿਆਂ ਪ੍ਰਵਾਸੀ ਪੰਜਾਬੀ ਲੇਖਕ ਭਾਈ ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਾਲਸਾ ਪੰਥ ਨੂੰ ਆਗਾਹ ਕੀਤਾ ਹੈ ਕਿ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਹੜੀ ਸੰਤੁਸ਼ਟੀ ਪ੍ਰਗਟਾਉਂਦਿਆਂ, ਤਨਖਾਹੀਏ ਕਰਾਰ ਦਿੱਤੇ ਗਏ ਗਿਆਨੀ ਗੁਰਮੁਖ ਸਿੰਘ ਨੂੰ ਬਹਾਲ ਕੀਤਾ ਹੈ, ਕਿਤੇ ਇਹ 'ਸੰਤੁਸ਼ਟੀ' ਵਧਦੀ ਵਧਦੀ ਗਿਆਨੀ ਗੁਰਬਚਨ ਸਿੰਘ ਨੂੰ ਮੁਆਫ ਕਰਦੀ ਹੋਈ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਏ ਗਏ ਫਖਰੇ-ਕੌਮ ਐਵਾਰਡ ਦੀ ਮੁੜ ਵਾਪਸੀ ਤੱਕ ਨਾ ਜਾ ਪਹੁੰਚੇ !

ਆਪਣੇ ਲਿਖਤੀ ਬਿਆਨ ਵਿਚ ਭਾਈ ਦੁਪਾਲ ਪੁਰ ਨੇ ਸਿੱਖ ਸੰਗਤ ਨੂੰ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਆਦੇਸ਼ਾਂ ਵੱਲ ਧਿਆਨ ਦਿਵਾਉਂਦਿਆਂ ਸਨਿਮਰ ਬੇਨਤੀ ਕੀਤੀ ਹੈ ਕਿ ਉਸ ਇਤਿਹਾਸਕ ਦਿਨ ਪੰਜ ਸਿੰਘ ਸਾਹਿਬਾਨ ਨੇ ਗਿਆਨੀ ਗੁਰਬਚਨ ਸਿੰਘ ਦੇ ਨਾਲ ਹੀ ਭਾਈ ਗੁਰਮੁਖ ਸਿੰਘ ਵਲੋਂ ਆਏ ਲਿਖਤੀ ਸਪਸ਼ਟੀਕਰਨਾਂ ਨੂੰ ਅਸਵੀਕਾਰ ਕਰਦਿਆਂ ਇਨ੍ਹਾਂ ਦੋਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੁੜ ਪੇਸ਼ ਹੋਣ ਲਈ ਕਿਹਾ ਗਿਆ ਸੀ। ਪਰ ਸਤਿਕਾਰਤ ਤਖਤਾਂ ਉੱਤੇ ਵਰਤੀ ਬਾਦਲ-ਗਰਦੀ ਤੋਂ ਬਾਅਦ ਦੋ ਦਸੰਬਰ ਵਾਲੇ



ਸਿੰਘ ਸਾਹਿਬਾਨ ਨੂੰ ਬਦਲ ਕੇ ਭਾਈ ਗੜਗੱਜ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ, ਜਿਨ੍ਹਾਂ ਨੇ ਦੋ ਦਸੰਬਰ ਦੀ ਕਾਰਵਾਈ ਨੂੰ ਅਣਡਿੱਠ ਕਰਕੇ 'ਉਤਲਿਆਂ' ਦੀਆਂ ਇੱਛਾਵਾਂ ਪੂਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਾਪਦੀਆਂ ਹਨ।

ਭਾਈ ਦੁਪਾਲ ਪੁਰ ਨੇ ਬਿਆਨ ਦੇ ਅਖੀਰ ਵਿਚ ਲਿਖਿਆ ਹੈ ਕਿ ਬੇਸ਼ੱਕ ਦੇਸ਼ ਵਿਦੇਸ਼ ਵਿਚ ਵਸਦਾ ਸਿੱਖ ਜਗਤ ਪੰਥਕ ਕੇਂਦਰ ਉੱਤੇ ਵਰਤ ਰਹੇ ਬਾਦਲ-ਸ਼ਾਹੀ ਦੇ ਕਾਰਿਆਂ ਨੂੰ ਬਾਜ਼ ਨਜ਼ਰ ਦੇਖਦਾ ਆ ਰਿਹਾ ਹੈ ਫਿਰ ਵੀ ਕੌਮ ਦਰਦੀ ਹੋਣ ਨਾਤੇ ਪੰਥ ਨੂੰ ਆਗਾਹ ਕਰਦਿਆਂ ਸਨਿਮਰ ਅਰਜ ਕਰਦਾ ਹਾਂ ਕਿ ਜਥੇਦਾਰ ਸਾਹਿਬਾਨ ਦੀ ਕਥਿਤ ਅਦਲਾ-ਬਦਲੀ ਦੇ ਰਾਜ ਰੌਲ਼ੇ ਵਿਚ ਭਾਈ ਗੜਗੱਜ ਦੀ 'ਗਰਜ' ਕਿਤੇ ਬਾਦਲੀ-ਮਿਸ਼ਨ ਨੂੰ ਪੂਰਿਆਂ ਨਾ ਕਰ ਦੇਵੇ। ਇਹ ਵੀ ਖਦਸ਼ਾ ਹੈ ਕਿ ਇਹ 'ਸਾਜ਼ਿਸ਼ੀ ਸਿਲਸਿਲਾ' ਚਲਦਾ ਚਲਦਾ ਕਿਤੇ ਪੰਜ ਮੈਂਬਰੀ ਭਰਤੀ ਕਮੇਟੀ ਦਾ ਖਾਤਮਾ ਕਰਾਉਣ ਤੱਕ ਨਾ ਪਹੁੰਚ ਜਾਵੇ !

# ਮੌਕਾ-ਮੇਲ਼ ਮੁਤਾਬਕ ਦੋ ਮਿਸਾਲਾਂ

ਤਰਲੋਚਨ ਸਿੰਘ ਦੁਪਾਲ ਪੁਰ
78146-92724



ਧਾਰਮਿਕ ਪ੍ਰਵਚਨ ਕਰ ਰਹੇ ਰਹਿਬਰ ਦੇ ਇਕ ਚੇਲੇ ਬਾਲਕੇ ਨੇ ਸਵਾਲ ਕੀਤਾ ਕਿ ਆਪ ਜੀ ਕਹਿੰਦੇ ਹੋ ਕਿ ਹਰ ਵਿਅਕਤੀ ਨੂੰ ਆਪਣੇ ਕਰਮਾਂ ਦਾ ਫਲ਼ ਅਵੱਸ਼ ਭੋਗਣਾ ਪੈਂਦਾ ਹੈ। ਪਰ ਜਦ ਕਿਤੇ ਵਾਪਰੀ ਇਕ ਹੀ ਭਿਆਨਕ ਦੁਰਘਟਨਾ ਵਿਚ ਬਹੁਤ ਸਾਰੇ ਵਿਅਕਤੀ ਮਾਰੇ ਜਾਂਦੇ ਹਨ ਤਾਂ ਕੀ ਮਾਰੇ ਗਏ ਉਨ੍ਹਾਂ ਸਾਰੇ ਵਿਅਕਤੀਆਂ ਦੇ ਕਰਮ ਇਕੋ ਜਿਹੇ ਹੋਣਗੇ ਜੋ ਉਨ੍ਹਾਂ ਸਾਰਿਆਂ ਨੂੰ ਇਕੋ ਜਿਹਾ ਫਲ਼ (ਜਾਂ ਸਜ਼ਾ ਕਹਿ ਲਉ) ਮਿਲਦਾ ਜਾਂਦਾ ਹੋਵੇ ਗਾ ? ਅਜਿਹਾ ਤਾਂ ਮੰਨਣ ਵਿਚ ਨਹੀਂ ਆਉਂਦਾ ਕਿ ਕਿਸੇ ਇਕ ਜਗਾਹ ਜਾਨ ਗਵਾ ਗਏ ਸਾਰੇ ਜੀਆਂ ਨੇ ਹੀ ਕੋਈ ਇਕੋ ਜਿਹਾ ਕਰਮ ਕੀਤਾ ਹੋਇਆ ਹੋਵੇ ਗਾ ਜਿਹਦੇ ਕਰਕੇ ਉਹ ਸਾਰੇ ਜਣੇ ਇਕੋ ਵੇਲੇ ਮੌਤ ਦੇ ਮੂੰਹ 'ਚ ਜਾ ਪਏ ?

ਰਹਿਬਰ ਨੇ ਆਪਣੇ ਚੇਲੇ ਦੇ ਇਨ੍ਹਾਂ ਸਵਾਲਾਂ ਦਾ ਕੋਈ ਸਿੱਧਾ ਜਵਾਬ ਦੇਣ ਦੀ ਬਜਾਏ ਉਸਦੇ ਪੱਟ ਉੱਤੇ ਮਲਕੜੇ ਜਿਹੇ ਸਰ੍ਹੋਂ ਦੇ ਤੇਲ ਵਾਲਾ ਇਕ ਛੋਟਾ ਫੰਬ੍ਹਾ ਰੱਖ ਦਿੱਤਾ। ਕੁੱਝ ਚਿਰ ਉੱਥੇ ਹੋਰ ਗੱਲਾਂ ਬਾਤਾਂ ਚੱਲਣ ਲੱਗ ਪਈਆਂ। ਲਾਗੇ ਹੀ ਬੈਠੇ ਉਕਤ ਸਵਾਲ ਕਰਨ ਵਾਲ਼ੇ ਚੇਲੇ ਨੇ ਅਚਾਨਕ ਫੰਬ੍ਹੇ ਉੱਤੇ ਜ਼ੋਰ ਦੀ ਹੱਥ ਮਾਰਿਆ। ਰਹਿਬਰ ਨੇ ਉਸਨੂੰ ਪੁਛਿਆ ਕਿ ਕੀ ਹੋਇਆ ਭਾਈ ? ਕਹਿੰਦਾ ਜੀ ਕੀੜੀ ਲੜ ਗਈ ਸੀ ਮੇਰੇ। ਫੰਬ੍ਹੇ ਦੁਆਲ਼ੇ 'ਕੱਠੀਆਂ ਹੋਈਆਂ ਕਈ ਕੀੜੀਆਂ ਮਰ ਗਈਆਂ ਦੇਖ ਕੇ ਰਹਿਬਰ ਬੋਲੇ-

"ਭਾਈ ਤੇਰੇ ਕੀੜੀ ਤਾਂ ਇਕ-ਅੱਧ ਹੀ ਲੜੀ ਹੋਵੇ ਗੀ ਪਰ ਤੈਂ ਹੱਥ ਮਾਰ ਕੇ ਸਾਰੀਆਂ ਕਿਉਂ ਮਾਰ ਸੁੱਟੀਆਂ ?"

ਇਕ ਹਵਾਈ ਹਾਦਸੇ ਵਿਚ ਮਾਰੇ ਗਏ ਪਾਇਲਟ ਦੇ ਘਰੇ ਬਹੁਤ ਸਾਰੇ ਰਿਸ਼ਤੇਦਾਰ ਮਿੱਤਰ ਸਨੇਹੀ ਅਫਸੋਸ ਕਰਨ ਵਾਸਤੇ ਆਏ ਬੈਠੇ ਸਨ। ਸਵਰਗੀ ਪਾਇਲਟ ਦੀ ਅਭਾਗੀ ਪਤਨੀ ਅਤੇ ਉਸਦੇ ਬੱਚਿਆਂ ਨੂੰ ਭਾਣਾ ਮੰਨਣ ਦੇ ਨਾਲ ਨਾਲ ਹੌਂਸਲਾ ਰੱਖਣ ਲਈ ਮਿਸਾਲਾਂ ਦਿੱਤੀਆਂ ਜਾ ਰਹੀਆਂ ਸਨ।

ਚੱਲਦੀਆਂ ਗੱਲਾਂ ਵਿਚ ਇਕ ਸਿਆਣੇ ਸੱਜਣ ਨੇ ਪਾਇਲਟ ਦੇ ਨੌਜਵਾਨ ਬੇਟੇ ਨੂੰ ਸਹਿਵਨ ਪੁੱਛਿਆ ਕਿ ਅਜ ਕਲ ਕੀ ਕਰ ਰਹੇ ਹੋ ਬੇਟੇ ? ਬੇਟਾ ਨੇ ਦੱਸਿਆ ਕਿ ਮੇਰੀ ਪਾਇਲਟ ਦੀ ਟ੍ਰੇਨਿੰਗ ਮੁਕੰਮਲ ਹੋਣ ਵਾਲ਼ੀ ਹੈ ਜੀ। ਉਸ ਤੋਂ ਬਾਅਦ ਮੈਂ ਬਕਾਇਦਾ ਕਿਸੇ ਏਅਰ ਲਾਈਨ ਵਿਚ ਬਤੌਰ ਪਾਇਲਟ ਜੌਬ ਕਰਾਂ ਗਾ।

ਜੌਬ ਬਾਰੇ ਸਵਾਲ ਕਰਨ ਵਾਲੇ ਸੱਜਣ ਨੇ ਹੈਰਾਨੀ ਨਾਲ ਅੱਖਾਂ ਅੱਡਦਿਆਂ ਦੱਬਵੀਂ ਜ਼ੁਬਾਨੇ ਕਹਿ ਹੀ ਦਿੱਤਾ ਅਖੇ ਕਾਕਾ ਜੀ ਤੇਰਾ ਬਾਪ ਪਾਇਲਟ ਸੀ.....!

ਤੂੰ ਕੋਈ ਹੋਰ ਕੰਮ......!

ਉਸਨੂੰ ਟੋਕਦਿਆਂ ਬੇਟੇ ਨੇ ਸਵਾਲ ਕੀਤਾ-"ਸਰ ! ਤੁਹਾਡੇ ਪਿਤਾ ਜੀ ਦੀ ਮ੍ਰਿਤੂ ਕਿੱਥੇ ਹੋਈ ਸੀ ?"


ਜਵਾਬ ਮਿਲਿਆ-ਘਰੇ ਹੀ ਹੋਈ ਸੀ।

"ਫਿਰ ਤੁਸੀਂ ਉਹ ਘਰ ਛੱਡ ਦਿੱਤਾ ਸੀ ?" ਸਿਖਾਂਦਰੂ ਪਾਇਲਟ ਬੇਟੇ ਦਾ ਸਵਾਲ ਸੁਣ ਕੇ ਅਗਲਾ ਨਿਰੁੱਤਰ ਹੋ ਗਿਆ !

'ਆਗੈ ਦੇਖਉ ਡਉ ਜਲੈ
ਪਾਛੈ ਹਰਿਓ ਅੰਗੂਰ ॥' (ਸਿਰੀ ਰਾਗੁ ਮਹਲਾ ੧)

## ਮਿੰਨੀ ਕਹਾਣੀ

ਮਹਿੰਦਰ ਸਿੰਘ ਮਾਨ



## ਪੰਜਵਾਂ ਟਾਇਰ

ਸਕੂਲ ਵਿੱਚ ਵਿਦਿਆਰਥੀਆਂ ਦੇ ਸਤੰਬਰ ਟੈਸਟ ਦਾ ਅੱਜ ਪਹਿਲਾ ਦਿਨ ਸੀ। ਸਕੂਲ ਦੇ ਕੁੱਝ ਅਧਿਆਪਕ ਅੱਜ ਛੁੱਟੀ ਤੇ ਸਨ। ਛੇਵੀਂ ਤੋਂ ਦਸਵੀਂ ਤੱਕ ਪੰਜ ਕਲਾਸਾਂ ਸਨ ਤੇ ਹਰੇਕ ਕਲਾਸ ਵਿੱਚ 45 ਤੋਂ ਵੱਧ ਵਿਦਿਆਰਥੀ ਸਨ। ਸਕੂਲ ਮੁਖੀ ਨੇ ਹਾਜ਼ਰ ਅਧਿਆਪਕਾਂ ਨੂੰ ਆਖਿਆ, "ਸਤੰਬਰ ਟੈਸਟ ਦਾ ਅੱਜ ਪਹਿਲਾ ਦਿਨ ਆ ਤੇ ਕਈ ਅਧਿਆਪਕ ਅੱਜ ਛੁੱਟੀ ਤੇ ਆ। ਤੁਸੀਂ ਕੱਲਾ, ਕੱਲਾ ਇੱਕ ਇੱਕ ਕਲਾਸ ਨਿਗਰਾਨੀ ਵਾਸਤੇ ਲੈ ਲਉ। ਬੱਚਿਆਂ ਨੂੰ ਨਕਲ ਨਾ ਕਰਨ ਦਿਉ ਤੇ ਪੇਪਰ ਦੌਰਾਨ ਕੋਈ ਅਖਬਾਰ ਨਾ ਪੜ੍ਹਿਉ, ਪਲੀਜ਼।"

ਹਿੰਦੀ ਵਾਲੀ ਮੈਡਮ ਦੇ ਹਿੱਸੇ ਨਿਗਰਾਨੀ ਕਰਨ ਵਾਸਤੇ ਨੌਵੀਂ ਕਲਾਸ ਆਈ। ਨੌਵੀਂ ਕਲਾਸ ਨੂੰ ਆਮ ਤੌਰ ਤੇ ਅਧਿਆਪਕ ਘੱਟ ਪੜ੍ਹਾਉਂਦੇ ਹਨ। ਉਹ ਬਹੁਤਾ ਜ਼ੋਰ ਬੋਰਡ ਦੀਆਂ ਕਲਾਸਾਂ ਤੇ ਹੀ ਲਾਉਂਦੇ ਹਨ। ਨੌਵੀਂ ਕਲਾਸ ਦਾ ਪੇਪਰ ਵੀ ਅੰਗਰੇਜ਼ੀ ਦਾ ਸੀ। ਪ੍ਰਸ਼ਨ ਪੇਪਰ ਲੈਂਦੇ ਸਾਰ ਹੀ ਵਿਦਿਆਰਥੀਆਂ ਨੇ ਨਕਲ ਕਰਨ ਲਈ ਹੱਥ, ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਕਰਕੇ ਹਿੰਦੀ ਵਾਲੀ ਮੈਡਮ ਨੂੰ ਥੋੜ੍ਹੀ ਜਿਹੀ ਸਖਤਾਈ ਕਰਨੀ ਪਈ। ਉਸ ਨੇ ਤਿੰਨ ਘੰਟੇ ਪੂਰੀ ਈਮਾਨਦਾਰੀ ਨਾਲ ਡਿਊਟੀ ਦਿੱਤੀ। ਤਿੰਨ ਘੰਟੇ ਖੜ੍ਹੀ, ਖੜ੍ਹੀ ਉਹ ਥੱਕ ਗਈ ਸੀ। ਚਾਹ ਦੀ ਦੁਕਾਨ ਤੋਂ ਉਸ ਨੇ ਚਾਹ ਦਾ ਕੱਪ ਮੰਗਾ ਕੇ ਹਾਲੇ ਦੋ ਘੁੱਟ ਹੀ ਭਰੇ ਸਨ ਕਿ ਸਕੂਲ ਦਾ ਪੀਅਨ ਆ ਕੇ ਉਸ ਨੂੰ ਕਹਿਣ ਲੱਗਾ, "ਮੈਡਮ ਜੀ, ਸਕੂਲ ਦੇ ਕਲਰਕ ਦੀ ਅਚਾਨਕ ਸੇਹਤ ਖਰਾਬ ਹੋ ਗਈ ਆ ਤੇ ਉਹ ਛੁੱਟੀ ਲੈ ਕੇ ਚਲਾ ਗਿਆ ਆ। ਡੀ.ਈ.ਓ. ਦਫਤਰੋਂ ਹੁਣੇ ਫੋਨ ਆਇਆ, ਕੋਈ ਜ਼ਰੂਰੀ ਡਾਕ ਮੰਗਾਈ ਆ। ਸਾਹਿਬ ਕਹਿੰਦੇ ਆ ਕਿ ਜ਼ਰੂਰੀ ਡਾਕ ਦੇ ਫਾਰਮ ਉਲੀਕਣੇ ਆਂ। ਤੁਹਾਨੂੰ ਉਨ੍ਹਾਂ ਨੇ ਹੁਣੇ ਦਫਤਰ 'ਚ ਬੁਲਾਇਆ ਆ।"

ਇਹ ਸੁਣ ਕੇ ਮੈਡਮ ਨੂੰ ਗੁੱਸਾ ਆ ਗਿਆ ਤੇ ਕਹਿਣ ਲੱਗੀ, "ਜਿਹੜੇ ਛੁੱਟੀਆਂ ਲੈ ਕੇ ਘਰ ਬੈਠੇ ਆ, ਉਨ੍ਹਾਂ ਤੇ ਤਾਂ ਸਾਹਿਬ ਦਾ ਹੁਕਮ ਚੱਲਦਾ ਨ੍ਹੀ। ਜਿਹੜਾ ਮੇਰੇ ਵਰਗਾ ਹਾਜ਼ਰ ਆ, ਉਸ ਨੂੰ ਦੋ ਮਿੰਟ ਬੈਠਣ ਦਾ ਵੀ ਹੁਕਮ ਨ੍ਹੀ। ਸਾਹਿਬ ਨੇ ਮੈਨੂੰ ਪੰਜਵਾਂ ਟਾਇਰ ਸਮਝ ਰੱਖਿਆ ਲੱਗਦਾ, ਜਿਸ ਨੂੰ ਜਿੱਥੇ ਵੇਖੋ, ਫਿੱਟ ਕਰ ਦਿਉ।"

ਫਿਰ ਉਹ ਕੁੱਝ ਕੁ ਮਿੰਟਾਂ ਪਿੱਛੋਂ ਸਕੂਲ ਮੁਖੀ ਦੇ ਦਫਤਰ ਵੱਲ ਨੂੰ ਤੁਰ ਪਈ।

## ਕੈਨੇਡਾ ਦੀ ਯੂਨੀਵਰਸਿਟੀ ਵੱਲੋਂ ਦਿਲਜੀਤ ਦੁਸਾਂਝ ਦੇ ਨਾਂ ਤੇ ਕੋਰਸ ਸ਼ੁਰੂ ਕਰਨ ਦਾ ਫੈਸਲਾ





ਵੈਨਕੂਵਰ-(ਮਲਕੀਤ ਸਿੰਘ)- ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਟੀ ਚ 2026 ਦੇ ਸਮੈਸਟਰ ਦੌਰਾਨ ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਸੰਗੀਤਕ ਸੇਵਾਵਾਂ ਤੇ ਅਧਾਰਿਤ ਇੱਕ ਅਕਾਦਮਕ ਕੋਰਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜੋ ਕਿ ਪੰਜਾਬੀ ਭਾਈਚਾਰੇ ਸਮੇਤ ਦਿਲਜੀਤ ਦੁਸਾਂਝ ਦੇ ਪ੍ਰਸੰਸਕਾਂ ਲਈ ਇੱਕ ਮਾਣ ਵਾਲੀ ਗੱਲ ਮੰਨੀ ਜਾ ਰਹੀ ਹੈ। ਕੋਰਸ ਦੌਰਾਨ ਦਿਲਜੀਤ ਦੁਸਾਂਝ ਦੇ ਫਿਲਮੀ ਕਿਰਦਾਰ, ਸੰਗੀਤਕ ਸੇਵਾਵਾਂ ਤੇ ਵਿਸਥਾਰ ਸਹਿਤ ਪੜ੍ਹਾਈ ਕਰਵਾਈ ਜਾਵੇਗੀ।। ਅਤੇ ਵਿਦਿਆਰਥੀਆਂ ਨੂੰ ਸਮਝਾਇਆ ਜਾਵੇਗਾ ਕਿ ਦਿਲਜੀਤ ਦੁਸਾਂਝ ਨੇ ਕਿਸ ਤਰ੍ਹਾਂ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ ਤੇ ਪਹੁੰਚਾਉਣ ਚ ਅਹਿਮ ਯੋਗਦਾਨ ਪਾਇਆ ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਵਿਦੇਸ਼ੀ ਯੂਨੀਵਰਸਟੀ ਵੱਲੋਂ ਕਿਸੇ ਪੰਜਾਬੀ ਗਾਇਕ ਦੀਆਂ ਸੰਗੀਤਕ ਖੇਤਰ ਚ ਨਿਭਾਈਆਂ ਸੇਵਾਵਾਂ ਸਬੰਧੀ ਕੋਰਸ ਆਰੰਭ ਕੀਤਾ ਗਿਆ ਹੋਵੇ।

# ਕੜਾਕੇ ਦੀ ਗਰਮੀ ਨੇ ਕੱਢੇ ਵੱਟ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਹੀਟ ਵੇਵ ਦੌਰਾਨ ਘਰ ਤੋਂ ਬਾਹਰ ਜ਼ਿਆਦਾ ਰਹਿਣ ਨਾਲ ਥਕਾਵਟ, ਕਮਜੋਰੀ, ਚੱਕਰ ਆਉਣੇ, ਸਿਰ-ਪੀੜ, ਬੇਹੋਸ਼ੀ, ਖੁਸ਼ਕ-ਚਮੜੀ, ਬੁਖਾਰ ਵਗੈਰਾ ਦੇ ਲੱਛਣ ਵੀ ਦੇਖਣ ਨੂੰ ਮਿਲਦੇ ਹਨ। ਲਾਪ੍ਰਵਾਹੀ ਕਈ ਬਾਰ ਮਹਿੰਗੀ ਵੀ ਪੈ ਸਕਦੀ ਹੈ। ਤੁਰੰਤ ਆਪਣੇ ਡਾਕਟਰ ਦੀ ਹੈਲਪ ਲਵੋ"

ਹੈਲਥ ਮੀਡੀਆ ਕੈਨੇਡਾ: (ਡਾ. ਅਨਿਲ ਧੀਰ) ਹੀਟ ਵੇਵ ਯਾਨਿ ਗਰਮੀ ਦੀ ਲਹਿਰ ਨੇ ਧਰਤੀ ਉੱਤੇ ਰਹਿਣ ਵਾਲੇ ਹਰ ਜੀਵ-ਜੰਤੂ ਦੇ ਵੱਟ ਕੱਢੇ ਹੋਏ ਹਨ। ਜਦੋਂ ਵਾਯੂਮੰਡਲ ਦਾ ਜ਼ਿਆਦਾ ਦਬਾਅ ਕੁੱਝ ਦਿਨ ਲਗਾਤਾਰ ਬਣਿਆ ਰਹਿੰਦਾ ਹੈ। ਵਾਯੂਮੰਡਲ ਦੇ ਉਪਰਲੇ ਲੈਵਲ ਤੋਂ ਹਵਾ ਧਰਤੀ ਤੱਕ ਪਹੁੰਚਦੇ ਸੰਕੁਚਿਤ ਹੋ ਜਾਣ ਨਾਲ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋ ਜਾਂਦਾ ਹੈ। ਮੌਸਮ ਵਿਚ ਬਦਲਾਅ ਕਰਕੇ ਅਪ੍ਰੈਲ-ਜੂਨ ਦੇ ਮਹੀਨੇ ਵਿਚ ਗਰਮੀ ਦੀਆਂ ਤੇਜ਼ ਲਹਿਰਾਂ ਸਰੀਰ ਅਤੇ ਮਨ ਨੂੰ ਬਿਮਾਰ ਕਰ ਦਿੰਦੀਆਂ ਹਨ।

ਮਨੁੱਖੀ ਸਰੀਰ ਦਾ ਸਿਸਟਮ ਅਜਿਹਾ ਹੈ ਕਿ ਜੱਦ ਹਵਾ ਦੁਆਰਾ ਪਸੀਨਾ ਸੁੱਕ ਜਾਂਦਾ ਹੈ ਤਾਂ ਸਰੀਰ 'ਤੇ ਠੰਢਾ ਅਸਰ ਹੁੰਦਾ ਹੈ। ਜਦੋਂ ਪਸੀਨਾ ਆਉਣਾ ਬੰਦ ਹੋ ਜਾਂਦਾ ਹੈ ਜਾਂ ਘੱਟ ਆਉਣ ਤੇ ਥਕਾਵਟ ਤੋਂ ਹੀਟ ਸਟ੍ਰੋਕ ਦੀ ਹਾਲਤ ਬਣ ਜਾਂਦੀ ਹੈ। ਦਿਮਾਗ ਦੇ ਖਾਸ ਰਿਫਲੈਕਸ ਕੇਂਦਰ ਸਰੀਰ ਅੰਦਰ ਗਰਮੀ ਦੀ ਪ੍ਰਤੀਕ੍ਰਿਆ ਨੂੰ ਕੰਟਰੌਲ ਕਰਕੇ ਬਚਾਅ ਕਰਦੇ ਹਨ। ਮੌਸਮ ਨੂੰ ਹਮੇਸ਼ਾ ਵਾਚ ਕਰਨ ਦੀ ਲੋੜ ਹੁੰਦੀ ਹੈ। ਹੈਲਥ ਅਥਾਰਟੀ ਦੀਆਂ ਸਿਫਾਰਸ਼ਾਂ ਦੀ ਪਾਲਨਾ ਕਰਕੇ ਪਰਿਵਾਰ ਸਮੇਤ ਇਸ ਮੌਸਮ ਦਾ ਸਹੀ ਅਨੰਦ ਲੈ ਸਕਦੇ ਹੋ। ਅੱਜਕਲ ਚੱਲ ਰਹੀ ਗਰਮੀ ਦੀ ਲਹਿਰ ਦੌਰਾਣ ਗਰਮੀਆਂ ਵਿਚ ਕਈ ਕਿਸਮ ਦੇ ਫੱਲ-ਸਬਜ਼ੀਆਂ ਸਰੀਰ ਅਤੇ ਮਨ ਨੂੰ ਹੈਲਦੀ ਰੱਖਣ ਵਿਚ ਮਦਦ ਕਰਦੇ ਹਨ।

ਖਿਆਲ ਰੱਖੋ ਗਰਮੀਆਂ ਵਿੱਚ: ਤੰਦਰੁਸਤੀ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:

ਡੇਲੀ ਨਾਈਟ ਵੇਲੇ ਸੌਣ ਤੋਂ ਪਹਿਲਾਂ ਤਾਂਬੇ ਦੇ ਬਰਤਨ ਵਿਚ ਪਾਣੀ ਢੱਕ ਕੇ ਰੱਖ ਲਵੋ। ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਇਹ ਪਾਣੀ ਪੀਓ।

ਘਰ ਤੋਂ ਬਾਹਰ ਜਾਣ ਵੇਲੇ ਅੰਬਰੇਲਾ, ਕੈਪ, ਹੈਟ, ਸਨਗਲਾਸ, ਸਨਸਕ੍ਰੀਨ ਲੋਸ਼ਨ ਲਗਾ ਕੇ ਆਪਣੀ ਚਮੜੀ ਅਤੇ ਅੱਖਾਂ ਦੀ ਰੱਖਿਆ ਕਰੋ।

ਅੱਖਾਂ ਅੰਦਰ ਠੰਢਕ ਮਹਿਸੂਸ ਕਰਨ ਲਈ ਬਾਰ-ਬਾਰ ਅੱਖਾਂ 'ਤੇ ਠੰਢੇ ਪਾਣੀ ਦੇ



ਛਿੱਟੇ ਮਾਰਦੇ ਰਹੋ।

ਮਾਂਸਪੇਸ਼ੀਆਂ ਦੀ ਸਹੀ ਕ੍ਰਿਆ ਲਈ ਸਰੀਰ ਅੰਦਰ ਇਲੈਕਟਰੋਲਾਈਟ ਤੱਤਾਂ ਦੀ ਲੋੜ ਹੁੰਦੀ ਹੈ।

ਹਾਈਡ੍ਰੇਸ਼ਨ ਦੇ ਉੱਚ ਪੱਧਰ ਨੂੰ ਬਣਾਈ ਰੱਖਣ ਲਈ ਠੰਢੇ ਪਾਣੀ ਵਿਚ ਕਾਲਾ ਨਮਕ, ਸ਼ੱਕਰ, ਨਿੰਬੂ ਰੱਸ ਮਿਲਾ ਕੇ ਪਿਆਸ ਨਾ ਹੋਣ ਦੇ ਬਾਵਜੂਦ ਵੀ ਦਿਨ ਭਰ ਇਹ ਪਾਣੀ ਪੀਂਦੇ ਰਹੋ।

ਅਲਕੋਹਲਿਕ ਡ੍ਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਅਲਕੋਹਲ ਡੀਹਾਈਡ੍ਰੇਸ਼ਨ ਨੂੰ ਹੋਰ ਬਦਤਰ ਬਣਾ ਸਕਦੀ ਹੈ।

ਗਰਮ ਮੌਸਮ ਵਿਚ ਹਾਜ਼ਮੇ ਨੂੰ ਦਰੁਸਤ ਰੱਖਣ ਲਈ ਪ੍ਰੋਟੀਨਯੁਕਤ ਪਦਾਰਥ ਯੋਗਰਟ, ਦਹੀਂ ਦੀ ਲੱਸੀ, ਠੰਢਾ ਦੁੱਧ, ਕੱਚਾ ਪਨੀਰ, ਟੋਫੂ, ਦਾਲਾਂ, ਸੀਡਜ਼, ਫੱਲਾਂ ਦਾ ਰੱਸ, ਤਾਜ਼ੀ ਸਬਜ਼ੀਆਂ ਦਾ ਠੰਢਾ ਸੂਪ, ਮੈਂਗੋ ਸ਼ੇਕ, ਆਮਪਨਾ, ਨਿੰਬੂ-ਪਾਣੀ ਜਾਂ ਸਾਦਾ ਠੰਢਾ ਪਾਣੀ ਵਗੈਾ ਦੀ ਵਰਤੋਂ ਜ਼ਿਆਦਾ ਕਰੋ।

ਗਰਮੀ ਦੀ ਲਹਿਰ ਦੌਰਾਣ ਘੱਟੋ-ਘੱਟ 8-10 ਗਿਲਾਸ ਪਾਣੀ ਪੀਓ।

ਸਰੀਰ ਦੀ ਠੰਢਕ ਬਰਕਰਾਰ ਰੱਖਣ ਲਈ ਹਲਕੇ ਕੋਟਨ ਦੇ ਲਾਈਟ ਰੰਗ ਦੇ ਕੱਪੜੇ ਪਹਿਨ ਕੇ ਸਰੀਰ ਦੇ ਤਾਪਮਾਨ, ਪਸੀਨ 'ਤੇ ਹਵਾ ਦੇ ਅਵਾਗਮਨ ਦਾ ਆਉਣਾ ਬਰਾਬਰ ਰੱਖੋ।

ਗਰਮ ਮੌਸਮ ਦੌਰਾਣ ਆਪਣੀ ਸਮਰਥਾ ਮੁਤਾਬਿਕ ਸੈਰ-ਕਸਰਤ ਜਰੂਰ ਕਰੋ। ਸਿੱਧੀ ਧੁੱਪ ਵਿਚ ਹੋਣ ਵਾਲੀ ਗਤੀਵਿਧੀ ਆਸਾਨੀ ਨਾਲ ਬਿਮਾਰ ਕਿੰਦੀ ਹੈ।

ਆਪਣੇ ਪਾਲਤੂ ਜਾਨਵਰਾਂ ਨੂੰ ਖਾਣ ਲਈ ਬਰਫ ਦੇ ਟੁੱਕੜੇ ਦਿਨ ਭਰ ਦਿੰਦੇ ਰਹੋ। ਪੈਟਸ ਅਕਸਰ ਕਰੰਚੀ ਚੀਜਾਂ ਦਾ ਪੂਰਾ ਅਨੰਦ ਲੈਂਦੇ ਹਨ। ਇਹ ਤਰੀਕਾ ਤੁਹਾਡੇ ਪੈੱਟਸ ਨੂੰ ਗਰਮੀ ਵਿਚ ਠੰਢਕ ਮਹਿਸੂਸ ਕਰਾਉਂਦਾ ਹੈ।

ਨੋਟ : ਹੀਟ ਵੇਵ ਦੌਰਾਣ ਛੋਟੇ ਬੱਚੇ, ਬਜ਼ੁਰਗ, ਗਰਭਵਤੀ ਔਰਤਾਂ, ਰੋਗੀ, ਅਤੇ ਆਪਣੇ ਬੇ-ਜੁਬਾਨ ਪਾਲਤੂ ਪੈੱਟਸ ਦਾ ਪੂਰਾ ਧਿਆਣ ਰੱਖਣ ਦੀ ਲੋੜ ਹੁੰਦੀ ਹੈ। ਕੋਈ ਵੀ ਹੈਲਥ ਇਸ਼ੂ ਹੋਣ ਦੀ ਹਾਲਤ 'ਚ ਤੁਰੰਤ ਆਪਣੇ ਡਾਕਟਰ ਦੀ ਸਲਾਹ ਲਵੋ।

# ★ ਮਿੰਨੀ ਕਹਾਣੀਆਂ ★

## ਰੱਬ ਦੇ ਰੰਗ

ਅੱਜ ਗਗਨ ਦੇ ਘਰ ਜਦੋ ਚੌਥੀ ਬੇਟੀ ਨੇ ਜਨਮ ਲਿਆ ਤਾਂ ਉਸਨੂੰ ਸਾਰਾ ਪ੍ਰੀਵਾਰ ਇੰਜ ਘੂਰ-ਘੂਰ ਵੇਖ ਰਿਹਾ ਸੀ ਜਿਵੇਂ ਉਸ ਤੋਂ ਕੋਈ ਐਸਾ ਗੁਨਾਹ ਹੋ ਗਿਆ ਹੋਵੇ ਜਿਸਦੀ ਮੁਆਫੀ ਦੇਣੀ ਅਸ਼ੰਭਵ ਅਤੇ ਸਜਾ ਪੱਕੀ ਹੋਵੇ। ਪਰ ਗਗਨ ਨੂੰ ਆਪਣੀ ਬੱਚੀ ਦਾ ਬੇਅਥਾਹ ਪਿਆਰ ਆ ਰਿਹਾ ਸੀ। ਇੱਕ ਡਰ ਗਗਨ ਨੂੰ ਵਾਰ-ਵਾਰ ਸਤਾ ਰਿਹਾ ਸੀ ਕਿ ਉਸਦੇ ਘਰ ਦੇ ਬਾਕੀ ਮੈਂਬਰ (ਸੱਸ, ਸੁਹਰਾ, ਪਤੀ) ਮੇਰੀ ਬੇਟੀ ਨੂੰ ਕਿਤੇ ਮਾਰ ਮੁਕਾ ਹੀ ਨਾ ਦੇਣ। ਸੱਸ ਵੱਲੋਂ ਕਹੇ ਸਬਦ ਗਗਨ ਦੇ ਵਾਰ ਵਾਰ ਦਿਮਾਗ ਵਿੱਚ ਘੁੰਮ ਰਹੇ ਸਨ ਕਿ ਜੇਕਰ ਇਸ ਦੀ ਕੁੱਖੋ ਐਤਕੀ ਵੀ ਪੱਥਰ ਜੰਮਿਆ ਤਾਂ ਘਰੇ ਨਹੀ ਲਿਆਉਣਾ।

ਵੇਖੋ ਜੀ ਰੱਬ ਦੇ ਰੰਗ! ਗਗਨ ਦੀ ਸੱਸ ਕੁੜੀ ਤੇ ਗਗਨ ਨੂੰ ਕਮਰੇ ਵਿੱਚ ਛੱਡ ਬਾਹਰ ਆਈ ਤੇ ਵੇਖਿਆ ਇੱਕ ਅਧੱਖੜ ਜਿਹਾ ਜੋੜਾ ਡਾਕਟਰ ਦੇ ਅੱਗੇ ਹੱਥ ਜੋੜ ਤਰਲੇ ਪਾ ਰਿਹਾ ਸੀ ਕਿ ਸਾਨੂੰ ਹਰ ਪਾਸਿਓ ਨਾਹ ਹੀ ਹੋ ਰਹੀਂ ਹੈ ਕਿ ਤੁਹਾਡੇ ਬੱਚਾ ਨਹੀਂ ਹੋ ਸਕਦਾ। ਸਾਡੀ ਆਸ ਦੀ ਆਖਰੀ ਕਿਰਨ ਤੁਸੀਂ ਹੋ। ਪਰ ਜਦੋ ਡਾਕਟਰ ਨੇ ਸਭ ਰਿਪੋਟਾ ਦੇਖਣ ਤੋ ਬਾਅਦ ਕਿਹਾ ਕਿ ਤੁਹਾਡੇ ਬੱਚਾ ਨਹੀ ਹੋ ਸਕਦਾ ਤਾਂ ਉਹ ਬੇਔਲਾਦ ਜੋੜਾ ਰੱਬ ਨੂੰ ਤਾਹਨੇ ਮਾਰ ਰਿਹਾ ਸੀ ਕਿ ਰੱਬਾ ਤੇਰੇ ਘਰ ਘਾਟਾ ਹੈ ਕਿਸੇ ਚੀਜ ਦਾ ਜੇਕਰ ਸਾਨੂੰ ਪੁੱਤ ਨਹੀਂ ਧੀ ਹੀ ਦੇਦੇ। ਇਹ ਸ਼ਬਦ ਜਿਵੇਂ ਹੀ ਕੋਲ ਬੈਠੀ ਗਗਨ ਦੀ ਸੱਸ ਦੇ ਕੰਨੀ ਪਏ ਤਾਂ ਉਸਨੇ ਝੱਟ ਹੀ ਉਸ ਬੇਔਲਾਦ ਜੋੜੇ ਨੂੰ ਕਿਹਾ, "ਭੇਣੇ ! ਇੰਜ ਨਾ ਕਹਿ। ਇਹ ਤਾਂ ਪੱਥਰ ਆ, ਜਿਸਦੇ ਮਗਰ ਪੈ ਜਾਣ ਫਿਰ ਇੰਨਾ ਤੋਂ ਖਹਿੜਾ ਨਹੀਂ ਛੁੱਟਦਾ। ਆਹ ਚੌਥਾ ਪੱਥਰ ਹੈ ਸਾਡੇ। ਕਿਵੇਂ ਘਰ ਲੈ ਕੇ ਜਾਵਾ ਇੰਨਾ ਮਾਵਾਂ ਧੀਆਂ ਨੂੰ ਸਾਡਾ ਤਾਂ ਘਰ ਭਰਤਾ ਇਸ ਚੰਦਰੀ ਨੇ ਪੱਥਰਾ ਨਾਲ।" ਪਰ ਜਿਸਨੂੰ ਬੱਚੇ ਦੀ ਭੁੱਖ ਹੋਵੇ ਉਹਨੂੰ ਤਾਂ ਇੰਜ ਲੱਗਦਾ ਕਿ ਕਿਸੇ ਵੀ ਕੀਮਤ ਤੇ ਬੱਚਾ ਗੋਦ ਵਿੱਚ ਹੋਵੇ। ਉਸ ਜੋੜੇ ਨੇ ਮਾਤਾ ਦੀ ਸਾਰੀ ਗੱਲਬਾਤ ਭਾਂਪ ਲਈ ਤੇ ਕੁੜੀ ਗੋਦ ਲੈਣ ਦੀ ਗੱਲ ਡਾਕਟਰ ਨਾਲ ਕੀਤੀ। ਜਦੋਂ ਹੀ ਡਾਕਟਰ ਨੇ ਗਗਨ ਦੇ ਪ੍ਰੀਵਾਰ ਨਾਲ ਗੱਲ ਕੀਤੀ ਤੇ ਸਭਨਾ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਦੌੜ ਉੱਠੀ।

ਹੁਣ ਗਗਨ ਨੇ ਵੀ ਦਿਲ ਤੇ ਪੱਥਰ ਰੱਖ ਸਾਰੇ ਪ੍ਰੀਵਾਰ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ ਤੇ ਹੰਝੂ ਕੇਰਦੀ ਹੋਈ ਦਿਲ ਹੀ ਦਿਲ ਵਿੱਚ ਸੋਚੇ ਕਿ ਚਲ ਮੇਰੀ ਬੱਚੀ ਜਿੰਦਾ ਤਾਂ ਰਹੇਗੀ ਭਾਵੇ ਮੇਰੀ ਨਜਰ ਤੋਂ ਦੂਰ ਹੀ ਰਹੇਗੀ। ਵੇਖੋ! ਰੱਬ ਦੇ ਰੰਗ। ਜਿਹੜੀ ਬੱਚੀ ਇੱਕ ਦਿਨ ਪਹਿਲਾ ਕਿਸੇ ਦੀਆਂ ਨਜਰਾ ਵਿੱਚ ਪੱਥਰ ਸੀ। ਅੱਜ ਉਹੀ ਬੱਚੀ ਨੂੰ ਜਦੋ ਇੱਕ ਬੇਔਲਾਦ ਜੋੜਾ ਆਪਣੇ ਘਰ ਲੈ ਗਿਆ ਤਾਂ ਉਸੇ ਬੱਚੀ ਦੇ ਆਉਣ ਦੀ ਖੁਸ਼ੀ ਵਿੱਚ ਜਸ਼ਨ ਮਨਾਏ ਜਾ ਰਹੇ ਸਨ। ਵਧਾਈਆ ਮਿਲ ਰਹੀਆ ਸਨ, ਰੱਬ ਦਾ ਸ਼ਕਰਾਨਾ ਉਸ ਜੋੜੇ ਵੱਲੋ ਵਾਰ-ਵਾਰ ਕੀਤਾ ਜਾ ਰਿਹਾ ਸੀ ਤੇ ਬੱਚੀ ਨੂੰ ਰਾਜਕੁਮਾਰੀਆ ਦੀ ਤੁਰਾ ਪਾਲਿਆ ਪੋਸਿਆ ਜਾ ਰਿਹਾ ਸੀ। ਇਹ ਸਭ ਰੱਬ ਦੇ ਹੀ ਰੰਗ ਨੇ। ਜਿਸਨੇ ਸਮੇਂ ਅਨੁਸਾਰ ਸਭਨਾ ਨੂੰ ਖੁਸ਼ੀਆ ਦੇ ਨਿਹਾਲ ਕਰ ਹੀ ਦੇਣਾ ਹੁੰਦਾ ਹੈ। - ਪਰਮਜੀਤ ਕੌਰ ਸੋਢੀ

## ਭਲਾ ਕਿ ਬੁਰਾ ?

ਨਵਾਂ-ਨਵਾਂ ਉਸ ਪਲਾਟ ਖਰੀਦਿਆ ਸੀ ਤੇ ਪਲਾਟ ਵਿੱਚ ਫਲ਼ਦਾਰ ਬੂਟੇ ਲਾ ਦਿੱਤੇ। ਕੁਝ ਡੇਕਾਂ ਦੇ ਬੂਟੇ, ਬਿਨਾਂ ਬੀਜਿਆਂ ਹੀ ਪਲਾਟ ਵਿੱਚ ਉੱਗ ਖਲੋਤੇ ਕਿਉਂਜੋ ਇਹਦੇ ਪਲਾਟ ਖਰੀਦਣ ਤੋਂ ਪਹਿਲਾਂ ਉਥੇ ਡੇਕਾਂ ਦੇ ਰੁੱਖ ਹੁੰਦੇ ਸਨ। ਪਲਾਟ ਦੇ ਪਹਿਲੇ ਮਾਲਕ ਨੇ ਪਲਾਟ ਵੇਚਣ ਤੋਂ ਪਹਿਲਾਂ ਡੇਕਾਂ ਦੇ ਉਹ ਰੁੱਖ ਵਢਵਾਅ ਲਏ ਸਨ। ਇਸ ਨੇ ਵਿਰਲੇ-ਵਿਰਲੇ ਡੇਕਾਂ ਦੇ ਤਿੰਨ ਬੂਟੇ ਰੱਖ ਕੇ ਬਾਕੀ ਬੂਟੇ ਛੋਟੇ-ਛੋਟੇ ਹੀ ਪੁੱਟ ਦਿੱਤੇ।

ਫਲ਼ਦਾਰ ਬੂਟਿਆਂ ਨੇ ਤਾਂ ਹੌਲੀ-ਹੌਲੀ ਵਧਣਾ-ਫੈਲਣਾ ਸੀ ਪਰ ਡੇਕਾਂ ਕੁਝ ਮਹੀਨਿਆਂ ਅੰਦਰ ਹੀ ਉੱਚੀਆਂ ਹੋ ਗਈਆਂ। ਤਿੰਨ-ਚਾਰ ਕੁ ਸਾਲਾਂ ਵਿੱਚ ਏਨੀਆਂ ਕੁਚੀਆਂ ਤੇ ਭਾਰੀਆਂ ਕਿ ਸਾਰੇ ਫਲ਼ਦਾਰ ਬੂਟੇ ਇਨ੍ਹਾਂ ਢਕ ਲਏ। ਫਲ਼ਦਾਰ ਬੂਟਿਆਂ ਦਾ ਵਧਣਾ-ਫੁੱਲਣਾ ਧੁੱਪ ਦੀ ਘਾਟ ਕਾਰਨ ਬੜਾ ਘਟ ਗਿਆ। ਕੋਈ ਫਲ਼ ਵੀ ਅਜੇ ਲੱਗਣਾ ਸ਼ੁਰੂ ਨਾ ਹੋਇਆ। ਸਭ ਕੁਝ ਵਿਚਾਰਦਿਆਂ ਇਸ ਨੇ ਕੁਝ ਦਿਨ ਲਾ ਕੇ ਤਿੰਨੋਂ ਡੇਕਾਂ ਮੁੱਢਾਂ ਦੇ ਉੱਪਰੋਂ ਵੱਢ ਦਿੱਤੀਆਂ। ਪਰ ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਵਾਰ-ਵਾਰ ਫੁੱਟ ਪੈਂਦੇ। ਇਹ ਉਨ੍ਹਾਂ ਨੂੰ ਛੋਟੇ ਹੁੰਦਿਆਂ ਹੀ ਝਾੜ ਦਿੰਦਾ ਮਤਾ ਵੱਡੇ ਹੋ ਕੇ ਫਿਰ ਫਲ਼ਦਾਰ ਬੂਟਿਆਂ ਲਈ ਔਕੜ ਬਣਨ। ਡੇਕਾਂ ਦੇ ਮੁੱਢ ਝੂਰਦੇ। ਪੁੰਗਾਰੇ ਵੀ ਥੋੜ੍ਹੀ ਉਮਰ ਵਿੱਚ ਮੁੱਕਣ ਵੇਲ਼ੇ ਅਤਿਅੰਤ ਸੋਗੀ ਹੁੰਦੇ। ਇਨ੍ਹੀਂ ਦਿਨੀਂ ਹੀ ਇਸ ਨੇ ਇਹ ਪਲਾਟ ਵੇਚ ਦਿੱਤਾ। ਬੂਟੇ ਉਵੇਂ ਹੀ। ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਫੇਰ ਫੁੱਟੇ। ਪਲਾਟ ਦਾ ਨਵਾਂ ਮਾਲਕ ਸਭ ਕੁਝ ਵੇਖ ਰਿਹਾ ਸੀ ਪਰ ਉਸ ਨੇ ਕਿਸੇ ਪੁੰਗਾਰੇ ਨੂੰ ਟੇਢੀ ਨਜ਼ਰੇ ਨਾ ਤੱਕਿਆ। ਮੁੱਢ ਬੜੇ ਖ਼ੁਸ਼ ਸਨ ਕਿ ਉਨ੍ਹਾਂ ਵਿੱਚੋਂ ਫੁੱਟੇ ਪੁੰਗਾਰੇ ਹੁਣ ਦੁਨੀਆ ਵੇਖ ਸਕੇ ਸਨ। ਚਾਰ ਕੁ ਮਹੀਨਿਆਂ ਵਿੱਚ ਹੀ ਇਹ ਪੁੰਗਾਰੇ ਪਲਾਟ ਦੇ ਮਾਲਕ, ਜੋ ਪੌਣੇ ਕੁ ਛੇ ਫੁੱਟ ਉੱਚਾ ਸੀ, ਤੋਂ ਵੀ ਚਾਰ ਕੁ ਫੁੱਟ ਉੱਚੇ ਹੋ ਗਏ ਸਨ। ਤਣੇ ਇਨ੍ਹਾਂ ਦੇ ਹੁਣ ਕੁਝ ਮੋਟੀਆਂ ਸੋਟੀਆਂ ਜਿਹੇ ਹੋ ਚੱਲੇ ਸਨ। ਆਪਣੇ-ਆਪ ਵਿੱਚ ਸਭੋ ਪੁੰਗਾਰੇ ਬੜੇ ਖ਼ੁਸ਼ ਕਿ ਇਨ੍ਹਾਂ ਨਵੇਂ ਪਲਾਟ ਮਾਲਕ ਪਾਸੋਂ ਜੀਵਨ-ਦਾਨ ਪਾਇਆ ਸੀ।

ਹੁਣ ਇੱਕ ਦਿਨ ਆਪਣੀ ਪਤਨੀ ਸਮੇਤ ਪਲਾਟ ਦਾ ਮਾਲਕ, ਪਲਾਟ ਵਿੱਚ ਆਇਆ। ਹੱਥ ਵਿੱਚ ਉਸਦੇ ਦਾਤਰ ਸੀ। ਡੇਕਾਂ ਦੇ ਪੁੰਗਾਰੇ ਪਹਿਲਾਂ ਵਾਂਗ ਹੀ ਸੰਤੁਸ਼ਟ ਸਨ ਜਿਵੇਂ ਆਪਣੇ ਪ੍ਰਤਿ ਉਨ੍ਹਾਂ ਨੂੰ ਪਲਾਟ ਦੇ ਮਾਲਕ 'ਤੇ ਪੂਰਾ ਯਕੀਨ ਹੋਵੇ। ਏਨੇ ਨੂੰ ਪਲਾਟ ਦਾ ਮਾਲਕ ਇੱਕ ਮੁੱਢ ਦੇ ਪੰਜ-ਸੱਤ ਪੁੰਗਾਰਿਆਂ ਦੇ ਤਣਿਆਂ ਨੂੰ ਇਕੱਠੇ ਜਿਹੇ ਕਰਕੇ, ਖੱਬੇ ਹੱਥ ਨਾਲ ਦੱਬ ਕੇ, ਜ਼ੋਰ ਨਾਲ ਉਨ੍ਹਾਂ ਦੇ ਪੈਰਾਂ ਵਿੱਚ ਦਾਤਰ ਦਾ ਟੱਕ ਲਾਉਂਦਿਆਂ ਹੋਇਆਂ ਆਪਣੀ ਪਤਨੀ ਨੂੰ ਸੰਬੋਧਿਤ ਹੋਇਆ, "ਇਹ ਸੁੱਕ ਜਾਣਗੇ ਤਾਂ ਚੁੱਲ੍ਹੇ 'ਚ ਬਾਲ਼ ਲਵੀਂ।"

-ਡਾ. ਬਲਵੀਰ ਮੰਨਣ

# ਆਮਿਰ ਖਾਨ ਦੀ 'ਸਿਤਾਰੇ ਜ਼ਮੀਨ ਪਰ' ਨੇ ਦੂਜੇ ਦਿਨ ਵੀ ਬਾਕਸ ਆਫਿਸ 'ਤੇ ਧਮਾਲ ਮਚਾਇਆ




ਆਮਿਰ ਖਾਨ ਦੀ ਫਿਲਮ ਸਿਤਾਰੇ ਜ਼ਮੀਨ ਪਰ ਨੇ ਆਪਣੇ ਦੂਜੇ ਦਿਨ ਵੀ ਬਾਕਸ ਆਫਿਸ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਫਿਲਮ ਨੂੰ ਦਰਸ਼ਕਾਂ ਅਤੇ ਆਲੋਚਕਾਂ ਵੱਲੋਂ ਚੰਗੀ ਪ੍ਰਤੀਕਿਰਿਆ ਮਿਲ ਰਹੀ ਹੈ ਅਤੇ ਇਹ ਫਿਲਮ ਧੂਮ ਮਚਾ ਰਹੀ ਹੈ। ਸ਼ਨੀਵਾਰ ਨੂੰ ਫਿਲਮ ਨੇ ਹਿੰਦੀ ਭਾਸ਼ਾ ਵਿੱਚ 22.43% ਆਕੂਪੈਂਸੀ ਦਰਜ ਕੀਤੀ, ਜੋ ਕਿ ਇਸ ਦੀ ਲੋਕਪ੍ਰਿਯਤਾ ਨੂੰ ਦਰਸਾਉਂਦੀ ਹੈ। ਫਿਲਮ ਦੇ ਬਾਕਸ ਆਫਿਸ ਅਪਡੇਟ ਮੁਤਾਬਕ, ਪਹਿਲੇ ਦਿਨ 11.07 ਕਰੋੜ ਰੁਪਏ ਦੀ ਕਮਾਈ ਕਰਨ ਤੋਂ ਬਾਅਦ, ਦੂਜੇ ਦਿਨ ਫਿਲਮ ਨੇ 21.50 ਕਰੋੜ ਰੁਪਏ ਦੀ ਕਮਾਈ ਕੀਤੀ। ਇਸ ਤਰ੍ਹਾਂ, ਦੋ ਦਿਨਾਂ ਵਿੱਚ ਫਿਲਮ ਨੇ ਕੁੱਲ 32.20 ਕਰੋੜ ਰੁਪਏ ਦਾ ਸੰਗ੍ਰਹਿ ਕੀਤਾ ਹੈ। ਇਹ ਪ੍ਰਦਰਸ਼ਨ ਆਮਿਰ ਖਾਨ ਦੀਆਂ ਪਿਛਲੀਆਂ ਫਿਲਮਾਂ ਨਾਲ ਤੁਲਨਾ ਕਰਨ ਯੋਗ ਹੈ। ਉਦਾਹਰਨ ਵਜੋਂ, 2006 ਵਿੱਚ ਆਈ ਫਿਲਮ ਫਨਾ ਨੇ ਦੋ ਦਿਨਾਂ ਵਿੱਚ 8.3 ਕਰੋੜ ਰੁਪਏ ਕਮਾਏ ਸਨ, ਜਦਕਿ ਲਗਾਨ ਨੇ 2.20 ਕਰੋੜ ਅਤੇ ਰੰਗ ਦੇ ਬਸੰਤੀ ਨੇ 10-12 ਕਰੋੜ ਰੁਪਏ ਦੀ ਕਮਾਈ ਕੀਤੀ ਸੀ।


## CHANGE OF NAME

I SAJAN S/O MR PAWAN KUMAR WHOSE PERMANENT ADDRESS IN INDIA IS H.NO 2930, ANARKALI BAZAR PILKAN GALI, JAGRAON (PIN-142026) DIST. LUDHIANA, PUNJAB AND IS NOW LIVING AT 82A UPPER VILLIERS STREET, WOLVERHAMPTON, WV2 4NX HEREBY GIVE NOTICE OF MY INTENTION TO CHANGE MY NAME TO SAJAN (GIVEN NAME) BEHAL (SURNAME). (U/I) E

I, MISS ARPAN D/O MR SUKHJINDER SINGH WHOSE PERMANENT ADDRESS IN INDIA IS VILL: JABBOWAL, P.O. WARA JODH SINGH, TEH: SULTANPUR LODHI, DIST: KAPURTHALA, 144629, PANJAB AND NOW LIVING AT 238 UXBRIDGE ROAD, HAYES, UB4 0JG, UK, HEREBY GIVE NOTICE OF MY INTENTION TO CHANGE MY NAME TO ARPAN KAUR. (U)

I, MRS KIRANPREET W/O MR GURINDERDEEP SINGH WHOSE PERMANENT ADDRESS IN INDIA IS MEHTAN, DIST: KAPURTHALA, PANJAB AND NOW LIVING AT 67 THE BANTOCKS, WEST BROMWICH, B70 0PB, UK, HEREBY GIVE NOTICE OF MY INTENTION TO CHANGE MY NAME TO KIRANPREET KAUR. (U)

## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਬੰਧੀ ਸਮਾਗਮ ਅੰਮ੍ਰਿਤਸਰ ਵਿਚ ਮਨਾਇਆ ਜਾਵੇਗਾ



ਅੰਮ੍ਰਿਤਸਰ-ਭਾਰਤ ਤੇ ਪਾਕਿਸਤਾਨ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਇਸ ਵਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਨਹੀਂ ਜਾ ਸਕੇਗਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਸੀ ਸਬੰਧੀ ਵਿਸ਼ੇਸ਼ ਸਮਾਗਮ ਅੰਮ੍ਰਿਤਸਰ ਵਿੱਚ ਕਰਵਾਇਆ ਜਾ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 29 ਜੂਨ ਨੂੰ ਹੈ। ਇਸ ਸਬੰਧ ਵਿੱਚ ਅੱਜ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਕੱਤਰੇਤ ਰਾਹੀਂ ਇੱਕ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਭੇਜਿਆ ਗਿਆ ਹੈ। ਇਸ ਪੱਤਰ ਵਿੱਚ ਉਨ੍ਹਾਂ ਲਿਖਿਆ ਹੈ ਕਿ ਅੰਤਰਰਾਸ਼ਟਰੀ ਹਾਲਾਤ ਦੇ ਮੱਦੇਨਜ਼ਰ ਇਹ ਬਰਸੀ ਸਮਾਗਮ ਇਸ ਵਾਰ ਅੰਮ੍ਰਿਤਸਰ ਵਿੱਚ ਮਨਾਇਆ ਜਾਣਾ ਚਾਹੀਦਾ ਹੈ।

# ਦੋ ਦਿਨਾਂ ਤੋਂ ਗੁੰਮ ਸ਼੍ਰੋਮਣੀ ਕਮੇਟੀ ਕਰਮਚਾਰੀ ਦੀ ਨਹਿਰ ਵਿਚੋਂ ਲਾਸ਼ ਬਰਾਮਦ



ਅੰਮ੍ਰਿਤਸਰ-ਪਿਛਲੇ ਦੋ ਦਿਨਾਂ ਤੋਂ ਭੇਦਭਰੇ ਹਾਲਾਤ ਵਿਚ ਲਾਪਤਾ ਸ਼੍ਰੋਮਣੀ ਕਮੇਟੀ ਦੇ ਇਕ ਕਰਮਚਾਰੀ ਕਰਤਾਰ ਸਿੰਘ (ਚੋਹਲਾ ਸਾਹਿਬ) ਦੀ ਬੀਤੇ ਦਿਨੀਂ ਜ਼ਿਲ੍ਹੇ ਦੀ ਢੰਡ ਕਸੇਲ ਨਹਿਰ ਵਿਚੋਂ 57 ਸਾਲਾ ਕਰਤਾਰ ਸਿੰਘ ਧਰਮ ਪ੍ਰਚਾਰ ਕਮੇਟੀ ਵਿਚ ਇੰਚਾਰਜ ਪੰਜਾਬ ਪ੍ਰਚਾਰ ਦੀ ਮਿਥਕ ਦੇਹ ਮਿਲਣ ਦੀ ਸੂਚਨਾ ਹੈ। ਜਿਸ ਉਪਰੰਤ ਉਸਦੇ ਭੈਣ ਭਰਾਵਾਂ ਨੇ ਪੁਲਿਸ ਥਾਂਣਾ ਬੀ-ਡਿਵੀਜ਼ਨ ਵਿਖੇ ਦਰਖਾਸਤ ਦੇ ਕੇ ਉਸ ਦੇ ਨਜ਼ਦੀਕੀ ਪਰਿਵਾਰਕ ਜੀਆਂ ਵਲੋਂ ਉਸਦੀ ਕੁਝ ਦਿਨ ਪਹਿਲਾਂ ਦੇਰ ਰਾਤ ਕਥਿਤ ਤੌਰ 'ਤੇ ਕੁੱਟਮਾਰ ਕੀਤੇ ਜਾਣ ਦਾ ਦੋਸ਼ ਲਾਉਂਦਿਆਂ ਤੇ ਉਸਦਾ ਕਤਲ ਕੀਤੇ ਜਾਣ ਦਾ ਸ਼ੱਕ ਜ਼ਾਹਿਰ ਕਰਦਿਆਂ ਉਸ ਦੀ ਭਾਲ ਕਰਨ ਦੀ ਗੁਹਾਰ ਲਗਾਈ ਸੀ। ਪੁਲਿਸ ਥਾਣਾ ਬੀ-ਡਿਵੀਜ਼ਨ ਦੇ ਮੁਖੀ ਨੇ ਸੰਪਰਕ ਕਰਨ 'ਤੇ ਕਿਹਾ ਕਿ ਨਹਿਰ 'ਚੋਂ ਮਿਲੀ ਲਾਸ਼ ਦਾ ਪੋਸਟ ਮਾਰਟਮ ਕਰਵਾਇਆ ਜਾ ਰਿਹਾ ਹੈ ਤੇ ਰਿਪੋਰਟ ਆਉਣ ਬਾਅਦ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

# 'ਭਾਬੀ' ਦੇ ਕਾਤਲਾਂ ਦੀ ਹਮਾਇਤ ਕਰਨ ਵਾਲੇ 106 ਆਨਲਾਈਨ ਅਕਾਊਂਟ ਬੰਦ



ਚੰਡੀਗੜ੍ਹ- ਪੰਜਾਬ ਪੁਲੀਸ ਦੀ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਕਮਲ ਕੌਰ ਭਾਬੀ ਦੇ ਕਤਲ ਅਤੇ ਕਾਤਲਾਂ ਵੱਲੋਂ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਹਮਾਇਤ ਕਰਨ ਵਾਲੇ 106 ਸੋਸ਼ਲ ਮੀਡੀਆ ਖ਼ਾਤਿਆਂ ਨੂੰ ਬੰਦ ਕਰ ਦਿੱਤਾ ਹੈ। ਪੁਲੀਸ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਖ਼ਾਤਿਆਂ ਤੇ ਪਾਈਆਂ ਜਾ ਰਹੀਆਂ ਪੋਸਟਾਂ ਨਾਲ ਅਮਨ-ਕਾਨੂੰਨ ਦੀ ਹਾਲਤ ਵਿਗੜਨ ਅਤੇ ਫਿਰਕੂ ਤਣਾਅ ਫੈਲਣ ਦੀ ਸੰਭਾਵਨਾ ਸੀ। ਭਾਬੀ ਦੀ ਹੱਤਿਆ ਮਗਰੋਂ ਆਨਲਾਈਨ ਸਰਗਰਮੀਆਂ ਤੇ ਨਜ਼ਰ ਰੱਖ ਰਹੀਆਂ ਜ਼ਿਲ੍ਹਾ ਪੁਲੀਸ ਇਕਾਈਆਂ ਵੱਲੋਂ ਦਿੱਤੀ ਰਿਪੋਰਟ ਮਗਰੋਂ ਇਹ ਕਾਰਵਾਈ ਹੋਈ ਹੈ। ਆਨਲਾਈਨ ਨਾਮ ਕਮਲ ਕੌਰ ਭਾਬੀ ਵਜੋਂ ਮਸ਼ਹੂਰ ਕਮਲ ਦਾ 11 ਜੂਨ ਨੂੰ ਬਠਿੰਡਾ ਦੀ ਆਦੇਸ਼ ਯੂਨੀਵਰਸਿਟੀ ਨੇੜੇ ਕਾਰ ਪਾਰਕਿੰਗ ਚ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਜਾਂਚ ਤੋਂ ਭੇਤ ਖੁੱਲ੍ਹਿਆ ਕਿ ਉਸ ਨੂੰ ਇਕ ਪ੍ਰਚਾਰ ਸਬੰਧੀ ਪ੍ਰੋਗਰਾਮ ਦੇ ਬਹਾਨੇ ਲੁਧਿਆਣਾ ਤੋਂ ਲਿਆ ਕੇ ਕਥਿਤ ਤੌਰ ਤੇ ਅਸ਼ਲੀਲ ਸਮੱਗਰੀ ਪੋਸਟ ਕਰਨ ਲਈ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਕਮਲ ਕੌਰ ਦੀ ਹੱਤਿਆ ਦੇ ਕੁਝ ਘੰਟਿਆਂ ਮਗਰੋਂ ਹੀ ਮੁੱਖ ਮੁਲਜ਼ਮ ਅਤੇ ਕੱਟੜਵਾਦੀ ਜਥੇਬੰਦੀ ਕੌਮ ਦੇ ਰਾਖੇ ਦਾ ਮੁਖੀ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਏਈ ਭੱਜ ਗਿਆ ਸੀ। ਉਸ ਦੇ ਦੋ ਸਾਥੀਆਂ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੋਗਾ ਜ਼ਿਲ੍ਹੇ ਦਾ ਵਸਨੀਕ ਮਹਿਰੋਂ ਆਨਲਾਈਨ ਸਰਗਰਮ ਰਹਿੰਦਾ ਸੀ। ਇਸ ਤੋਂ ਪਹਿਲਾਂ 2021 ਚ ਗੀਤ ਦੇ ਅਸ਼ਲੀਲ ਬੋਲਾਂ ਲਈ ਸੰਗੀਤ ਪ੍ਰੋਡਿਊਸਰ ਨੂੰ ਧਮਕੀ ਦੇਣ ਅਤੇ 2020 ਚ ਹਰਿਮੰਦਰ ਸਾਹਿਬ ਨੇੜੇ ਪੰਜਾਬੀ ਲੋਕ ਨਾਚ ਕਲਾਕਾਰਾਂ ਦੇ ਬੁੱਤਾਂ ਦੀ ਭੰਨ-ਤੋੜ ਦੇ ਮਾਮਲੇ ਚ ਉਸ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਪੁਲੀਸ ਮੁਤਾਬਕ ਕਮਲ ਕੌਰ ਦੀ ਹੱਤਿਆ ਸਮੇਂ ਮਹਿਰੋਂ ਵੀ ਉਥੇ ਮੌਜੂਦ ਸੀ ਅਤੇ ਉਸ ਨੇ ਗਲਾ ਘੁੱਟਣ ਤੋਂ ਪਹਿਲਾਂ ਉਸ ਤੋਂ ਕਥਿਤ ਤੌਰ ਤੇ ਫੋਨ ਦਾ ਪਾਸਵਰਡ ਵੀ ਹਾਸਲ ਕੀਤਾ ਸੀ। ਹੱਤਿਆ ਦੇ ਕੁਝ ਘੰਟਿਆਂ ਮਗਰੋਂ ਉਹ 10 ਜੂਨ ਨੂੰ ਅੰਮ੍ਰਿਤਸਰ ਤੋਂ ਉਡਾਣ ਫੜ ਕੇ ਯੂਏਈ ਚਲਾ ਗਿਆ ਸੀ। ਉਸ ਖ਼ਿਲਾਫ਼ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ ਅਤੇ ਪੰਜਾਬ ਪੁਲੀਸ ਉਸ ਦੀ ਹਵਾਲਗੀ ਦੀ ਅਪੀਲ ਦਾਖ਼ਲ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਹੱਤਿਆ ਮਗਰੋਂ ਪੰਜਾਬ ਦੇ ਆਨਲਾਈਨ ਇਨਫਲੂਐਂਸਰਾਂ ਵਿਚਕਾਰ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ ਕਿਉਂਕਿ ਗਰਮਖ਼ਿਆਲੀ ਅਨਸਰਾਂ ਤੋਂ ਇਨਫਲੂਐਂਸਰਾਂ ਦੀਪਿਕਾ ਲੂਥਰਾ, ਸਿਮਰਜੀਤ ਕੌਰ ਉਰਫ਼ ਪ੍ਰੀਤ ਜੱਟੀ ਅਤੇ ਚੰਦ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।

# ਸਲੋਹ ਕਬੱਡੀ ਕਲੱਬ ਦੇ ਪ੍ਰਧਾਨ ਪ੍ਰਮਜੀਤ ਸਿੰਘ ਗਿੱਲ ਵੱਲੋਂ ਸਲੋਹ ਟੂਰਨਾਮੈਂਟ ਕਾਮਯਾਬ ਕਰਨ ਲਈ ਸਲੋਹ ਦੇ ਸਮੂਹ ਗੁਰਦੁਆਰਾ ਸਾਹਿਬਾਨ, ਹਿੰਦੂ ਮੰਦਰ, ਇੰਗਲੈਂਡ ਕਬੱਡੀ ਫੈਡਰੇਸ਼ਨ, ਸਲੋਹ ਕਬੱਡੀ ਕਲੱਬ, ਸਹਿਯੋਗੀ ਸੱਜਣਾਂ ਅਤੇ ਦਰਸ਼ਕਾਂ ਦਾ ਹਾਰਦਿਕ ਧੰਨਵਾਦ



ਜਾਰੀ ਕਰਤਾ: ਸ: ਪ੍ਰਮਜੀਤ ਸਿੰਘ ਗਿੱਲ ਪ੍ਰਧਾਨ ਸਲੋਹ ਕਬੱਡੀ ਕਲੱਬ

# ਇੰਗਲੈਂਡ ਦੇ ਉੱਘੇ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਬਲਜੀਤ ਸਿੰਘ ਮੱਲੀ ਵੱਲੋਂ

## ਸਲੋਹ ਕਬੱਡੀ ਕੱਪ ਦੀ ਜੇਤੂ ਟੀਮ ਬਾਰਕਿੰਗ/ਗ੍ਰੇਵਜ਼ੈਂਡ ਅਤੇ ਉੱਪ ਜੇਤੂ ਸਲੋਹ/ਇਕਨਹਮ ਦੇ ਪ੍ਰਬੰਧਕਾਂ ਅਤੇ ਟੂਰਨਾਮੈਂਟ ਕਮੇਟੀ ਨੂੰ ਹਾਰਦਿਕ ਵਧਾਈ

## ਇੰਗਲੈਂਡ ਕਬੱਡੀ ਫੈਡਰੇਸ਼ਨ ਨੂੰ ਹੁਣ ਤੱਕ ਸ਼ਾਨਦਾਰ ਕਬੱਡੀ ਟੂਰਨਾਮੈਂਟ ਕਰਵਾਉਣ ਦੀਆਂ ਲੱਖ ਲੱਖ ਵਧਾਈਆਂ




**ਜਾਰੀ ਕਰਤਾ:–** **G AND B WINDOWS UNIT 9 BALFOUR BUSINESS CENTRE 142 JOHNSON ST, SOUTHALL UB2 5FD, UK. TEL: 020 8867 9955**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

TAIL PIECE

Dalip Singh Wasan, Advocate
Email: dalipsinghwassan@yahoo.co.in

## PUNJAB HAS ANNOUNCED ITS POLICY TO SAVE UNDERGROUND WATER



Sardar Bhagwant Maan, the Chief Minister of Punjab has pronounced that his government has come forward with a policy to save underground water. It is good news, because there are reports from the side of experts that Punjab shall turn a sandy area after twenty years because there shall not be a drop of water underground here.

As far as water is concerned, the share of earth remains the same and water does not go to other planets. If there is no water underground, it is now in air and experts have told us that this year heavy rains are expected. All rivers tracks, rainwater tracks anre still in existence and water shall flow when there are heavy rains. There had been suggestions ant these tracks must be constructed like tank tuype and let us collect all waters and not a drop should go waste and destroy our farms. This water could be used when there are no rains even for agriculture and daily use in houses.. Some water shall go down too and there are chances that in due course our underground level of water too may raise. Even SYL system too can be used for collecting water this season.

Pakistan too had raised objections that surplus water should not enter their country because it causes damages there. Punjab must note all these problems and let our experts and engineerts may plan new schems to collect water and preserve the same for use in time.

## IN DEMOCRACY GOVERNMENT IS THE EXECUTIVE BODY OF THE PARLIAMENT

After attaining democracy, all forms of governments go andgovernment of the people is established and whole people of thecountry are present in the Parliamewnt through their representatives.Even contesting groups lose their status and members present in theParliament become only and only representatives of the people only towork here as Public Servants with all their good conscience, will,wisdom and discretion. All other forms of government tried update go. When we turn this executive body a government of a contesting-group, this is violation of concept of democracy because it turns the-government one man government and idoes not remain a democracy.


The House is called House of the people and it must retain itsstatus and even seating arrangement in the House must be common forall and none should remain member of any contesting group, but onlyrepresentative of the people and must support each item on its meritsas per his own decision and this system of support without applicationof mind must stop.

Government is just to carry out decisions of the House passedupdate and even points under consideration too must be the will of theHouse and must run in name of the member or a small group of five ormore and must be considered on merits and only could eb opposed oneach item, clause just making certain improvements. Total oppositionmust be rare.

Since government is the executive body of Parliament, all itemsmust be passed with simple majority and this concept of absolutemajority too must go because this government does not remain agovernment of a particular contesting group, it is government of thepeople and just executive body of the Parliament as a whole. All members become representatives of the people and lose theirstatus as supporters of contesting groups.

## BOTH INDIA AND PAKISTAN SHALL ACHIEVE MUCH IN THIS PERIOD OF PEACE

Our Prime Minister Narendra Modi had been pronouncing that wehave entered an era of peace and we could understand that war bringsno solution and usually brings distructions and losses. And on the eveof start of war between India and Pakistan, when Mr. Trump cameforward and asked for Cease Fire, Pakistan suggested that Mr. Trump, the president of United States must get Nobel Prize for Peace. It isalso an appropriate suggestion.



India and Pakistan had been parts of one country and thepartition of 1947 had been the worst even in history of this Sub Content in which lakhs had been killed and crores had been forced togo and settle in strange situations. And in spite of all efforts, there had been direct wars and indirect war through terrorists. The matter under dispute just a mistake in history.

Time has come when India and Pakistan must sit and solve small problem of POK. It is not POK< but PO India because the state had been merged with India as per provisions of Partition Act, 1947, when Pakistan itself came into being under the provisions of this Act.

Time is not of war, but India, Pakistan, Nepal, Bangladesh, SriLanka and Maldeiv must joint and form an Association and sign no war agreements, like one signed between India and Bangla Desh. Peace shall bring more developments because this sub continent is full of natural resources like mountains, jungles, rivers, fertile lands, better seasons, minerals, gas, petroleum and the like and even people are of hard working nature. India has already started talking of development and even they have fixed 2947 as the target date for becoming a fully developed country. Let all the other countries inthis sub content must come forward and stand in line with the developed countries in the world, because democracy means developing the countries and not extending the countries through wars.

## WARS BETWEEN CONTESTING GROUPS BROUGHT DOWN VOTES PERCENTAGE

Irt must be noted as a tragedy in our democracy that instead of increasing percen-tage of votes, it has been showing decrease and we can note that people have lost faith in these political contesting groups. These groups are not fighting elections on self praise and placing their targets before the people, the contesting groups are just finding faults of each other and leave nothing on the basis of which people could choose one out of them. And because these repeated rehearsals, people have lost faith in elections and votes percent has started going down. It is a tragedy and till date these contesting groups are not in a mood to change this way of fighting eledtions. It seemks, they want just to rule and talk of developments without placing before the people on what basis these developments had been achieved.



This time vote percentage had been just near fifty percent and it is just a tragedy on this biggest and longest tragedy. Since conduct of the contesting groups had been the cause of lowering vote per centage, they must conduct introspection and must understand that this war against each other must end. They are all equal before the people and none is better. Therefore, they must be very much clear what actually they shall do in the tenure and that only must be placed before the people in very cleart terms and along with schems, projects and pllicies they shall follow. People of India know mucdh about their problems and they have already understood that these contesting groups have got no interest in solving the problems, but they just want to win and rule the country. These victories and ruling period they count for their popularity. Much time of the people has been lost and therefore, the wars between the contesting groups must end and they must try to win elections on promises and solving problems which had been reducing more of us to poverty and backwqrdness. We are now in a race and last date of result has been prescribed by us ourselves as 2047. The problems which are still outstanding, we shall feel shame in line with developed countries. Let us note this fact.

# ਅੰਬਰਾਂ ਦੀ ਪਰੀ ਡਾ. ਪਰਵਿੰਦਰ ਕੌਰ ਆਸਟਰੇਲੀਆ ਦੀ ਸੰਸਦ ਦੀ ਪਹਿਲੀ ਇਸਤਰੀ ਮੈਂਬਰ

ਉਜਾਗਰ ਸਿੰਘ



ਕੁੜੀਆਂ ਤੇ ਚਿੜੀਆਂ ਅੰਬਰਾਂ ਦੀਆਂ ਪਰੀਆਂ ਹੁੰਦੀਆਂ ਹਨ। ਇਹ ਪਰੀਆਂ ਅੰਬਰਾਂ ਦੀਆਂ ਉਡਾਣਾ ਭਰ ਸਕਦੀਆਂ ਹਨ, ਬਸ਼ਰਤੇ ਕਿ ਇਨ੍ਹਾਂ ਦੀਆਂ ਵਾਗਾਂ ਖੁਲ੍ਹੀਆਂ ਛੱਡੀਆਂ ਜਾਣ। ਸਮਾਜਿਕ ਪਾਬੰਦੀਆਂ ਇਨ੍ਹਾਂ ਦੇ ਅੰਬਰਾਂ ਦੀਆਂ ਉਡਾਣਾ ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਮਾਪਿਆਂ ਦੇ ਫ਼ਰਜ਼ ਬਣਦੇ ਹਨ ਕਿ ਉਹ ਲੜਕਿਆਂ ਦੀ ਤਰ੍ਹਾਂ ਇਨ੍ਹਾਂ ਅੰਬਰਾਂ ਦੀਆਂ ਪਰੀਆਂ ਨੂੰ ਵੀ ਆਪਣੀਆਂ ਇਛਾਵਾਂ ਮੁਤਾਬਕ ਆਪਣੇ ਕੈਰੀਅਰ ਬਣਾਉਣ ਲਈ ਉਡਾਣਾ ਭਰਨ ਦੇ ਰਾਹ ਵਿੱਚ ਰੁਕਾਵਟਾਂ ਨਾ ਖੜ੍ਹੀਆਂ ਕਰਨ, ਸਗੋਂ ਬਰਾਬਰ ਦੇ ਅਧਿਕਾਰ ਦੇਣ। ਅਜਿਹੀ ਹੀ ਇੱਕ ਅੰਬਰਾਂ ਦੀ ਪਰੀ ਹੈ, ਡਾ ਪਰਵਿੰਦਰ ਕੌਰ ਹੈ, ਜਿਹੜੀ ਆਸਟਰੇਲੀਆ ਦੇ ਅਪਰ ਹਾਊਸ ਭਾਵ ਸੰਸਦ ਦੀ ਮੈਂਬਰ ਚੁਣੀ ਗਈ ਹੈ। ਭਾਰਤੀ ਮੂਲ ਦੇ ਪੰਜਾਬੀਆਂ ਨੇ ਪਰਵਾਸ ਦੀ ਸਿਆਸਤ ਵਿੱਚ ਵਿਲੱਖਣ ਮਾਅਰਕੇ ਮਾਰੇ ਹਨ।

ਹੁਣ ਤੱਕ ਭਾਰਤੀ ਮੂਲ ਦੇ ਪੰਜਾਬੀਆਂ ਨੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀ ਸਿਆਸਤ ਵਿੱਚ ਆਪਣੀ ਕਾਬਲੀਅਤ ਦਾ ਪ੍ਰਗਟਾਵਾ ਕਰਦੇ ਹੋਏ ਝੰਡੇ ਗੱਡੇ ਸਨ। ਕੈਨੇਡਾ ਦੀ ਸੰਘੀ ਸਰਕਾਰ ਵਿੱਚ ਤਾਂ ਦੋ ਪੰਜਾਬਣਾਂ ਅਨੀਤਾ ਇੰਦਰਾ ਆਨੰਦ ਅਤੇ ਰੂਬੀ ਸਹੋਤਾ ਮੰਤਰੀ ਹਨ। ਅਮਰੀਕਾ ਵਿੱਚ ਤੁਲਸੀ ਗਵਾਰਡ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਹੈ। ਪ੍ਰੰਤੂ ਹੁਣ ਆਸਟਰੇਲੀਆ ਦੀ ਸਿਆਸਤ ਵਿੱਚ ਵੀ ਇੱਕ ਪੰਜਾਬਣ ਜੀਵ ਵਿਗਿਆਨੀ ਡਾ. ਪਰਵਿੰਦਰ ਕੌਰ ਨੇ ਪਹਿਲੀ ਵਾਰ ਉਥੋਂ ਦੀ ਸੰਸਦ ਦੀ ਮੈਂਬਰ ਬਣਕੇ ਪੰਜਾਬਣਾਂ ਦੀ ਲਿਆਕਤ ਦੀ ਛਾਪ ਛੱਡੀ ਹੈ। ਇਹ ਹੋਰ ਵੀ ਖ਼ੁਸ਼ੀ ਦੀ ਗੱਲ ਹੈ ਕਿ ਪਰਵਿੰਦਰ ਕੌਰ ਆਸਟਰੇਲੀਆ ਦੇ ਅਪਰ ਹਾਊਸ ਦੀ ਮੈਂਬਰ ਚੁਣੀ ਗਈ ਹੈ, ਜਿਥੇ ਚੋਟੀ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਹੀ ਚੁਣਿਆਂ ਜਾਂਦਾ ਹੈ। ਉਹ ਆਸਟਰੇਲੀਆ ਦੀ ਸਰਕਾਰ ਚਲਾ ਰਹੀ ਲੇਬਰ ਪਾਰਟੀ ਵੱਲੋਂ ਚੁਣੀ ਗਈ ਹੈ। ਇਸ ਤੋਂ ਪਹਿਲਾਂ ਉਹ ਡੀ. ਐਨ. ਏ. ਜੂ ਆਸਟਰੇਲੀਆ ਦੀ ਡਾਇਰੈਕਟਰ ਅਤੇ ਯੂਨੀਵਰਸਿਟੀ ਆਫ਼ ਵੈਸਟਰਨ ਆਸਟਰੇਲੀਆ ਦੀ ਐਸੋਸੀਏਟ ਪ੍ਰੋਫੈਸਰ ਸੀ। ਸਾਲ 2023 ਵਿੱਚ ਅੰਤਰਰਾਸ਼ਟਰੀ ਇਸਤਰੀ ਦਿਵਸ ਦੇ ਮੌਕੇ ’ਤੇ ਵੈਸਟਰਨ ਆਸਟਰੇਲੀਆ ਦੀਆਂ ਸਨਮਾਨਤ ਇਸਤਰੀਆਂ ਦੇ ਵਿੱਚ ਉਹ ‘ਵਿਮੈਨ ਆਫ ਦਾ ਯੀਅਰ’ ਚੁਣੀ ਗਈ ਸੀ। ਨੌਜਵਾਨ ਲੜਕੀਆਂ ਲਈ ਪਰਵਿੰਦਰ ਕੌਰ ਪ੍ਰੇਰਨਾ ਸਰੋਤ ਬਣੇਗੀ। ਪਰਿਵਿੰਦਰ ਕੌਰ ਜੀਵ ਵਿਗਿਆਨ ਦੇ ਖੇਤਰ ਵਿੱਚ ਇੱਕ ਉਦਮੀ ਵੀ ਹੈ, ਉਸਨੇ ਇੱਕ ‘ਐਕਸ ਪਲਾਂਟਾ ਪ੍ਰਾਈਵੇਟ ਲਿਮਿਟਡ’ ਕੰਪਨੀ ਵੀ ਬਣਾਈ ਹੋਈ ਹੈ, ਜਿਹੜੀ ਇਜਿਨੀਅਰਿੰਗ ਅਤੇ ਨੈਚੁਰਲ ਹੈਲਥ ਸਾਲੂਸ਼ਨਜ਼ ’ਤੇ ਵੀ ਕੰਮ ਕਰ ਰਹੀ ਹੈ। ਜ਼ਿੰਦਗੀ ਵਿੱਚ ਸਫਲ ਹੋਣ ਲਈ ਲੋਕਾਂ ਦੀ ਸੇਵਾ ਵਿੱਚ ਜੁੱਟੇ ਰਹਿਣਾ ਚਾਹੀਦਾ ਹੈ। ਫਿਰ ਸਫਲਤਾ ਤੁਹਾਡੇ ਪੈਰ ਚੁੰਮੇਗੀ। ਪਰਵਿੰਦਰ ਕੌਰ ਨੇ ਆਸਟਰੇਲੀਆ ਦੀ ਸਿਆਸਤ ਵਿੱਚ



ਪਰਵਿੰਦਰ ਕੌਰ ਸਹੁੰ ਚੁਕਦੀ ਹੋਈ, ਪਰਵਿੰਦਰ ਕੌਰ ਪਰਿਵਾਰ ਨਾਲ

ਨਵਾਂ ਅਧਿਆਇ ਜੋੜਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਆਸਟਰੇਲੀਆ ਦੇ ਨਿਊ ਸਾਊਥ ਵੇਲਜ ਤੋਂ ਮੈਂਬਰ ਪਾਰਲੀਮੈਂਟ ਬਣੇ ਸਨ। ਪਰਵਿੰਦਰ ਕੌਰ ਸਮਾਜਿਕ, ਸਾਹਿਤਕ, ਸੰਗੀਤਕ, ਸੋਪੋਰਟਸ, ਸਭਿਆਚਾਰਕ ਅਤੇ ਧਾਰਮਿਕ ਸਰਗਰਮੀਆਂ ਅਤੇ ਰੇਡੀਓ ਦੇ ਪ੍ਰੋਗਰਾਮਾ ਵਿੱਚ ਵੀ ਹਿੱਸਾ ਲੈਂਦੀ ਰਹਿੰਦੀ ਹੈ। ਇਸੇ ਤਰ੍ਹਾਂ ਗੁਰੂ ਘਰ ਨੂੰ ਵੀ ਪੂਰੀ ਸਮਰਪਤ ਹੈ। ਉਨ੍ਹਾਂ ਨੇ ਸੰਸਦ ਮੈਂਬਰ ਦੀ ਸਹੁੰ ਵੀ ਜਪੁਜੀ ਸਾਹਿਬ ’ਤੇ ਹੱਥ ਰੱਖਕੇ ਕੇ ਚੁੱਕੀ ਹੈ।

ਡਾ. ਪਰਵਿੰਦਰ ਕੌਰ ਦਾ ਜਨਮ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤਪੁਰ ਰੁੜਕੀ ਵਿੱਚ ਮਾਤਾ ਬੀਬੀ ਜਰਨੈਲ ਕੌਰ ਤੇ ਪਿਤਾ ਕਸ਼ਮੀਰ ਸਿੰਘ ਦੇ ਘਰ ਹੋਇਆ। ਡਾ. ਪਰਵਿੰਦਰ ਕੌਰ ਦੋ ਭੈਣ ਭਰਾ ਹਨ। ਉਸਦਾ ਭਰਾ ਛੋਟਾ ਹੈ। ਪਰਵਿੰਦਰ ਕੌਰ ਦੀ ਸਿੱਖਿਆ ਵੱਖ-ਵੱਖ ਫ਼ੌਜੀ ਸਕੂਲਾਂ ਵਿੱਚ ਹੋਈ ਕਿਉਂਕਿ ਉਸਦੇ ਪਿਤਾ ਫ਼ੌਜ ਵਿੱਚ ਨੌਕਰੀ ਕਰਦੇ ਸਨ, ਉਨ੍ਹਾਂ ਦੀ ਬਦਲੀ ਹੋਣ ਕਰਕੇ ਪਰਿਵਾਰ ਨੂੰ ਉਸਦੇ ਨਾਲ ਹੀ ਜਾਣਾ ਪੈਂਦਾ ਸੀ ਪ੍ਰੰਤੂ ਬਹੁਤਾ ਸਮਾਂ ਉਸਨੇ ਜਲੰਧਰ ਅਤੇ ਅੰਬਾਲਾ ਕੈਂਟ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਇਸ ਤੋਂ ਬਾਅਦ ਪਰਵਿੰਦਰ ਕੌਰ ਨੇ ਪਟਿਆਲਾ ਵਿਖੇ ਗਿਆਰਵੀਂ ਤੇ ਬਾਰਵੀਂ ਦੀ ਪੜ੍ਹਾਈ ਕੀਤੀ। ਪਰਵਿੰਦਰ ਕੌਰ ਦੀ ਰੁਚੀ ਸਾਇੰਸ ਦੇ ਵਿਸ਼ੇ ਵਿੱਚ ਸੀ ਪ੍ਰੰਤੂ ਉਸਨੇ ਗਿਆਰਵੀਂ ਵਿੱਚ ਮਿਲੇ-ਜੁਲੇ ਵਿਸ਼ਿਆਂ ਦੀ ਚੋਣ ਕਰ ਲਈ। ਫਿਰ ਉਸਨੂੰ ਮਹਿਸੂਸ ਹੋਇਆ ਕਿ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਕੋਈ ਨਿਸ਼ਾਨਾ ਨਿਸਚਤ ਕਰਨਾ ਜ਼ਰੂਰੀ ਹੈ। ਉਸਨੇ ਬੀ. ਡੀ. ਐਸ. ਦੀ ਪੜ੍ਹਾਈ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਡਾਕਟਰੀ ਦਾ ਵਿਸ਼ਾ ਤਾਂ ਚੁਣ ਲਿਆ ਪ੍ਰੰਤੂ ਪਰਵਿੰਦਰ ਕੌਰ ਦੀ ਦਿਲਚਸਪੀ ਤੇ ਪਸੰਦ ਦਾ ਵਿਸ਼ਾ ਜੀਵ-ਵਿਗਿਆਨ ਸੀ। ਪਿਤਾ ਦੇ ਫੌਜ ਵਿੱਚ ਨੌਕਰੀ ਕਰਨ ਕਰਕੇ ਸਕੂਲਾਂ ਵਿੱਚ ਛੁਟੀਆਂ ਦੇ ਸਮੇਂ ਪਰਵਿੰਦਰ ਕੌਰ ਆਪਣੇ ਮਾਤਾ ਜੀ ਨਾਲ ਆਪਣੇ ਪਿੰਡ ਆ ਕੇ ਰਹਿੰਦੇ ਸਨ। ਜ਼ਿਮੀਦਾਰ ਪਰਿਵਾਰ ਹੋਣ ਕਰਕੇ ਪਰਵਿੰਦਰ ਕੌਰ ਨੂੰ ਖੇਤੀ ਵਿਗਿਆਨ ਨਾਲ ਮੋਹ ਹੋ ਗਿਆ। ਉਸਨੂੰ ਪਿੰਡ ਰਹਿੰਦਿਆਂ ਮਹਿਸੂਸ ਹੋਇਆ ਕਿ ਕਿਸਾਨ ਨੂੰ ਅਨਾਜ ਦੇ ਉਤਪਾਦਨ ਵਿੱਚ ਕਿਤਨੀ ਮਿਹਨਤ ਤੇ ਜਦੋਜਹਿਦ ਕਰਨੀ ਪੈਂਦੀ ਹੈ। ਅੰਨਦਾਤਾ ਕਹਾਉਣ ਲਈ ਕਿਸਾਨ ਨੂੰ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਇਸਦਾ ਉਸਨੂੰ ਯੋਗ ਇਵਜ਼ਾਨਾ ਨਹੀਂ ਮਿਲਦਾ। ਕਿਸਾਨੀ ਦੇ ਜੀਵਨ ਦੀਆਂ ਤਲਖੀਆਂ ਨੇ ਪਰਵਿੰਦਰ ਕੌਰ ਨੂੰ ਡਾਕਟਰੀ ਦੀ ਪੜ੍ਹਾਈ ਨੂੰ ਤਿਲਾਂਜ਼ਲੀ ਦੇ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਜੀਵ ਵਿਗਿਆਨ ਦੇ ਵਿਸ਼ੇ ਵਿੱਚ ਦਾਖ਼ਲਾ ਲੈਣ ਲਈ ਪ੍ਰੇਰਿਆ। ਫਿਰ ਉਸਨੇ ਬੀ. ਐਸ. ਸੀ. ਵਿੱਚ ਦਾਖ਼ਲਾ ਲੈ ਲਿਆ।

ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ, ਇਸ ਕਰਕੇ ਉਸਨੂੰ ਯੂਨੀਵਰਸਿਟੀ ਨੇ ਵਜ਼ੀਫ਼ਾ ਦੇ ਦਿੱਤਾ। ਇਥੋਂ ਪਰਵਿੰਦਰ ਕੌਰ ਦਾ ਜੀਵ ਵਿਗਿਆਨੀ ਦੇ ਤੌਰ ’ਤੇ ਕੈਰੀਅਰ ਸ਼ੁਰੂ ਹੋ ਗਿਆ। ਫਿਰ ਉਸਨੇ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕਰਨ ਲਈ ਸਿਰ ਤੋੜ ਮਿਹਨਤ ਕੀਤੀ, ਜਿਸ ਦੇ ਨਤੀਜੇ ਵਜੋਂ ਉਸਨੂੰ ਮਾਸਟਰਜ਼ ਵਿੱਚ ਵੀ ਵਜ਼ੀਫ਼ਾ ਮਿਲ ਗਿਆ। ਮਾਸਟਰਜ਼ ਵਿੱਚ ਵੀ ਪਰਵਿੰਦਰ ਕੌਰ ਨੇ ਪੜ੍ਹਾਈ ਵਿੱਚ ਬਿਹਤਰੀਨ ਪ੍ਰਦਰਸ਼ਨ ਕੀਤਾ। ਫਿਰ ਉਸਨੇ ਆਸਟਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟਰੇਲੀਆ ਵਿੱਚ ਪੀ. ਐਚ. ਡੀ. ਕਰਨ ਲਈ ਅਪਲਾਈ ਕੀਤਾ, ਜਿਥੇ ਉਸਨੂੰ ਪੀ. ਐਚ. ਡੀ. ਕਰਨ ਲਈ ਦਾਖ਼ਲ ਕਰਕੇ ਵਜ਼ੀਫ਼ਾ ਪ੍ਰਦਾਨ ਕੀਤਾ ਗਿਆ। ਇਸ ਤੋਂ ਵੱਡਾ ਉਸਦੀ ਕਾਬਲੀਅਤ ਨੂੰ ਪ੍ਰਤੱਖ ਦੀ ਲੋੜ ਨਹੀਂ।

ਪਰਵਿੰਦਰ ਕੌਰ ਦੇ ਮਾਪੇ ਆਰਥਿਕ ਤੌਰ ’ਤੇ ਪਰਵਾਸ ਵਿੱਚ ਪੜ੍ਹਾਈ ਕਰਵਾਉਣ ਦੀ ਸਮਰੱਥਾ ਨਹੀਂ ਰੱਖਦੇ ਸਨ, ਕਿਉਂਕਿ ਉਹ ਛੋਟੇ ਜ਼ਿਮੀਦਾਰ ਹਨ। ਦੂਜੇ ਉਸਦੇ ਪਿਤਾ ਫੌਜ ਵਿੱਚੋਂ ਸੇਵਾ ਮੁਕਤ ਹੋ ਚੁੱਕੇ ਸਨ, ਪ੍ਰੰਤੂ ਜਦੋਂ ਉਸਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹ ਆਸਟਰੇਲੀਆ ਵਿੱਚ ਪੜ੍ਹਨ ਜਾਣ ਦੀ ਇੱਛਾ ਰੱਖਦੀ ਹੈ ਤਾਂ ਪਿਤਾ ਹਿਚਕਚਾ ਰਹੇ ਸਨ, ਪ੍ਰੰਤੂ ਪਰਵਿੰਦਰ ਕੌਰ ਨੇ ਦੱਸਿਆ ਕਿ ਪੜ੍ਹਾਈ ਦਾ ਸਾਰਾ ਖ਼ਰਚਾ ਯੂਨੀਵਰਸਿਟੀ ਉਠਾਏਗੀ। ਪਹਿਲਾਂ ਤਾਂ ਪਰਵਿੰਦਰ ਕੌਰ ਦੇ ਪਿਤਾ ਨੂੰ ਵਿਸ਼ਵਾਸ ਹੀ ਨਹੀਂ ਆ ਰਿਹਾ ਸੀ। ਪਰਿਵਾਰ ਦੀ ਪ੍ਰਵਾਨਗੀ ਤੋਂ ਬਾਅਦ ਪਰਵਿੰਦਰ ਕੌਰ ਪੀ. ਐਚ. ਡੀ. ਕਰਨ ਲਈ ਆਸਟਰੇਲੀਆ ਪਹੁੰਚ ਗਈ। ਆਸਟਰੇਲੀਆ ਪਹੁੰਚ ਕੇ ਪਰਵਿੰਦਰ ਕੌਰ ਨੇ ਬੜੀ ਸਖ਼ਤ ਮਿਹਨਤ ਕੀਤੀ। ਪਰਵਿੰਦਰ ਕੌਰ ਨੇ ਖੋਜ ਕਰਦਿਆਂ ਮਹਿਸੂਸ ਕੀਤਾ ਕਿ ਇਨਸਾਨ ਨੂੰ ਆਪਣੀ ਪ੍ਰਤਿਭਾ ਦੀ ਪਹਿਲਾਂ ਪਛਾਣ ਕਰਨੀ ਚਾਹੀਦੀ ਹੈ। ਫਿਰ ਉਸ ਦਾ ਸਦਉਪਯੋਗ ਕਰਨ ਦੇ ਢੰਗ ਤਰੀਕੇ ਅਪਨਾਉਣੇ ਚਾਹੀਦੇ ਹਨ। ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਉਸਨੂੰ ਉਸਦੇ ਸ਼ੌਕ ਅਨੁਸਾਰ ਡੀ. ਐਨ. ਏ.ਵਰਗੇ ਉਸਦੇ ਪਸੰਦੀਦਾ ਵਿਸ਼ੇ ’ਤੇ ਖੋਜ ਕਰਨ ਦਾ ਮੌਕਾ ਮਿਲ ਗਿਆ। ਫਿਰ ਉਸਨੇ ਇਸ ਮੌਕੇ ਨੂੰ ਸੰਭਾਲਦਿਆਂ ਦ੍ਰਿੜ੍ਹਤਾ ਅਤੇ ਲਗਨ ਨਾਲ ਖੋਜ ਵਿੱਚ ਦਿਲਚਸਪੀ ਲਈ, ਜਿਸਦੇ ਨਤੀਜੇ ਵਜੋਂ ਉਸਨੂੰ 10 ਸਾਲ ਦੀ ਮਿਹਨਤ ਦਾ ਫਲ 2010 ਵਿੱਚ ਪੀ. ਐਚ. ਡੀ. ਦੀ ਡਿਗਰੀ ਨਾਲ ਮਿਲਿਆ। ਇਸ ਖੋਜ ਕਾਰਜ ’ਤੇ ਉਸਦਾ ਇੱਕ ਧੇਲਾ ਵੀ ਨਹੀਂ ਲੱਗਿਆ, ਸਗੋਂ ਸਾਰਾ ਖ਼ਰਚਾ ਯੂਨੀਵਰਸਿਟੀ ਨੇ ਕੀਤਾ। ਉਹ ਮਹਿਸੂਸ ਕਰਦੀ ਹੈ ਕਿ ਉਸਦੇ ਸ਼ੌਕ ਦੀ ਪੂਰਤੀ ਹੁੰਦੀ ਹੈ ਤੇ ਨਾਲੇ ਉਸਦੇ ਪੈਸੇ ਮਿਲਦੇ ਹਨ। ਹੁਣ ਤਾਂ ਆਸਟਰੇਲੀਆ ਦੀ ਸਰਕਾਰ ਨੇ ਪਰਵਿੰਦਰ ਕੌਰ ਦੀ ਆਸਟਰੇਲੀਆ ਲਈ ਕੀਤੀ ਖੋਜ ਦਾ ਮੁੱਲ ਉਸਨੂੰ ਅਪਰ ਹਾਊਸ ਦੀ ਮੈਂਬਰ ਬਣਾ ਕੇ ਪਾ ਦਿੱਤਾ ਹੈ।

ਪਰਵਿੰਦਰ ਕੌਰ ਦੀ ਖੋਜ ਵਿਲੱਖਣ ਹੈ, ਖਾਸ ਤੌਰ ’ਤੇ ਆਸਟਰੇਲੀਆ ਵਿੱਚ ਪਸ਼ੂਆਂ ਦੀ ਬਿਹਤਰੀ ਲਈ ਕਾਰਗਰ ਸਾਬਤ ਹੋਈ ਹੈ। ਆਸਟਰੇਲੀਆ ਦੀ ਬਹੁਤ ਵੱਡੀ ਸਮੱਸਿਆ ਸੀ, ਪਸ਼ੂਆਂ ਦੇ ਚਾਰੇ ਵਿੱਚ ਕੁਝ ਅਜਿਹੇ ਖ਼ਤਰਨਾਕ ਤੱਤ ਸਨ, ਜਿਨ੍ਹਾਂ ਕਾਰਨ ਬਹੁਤ ਵਧੇਰੇ ਮਾਤਰਾ ਵਿੱਚ ਮੀਥੇਨ ਗੈਸ ਬਣਦੀ ਸੀ, ਜੋ ਕਿ ਓਜ਼ੋਨ ’ਚ ਹੋਏ ਸੁਰਾਖ਼ ਲਈ ਜ਼ਿੰਮੇਵਾਰ ਹੁੰਦੀ ਹੈ। ਆਸਟਰੇਲੀਆ ਵਿੱਚ ਬਣਦੀ ਕੁਲ ਮੀਥੇਨ ਗੈਸ ਦਾ 40 ਫ਼ੀਸਦੀ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ, ਪ੍ਰੰਤੂ ਡਾ ਪਰਵਿੰਦਰ ਕੌਰ ਦੀ ਮਿਹਨਤ ਸਦਕਾ ਇਸ ’ਤੇ ਕਾਬੂ ਪੈਣਾ ਸ਼ੁਰੂ ਹੋ ਗਿਆ। ਡਾ. ਪਰਵਿੰਦਰ ਕੌਰ ਦੀ ਦੂਜੀ ਪ੍ਰਾਪਤੀ ਕਰੋਨਾ ਸਮੇਂ ਉਸਨੇ ਖੋਜ ਕੀਤੀ ਕਿ ਕਰੋਨਾ ਦਾ ਡੀ. ਐਨ. ਏ.ਕੋਡ ਫ਼ਸਲਾਂ ਦੇ ਕੋਡ ਨਾਲੋਂ ਛੋਟਾ ਹੈ, ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ। ਉਸਨੇ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕਰ ਦਿੱਤਾ। ਡਾ. ਪਰਵਿੰਦਰ ਕੌਰ ਖੋਜ ਨੂੰ ਇਤਨੀ ਸਮਰਪਤ ਹੈ ਕਿ ਉਹ ਆਪਣੇ 15 ਦਿਨਾਂ ਦੇ ਲੜਕੇ ਨੂੰ ਆਪਣੇ ਪਰਿਵਾਰ ਤੇ ਪਤੀ ਕੋਲ ਛੱਡਕੇ ਦੂਜੇ ਦੇਸ਼ਾਂ ਵਿੱਚ ਖੋਜ ਕਾਰਜ ਲਈ ਚਲੀ ਗਈ ਸੀ, ਹਾਲਾਂ ਕਿ ਉਹ ਛੇ ਮਹੀਨੇ ਦੀ ਛੁੱਟੀ ਲੈ ਸਕਦੀ ਸੀ ਪ੍ਰੰਤੂ ਡਾ. ਪਰਵਿੰਦਰ ਕੌਰ ਨੇ ਖੋਜ ਨੂੰ ਪਹਿਲ ਦਿੱਤੀ। ਇਸੇ ਤਰ੍ਹਾਂ ਪਰਵਿੰਦਰ ਕੌਰ ਨੂੰ ਉਸਦੇ ਮਾਪਿਆਂ ਨੇ ਉਸਦੇ ਭਰਾ ਦੀ ਤਰ੍ਹਾਂ ਹੀ ਸਹੂਲਤਾਂ ਦੇਣ ਸਮੇਂ ਕੋਈ ਫਰਕ ਨਹੀਂ ਰੱਖਿਆ, ਸਗੋਂ ਬਰਾਬਰ ਸਤਿਕਾਰ ਦਿੱਤਾ। ਪਰਵਿੰਦਰ ਕੌਰ ਦਾ ਵਿਆਹ ਉਸਦੇ ਸਕੂਲ ਵਿੱਚ ਗਿਆਰਵੀਂ ਦੇ ਜਮਾਤੀ ਅਮਿਤ ਨਾਲ ਹੋਇਆ, ਜਿਹੜਾ ਸਕੂਲ ਦੀ ਪੜ੍ਹਾਈ ਸਮੇਂ ਉਸ ਨਾਲ ਮੁਕਾਬਲੇ ਵਿੱਚ ਹੁੰਦਾ ਸੀ। ਜੀਵਨ ਸਾਥੀ ਦੇ ਤੌਰ ’ਤੇ ਅਮਿਤ ਦਾ ਸਾਥ ਤੇ ਸਹਿਯੋਗ ਕਾਬਲੇ ਤਾਰੀਫ਼ ਹੈ। ਡਾ. ਪਰਵਿੰਦਰ ਕੌਰ ਬਹੁਪੱਖੀ ਸ਼ਖ਼ਸੀਅਤ ਦੀ ਮਾਲਕ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

* * * * * * * *

# ਚੋਕਰਸ ਤੋਂ ਚੈਂਪੀਅਨ ਤੱਕ ਦਾ ਸਫਰ

ਸੰਦੀਪ ਕੁਮਾਰ
7009807121





ਕ੍ਰਿਕਟ ਦੀ ਦੁਨੀਆ ਵਿੱਚ ਕੁਝ ਟੀਮਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਪ੍ਰਤਿਭਾ ਅਤੇ ਸਮਰੱਥਾ 'ਤੇ ਕੋਈ ਸਵਾਲ ਨਹੀਂ ਉੱਠਦਾ, ਪਰ ਜਦੋਂ ਗੱਲ ਵੱਡੇ ਮੰਚ 'ਤੇ ਜਿੱਤ ਦੀ ਆਉਂਦੀ ਹੈ, ਤਾਂ ਕਈ ਵਾਰ ਉਹ ਆਪਣੇ ਹੀ ਪੈਰਾਂ 'ਤੇ ਕੁਹਾੜੀ ਮਾਰ ਲੈਂਦੀਆਂ ਹਨ। ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੀ ਕਹਾਣੀ ਵੀ ਕੁਝ ਅਜਿਹੀ ਹੀ ਰਹੀ ਹੈ। ਇਸ ਟੀਮ ਨੇ ਹਮੇਸ਼ਾ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਖੇਡ ਨਾਲ ਪ੍ਰਸ਼ੰਸਕਾਂ ਦਾ ਦਿਲ ਜਿੱਤਿਆ, ਪਰ ਜਦੋਂ ਆਈਸੀਸੀ ਟੂਰਨਾਮੈਂਟਾਂ ਦੇ ਸੈਮੀਫਾਈਨਲ ਜਾਂ ਫਾਈਨਲ ਦੀ ਗੱਲ ਆਉਂਦੀ, ਤਾਂ ਇਹ ਟੀਮ ਅਕਸਰ ਆਪਣੀਆਂ ਗਲਤੀਆਂ ਜਾਂ ਦਬਾਅ ਦੇ ਅੱਗੇ ਝੁਕ ਜਾਂਦੀ। ਇਸ ਕਾਰਨ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਨੂੰ "ਚੋਕਰਸ" ਦਾ ਖਿਤਾਬ ਮਿਲਿਆ, ਜੋ ਇੱਕ ਅਜਿਹਾ ਕਲੰਕ ਸੀ, ਜਿਸ ਨੇ ਇਸ ਟੀਮ ਦੀ ਸ਼ਾਨਦਾਰ ਪ੍ਰਤਿਭਾ 'ਤੇ ਸਦਾ ਸਵਾਲ ਖੜ੍ਹੇ ਕੀਤੇ। ਪਰ 14 ਜੂਨ 2025 ਨੂੰ, ਲਾਰਡਜ਼ ਦੇ ਇਤਿਹਾਸਕ ਮੈਦਾਨ 'ਤੇ, ਸਾਊਥ ਅਫਰੀਕਾ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਸਟਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਨਾ ਸਿਰਫ 27 ਸਾਲਾਂ ਦਾ ਆਈਸੀਸੀ ਟਰਾਫੀ ਦਾ ਸੋਕਾ ਖਤਮ ਕੀਤਾ, ਸਗੋਂ "ਚੋਕਰਸ" ਦੇ ਇਸ ਕਲੰਕ ਨੂੰ ਵੀ ਸਦਾ ਲਈ ਧੋ ਦਿੱਤਾ। ਇਹ ਲੇਖ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੇ ਇਸ ਪ੍ਰੇਰਣਾਦਾਇਕ ਸਫਰ ਨੂੰ ਦਰਸਾਉਂਦਾ ਹੈ, ਜਿਸ ਨੇ ਬਾਰ-ਬਾਰ ਦੁੱਖ ਅਤੇ ਨਿਰਾਸ਼ਾ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਹੌਂਸਲਾ ਨਹੀਂ ਹਾਰਿਆ ਅਤੇ ਅੰਤ ਵਿੱਚ ਚੈਂਪੀਅਨ ਬਣ ਕੇ ਸਾਰੀ ਦੁਨੀਆ ਨੂੰ ਆਪਣੀ ਹਿੰਮਤ ਦੀ ਮਿਸਾਲ ਦਿੱਤੀ।

ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੀ ਸ਼ੁਰੂਆਤੀ ਸਫਰ ਦੀ ਗੱਲ ਕਰੀਏ ਤਾਂ, ਇਸ ਟੀਮ ਨੇ 1992 ਵਿੱਚ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਵਾਪਸੀ ਕਰਨ ਤੋਂ ਬਾਅਦ ਹੀ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਹੰਸੀ ਕ੍ਰੋਨਜੇ, ਜੈਕ ਕੈਲਿਸ, ਗ੍ਰੀਮ ਸਮਿਥ, ਏਬੀ ਡਿਵਿਲੀਅਰਸ, ਡੇਲ ਸਟੇਨ ਅਤੇ ਕਾਗਿਸੋ ਰਬਾਡਾ ਵਰਗੇ ਖਿਡਾਰੀਆਂ ਨੇ ਸਾਊਥ ਅਫਰੀਕਾ ਨੂੰ ਵਿਸ਼ਵ ਕ੍ਰਿਕਟ ਵਿੱਚ ਇੱਕ ਮਜ਼ਬੂਤ ਸਥਾਨ ਦਿਵਾਇਆ। ਇਹ ਖਿਡਾਰੀ ਨਾ ਸਿਰਫ ਆਪਣੀ ਖੇਡ ਸ਼ੈਲੀ ਸਗੋਂ ਮੈਦਾਨ 'ਤੇ ਜੁਝਾਰੂਪਣ ਲਈ ਵੀ ਜਾਣੇ ਜਾਂਦੇ ਸਨ। ਸਾਊਥ ਅਫਰੀਕਾ ਨੇ ਟੈਸਟ, ਵਨਡੇ ਅਤੇ ਟੀ-20 ਵਿੱਚ ਬਹੁਤ ਸਾਰੀਆਂ ਸੀਰੀਜ਼ ਜਿੱਤੀਆਂ, ਪਰ ਜਦੋਂ ਗੱਲ ਆਈਸੀਸੀ ਦੇ ਵੱਡੇ ਟੂਰਨਾਮੈਂਟਾਂ ਦੀ ਆਉਂਦੀ, ਤਾਂ ਇਹ ਟੀਮ ਅਕਸਰ ਨਿਰਾਸ਼ਾ ਦੀ ਖਾਈ ਵਿੱਚ ਡਿੱਗ ਜਾਂਦੀ। 1998 ਵਿੱਚ ਆਈਸੀਸੀ ਨੌਕਆਊਟ ਟਰਾਫੀ (ਹੁਣ ਚੈਂਪੀਅਨਜ਼ ਟਰਾਫੀ) ਜਿੱਤਣ ਤੋਂ ਬਾਅਦ ਸਾਊਥ ਅਫਰੀਕਾ ਨੂੰ ਕੋਈ ਵੀ ਵੱਡੀ ਆਈਸੀਸੀ ਟਰਾਫੀ ਨਸੀਬ ਨਹੀਂ ਹੋਈ। ਇਸ ਦੌਰਾਨ, ਇਸ ਟੀਮ ਨੇ ਬਹੁਤ ਸਾਰੇ ਮੌਕਿਆਂ 'ਤੇ ਸੈਮੀਫਾਈਨਲ ਅਤੇ ਫਾਈਨਲ ਤੱਕ ਦਾ ਸਫਰ ਤੈਅ ਕੀਤਾ, ਪਰ ਹਰ ਵਾਰ ਕਿਸੇ ਨਾ ਕਿਸੇ ਕਾਰਨ ਜਿੱਤ ਉਸ ਦੇ ਹੱਥੋਂ ਖਿਸਕ ਜਾਂਦੀ।

ਸਾਊਥ ਅਫਰੀਕਾ ਦੀ "ਚੋਕਰਸ" ਦੀ ਪਛਾਣ ਨੂੰ ਸਮਝਣ ਲਈ ਅਸੀਂ ਆਈਸੀਸੀ ਟੂਰਨਾਮੈਂਟਾਂ ਦੇ ਕੁਝ ਮਹੱਤਵਪੂਰਨ ਮੌਕਿਆਂ 'ਤੇ ਨਜ਼ਰ ਮਾਰ ਸਕਦੇ ਹਾਂ। ਸਾਲ 1999 ਦੇ ਵਨਡੇ ਵਿਸ਼ਵ ਕੱਪ ਦਾ ਸੈਮੀਫਾਈਨਲ ਸ਼ਾਇਦ ਸਭ ਤੋਂ ਦੁਖਦਾਈ ਮੈਚ ਸੀ, ਜਿੱਥੇ ਸਾਊਥ ਅਫਰੀਕਾ ਨੂੰ ਆਸਟਰੇਲੀਆ ਦੇ ਖਿਲਾਫ ਜਿੱਤ ਲਈ ਅੰਤਮ ਓਵਰ ਵਿੱਚ ਸਿਰਫ ਇੱਕ ਰਨ ਦੀ ਲੋੜ ਸੀ। ਪਰ ਲੈਂਸ ਕਲੂਸਨਰ ਅਤੇ ਐਲਨ ਡੋਨਾਲਡ ਦੇ ਵਿਚਕਾਰ ਰਨ-ਆਊਟ ਦੀ ਗਲਤਫਹਿਮੀ ਨੇ ਮੈਚ ਨੂੰ ਟਾਈ ਕਰ ਦਿੱਤਾ ਅਤੇ ਆਸਟਰੇਲੀਆ ਨੇ ਸੁਪਰ ਸਿਕਸ ਪੁਆਇੰਟਸ ਦੇ ਅਧਾਰ 'ਤੇ ਫਾਈਨਲ ਵਿੱਚ ਜਗ੍ਹਾ ਬਣਾ ਲਈ। ਇਸ ਮੈਚ ਨੇ ਸਾਊਥ ਅਫਰੀਕਾ ਦੀ ਟੀਮ 'ਤੇ "ਚੋਕਰਸ" ਦਾ ਟੈਗ ਪੱਕਾ ਕਰ ਦਿੱਤਾ। ਇਸੇ ਤਰ੍ਹਾਂ, 2007 ਦੇ ਵਨਡੇ ਵਿਸ਼ਵ ਕੱਪ ਸੈਮੀਫਾਈਨਲ ਵਿੱਚ ਸਾਊਥ ਅਫਰੀਕਾ ਨੂੰ ਆਸਟਰੇਲੀਆ ਤੋਂ ਮੁੜ ਕਰਾਰੀ ਹਾਰ ਮਿਲੀ।

ਸਾਲ 2015 ਦੇ ਵਿਸ਼ਵ ਕੱਪ ਸੈਮੀਫਾਈਨਲ ਵਿੱਚ ਨਿਊਜ਼ੀਲੈਂਡ ਦੇ ਖਿਲਾਫ ਵੀ ਸਾਊਥ ਅਫਰੀਕਾ ਨੇ ਡਕਵਰਥ-ਲੁਈਸ ਨਿਯਮ ਦੇ ਅਧਾਰ 'ਤੇ ਮੈਚ ਗੁਆ ਦਿੱਤਾ। ਸਾਲ 2023 ਦੀਆਂ ਮਹਿਲਾ ਟੀ-20 ਵਿਸ਼ਵ ਕੱਪ ਅਤੇ 2024 ਦੀ ਪੁਰਸ਼ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿੱਚ ਵੀ ਸਾਊਥ ਅਫਰੀਕਾ ਨੂੰ ਕ੍ਰਮਵਾਰ ਆਸਟਰੇਲੀਆ ਅਤੇ ਭਾਰਤ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਇਹ ਸਾਰੇ ਮੌਕੇ ਸਾਊਥ ਅਫਰੀਕਾ ਦੀ ਉਸ ਪਛਾਣ ਨੂੰ ਮਜ਼ਬੂਤ ਕਰਦੇ ਸਨ, ਜਿਸ ਵਿੱਚ ਉਹ ਦਬਾਅ ਦੇ ਅੱਗੇ ਝੁਕ ਜਾਂਦੇ ਸਨ।

ਪਰ 2025 ਦੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਫਾਈਨਲ ਸਾਊਥ ਅਫਰੀਕਾ ਲਈ ਇੱਕ ਨਵੀਂ ਸ਼ੁਰੂਆਤ ਸੀ। 11 ਜੂਨ 2025 ਨੂੰ ਸ਼ੁਰੂ ਹੋਇਆ ਇਹ ਮੈਚ ਲਾਰਡਜ਼ ਦੇ ਪਵਿੱਤਰ ਮੈਦਾਨ 'ਤੇ ਖੇਡਿਆ ਗਿਆ, ਜਿੱਥੇ ਸਾਊਥ ਅਫਰੀਕਾ ਨੇ ਪਹਿਲੀ ਵਾਰ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਕਦਮ ਰੱਖਿਆ। ਮੁਕਾਬਲਾ ਸੀ ਆਸਟਰੇਲੀਆ ਦੇ ਖਿਲਾਫ, ਜੋ ਨਾ ਸਿਰਫ ਮੌਜੂਦਾ ਚੈਂਪੀਅਨ ਸੀ, ਸਗੋਂ ਆਈਸੀਸੀ ਟੂਰਨਾਮੈਂਟਾਂ ਵਿੱਚ ਸਾਊਥ ਅਫਰੀਕਾ ਦਾ ਸਭ ਤੋਂ ਵੱਡਾ ਦੁਸ਼ਮਣ ਵੀ ਸੀ। ਮੈਚ ਦੀ ਸ਼ੁਰੂਆਤ ਸਾਊਥ ਅਫਰੀਕਾ ਲਈ ਆਸਾਨ ਨਹੀਂ ਸੀ। ਪਹਿਲੇ ਦਿਨ ਆਸਟਰੇਲੀਆ ਨੇ 212 ਰਨ ਬਣਾਏ, ਜਿਸ ਦੇ ਜਵਾਬ ਵਿੱਚ ਸਾਊਥ ਅਫਰੀਕਾ ਸਿਰਫ 138 ਰਨ 'ਤੇ ਸਿਮਟ ਗਈ। ਪੈਟ ਕਮਿੰਸ ਦੀ ਅਗਵਾਈ ਵਿੱਚ ਆਸਟਰੇਲੀਆਈ ਗੇਂਦਬਾਜ਼ੀ ਨੇ ਸਾਊਥ ਅਫਰੀਕਾ ਦੀ ਬੱਲੇਬਾਜ਼ੀ ਨੂੰ ਤਬਾਹ ਕਰ ਦਿੱਤਾ। ਪਰ ਕਾਗਿਸੋ ਰਬਾਡਾ ਦੀ ਸ਼ਾਨਦਾਰ ਗੇਂਦਬਾਜ਼ੀ (5-51) ਅਤੇ ਲੁੰਗੀ ਐਨਗੀਡੀ (3-38) ਨੇ ਆਸਟਰੇਲੀਆ ਦੀ ਦੂਜੀ ਪਾਰੀ ਨੂੰ 207 ਰਨ 'ਤੇ ਸਮੇਟ ਦਿੱਤਾ, ਜਿਸ ਨਾਲ ਸਾਊਥ ਅਫਰੀਕਾ ਨੂੰ 282 ਰਨ ਦਾ ਟੀਚਾ ਮਿਲਿਆ।

ਇਸ ਟੀਚੇ ਦਾ ਲਾਰਡਜ਼ ਵਰਗੇ ਮੈਦਾਨ 'ਤੇ ਚੌਥੀ ਪਾਰੀ ਵਿੱਚ ਪਿੱਛਾ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਪਰ ਇੱਥੇ ਸਾਊਥ ਅਫਰੀਕਾ ਦੀ ਟੀਮ ਨੇ ਆਪਣੀ ਮਾਨਸਿਕ ਤਾਕਤ ਅਤੇ ਇਕਜੁਟਤਾ ਦਾ ਸਬੂਤ ਦਿੱਤਾ। ਐਡਨ ਮਾਰਕਰਮ ਨੇ 136 ਰਨ ਦੀ ਸ਼ਾਨਦਾਰ ਪਾਰੀ ਖੇਡੀ, ਜੋ ਸਾਊਥ ਅਫਰੀਕਾ ਦੇ ਟੈਸਟ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਪਾਰੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਉਸ ਦੀ ਇਸ ਪਾਰੀ ਨੇ ਨਾ ਸਿਰਫ ਟੀਮ ਨੂੰ ਜਿੱਤ ਦੇ ਨੇੜੇ ਪਹੁੰਚਾਇਆ, ਸਗੋਂ ਪੁਰਾਣੇ ਜ਼ਖਮਾਂ 'ਤੇ ਮਲ੍ਹਮ ਵੀ ਲਗਾਇਆ। ਟੈਂਬਾ ਬਾਵੁਮਾ, ਜੋ ਹੈਮਸਟ੍ਰਿੰਗ ਦੀ ਸੱਟ ਨਾਲ ਜੂਝ ਰਹੇ ਸਨ, ਨੇ 66 ਰਨ ਦੀ ਜੁਝਾਰੂ ਪਾਰੀ ਖੇਡੀ ਅਤੇ ਮਾਰਕਰਮ ਨਾਲ 147 ਰਨ ਦੀ ਸਾਂਝੇਦਾਰੀ ਕੀਤੀ। ਮੈਚ ਦੇ ਅੰਤਮ ਪਲਾਂ ਵਿੱਚ ਕਾਇਲ ਵੇਰੇਨੇ ਨੇ ਜਿੱਤ ਦੇ ਰਨ ਬਣਾ ਕੇ ਸਾਊਥ ਅਫਰੀਕਾ ਨੂੰ ਇਤਿਹਾਸਕ ਜਿੱਤ ਦਿਵਾਈ। ਦੁਪਹਿਰੇ 12:45 ਵਜੇ, ਜਦੋਂ ਵੇਰੇਨੇ ਨੇ ਕਵਰ ਡ੍ਰਾਈਵ ਨਾਲ ਜਿੱਤ ਦਾ ਰਨ ਬਣਾਇਆ, ਤਾਂ ਲਾਰਡਜ਼ ਦਾ ਮੈਦਾਨ ਸਾਊਥ ਅਫਰੀਕੀ ਪ੍ਰਸ਼ੰਸਕਾਂ ਦੀਆਂ ਖੁਸ਼ੀਆਂ ਨਾਲ ਗੂੰਜ ਉੱਠਿਆ।

ਇਸ ਜਿੱਤ ਨੇ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਨੂੰ ਨਵੀਂ ਪਛਾਣ ਦਿੱਤੀ। ਜਿੱਥੇ ਪਹਿਲਾਂ ਉਸ ਨੂੰ "ਚੋਕਰਸ" ਕਿਹਾ ਜਾਂਦਾ ਸੀ, ਉੱਥੇ ਹੁਣ ਉਹ "ਚੈਂਪੀਅਨ" ਵਜੋਂ ਜਾਣੀ ਜਾਣ ਲੱਗੀ। ਟੈਂਬਾ ਬਾਵੁਮਾ ਦੀ ਕਪਤਾਨੀ ਵਿੱਚ ਇਸ ਟੀਮ ਨੇ ਨਾ ਸਿਰਫ ਆਸਟਰੇਲੀਆ ਵਰਗੀ ਮਜ਼ਬੂਤ ਟੀਮ ਨੂੰ ਹਰਾਇਆ, ਸਗੋਂ ਆਪਣੀ ਮਾਨਸਿਕ ਤਾਕਤ ਅਤੇ ਇਕਜੁਟਤਾ ਨਾਲ ਸਾਰੀ ਦੁਨੀਆ ਨੂੰ ਦਿਖਾ ਦਿੱਤਾ ਕਿ ਉਹ ਦਬਾਅ ਦੇ ਅੱਗੇ ਝੁਕਣ ਵਾਲੇ ਨਹੀਂ। ਇਸ ਜਿੱਤ ਨੇ ਸਾਊਥ ਅਫਰੀਕਾ ਦੇ ਪੁਰਾਣੇ ਖਿਡਾਰੀਆਂ ਦੀਆਂ ਅਧੂਰੀਆਂ ਖਵਾਹਿਸ਼ਾਂ ਨੂੰ ਵੀ ਪੂਰਾ ਕੀਤਾ। ਕੇਸ਼ਵ ਮਹਾਰਾਜ, ਜੋ ਜਿੱਤ ਤੋਂ ਬਾਅਦ ਆਪਣੇ ਹੰਝੂ ਨਹੀਂ ਰੋਕ ਸਕੇ, ਨੇ ਕਿਹਾ, "ਇਹ ਜਿੱਤ ਸਿਰਫ ਸਾਡੀ ਨਹੀਂ, ਸਗੋਂ ਸਾਡੇ ਪੂਰੇ ਦੇਸ਼ ਅਤੇ ਪਿਛਲੇ ਸਮੇਂ ਦੇ ਸਾਰੇ ਖਿਡਾਰੀਆਂ ਦੀ ਹੈ।" ਇਹ ਜਿੱਤ ਸਾਊਥ ਅਫਰੀਕਾ ਦੀ ਕ੍ਰਿਕਟ ਲਈ ਇੱਕ ਨਵਾਂ ਅਧਿਆਏ ਸੀ। ਇਸ ਨੇ ਨਾ ਸਿਰਫ ਟੀਮ ਦੇ ਆਤਮਵਿਸ਼ਵਾਸ ਨੂੰ ਵਧਾਇਆ, ਸਗੋਂ ਨੌਜਵਾਨ ਖਿਡਾਰੀਆਂ ਨੂੰ ਵੀ ਪ੍ਰੇਰਿਤ ਕੀਤਾ ਕਿ ਵੱਡੇ ਮੰਚ 'ਤੇ ਜਿੱਤਣ ਲਈ ਸਿਰਫ ਪ੍ਰਤਿਭਾ ਹੀ ਨਹੀਂ, ਸਗੋਂ ਮਾਨਸਿਕ ਮਜ਼ਬੂਤੀ ਅਤੇ ਟੀਮ ਵਰਕ ਵੀ ਜ਼ਰੂਰੀ ਹੈ। ਸਾਊਥ ਅਫਰੀਕਾ ਦੀ ਇਸ ਜਿੱਤ ਨੇ ਦੁਨੀਆ ਨੂੰ ਦਿਖਾ ਦਿੱਤਾ ਕਿ ਕੋਈ ਵੀ ਕਲੰਕ ਸਦਾ ਲਈ ਨਹੀਂ ਰਹਿੰਦਾ ਅਤੇ ਜੇਕਰ ਹੌਂਸਲਾ ਅਤੇ ਮਿਹਨਤ ਨਾਲ ਸਫਰ ਜਾਰੀ ਰੱਖਿਆ ਜਾਵੇ, ਤਾਂ ਚੋਕਰਸ ਤੋਂ ਚੈਂਪੀਅਨ ਤੱਕ ਦਾ ਸਫਰ ਵੀ ਤੈਅ ਕੀਤਾ ਜਾ ਸਕਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਪੰਥ ਰਤਨ ਮਾਸਟਰ ਤਾਰਾ ਸਿੰਘ - ਮਿੱਥ ਜਾਂ ਤੱਥ

ਗੁਰਚਰਨਜੀਤ ਸਿੰਘ ਲਾਂਬਾ

੨੪ ਜੂਨ, ੧੮੮੫ ਨੂੰ ਰਾਵਲਪਿੰਡੀ ਦੇ ਨਿਕੇ ਜਹੇ 'ਗਰਾਂ' ਹਰਿਆਲ ਵਿਚ ਜਨਮੇ ਮਾਸਟਰ ਤਾਰਾ ਸਿੰਘ ਜੀ ਦੇ ਜਨਮ ਦਾ ਇਹ ੧੪੦ਵਾਂ ਸਾਲ ਹੈ। ਦੇਸ਼ ਅਤੇ ਕੌਮ ਦੀ ਜੋ ਅਦੁੱਤੀ ਖਿਦਮਤ ਮਾਸਟਰ ਤਾਰਾ ਸਿੰਘ ਨੇ ਕੀਤੀ, ਜਾਪਦਾ ਹੈ ਕਿ ਨਾ ਕੇਵਲ ਦੇਸ਼ ਵਲੋਂ ਹੀ ਬਲਕਿ ਸਿੱਖ ਕੌਮ ਵਲੋਂ ਵੀ ਆਪਣੇ ਮਹਾਨ ਆਗੂ ਦੇ ਇਤਿਹਾਸਕ ਰੋਲ ਅਤੇ ਦੇਣ ਨੂੰ ਨਾ ਕੇਵਲ ਭੁਲਾ ਦਿਤਾ ਗਿਆ ਹੈ ਬਲਿਕ ਉਹਨਾਂ ਦੀ ਸ਼ਖਸੀਅਤ ਨਾਲ ਜਾਣ ਬੁਝ ਕੇ ਜਾਂ ਅਣਜਾਣੇ ਵਿਚ ਕਈ ਐਸੇ ਮਿਥਕ ਜੋੜ ਦਿੱਤੇ ਗਏ ਹਨ ਜੋ ਸਹੀ ਨਹੀਂ ਹਨ। ਰਾਜਨੀਤਕ ਧਰਾਤਲ ਤੇ ਸਿਖ ਕੌਮ ਲਈ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਰੁਤਬਾ, ਰੁਆਬ ਤੇ ਰੋਲ ਉਹੀ ਜਾਂ ਉਸ ਤੋਂ ਵੀ ਵੱਧ ਹੈ ਜੋ ਪਾਕਿਸਤਾਨ ਲਈ ਇਸਦੇ ਬਾਬਾ-ਏ ਕੌਮ ਮੁਹੰਮਦ ਅਲੀ ਜਿਨਾਹ ਅਤੇ ਹਿੰਦੁਸਤਾਨ ਲਈ ਇਸਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਹੈ। ਬਾ-ਸ਼ਊਰ ਅਤੇ ਬਾ-ਵਕਾਰ ਕੌਮਾਂ ਆਪਣੇ ਬਜ਼ੁਰਗਾਂ ਦੀ ਯਾਦ ਅਤੇ ਦੇਣ ਨੂੰ ਚੇਤੇ ਰਖਦੀਆਂ ਹਨ ਜੋ ਕਿ ਆਉਣ ਵਾਲੇ ਸਮੇਂ ਲਈ ਪੂਰਨੇ ਪਾ ਕੇ ਜਾਂਦੇ ਹਨ।

ਪਾਕਿਸਤਾਨ ਅਤੇ ਹਿੰਦੁਸਤਾਨ ਨੇ ਆਪਣੇ ਰਹਿਬਰਾਂ ਅਤੇ ਆਗੂਆਂ ਨੂੰ ਨਾ ਕੇਵਲ ਬਣਦਾ ਸਨਮਾਨ ਦੇ ਕੇ ਆਪਣਾ ਫ਼ਰਜ਼ ਪੂਰਾ ਕੀਤਾ ਬਲਕਿ ਆਪਣੀ ਕੌਮੀ ਇਜ਼ੱਤ ਵਿਚ ਵੀ ਵਾਧਾ ਕੀਤਾ। ਮਾਸਟਰ ਜੀ ਦੇ ਰੋਲ ਦਾ ਪੱਖ ਪਾਤ ਰਹਿਤ ਅਤੇ ਇਮਾਨਦਾਰਾਨਾ ਪੰਥ ਪ੍ਰਤੀ ਵਿਸ਼ਲੇਸ਼ਣ ਤਾਂ ਇਹ ਹੈ ਕਿ ਮਾਸਟਰ ਤਾਰਾ ਸਿੰਘ ਨੇ ੧੯੪੨-੧੯੪੭ ਦੇ ਅਹਿਮ ਵਖ਼ਫ਼ੇ ਦੌਰਾਨ ਇਤਿਹਾਸਕ ਰੋਲ ਅਦਾ ਕੀਤਾ ਜਿਸ ਨਾਲ ਨਾ ਕੇਵਲ ਖਿੱਤੇ ਅਤੇ ਕੌਮ ਦਾ ਇਤਿਹਾਸ ਬਲਕਿ ਉਸਦਾ ਭੂਗੋਲ ਵੀ ਪ੍ਰਭਾਵਤ ਹੋਇਆ। ਦੂਜੇ ਵਿਸ਼ਵ ਯੁੱਧ ਦੇ ਬਾਅਦ ਜਦੋਂ ਅੰਗਰੇਜ ਦੇਸ਼ ਛੱਡ ਕੇ ਜਾ ਰਹੇ ਸਨ ਉਸ ਸਮੇਂ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਵਲੋਂ ਦੇਸ਼ ਦੀ ਵੰਡ ਪ੍ਰਵਾਨ ਕਰ ਲਏ ਜਾਣ ਦੇ ਬਾਵਜੂਦ ਪੰਜਾਬ ਦੀ ਵੰਡ ਕਰਵਾਈ ਇਕ ਨਾ-ਮੁਮਕਿਨ ਇਤਿਹਾਸਕ ਕਾਰਨਾਮਾ ਸੀ। ਦੇਸ਼ ਦੀ ਵੰਡ ਸਮੇਂ ਤਿੰਨ ਪ੍ਰਵਾਨਤ ਧਿਰਾਂ ਮੰਨੀਆਂ ਗਈਆਂ ਸਨ, 'ਹਿੰਦੂ ਕਾਂਗਰਸ', 'ਮੁਸਲਿਮ ਲੀਗ' ਅਤੇ 'ਸਿੱਖ ਅਕਾਲੀ ਦਲ'। ਪਹਿਲਾਂ ਇਨਕਾਰ ਫਿਰ ਇਕਰਾਰ। ਰਾਜਾ ਗਾਂਧੀ ਫਾਰਮੂਲੇ ਨੂੰ ਆਖਿਰ ਕਾਂਗਰਸ ਨੇ ਪ੍ਰਵਾਨ ਕਰ ਲਿਆ। ਇਸ ਮੁਤਾਬਕ ਕਾਂਗਰਸ ਅਤੇ ਮੁਸਲਿਮ ਲੀਗ ਭਾਰਤ ਦੀ ਵੰਡ ਲਈ ਰਜ਼ਾਮੰਦ ਹੋ ਗਏ। ਇਸ ਨਾਲ ਤਕਰੀਬਨ ਪੂਰੇ ਦਾ ਪੂਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਹੋਣਾ ਮੰਨ ਲਿਆ ਗਿਆ। ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਸਰਹੱਦਾਂ ਦਿੱਲੀ ਦੇ ਨੇੜੇ ਮੰਨ ਲਈਆਂ ਗਈਆਂ। ਇਹ ਪੰਜਾਬ ਅਤੇ ਖਾਸ ਕਰ ਕੇ ਸਿੱਖ ਕੌਮ ਲਈ ਬਹੁਤ ਹੀ ਭਿਆਨਕ ਮੰਜ਼ਰ ਸੀ। ਇਸ ਨਾਲ ਹਿੰਦੁਸਤਾਨ ਵਿਚ ਵਸਦੇ ਤਕਰੀਬਨ ੮੫ ਲੱਖ ਸਿੱਖ ਦੋ ਹਿੱਸਿਆਂ ਵਿਚ ਵੰਡੇ ਜਾਣੇ ਸਨ। ਪੰਜਾਹ ਲੱਖ ਦੇ ਕਰੀਬ ਇਸਲਾਮਿਕ ਪਾਕਿਸਤਾਨ ਵਿਚ ਅਤੇ ੩੫ ਲੱਖ ਹਿੰਦੁਸਤਾਨ ਵਿਚ। ਇਸ ਨਾਲ ਦੇਸ਼ ਹੀ ਨਹੀਂ ਬਲਕਿ ਸਿੱਖ ਕੌਮ ਦੋ ਟੋਟੇ ਹੋਏ ਸਨ। ਦੇਸ਼ ਦੀ ਵੰਡ ਫਿਰਕਾਦਾਰਾਨ ਆਧਾਰ ਤੇ ਮੰਨੀ ਗਈ। ਜਿਸ ਪਰਜਾਤੰਤਰ ਜਾਂ ਡੈਮੋਕਰੇਸੀ ਦਾ ਆਧਾਰ ਹੀ ਫਿਰਕੇ ਦਾਰਾਨਾ ਹੋਏ ਉਸ ਵਿਚ ਧਾਰਮਿਕ ਘੱਟ ਗਿਣਤੀ ਦਾ ਭਵਿੱਖ ਕਿਸੇ ਅਨੁਮਾਨ ਦਾ ਮੁਥਾਜ ਨਹੀਂ। ਉਸ ਸਮੇਂ ਪੰਜਾਬ ਲਈ ਕੇਵਲ ਕੇਵਲ ਇਕ ਹੀ ਰਾਹ ਦਿੱਤਾ ਗਿਆ ਕਿ ਉਹ ਸਾਰੇ ਦੇ ਸਾਰੇ ਪੰਜਾਬ ਨੂੰ ਪਾਕਿਸਤਾਨ ਦਾ ਹਿੱਸਾ ਮੰਨ ਕੇ ਉਸ ਵਿਚ ਸ਼ਾਮਲ ਹੋ ਜਾਣ ਅਤੇ ਪੰਜਾਬੀਆਂ ਦੇ ਦੋ ਟੁਕੜੇ ਹੋ ਜਾਣ। ਇਸ ਬਿਖੜੇ ਹਾਲਾਤ ਵਿਚ ਪੂਰੇ ਪੰਜਾਬੀਆਂ ਨੇ ਆਪਣਾ ਆਗੂ ਮਾਸਟਰ ਤਾਰਾ ਸਿੰਘ ਨੂੰ ਮੰਨਿਆ। ਸ਼੍ਰੋਮਣੀ ਅਕਾਲੀ ਦਲ ਦਾ ਉਸ ਵੇਲੇ ਦਾ ਸਟੈਂਡ ਸੀ ਕਿ ਜਿਸ ਆਧਾਰ ਤੇ ਮੁਸਲਿਮ ਲੀਗ ਨੇ ਭਾਰਤ ਦੀ ਵੰਡ ਮੰਗੀ ਹੈ ਉਸੇ ਆਧਾਰ ਤੇ ਪੰਜਾਬ ਨੂੰ ਵੀ ਵੰਡਿਆ ਜਾਏ। ਮੁਸਲਿਮ ਲੀਗ ਨੂੰ ਇਹ ਮਨਜ਼ੂਰ ਨਹੀਂ ਸੀ। ਪਰ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਪੰਜਾਬ ਦੀ ਵੰਡ ਮੰਗੀ ਗਈਅਤੇ ਪੂਰੀ ਹੋਈ। ਇਸ ਨਾਲ ਹਿੰਦ-ਪਾਕਿਸਤਾਨ ਦੀਆਂ ਸਰਹੱਦਾਂ ਦਿੱਲੀ ਦੀ ਬਜਾਇ ਲਾਹੌਰ, ਸਿਆਲਕੋਟ, ਕਸੂਰ ਦੇ ਨੇੜੇ ਹੋਈਆਂ। ਪਰ ਭਾਰਤ ਅਤੇ ਭਾਰਤ ਵਾਸੀਆਂ ਨੇ ਇਸ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਾ ਸਮਝਿਆ ਹੈ। ਅਲਬਤਾ, ਭਾਰਤ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚਕਰਵਰਤੀ ਰਾਜਾ ਗੋਪਾਲਾਚਾਰੀਆ ਨੇ ਕਿਹਾ ਸੀ ਕਿ ਹਿੰਦੁਸਤਾਨ ਦਾ ਮੌਜੂਦਾ ਨਕਸ਼ਾ ਮਾਸਟਰ ਤਾਰਾ ਸਿੰਘ ਜੀ ਦੀ ਦੇਣ ਹੈ। ਪਰ ਗਿਣੀ ਮਿਥੀ ਅਤੇ ਡੂੰਘੀ ਸਾਜ਼ਿਸ਼ ਅਧੀਨ ਨਾ ਕੇਵਲ ਮਾਸਟਰ ਜੀ ਅਤੇ ਉਹਨਾਂ ਦੀ ਅਗਵਾਈ ਵਿਚ ਸਿਖਾਂ ਦੇ ਤਤਕਾਲੀਨ ਰੋਲ ਨੂੰ ਹੀ ਨਕਾਰਿਆ ਅਤੇ ਗੰਧਲਾਇਆ ਗਿਆ ਹੈ ਬਲਕਿ ਉਹਨਾਂ ਬਾਰੇ ਤੱਥ ਹੀਣ ਮਿੱਥ ਵੀ ਸਿਰਜੇ ਅਤੇ ਪਰਚਾਰੇ ਗਏ ਹਨ।

ਭਾਰਤ ਅਤੇ ਭਾਰਤੀਆਂ ਵਲੋਂ ਤਾਂ ਮਾਸਟਰ ਜੀ ਦੀ ਦੇਣ ਨੂੰ ਪੂਰੀ ਤਰਾਂ ਹੀ ਅਣਗੌਲਿਆ ਕਰ ਦੇਣਾ ਸਮਝ ਆ ਸਕਦਾ ਹੈ ਪਰ ਸਿਖ ਲੀਡਰਸ਼ਿਪ ਵਲੋਂ ਇਹੀ ਕਾਰਵਾਈ ਸ਼ਿਬਲੀ ਦੇ ਫ਼ੁਲ ਮਾਰਨ ਤੁਲ ਹੈ। ਇਸ ਤੋਂ ਵੱਧ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਦੇਸ਼ ਅਤੇ ਦੇਸ਼ਵਾਸੀਆਂ ਲਈ ਇਤਨਾ ਕੁਝ ਕਰਣ ਵਾਲੇ ਮਾਸਟਰ ਤਾਰਾ ਸਿੰਘ ਜੀ ਦੇ ਨਾਮ ਤੇ ਪੱਛਮੀ ਦਿੱਲੀ ਵਿਚ ਬਣੇ ਮਾਸਟਰ ਤਾਰਾ ਸਿੰਘ ਪਾਰਕ ਦਾ ਨਾਮ ਵੀ ਬਦਲ ਦਿੱਤਾ ਗਿਆ। ਉਪਰੰਤ ਮਾਸਟਰ ਜੀ ਦੇ ਬੁਤ ਲਈ ਕੋਈ ਸਰਕਾਰੀ ਥਾਂ ਤਕ ਵੀ ਨਾ ਪ੍ਰਦਾਨ ਕੀਤੀ ਗਈ ਅਤੇ ਇਹ ਬੁਤ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਜ਼ਮੀਨ ਤੇ ਲਗਾਣਾ ਪਿਆ। 'ਦੋ ਗਜ਼ ਜ਼ਮੀਂ ਭੀ ਨਾ ਮਿਲੀ ਕੂਏ ਯਾਰ ਮੇਂ।

ਮਾਸਟਰ ਤਾਰਾ ਸਿੰਘ ਜੀ 1920 ਤੋਂ ਲੈ ਕੇ 1970 ਤਕ ਦੇ ਪੰਜਾਬ ਦੇ ਇਤਿਹਾਸ ਦੇ ਕੇਂਦਰੀ ਬਿੰਦੂ ਅਤੇ ਸੂਤਰਧਾਰ ਰਹੇ ਹਨ। ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਕਮੇਟੀ ਦੀ ਕਾਇਮੀ, ਦੇਸ਼ ਦੀ ਵੰਡ ਸਮੇਂ ਸਿਖ ਕੌਮ ਦੀ ਤੀਸਰੀ ਧਿਰ ਵਜੋਂ ਪ੍ਰਵਾਨਗੀ ਅਤੇ ਬਾਅਦ ਵਿਚ ਪੰਜਾਬੀ ਸੂਬੇ ਦੀ ਜਦੋਜਹਿਦ ਅਤੇ ਆਪਣੇ ਜੀਵਨ ਕਾਲ ਦੀ ਸੰਧਿਆ ਸਮੇਂ 'ਸਿਖ ਹੋਮਲੈਂਡ' ਦੀ ਪ੍ਰਾਪਤੀ ਲਈ ਜੂਝਣਾ ਮਾਸਟਰ ਜੀ ਦੀ ਜੁਝਾਰੂ ਬਿਰਤੀ ਅਤੇ ਉਹਨਾਂ ਦੇ ਦ੍ਰਿੜ ਇਰਾਦੇ ਨੂੰ ਦਰਸਾਂਦਾ ਹੈ। ਇਸ ਵਿਚ ਰੰਚਕ ਮਾਤਰ ਵੀ ਅਤਿਕਥਨੀ ਨਹੀਂ ਕਿ ਮਾਸਟਰ ਜੀ ਦੇ ਜੀਵਨ ਕਾਲ ਵਿਚ ਜਿਸ ਕਿਸੇ ਨੇ ਵੀ ਪੰਜਾਬ ਅਤੇ ਪੰਥਕ ਪਿੜ ਵਿਚ ਕੋਈ ਰੁਤਬਾ ਜਾਂ ਪ੍ਰਵਾਨਗੀ ਪ੍ਰਾਪਤ ਕੀਤੀ ਹੈ ਤਾਂ ਉਹ ਮਾਸਟਰ ਜੀ ਦੀ ਵਿਰੋਧਤਾ ਕਰਕੇ ਜਾਂ ਉਹਨਾਂ ਦੀ ਹਿਮਾਇਤ ਕਰਕੇ ਹੀ ਹਾਸਿਲ ਕੀਤੀ ਹੈ। ਮਾਸਟਰ ਤਾਰਾ ਸਿੰਘ ਨੇ ਪੰਥ ਦੇ ਦਿਲਾਂ ਤੇ ੫੦ ਸਾਲ ਰਾਜ ਕੀਤਾ। ਕੋਈ ਵੀ ਧਿਰ ਜਾਂ ਸਰਕਾਰ ਨਾ ਤਾਂ ਮਾਸਟਰ ਜੀ ਨੂੰ ਖਰੀਦ ਹੀ ਸਕੀ ਅਤੇ ਨਾ ਹੀ ਕਦੇ ਉਹਨਾਂ ਨੂੰ ਡਰਾ ਜਾਂ ਦਬਕਾ ਹੀ ਸਕੀ । ਪਰ ਸਿਰਦਾਰ ਕਪੂਰ ਸਿੰਘ ਅਨੁਸਾਰ ਮਾਸਟਰ ਜੀ ਦੇ ਜੀਵਨ ਕਾਲ ਦੇ ਅਖ਼ੀਰਲੇ ਸਮੇਂ ਵਿਚ ਚਾਣਕਿਯਾ ਨੀਤੀ ਦੀਆਂ ਕੁਚਾਲਾਂ ਨਾਲ ਆਪਣਿਆਂ ਰਾਹੀਂ ਹੀ ਮਾਸਟਰ ਜੀ ਨੂੰ ਪੰਥਕ ਪਿੜ ਵਿਚੋਂ ਦਰ-ਬਦਰ ਕੀਤਾ ਗਿਆ। ਅਤੇ ਇਸਦੇ ਨਾਲ ਹੀ ਮਾਸਟਰ ਜੀ ਦੀ ਦੇਣ ਨੂੰ ਅਤੇ ਪੰਥ ਨੂੰ ਆਪਣੇ ਨਿਸ਼ਾਨੇ ਤੋਂ ਭਟਕਾਉਣ ਲਈ ਇਹ ਭੰਡੀ ਪ੍ਰਚਾਰ ਕੀਤਾ ਗਿਆ ਕਿ,

- ਦੇਸ਼ ਦੀ ਵੰਡ ਸਮੇਂ ਸਿਖ ਸਟੇਟ ਜਾਂ ਖਾਲਿਸਤਾਨ ਮਿਲਦਾ ਸੀ ਪਰ ਮਾਸਟਰ ਤਾਰਾ ਸਿੰਘ ਨੇ ਨਹੀਂ ਲਿਆ।
- 1947 ਵਿਚ ਮਾਸਟਰ ਤਾਰਾ ਸਿੰਘ ਨੇ ਲਾਹੌਰ ਕਿਲੇ ਤੇ ਲਗਾ ਪਾਕਿਸਤਾਨ ਦਾ ਝੰਡਾ ਫ਼ਾੜਿਆ ਸੀ।
- ਡਾਕਟਰ ਅੰਬੇਦਕਰ ਸਿੰਘ ਸਜਣਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਹ ਨਹੀਂ ਹੋਣ ਦਿੱਤਾ।

ਸਿਖ ਸਟੇਟ-ਦੇਸ਼ ਦੀ ਵੰਡ ਸਮੇਂ ਦੀਆਂ ਸਾਰੀਆਂ ਮੀਟਿੰਗਾਂ ਅਤੇ ਗਲਬਾਤ ਦੇ ਸਾਰੇ ਦਸਤਾਵੇਜ਼ ਹੁਣ ਮੌਜੂਦ ਹਨ। ਕਿਸੇ ਵੀ ਲਿਖਤ, ਦਸਤਾਵੇਜ਼ ਜਾਂ ਰਿਕਾਰਡ ਵਿਚ ਆਜ਼ਾਦ ਸਿਖ ਸਟੇਟ ਜਾਂ ਖਾਲਿਸਤਾਨ ਮਿਲਣ ਜਾਂ ਪੇਸ਼ਕਸ਼ ਦਾ ਕੋਈ ਵੀ ਜ਼ਿਕਰ ਨਹੀਂ ਹੈ। ਦੇਸ਼ ਦੀ ਵੰਡ ਤੇ ਗੰਭੀਰਤਾ ਨਾਲ ਖੋਜ ਕਰਨ ਵਾਲੇ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਮੁਤਾਬਕ ਇਹ ਹਿੰਦੂਆਂ ਵਲੋਂ ਕੀਤਾ ਗਿਆ ਪ੍ਰਾਪੇਗੰਡਾ ਹੈ। ਉਹ ਇਸ ਬਾਰੇ ਦਸਦੇ ਹਨ ਕਿ ਸਿਖ ਸਟੇਟ ਜਾਂ ਖਾਲਿਸਤਾਨ ਨਹੀਂ ਬਲਕਿ ਪਾਕਿਸਤਾਨ ਦੇ ਕਾਇਦ ਮੁਹੰਮਦ ਅਲੀ ਜਿਨਾਹ ਵਲੋਂ ਸਿਖਾਂ ਨੂੰ ਮੁਸਲਿਮ 'ਨੈਸ਼ਨ ਪਾਕਿਸਤਾਨ ਵਿਚ 'ਸਬ-ਨੇਸ਼ਨ' ਦੀ ਅਧੀਨਗੀ ਵਾਲੇ ਰੁਤਬੇ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਪੇਸ਼ਕਸ਼ ਵੀ ਲਿਖਤੀ ਨਹੀਂ ਬਲਕਿ ਮੂੰਹ ਜ਼ਬਾਨੀ ਸੀ ਅਤੇ ਮਾਸਟਰ ਜੀ ਵਲੋਂ ਇਹ ਪੁਛੇ ਜਾਣ ਤੇ ਕਿ ਕੀ ਦਸ ਸਾਲ ਬਾਅਦ ਜੇ ਸਿਖ ਇਸ ਮੁਸਲਿਮ ਸਟੇਟ ਤੋਂ ਬਾਹਰ ਆਣਾ ਚਾਹੁਣ ਗੇ ਤਾਂ ਕੀ ਇਸ ਦੀ ਇਜਾਜ਼ਤ ਹੋਏਗੀ। ਜਿਨਾਹ ਦਾ ਸਪਸ਼ਟ ਉੱਤਰ ਸੀ, 'ਬਿਲਕੁਲ ਨਹੀਂ'। ਸੋ ਇਹ ਸਿਖ ਸਟੇਟ ਜਾਂ ਖਾਲਿਸਤਾਨ ਮਿਲਣ ਅਤੇ ਇਸ ਤੋਂ ਇਨਕਾਰ ਕਰਣ ਦੀ ਗਲ ਮਹਿਜ਼ ਸ਼ੋਸ਼ਾ ਅਤੇ ਭੰਡੀ ਪਰਚਾਰ ਹੈ।

ਪਾਕਿਸਤਾਨ ਦਾ ਝੰਡਾ (ਪਰਚਮ) ਫ਼ਾੜਨ ਦੀ ਕਹਾਣੀ-ਇਕ ਹੋਰ ਕਹਾਣੀ ਪ੍ਰਚਾਰਿਤ ਕੀਤੀ ਗਈ ਕਿ ੩ ਮਾਰਚ, ੧੯੪੭ ਨੂੰ ਮਾਸਟਰ ਤਾਰਾ ਸਿੰਘ ਨੇ ਲਾਹੌਰ ਅਸੰਬਲੀ ਤੇ ਲਗਾ ਪਾਕਿਸਤਾਨ ਦਾ ਝੰਡਾ ਫ਼ਾੜ ਦਿਤਾ ਸੀ। ਮਾਰਚ ੧੯੪੭ ਵਿਚ ਜਦੋਂ ਖਿਜ਼ਰ ਹਯਾਤ ਦੀ ਯੂਨੀਅਨਿਸਟ ਵਜ਼ਾਰਤ ਹਾਰ ਗਈ ਅਤੇ ਉਸਦੀ ਬਜਾਇ ਮੁਸਲਿਮ ਲੀਗ ਦੀ ਵਜ਼ਾਰਤ ਬਣਨੀ ਸੀ ਤਾਂ ਉਸ ਵੇਲੇ ਪੰਜਾਬ ਦੀ ਸਾਰੀ ਦੀ ਸਾਰੀ ਹਿੰਦੂ-ਸਿਖ ਜਨਤਾ ਅਕਾਲੀ ਦਲ ਅਤੇ ਮਾਸਟਰ ਜੀ ਨੂੰ ਆਪਣਾ ਆਗੂ ਮਨ ਚੁਕੀ ਸੀ। ਇਹ ਪੰਥ ਤੇ ਇਕ ਗੰਭੀਰ ਸੰਕਟ ਸੀ ਕਿ ਦੇਸ਼ ਦਾ ਬਟਵਾਰਾ ਨਹੀਂ ਬਲਕਿ ਸਿਖਾਂ ਦਾ ਬਟਵਾਰਾ ਹੋਣਾ ਸੀ। ਉੱਤਰੀ-ਦੱਖਣੀ ਕੋਰੀਆ, ਪੂਰਬੀ-ਪੱਛਮੀ ਜਰਮਨੀ ਆਦਿ ਦੀ ਤਰਜ਼ ਤੇ ਸਿੱਖ ਕੌਮ ਦੋ ਟੁਕੜਿਆਂ ਵਿਚ ਵੰਡੀ ਜਾਈ ਸੀ। ਅੱਧੀ ਪਾਕਿਸਤਾਨ ਦੇ ਅਧੀਨ ਅਤੇ ਅੱਧੀ ਹਿੰਦੁਸਤਾਨ ਦੇ ਅਧੀਨ। ਸਿੱਖ ਪੰਥ ਲਈ ਇਹ ਇਕ ਲਗਾਤਾਰ ਕਾਇਮ ਰਹਿਣ ਵਾਲਾ ਘੱਲੂਘਾਰਾ ਸਾਬਿਤ ਹੋਣਾ ਸੀ। ਮਾਸਟਰ ਜੀ ਨੇ ਉਸ ਸਮੇਂ ਪੰਜਾਬ ਦੇ ਬਟਵਾਰੇ ਦੀ ਮੰਗ ਕੀਤੀ। ਕੌਮ ਦੇ ਵਾਹਿਦ ਅਤੇ ਸ਼ੇਰ ਦਿਲ ਅਤੇ ਦੂਰਅੰਦੇਸ਼ ਆਗੂ ਮਾਸਟਰ ਤਾਰਾ ਸਿੰਘ ਨੇ ਸੰਕਟ ਦੀ ਇਸ ਘੜੀ ਵਿਚ ਲਾਹੌਰ ਅਸੰਬਲੀ ਦੇ ਬਾਹਰ ਮੁਸਲਿਮ ਲੀਗ ਹਜੂਮ ਦੇ ਸਾਹਮਣੇ ਆਪਣੀ 'ਸ੍ਰੀ ਸਾਹਿਬ' ਚੁਕ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਮਾਰਿਆ। ਇਸ ਨਾਲ ਹਾਲਾਤ ਨੇ ਐਸਾ ਪਲਟਾ ਖਾਧਾ ਕਿ ਮੁਸਲਿਮ ਲੀਗ ਦੀ ਪੂਰੇ ਪੰਜਾਬ ਨੂੰ ਪਾਕਿਸਤਾਨ ਦਾ ਹਿੱਸਾ ਬਣਾਣ ਦਾ ਸੁਫ਼ਨਾ ਚਕਨਾਚੂਰ ਹੋਇਆ ਅਤੇ ਬਾਉਂਡਰੀ ਕਮੀਸ਼ਨ ਦੁਬਾਰਾ ਬਣਿਆ ਅਤੇ ਪੰਜਾਬ ਦਾ ਬਟਵਾਰਾ ਹੋਇਆ।

ਡਾ. ਅੰਬੇਦਕਰ ਅਤੇ ਸਿਖ-ਇਕ ਹੋਰ ਭੰਡੀ ਪਰਚਾਰ ਕੀਤਾ ਜਾਂਦਾ ਹੈ ਕਿ ਉਸ ਸਮੇਂ ਬਾਬਾ ਸਾਹਿਬ ਡਾ. ਅੰਬੇਦਕਰ ਕਰੋੜਾਂ ਅਖੌਤੀ ਅਛੂਤਾਂ ਸਮੇਤ ਸਿੱਖ ਬਣਨਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਸ ਵਿਚ ਰੁਕਾਵਟ ਪਾਈ । ਉਸ ਸਮੇਂ ਸ਼੍ਰੋਮਣੀ ਕਮੇਟੀ ਨੇ ਆਪਣੇ ਸਾਰੇ ਫ਼ਰਜ਼ ਅਦਾ ਕਰ ਕੇ ਬੰਬਈ ਵਿਚ ਖਾਲਸਾ ਕਾਲਜ ਬਣਵਾਇਆ, ਭਾਰਤ ਵਿਚ ਕਈ ਥਾਵੇਂ ਅਲੀਗੜ੍ਹ, ਹਾਪੁੜ, ਏਰਨਾਕੁਲਮ ਆਦਿ ਥਾਵਾਂ ਤੇ ਸਿੱਖ ਮਿਸ਼ਨ ਕਾਇਮ ਕੀਤੇ। ਇਸ ਬਾਰੇ ਹੁਣ ਸਾਰੇ ਦਸਤਾਵੇਜ਼ ਮੌਜੂਦ ਹਨ। ਇਸ ਵਿਚ ਵੱਡੀ ਰੁਕਾਵਟ ਬਈ ਮਹਾਤਮਾ ਗਾਂਧੀ ਦਾ ਇਹ ਕਹਿਣਾ ਕਿ ਜੇ ਅਛੂਤ ਸਿਖ ਬਣ ਗਏ ਤਾਂ ਮੈਂ ਮਰਨ ਵਰਤ ਰੱਖ ਲਵਾਂ ਗਾ।


ਮਾਸਟਰ ਤਾਰਾ ਸਿੰਘ ਜੀ ਦੀ ਦੇਣ ਅਤੇ ਪੰਥ ਦੀ ਬੇਲਾਗ ਸੇਵਾ ਅਦੁੱਤੀ ਹੈ। ਦੂਸਰੀ ਆਲਮੀ ਜੰਗ, ਵਿਸ਼ਵ ਯੁੱਧ ਦੌਰਾਨ ੧੯੪੨ ਵਿਚ ਕਾਂਗਰਸ ਨੇ 'ਦੇਸ਼ ਛੱਡੋ' ਦਾ ਨਾਅਰਾ ਦੇ ਕੇ ਫ਼ੌਜ ਭਰਤੀ ਦੇ ਬਾਈਕਾਟ ਦਾ ਨਾਅਰਾ ਦਿੱਤਾ। ਦੂਰ-ਅੰਦੇਸ਼ ਮਾਸਟਰ ਤਾਰਾ ਸਿੰਘ ਨੇ ਆਉਣ ਵਾਲੇ ਸਮੇਂ ਦੀ ਨਜ਼ਾਕਤ ਵੇਖਦਿਆਂ ਸਿਖਾਂ ਨੂੰ ਵੱਧ ਤੋਂ ਵੱਧ ਫ਼ੌਜ ਵਿਚ ਭਰਤੀ ਹੋਣ ਦਾ ਸੰਦੇਸ਼ ਦਿੱਤਾ। ਇਸ ਸਮੇਂ ਵਿਚ ਬੜੀ ਵੱਡੀ ਗਿਣਤੀ ਵਿਚ ਸਿਖ ਫ਼ੌਜ ਵਿਚ ਭਰਤੀ ਹੋਏ। ਇਤਿਹਾਸ ਨੇ ਮਾਸਟਰ ਜੀ ਦੀ ਸੂਝ ਅਤੇ ਨਿਰਣੇ ਦੀ ਗਵਾਹੀ ਦਿੱਤੀ ਹੈ ਕਿ ੧੯੪੭ ਵਿਚ ਦੇਸ਼ ਦੀ ਵੰਡ ਸਮੇਂ ਅਤੇ ਬਾਅਦ ਵਿਚ ਵੀ ੧੯੪੭ ਦੇ ਕਬਾਇਲੀ ਹਮਲੇ ਉਪਰੰਤ ੧੯੬੨, ੧੯੬੫ ਅਤੇ ੧੯੭੧ ਦੀ ਜੰਗ ਦੌਰਾਨ ਜੇ ਦੇਸ਼ ਦਾ ਬਚਾਅ ਹੋਇਆ ਹੈ ਤਾਂ ਉਹ ੧੯੪੨ ਵਿਚ ਵੱਡੀ ਗਿਣਤੀ ਵਿਚ ਸਿਖਾਂ ਦੇ ਭਰਤੀ ਹੋਣ ਕਰਕੇ ਹੀ ਹੋਇਆ ਹੈ। ਡਾਕਟਰ ਕਿਰਪਾਲ ਸਿੰਘ ਇਸ ਬਾਰੇ ਦਸਦੇ ਹਨ ਕਿ ਇਸ ਸਮੇਂ ਦੀ ਸਿਖਾਂ ਦੀ ਭਰਤੀ ਨੇ ਬਹੁਤ ਵੱਡੀ ਗਿਣਤੀ ਵਿਚ ਸਿਖ ਜਨਰਲ ਅਤੇ ਉਚ ਅਧਿਕਾਰੀ ਕੌਮ ਨੂੰ ਦਿੱਤੇ।

ਕੀ ਆਸ ਕੀਤੀ ਜਾਏ ਕਿ ਦੇਸ਼ ਅਤੇ ਕੌਮ ਮਾਸਟਰ ਤਾਰਾ ਸਿੰਘ ਪ੍ਰਤੀ ਜਾਣ ਬੁਝ ਕੇ ਪਾਏ ਭਰਮ ਭੁਲੇਖਿਆਂ ਨੂੰ ਦੂਰ ਕਰੇਗੀ ਅਤੇ ਪੰਥ ਦੇ ਇਸ ਮਹਾਨ ਜਰਨੈਲ ਦੀ ਦੇਣ ਨੂੰ ਯਾਦ ਰਖੇਗੀ ?

Email: santsipahi@gmail.com

# • ਪੰਜਾਬੀ ਫ਼ਿਲਮ ਦਰਪਣ •

## ਦਰਿਆਦਿਲ ਇਨਸਾਨ ਲਾਜਵਾਬ ਅਭਿਨੇਤਾ ਸੁਪਰ ਮਾਡਲ ਦਮਨ ਮਜੀਠੀਆ



ਸਤਾਰਾਂ ਸਾਲ ਦੇ ਗੱਭਰੂ ਵਾਲੀ ਚੁਸਤੀ ਫੁਰਤੀ ਦਮਨ ਮਜੀਠੀਆ ਵਿੱਚ ਹੈ ਜਿਸ ਨੂੰ ਮਲਕੀਤ ਰੌਣੀ ਤੋਂ ਪਰਮਜੀਤ ਪੱਲੂ ਤੇ ਸ਼ਿਵਿੰਦਰ ਮਾਹਲ ਉਤਸ਼ਾਹਿਤ ਕਰਦੇ ਆਖਦੇ ਨੇ ਅਭਿਨੈ ਤੇ ਮਾਡਲਿੰਗ ਅੱਜ ਕਰ ਕਿ ਓਹ ਸਟਾਰ ਬਣ ਰਿਹਾ ਹੈ ਕਿਤੇ ਸਾਲਾਂ ਪਹਿਲੇ ਐਸਾ ਹੁੰਦਾ ਤਾਂ ਹਿਮੈਨ ਧਰਮਿੰਦਰ ਦੀ ਤਰਾਂ ਓਸ ਦਾ ਨਾਂ ਹੋਣਾ ਸੀ। ਖੈਰ ਦਮਨ ਜਿੱਥੇ ਬੇਜੋੜ ਐਕਟਰ ਓਥੇ ਦਰਿਆਦਿਲ ਇਨਸਾਨ ਜਿਹੜਾ ਕਿਸੇ ਗਰੀਬ ਦੀ ਮਦਦ ਲਈ ਕਦੇ ਨਾਂਹ ਨਹੀਂ ਕਰਦਾ। ਇਹੀ ਪੁੰਨ ਓਸ ਨੂੰ ਇਸ ਉਮਰ ਵਿੱਚ ਹੋਰ ਜਵਾਨ ਤੇ ਸਟਾਰ ਮਾਡਲ, ਐਕਟਰ ਬਣਾ ਰਿਹਾ ਹੈ। ਵੈੱਬ ਸੀਰੀਜ਼ ਕੰਗ ਦੀ ਹੋਏ ਜਾਂ ਬੌਬੀ ਬਾਜਵਾ ਦੇ ਵੀਡਿਓ ਜਾਂ ਸੁੰਦਰਤਾ ਦੇ ਸ਼ੋ ਦਮਨ ਮਜੀਠੀਆ ਹਰ ਥਾਂ ਹਿੱਟ ਹੈ ਤੇ ਫਿੱਟ ਹੈ। ਓਸ ਦੀ ਨੇਕੀ ਤੇ ਦਰਿਆਦਿਲੀ ਤੇ ਇਹ ਕਹਿਣਾ ਪੈਂਦਾ ਕਿ ਸੱਤੇ ਖੈਰਾਂ ਹੋਵਣ ਆਫ਼ਰੀਨ ਦਮਨ ਮਜੀਠੀਆ ਦੀਆਂ।

## ਗੋਗੀ ਘੁਮਾਣ ਅਗਲਾ ਵੀਡਿਓ ਆਪ ਡਾਇਰੈਕਟ ਕਰਨ ਦੀ ਰੀਝ



ਗੋਗੀ ਘੁਮਾਣ ਹੀਰੋ ਬਣ ਗਿਆ ਸੀ ਤੇ ਕੁਲਦੀਪ ਪਾਰਸ ਨੇ ਫ਼ਿਲਮ ਦੀ ਯੋਜਨਾ ਬਣਾ ਲਈ ਸੀ ਪਰ ਪਾਰਸ ਦੀ ਅਚਾਨਕ ਮੌਤ ਤੇ ਗੋਗੀ ਘੁਮਾਣ ਦਾ ਦਿਲ ਟੁੱਟ ਜਾਣਾ ਤੇ ਫ਼ਿਰ ਅਮਰੀਕਾ ਆ ਵੱਸ ਜਾਣਾ ਅੱਜ ਯਾਦ ਹੈ। ਅੱਜ ਓਹ ਨਾਮਵਰ ਪ੍ਰਵਾਸੀ ਪੰਜਾਬੀ ਗਾਇਕ ਹੈ ਤੇ ਗੁਰਲੇਜ਼ ਅਖ਼ਤਰ ਨਾਲ "ਅੱਧਾ ਪਿੰਡ" ਕਰ ਕਿ ਚਰਚਿਤ ਹੈ। ਗੋਗੀ ਘੁਮਾਣ ਨੇ ਕਿਹਾ ਕਿ ਇੱਕ ਗੀਤ ਓਹ ਮਿਊਜ਼ਿਕ ਐਂਪਾਇਰ ਨਾਲ ਕਰਨ ਜਾ ਰਿਹਾ ਹੈ ਤੇ ਇਸ ਦਾ ਵੀਡਿਓ ਓਹ ਆਪ ਕਰੇਗਾ। ਅੱਧਾ ਕਲਾਕਾਰ ਖੁਦ ਅੱਧਾ ਡਾਇਰੈਕਟਰ ਹੁੰਦਾ ਹੈ ਤੇ ਇਹ ਸੋਚ ਕਿ ਓਹ ਅਮਰੀਕਾ ਤੋ ਪੰਜਾਬਣ ਮਾਡਲ ਕੁੜੀਆਂ ਲੱਭ ਰਿਹਾ ਹੈ।ਗੋਗੀ ਘੁਮਾਣ ਦੀ ਤ੍ਰਾਸਦੀ ਇਹ ਕਿ ਓਹ ਪਿਤਾ ਦੇ ਸੰਸਕਾਰ ਤੇ ਨਹੀਂ ਆ ਸਕਿਆ ਤੇ ਖੁਸ਼ੀ ਇਸ ਗੱਲ ਦੀ ਕਿ ਪਿਤਾ ਨੂੰ ਫੋਨ ਤੇ ਪੋਤਰੇ ਦਾ ਮੂੰਹ ਦਿਖਾ ਦਿੱਤਾ ਸੀ। ਗੋਗੀ ਹੁਣ ਅਜਿਹਾ ਡਿਊਟ ਕਰੇਗਾ ਜਿਸ ਦਾ ਵੀਡਿਓ ਓਹ ਯੂ ਐਸ ਏ ਬਣਾਏ ਤੇ ਓਸ ਦਾ ਨਿਰਦੇਸ਼ਕ ਓਹ ਹੋਏ। ਬਾਕੀ ਰਹੀ ਗੱਲ ਫ਼ਿਲਮਜ਼ ਦੀ ਤਾਂ ਗਿੱਪੀ ਗਰੇਵਾਲ ਨੇ ਜਿਸ ਤਰਾਂ ਬਾਹਰ ਰਹਿ ਕਿ ਲੰਬਾ ਸਮਾਂ ਸੁਪਨੇ ਤੋਂ ਦੂਰ ਰਿਹਾ ਇਸ ਤਰਾਂ ਗੋਗੀ ਘੁਮਾਣ ਹੁਣ ਵੀਡਿਓ ਖੁਦ ਨਿਰਦੇਸ਼ਤ ਕਰ ਕਿ ਦੱਸੇਗਾ ਕਿ ਓਹ ਡਾਇਰੈਕਸ਼ਨ ਦਾ ਵੀ ਮਾਹਿਰ ਹੈ।

## "ਪਿੰਜਰਾ" ਦੀ ਹੋ ਗਈ ਬੱਲੇ ਬੱਲੇ ਲਲਿਤ ਮਹਿਤਾ ਖੁਸ਼




ਹਾਈ ਪਿੱਚ ਸਟੂਡੀਓ ਨੇ ਆਰਵ ਪ੍ਰੋਡਕਸ਼ਨ ਨਾਲ ਫ਼ਿਲਮ "ਪਿੰਜਰਾ" ਬਣਾਈ ਤੇ ਓਹ ਪ੍ਰਸਿੱਧ ਓ ਟੀ ਟੀ ਐੱਪ ਚੌਪਾਲ ਟੀਵੀ ਨੂੰ ਪਸੰਦ ਆਈ। ਲਲਿਤ ਮਹਿਤਾ ਅੰਮ੍ਰਿਤਸਰ ਦਾ ਕਲਾਕਾਰਾਂ ਦਾ ਮਸੀਹਾ ਨੇ ਇਹ ਫ਼ਿਲਮ ਬਣਾਈ ਤੇ ਨਿਰਦੇਸ਼ਕ ਲਿਆ ਸ਼ਿਵਮ ਸ਼ਰਮਾ ਨੂੰ ਨਾਲ ਸ਼ਿਖਾ ਸ਼ਰਮਾ ਦਾ ਸਾਥ ਅੱਛੀ ਮਨੋਰੰਜਨ ਵਾਲੀ ਫ਼ਿਲਮ ਬਣੀ ਹੈ। ਹਰੇਕ ਕਲਾਕਾਰ ਨੇ ਜਾਨ ਫੂਕ ਦਿੱਤੀ ਆਪਣੇ ਕਿਰਦਾਰ ਵਿੱਚ ਤੇ ਘੁੱਲੇ ਸ਼ਾਹ ਤੋਂ ਰਾਜ ਧਾਲੀਵਾਲ ਤੱਕ ਸਾਰੇ ਵਧੀਆ ਰਹੇ ਹਨ। ਲਲਿਤ ਮਹਿਤਾ ਨੇ "ਪਿੰਜਰਾ" ਦੇ ਗੀਤ ਸੰਗੀਤ ਤੇ ਵੀ ਧਿਆਨ ਦਿੱਤਾ ਤੇ ਸ਼ੰਕਰ ਸਾਹਨੀ, ਜੇਵੀ ਗਿੱਲ, ਸ਼ਾਹੀ ਕੁਲਵਿੰਦਰ ਤੇ ਸੁਮਨ ਭੱਟੀ ਤੋਂ ਗੀਤ ਕਰਵਾ "ਪਿੰਜਰਾ" ਮਨੋਰੰਜਕ ਬਣਾ ਦਿੱਤਾ ਜਿਸ ਵਿੱਚ ਦਰਸ਼ਕ ਕੈਦ ਹੋ ਕਿ ਖੁਸ਼ ਹੋ ਰਿਹਾ ਹੈ ਤੇ ਲਲਿਤ ਮਹਿਤਾ ਤੇ ਖੁਸ਼ ਹੈ ਹੀ ਹੈ।


## ਰੀਲਾਂ ਪਾਵਾਂਗੇ ਤੇ ਚਿਹਰੇ ਮਸ਼ਹੂਰ ਹੋਣਗੇ ਤੇ ਫ਼ਿਲਮ ਸਾਡੀ ਚਲੂ ਲਾਡੀ ਢਿੱਲੋਂ



ਹੈ ਤੇ ਨਿਰਦੇਸ਼ਕ ਲਾਡੀ ਢਿੱਲੋਂ ਪਰ ਹੁਣ ਐਕਟਿੰਗ ਵੱਲ ਵੀ ਆ ਗਿਆ ਹੈ ਤਾਂ ਕਿ ਇੱਕ ਤਾਂ ਚੰਗੇ ਕਿਰਦਾਰ ਲਈ ਬਾਹਰ ਟੱਕਰ ਨਾ ਮਾਰਨੀ ਪਵੇਗੀ ਦੂਜਾ ਖੁਦ ਦੀ ਪਛਾਣ ਬਣੇਗੀ। ਲਿਹਾਜ਼ਾ "ਸ਼ਿੰਦਾ ਤੇ ਰਾਣੋ", "ਜ਼ੇਂਕਣ ਜੱਟੀ" ਛੋਟਾ ਹੌਲਦਾਰ ਫ਼ਿਲਮਜ਼ ਦੇ ਨਿਰਦੇਸ਼ਕ ਲਾਡੀ ਢਿੱਲੋਂ ਨੇ ਇਹਨਾਂ ਵਿੱਚ ਅਭਿਨੈ ਵੀ ਕੀਤਾ ਹੈ। ਲਾਡੀ ਢਿੱਲੋਂ ਆਖਦੇ ਨੇ ਕਿ ਜ਼ਮਾਨਾ ਪ੍ਰਚਾਰੀ ਹੈ ਤੇ ਰੀਲ ਯੁੱਗ ਚਲ ਰਿਹਾ ਹੈ, ਇਸ ਲਈ ਪ੍ਰਿਯੰਕਾ ਚੱਢਾ ਨਾਲ ਮਿਲ ਓਹ ਸ਼ੋਰਟ ਤੇ ਰੀਲਾਂ ਬਣਾ ਕਮੇਡੀ ਭਰ ਸੋਸ਼ਲ ਮੀਡੀਆ ਤੇ ਅੱਪਲੋਡ ਕਰ ਰਿਹਾ ਹੈ ਤੇ ਓਸ ਦੇ ਚਿਹਰੇ ਨੂੰ ਲੋਕ ਪਹਿਚਾਣ ਦੇਣ। ਲਾਡੀ ਢਿੱਲੋਂ ਨੇ "ਪੁਲਸੀਆ ਯਾਰਾ" ਗੀਤ ਨਾਲ ਕਾਫ਼ੀ ਪ੍ਰਸੰਸਕ ਆਪਣੇ ਨਾਲ ਜੋੜੇ ਹਨ। ਇੱਕ ਦਿਨ ਵੱਡੇ ਵੱਡੇ ਸਟਾਰ ਮੇਰੀ ਫ਼ਿਲਮ ਕਰਨਗੇ ਨਿਰਦੇਸ਼ਕ ਲਾਡੀ ਢਿੱਲੋਂ ਦਾ ਦਾਅਵਾ ਹੈ ਤੇ ਆਤਮ ਵਿਸ਼ਵਾਸ ਹੈ ।

## "ਦਾਰੋ" ਸ਼ਾਨਦਾਰ ਫ਼ਿਲਮ ਹੈ ਕੁੱਲ ਸਿੱਧੂ ਤੇ ਅਮਰਦੀਪ ਗਿੱਲ ਦੀ

ਅਮਰਦੀਪ ਸਿੰਘ ਗਿੱਲ ਕਦੇ ਫ਼ਿਲਮੀ




ਆਲੋਚਕ ਸਨ ਤੇ ਫ਼ਿਲਮੀ ਪੱਤਰਕਾਰੀ ਵੀ ਕਰਦੇ ਸਨ। ਮਜ਼ੇਦਾਰ ਗੱਲ ਇਹ ਕਿ ਜਿਹੜੇ ਮੀਡੀਆ ਵਾਲੇ ਅੱਜ ਗਿੱਲ ਦਾ ਵਿਰੋਧ ਕਰਦੇ ਨੇ ਓਹ ਕਦੇ ਗਿੱਲ ਗਿੱਲ ਕਰ ਓਸ ਨੂੰ ਸ਼ਾਨਦਾਰ ਆਖਦੇ ਸਨ। ਛੱਡੋ ਤੇ ਅਮਰਦੀਪ ਸਿੰਘ ਗਿੱਲ ਨੇ "ਦਾਰੋ" ਬਣਾਈ ਹੈ ਤੇ ਛੇ ਭਾਸ਼ਾਵਾਂ ਵਿੱਚ ਇਹ ਆਈ ਹੈ। ਓ ਟੀ ਐਪ ਕੇਬਲ ਵੰਨ ਤੇ ਇਹ ਪ੍ਰਸਾਰਿਤ ਹੁੰਦੀ ਹੈ। ਫ਼ਿਲਮ ਦੇ ਸੰਵਾਦ ਦਮਦਾਰ ਤੇ ਅਸਲੀਅਤ ਜਿਵੇਂ "ਬੰਦੂਕ" ਲਫਜ਼ ਇਸਤਰੀ ਲਿੰਗ ਪਰ ਮਰਦ ਇਹ "ਬੰਦੂਕ" ਰੱਖ ਓਸ ਸਿਰ ਸ਼ੇਰ ਹੈ। ਫ਼ਿਲਮ ਵਿੱਚ ਕੁੱਲ ਸਿੱਧੂ ਦਾ ਯਾਦਗਾਰ ਕੰਮ ਹੈ ਤੇ ਮੀਨਾ ਕੁਮਾਰੀ ਅੱਜ ਦੀ ਓਹ ਹੈ ਤੇ ਪ੍ਰਦੀਪ ਦਾ ਕੰਮ ਵੀ ਅੱਛਾ ਹੈ। ਬੈਕਗ੍ਰਾਉਂਡ ਸਕੋਰ ਬਹੁਤ ਪ੍ਰਭਾਵਿਤ ਕਰਦਾ ਹੈ ਤੇ ਮਿਊਜ਼ਿਕ ਐਂਪਾਇਰ ਅੰਮ੍ਰਿਤ ਸਿੰਘ ਸਿੱਧੂ ਤੇ ਪਾਲ ਸਿੱਧੂ ਵੀ ਫ਼ਿਲਮ ਨਾਲ ਹੈ। ਅਮਰਦੀਪ ਸਿੰਘ ਗਿੱਲ ਇਸ ਫ਼ਿਲਮ ਨਾਲ ਇੱਕ ਵਾਰ ਫ਼ਿਰ ਉਭਰ ਕਿ ਸਾਹਮਣੇ ਆਏ ਨਿਰਦੇਸ਼ਕ ਹਨ ਤੇ ਓਹਨਾਂ ਨੂੰ ਵੀ ਮੁਬਾਰਕਬਾਦ।


## ਐਂਕਰ ਹੋਣ ਜਾਂ ਗਾਇਕ ਆਖਣ ਬੰਨੀ ਸ਼ਰਮਾ ਗ੍ਰੇਟ ਹੈ ਗ੍ਰੇਟ

ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ



ਇੰਡਸਟਰੀ ਦਾ ਦਿੱਗਜ ਹੈ ਜਿਸ ਨੇ ਸਵਰਗੀ ਗੁਲਸ਼ਨ ਕੁਮਾਰ ਜੀ ਨੂੰ ਆਪਣਾ ਪ੍ਰੇਰਕ ਮੰਨ ਆਖ਼ਿਰ ਇੱਕ ਦਿਨ ਓਹਨਾਂ ਨਾਲ ਕੰਮ ਕੀਤਾ ਤੇ ਐਸਾ ਅਸ਼ੀਰਵਾਦ ਲਿਆ ਕਿ ਅੱਜ ਦੂਜੇ ਗੁਲਸ਼ਨ ਦੀ ਤਰਾਂ ਜਰਨੈਲ ਘੁਮਾਣ ਦੀ ਓਹ ਸੱਜੀ ਖੱਬੀ ਧੜਕਨ ਹਨ। ਚਰਚਾ ਬੰਨੀ ਸ਼ਰਮਾ ਦੇ ਘੁਮਾਣ ਨਾਲ ਸ਼ੋ "ਪੰਜਾਬੀ ਜ਼ਿੰਦਾਬਾਦ" ਦੀ ਹੈ। ਮਸ਼ਹੂਰ ਸਟੇਜ ਟੀਵੀ ਐਂਕਰ ਬਲਦੇਵ ਰਾਹੀ ਆਖਦੇ ਨੇ ਕਿ ਬੰਨੀ ਸ਼ਰਮਾ ਗਾਗਰ ਵਿੱਚ ਭਰਿਆ ਸਾਗਰ ਹੈ ਜਿਹੜਾ ਮਿਊਜ਼ਿਕ ਤੇ ਟੀਵੀ ਦੋਵਾਂ ਖੇਤਰਾਂ ਵਿੱਚ ਕੀਤੇ ਕੰਮ ਦੀ ਬਦੌਲਤ ਅੱਛੇ ਤਰੀਕੇ ਨਾਲ ਸਥਾਪਿਤ ਹੈ। ਬੰਨੀ ਸ਼ਰਮਾ ਪੰਜਾਬੀ ਬੋਲੀ ਲਈ ਲਹਿਰ ਹੋਏ ਤਾਂ ਦੀਪਕ ਬਾਲੀ ਨਾਲ ਚਲਦਾ ਹੈ, ਮੇਲੇ ਤੇ ਸੰਗੀਤ ਦੌਰ ਹੋਣ ਭੱਟੀ ਭੜੀ ਵਾਲਾ ਨਾਲ ਤੁਰਦਾ ਹੈ ਤੇ ਵੱਡਾ ਫੈਸਲਾ ਹਕੀਕੀ ਸ਼ੋ "ਪੰਜਾਬੀ ਜ਼ਿੰਦਾਬਾਦ" ਓਹ ਜਰਨੈਲ ਘੁਮਾਣ ਨਾਲ ਕਰ ਰਿਹਾ ਹੈ। ਬੰਨੀ ਸ਼ਰਮਾ ਜਿਸ ਦੂਰਦਰਸ਼ਨ ਜਲੰਧਰ ਤੇ ਰਿਕਾਰਡ ਕਾਮਯਾਬ ਨਿੱਜੀ ਪ੍ਰੋਗਰਾਮ ਬਣਾ ਕਿ ਟੈਲੀਕਾਸਟ ਕੀਤੇ ਪੰਜਾਬੀ ਸੰਗੀਤ, ਕਲਚਰ ਤੇ ਫ਼ਿਲਮਜ਼ ਦੀ ਪਰਦੇ ਪਿੱਛੇ ਸਫ਼ਲ ਕਹਾਣੀ ਹੈ.ਗਾਇਕਾ ਦੌਲਿਸ਼ਾ ਨੇ ਕਿਹਾ ਸੀ ਕਿ ਬੰਨੀ ਸ਼ਰਮਾ ਨੂੰ ਮਿਲਣ ਦਾ ਅਰਥ ਸੰਗੀਤ ਖੇਤਰ ਦੇ ਮਾਹਿਰ ਤੇ ਕਿਸਮਤ ਵਾਲੇ ਇਨਸਾਨ ਦਾ ਮੇਲ ਹੈ ਜੈ ਹੋ। -ਅੰਮ੍ਰਿਤ ਪਵਾਰ

## CAPTAIN M.S. KOHLI PASSED AWAY



The first ever Indian Team which climbed the world highest peak Mount Everest was led by Captain M.S. Kohli who passed away yesterday in Delhi. Born in Haripur Hazara, Pakistan in 1932. Later on he joined the Indian Navy. His School mate, World famous Scholar Bhai Harbans Lal told me that Mount climbing was his hobby. Both of them were Members of All India Sikh Student Federation. Captain M.S. Kohli was awarded Padma Bhushan, he joined Air India and was Regional Director in Australia.

# ਸੌ ਸੈਂਕੜੇ ਮਾਰਨ ਵਾਲਾ ਸਚਿਨ ਤੇਂਦੁਲਕਰ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ







ਸਚਿਨ ਤੇਂਦੁਲਕਰ ਨੂੰ ਕੋਈ 'ਦੌੜਾਂ ਦੀ ਮਸ਼ੀਨ ਕਹਿੰਦਾ ਹੈ, ਕੋਈ 'ਕ੍ਰਿਕਟ ਦਾ ਭਗਵਾਨ। ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ 'ਚ 100 ਸੈਂਚਰੀਆਂ ਮਾਰੀਆਂ, 200 ਟੈੱਸਟ ਮੈਚ ਅਤੇ 463 ਇਕ ਰੋਜ਼ਾ ਇੰਟਰਨੈਸ਼ਨਲ ਮੈਚ ਖੇਡੇ ਜਿਨ੍ਹਾਂ ਵਿਚ 34357 ਦੌੜਾਂ ਬਣਾਈਆਂ! ਵਨ ਡੇਅ ਇੰਟਨੈਸ਼ਨਲ ਦੇ ਇਕੋ ਮੈਚ ਵਿਚ 200 ਦੌੜਾਂ ਬਟੋਰੀਆਂ ਤੇ 62 ਵਨ ਡੇਅ ਮੈਚਾਂ ਵਿਚ ਮੈਨ ਆਫ਼ ਦਾ ਮੈਚ ਬਣਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਦੇਸ਼ ਦੇ ਸਰਬਉੱਚ ਸਿਵਲੀਅਨ ਅਵਾਰਡ 'ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ।

ਸਚਿਨ ਤੇਂਦੁਲਕਰ ਨੂੰ ਰੁਸਤਮੇ ਜ਼ਮਾਂ ਗਾਮੇ ਭਲਵਾਨ ਵਾਂਗ ਕ੍ਰਿਕਟ ਦਾ ਰੁਸਤਮੇ ਜ਼ਮਾਂ ਕਿਹਾ ਜਾ ਸਕਦੈ। ਜਿਵੇਂ ਗਾਮੇ ਨੇ ਭਲਵਾਨੀ ਵਿਚ ਆਲਮੀ ਗੁਰਜ ਜਿੱਤੀ ਉਵੇਂ ਸਚਿਨ ਨੇ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਿਆ। ਗਾਮਾ 5 ਫੁੱਟ 6 ਇੰਚ ਕੱਦ ਦਾ ਸਮੱਧਰ ਪਹਿਲਵਾਨ ਸੀ, ਸਚਿਨ 5 ਫੁੱਟ 5 ਇੰਚ ਕੱਦ ਦਾ ਸਮੱਧਰ ਕ੍ਰਿਕਟਰ ਹੈ। ਖੇਡ ਪ੍ਰਤਿਭਾ ਵੱਡੇ ਕੱਦ ਕਾਠ ਵਾਲੇ ਖਿਡਾਰੀਆਂ ਵਿਚ ਹੀ ਨਹੀਂ ਹੁੰਦੀ, ਜੁਝ ਮਰੋ ਦੇ ਜਜ਼ਬੇ ਨਾਲ ਖੇਡਣ ਵਾਲੇ ਖਿਡਾਰੀਆਂ 'ਚ ਵੀ ਹੁੰਦੀ ਹੈ। ਲੰਮੇ ਕੱਦ ਕਾਠਾਂ ਵਾਲੇ ਕਈ ਐਸੇ ਨੌਜੁਆਨ ਵੇਖੀਦੇ ਹਨ ਜੋ ਆਪਣੇ ਵਜ਼ਨ ਜਿੰਨਾ ਵੇਟ ਵੀ ਨਹੀਂ ਚੁੱਕ ਸਕਦੇ। ਐਸੇ ਪੰਜ ਫੁੱਟੇ ਵੇਟਲਿਫਟਰ ਵੇਖੇ ਹਨ ਜਿਹੜੇ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਵੇਟ ਦੇ ਬਾਲੇ ਕੱਢਦੇ ਹਨ!

ਸਚਿਨ 2011 ਵਿਚ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਦਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਸੀ। ਵਰਲਡ ਕੱਪ ਦੀ ਜਿੱਤ ਨੂੰ ਉਹ ਆਪਣੇ ਕ੍ਰਿਕਟ ਕੈਰੀਅਰ ਦੀ ਸਭ ਤੋਂ ਵੱਡੀ ਜਿੱਤ ਮੰਨਦਾ ਹੈ। ਜੇਤੂ ਵਿਸ਼ਵ ਕੱਪ ਖੇਡਦਿਆਂ ਸਚਿਨ ਨੇ 99ਵੀਂ ਸੈਂਚਰੀ ਮਾਰੀ ਸੀ। ਉਸ ਨੂੰ ਮਲਾਲ ਸੀ, ਕਾਸ਼! ਉਹ 100ਵੀਂ ਸੈਂਚਰੀ ਵੀ ਮਾਰ ਸਕਦਾ। ਉਸ ਦਾ ਸਕੋਰ 67 ਤਕ ਤਾਂ ਪਹੁੰਚ ਗਿਆ ਸੀ ਪਰ 100ਵੀਂ ਸੈਂਚਰੀ ਤੋਂ 33 ਦੌੜਾਂ ਘੱਟ ਰਹਿ ਗਿਆ ਸੀ। ਆਖ਼ਰ ਉਹ ਟੀਚਾ ਉਸ ਨੇ ਮਾਰਚ 2012 ਵਿਚ ਸਰ ਕੀਤਾ ਜਦੋਂ ਬੰਗਲਾਦੇਸ਼ ਵਿਰੁੱਧ ਇਕ ਰੋਜ਼ਾ ਇੰਟਰਨੈਸ਼ਨਲ ਮੈਚ ਵਿਚ ਆਪਣੀ 100ਵੀਂ ਸੈਂਚਰੀ ਮਾਰੀ। ਉਹਦੇ ਨਾਲ ਉਹਦੀਆਂ 51 ਸੈਂਚਰੀਆਂ ਟੈਸਟ ਮੈਚਾਂ ਦੀਆਂ ਹੋ ਗਈਆਂ ਤੇ 49 ਸੈਂਚਰੀਆਂ ਇਕ ਰੋਜ਼ਾ ਮੈਚਾਂ ਦੀਆਂ। 2013 ਵਿਚ ਜਦ ਉਹ ਕ੍ਰਿਕਟ ਤੋਂ ਰਿਟਾਇਰ ਹੋਇਆ ਤਾਂ ਉਹਦੇ ਟੈਸਟ ਮੈਚਾਂ ਦੀਆਂ 15921 ਤੇ ਇਕ ਰੋਜ਼ਾ ਇੰਟਰਨੈਸ਼ਲ ਮੈਚਾਂ ਦੀਆਂ 18426 ਦੌੜਾਂ ਬਣ ਚੁੱਕੀਆਂ ਸਨ।

2010 'ਚ 'ਟਾਈਮ ਮੈਗਜ਼ੀਨ ਨੇ ਸਚਿਨ ਤੇਂਦੁਲਕਰ ਦਾ ਨਾਂ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਦਰਜ ਕੀਤਾ। ਇੰਟਰਨੈਸ਼ਨਲ ਕ੍ਰਿਕਟ ਕੌਂਸਲ ਨੇ 2011 ਵਿਚ ਉਸ ਨੂੰ ਸਰ ਗਾਰਫੀਲਡ ਸੋਬਰਜ਼ ਟਰਾਫੀ ਨਾਲ ਸਨਮਾਨਿਤ ਕੀਤਾ। ਭਾਰਤ ਸਰਕਾਰ ਵੱਲੋਂ ਸਚਿਨ ਨੂੰ ਵੱਡੇ ਮਾਨ ਸਨਮਾਨ ਮਿਲੇ। 1994 ਵਿਚ ਉਸ ਨੂੰ ਅਰਜੁਨ ਅਵਾਰਡ ਮਿਲਿਆ ਤੇ 1997 'ਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ। 1998 ਵਿਚ ਪਦਮ ਸ਼੍ਰੀ ਅਤੇ 2008 'ਚ ਪਦਮ ਭੂਸ਼ਨ। ਨਵੰਬਰ 2013 ਵਿਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਉਸ ਨੂੰ ਭਾਰਤ ਦਾ ਸਰਬੋਤਮ ਸਿਵਲੀਅਨ ਅਵਾਰਡ ਭਾਰਤ ਰਤਨ ਦੇਣ ਦਾ ਐਲਾਨ ਹੋਇਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ 2014 ਵਿਚ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਉਦੋਂ ਕੇਵਲ 41 ਸਾਲਾਂ ਦਾ ਸੀ। ਓਲੰਪਿਕ ਖੇਡਾਂ 'ਚੋਂ ਹਾਕੀ ਦੇ ਤਿੰਨ-ਤਿੰਨ ਗੋਲਡ ਮੈਡਲ ਜਿੱਤਣ ਵਾਲੇ ਧਿਆਨ ਚੰਦ ਤੇ ਬਲਬੀਰ ਸਿੰਘ ਵਰਗੇ ਖਿਡਾਰੀ ਮੌਜੂਦ ਸਨ ਪਰ ਭਾਰਤ ਸਰਕਾਰ ਵੱਲੋਂ ਖੇਡਾਂ ਦਾ ਪਹਿਲਾ ਭਾਰਤ ਰਤਨ ਸਚਿਨ ਤੇਂਦੁਲਕਰ ਨੂੰ ਬਣਾਇਆ ਗਿਆ। ਉਹ 2012 ਤੋਂ 2018 ਤਕ ਰਾਜ ਸਭਾ ਦਾ ਮੈਂਬਰ ਰਿਹਾ ਤੇ ਉਹਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ।

ਸਚਿਨ ਦਾ ਜਨਮ 24 ਅਪ੍ਰੈਲ 1973 ਨੂੰ ਨਿਰਮਲ ਨਰਸਿੰਗ ਹੋਮ ਦਾਦਰ, ਬੰਬਈ ਵਿਖੇ ਹੋਇਆ ਜਿਸ ਨੂੰ ਹੁਣ ਮੁੰਬਈ ਕਿਹਾ ਜਾਂਦਾ ਹੈ। ਉਸ ਦੇ ਪਿਤਾ ਰਮੇਸ਼ ਤੇਂਦੁਲਕਰ ਮਰਾਠੀ ਦੇ ਪ੍ਰਸਿੱਧ ਕਵੀ ਤੇ ਲੇਖਕ ਸਨ। ਉਨ੍ਹਾਂ ਦੇ ਪਹਿਲੇ ਵਿਆਹ 'ਚੋਂ ਇਕ ਧੀ ਤੇ ਦੋ ਪੁੱਤਰ ਪੈਦਾ ਹੋਏ। ਤੀਜੇ ਬੱਚੇ ਦੇ ਜਣੇਪੇ ਪਿੱਛੋਂ ਪਤਨੀ ਦੀ ਮ੍ਰਿਤੂ ਹੋ ਗਈ। ਫਿਰ ਉਸ ਨੇ ਬੀਮੇ ਦੀ ਸਨਅਤ ਵਿਚ ਕੰਮ ਕਰਦੀ ਰਜਨੀ ਨਾਲ ਦੂਜਾ ਵਿਆਹ ਕਰਵਾ ਲਿਆ। ਸ਼੍ਰੀਮਤੀ ਰਜਨੀ ਦੀ ਕੁੱਖੋਂ ਉਸ ਦਾ ਇਕ ਹੋਰ ਪੁੱਤਰ ਪੈਦਾ ਹੋਇਆ। ਪਿਤਾ ਨੇ ਸੰਗੀਤਕਾਰ ਸਚਿਨ ਦੇਵ ਬਰਮਨ ਦਾ ਪ੍ਰਸੰਸਕ ਹੋਣ ਕਰਕੇ ਆਪਣੇ ਛਿੰਦੇ ਪੁੱਤਰ ਦਾ ਨਾਂ ਸਚਿਨ ਰੱਖਿਆ। ਪਰ ਉਹ ਬਚਪਨ ਵਿਚ ਹੀ ਬੁੱਲ੍ਹੀ ਬੁਆਏ ਬਣ ਗਿਆ। ਸਕੂਲੇ ਪੜ੍ਹਨ ਜਾਂਦਾ ਨਵੇਂ ਵਿਦਿਆਰਥੀਆਂ ਨਾਲ ਆਢਾ ਲਾ ਬਹਿੰਦਾ। ਪਹਿਲਾਂ ਉਹ ਟੈਨਿਸ ਖੇਡਣ ਲੱਗਾ ਸੀ ਤੇ ਅਮਰੀਕਨ ਟੈਨਿਸ ਸਟਾਰ ਜੌਨ੍ਹ ਮਕੈਨਰੋ ਵਾਂਗ ਲੰਮੇ ਵਾਲ ਰੱਖਣ ਲੱਗ ਪਿਆ ਸੀ। ਉਹਦੇ ਵਾਂਗ ਹੀ ਗੁੱਟ-ਬੈਂਡ ਤੇ ਹੈੱਡ-ਬੈਂਡ ਬੰਨ੍ਹਦਾ ਅਤੇ ਹੱਥ 'ਚ ਟੈਨਿਸ ਦਾ ਰੈਕਟ ਰੱਖਦਾ।

ਉਸ ਦਾ ਵੱਡਾ ਭਰਾ ਅਜੀਤ ਬੰਬੇ ਦੀ ਕੰਗਾ ਕ੍ਰਿਕਟ ਲੀਗ ਖੇਡਣ ਲੱਗਾ ਤਾਂ ਉਸ ਨੇ ਸਚਿਨ ਨੂੰ ਵੀ ਕ੍ਰਿਕਟ ਖੇਡਣ ਦੀ ਚੇਟਕ ਲਾ ਦਿੱਤੀ। 1984 'ਚ ਅਜੀਤ ਉਸ ਨੂੰ ਸ਼ਿਵਾ ਜੀ ਪਾਰਕ ਵਿਚ ਕੋਚਿੰਗ ਦਿੰਦੇ ਰਮਾਕਾਂਤ ਅਚਰੇਕਰ ਕੋਲ ਲੈ ਗਿਆ। ਕੋਚ ਨੇ ਉਸ ਨੂੰ ਖਿਡਾਇਆ ਤਾਂ ਉਹ ਸੰਗਦਾ ਝਿਜਕਦਾ ਬੜਾ ਮਾੜਾ ਖੇਡਿਆ। ਕੋਚ ਨੇ ਸਚਿਨ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਪਰ ਅਜੀਤ ਦੇ ਜ਼ੋਰ ਪਾਉਣ 'ਤੇ ਆਪਣੀ ਕ੍ਰਿਕਟ ਅਕੈਡਮੀ 'ਚ ਦਾਖ਼ਲ ਕਰ ਹੀ ਲਿਆ। ਬਾਅਦ ਵਿਚ ਅਚਰੇਕਰ ਨੂੰ ਸਚਿਨ ਦਾ ਪਹਿਲਾ ਕੋਚ ਹੋਣ ਦਾ ਬੜਾ ਮਾਣ ਮਿਲਿਆ।

ਕ੍ਰਿਕਟ ਅਕੈਡਮੀ ਵਿਚ ਉਹ ਘੰਟਿਆਂ ਬੱਧੀ ਪ੍ਰੈਕਟਿਸ ਕਰਦਾ। ਜਦੋਂ ਥੱਕ ਜਾਂਦਾ ਤਾਂ ਕੋਚ ਇਕ ਰੁਪਏ ਦਾ ਸਿੱਕਾ ਟਰੰਪ ਦੀ ਟੀਸੀ 'ਤੇ ਟਿਕਾਅ ਕੇ ਕੁਝ ਹੋਰ ਓਵਰ ਖੇਡਣ ਦਾ ਇਨਾਮ ਰੱਖਦਾ। ਜੇ ਗੇਂਦਬਾਜ਼ ਉਸ ਨੂੰ ਮਿਥੇ ਓਵਰਾਂ ਵਿਚ ਆਊਟ ਕਰ ਦਿੰਦਾ ਤਾਂ ਸਿੱਕਾ ਗੇਂਦਬਾਜ਼ ਨੂੰ ਮਿਲ ਜਾਂਦਾ। ਜੇ ਸਚਿਨ ਆਊਟ ਨਾ ਹੁੰਦਾ ਤਾਂ ਸਿੱਕਾ ਉਸੇ ਦਾ ਹੋ ਜਾਂਦਾ। ਇੰਜ ਸਚਿਨ ਨੇ 13 ਰੁਪਏ ਕਮਾਏ ਜੋ ਉਹ ਆਪਣਾ ਸਭ ਤੋਂ ਵੱਡਾ ਇਨਾਮ ਸਮਝਦਾ ਹੈ। ਉਹ ਸਕੂਲਾਂ ਦੀ ਕ੍ਰਿਕਟ ਖੇਡਣ ਨਾਲ ਕਲੱਬਾਂ ਦੀ ਕ੍ਰਿਕਟ ਵੀ ਖੇਡਿਆ। 1984 ਵਿਚ 11 ਸਾਲ ਦੀ ਉਮਰੇ ਉਹ ਜੌਨ੍ਹ ਬ੍ਰਾਈਟ ਕ੍ਰਿਕਟ ਕਲੱਬ ਵੱਲੋਂ ਕਾਂਗਾ ਕ੍ਰਿਕਟ ਲੀਗ ਖੇਡਣ ਲੱਗ ਪਿਆ। ਫਿਰ ਤਾਂ ਚੱਲ ਸੁ ਚੱਲ ਹੋ ਗਈ। ਵੱਡਾ ਹੋ ਕੇ ਉਸ ਨੇ ਮਹਾਨ ਸੰਗੀਤਕਾਰ ਸਚਿਨ ਦੇਵ ਬਰਮਨ ਦੇ ਨਾਂ ਉਤੇ ਰੱਖੇ ਨਾਂ ਸਚਿਨ ਦੀ ਸੱਚਮੁੱਚ ਲਾਜ ਰੱਖ ਵਿਖਾਈ।

ਸਚਿਨ ਨੇ ਭਾਰਤੀ ਕ੍ਰਿਕਟ ਟੀਮਾਂ ਦੀਆਂ ਟੈਸਟ ਮੈਚਾਂ ਤੇ ਵਨ ਡੇਅ ਕੱਪਾਂ 'ਚ ਕਪਤਾਨੀਆਂ ਵੀ ਕੀਤੀਆਂ ਤੇ ਦੋ ਦਹਾਕੇ ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਦਾ ਸ਼ਿੰਗਾਰ ਬਣਿਆ ਰਿਹਾ। ਉਸ ਨੂੰ ਸਰਬ ਸਮਿਆਂ ਦਾ ਮਹਾਨਤਮ ਕ੍ਰਿਕਟਰ ਐਲਾਨਿਆ ਗਿਆ। ਉਸ ਦੇ ਕਈ ਰਿਕਾਰਡ ਹਾਲੇ ਵੀ ਕਾਇਮ ਹਨ। ਉਹ ਬਹੁਤ ਸਾਰੇ ਅੰਤਰਰਾਸ਼ਟਰੀ ਇਕ ਰੋਜ਼ਾ ਅਤੇ ਟੈਸਟ ਮੈਚਾਂ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਕਰਕੇ 'ਪਲੇਅਰ ਆਫ਼ ਦਾ ਮੈਚ ਦੇ ਕਈ ਅਵਾਰਡ ਜਿੱਤ ਚੁੱਕੈ। ਕੌਮਾਂਤਰੀ ਪੱਧਰ 'ਤੇ ਸੈਂਚਰੀਆਂ ਦੀ ਸੈਂਚਰੀ ਮਾਰਨ ਵਾਲਾ ਵਿਸ਼ਵ ਦਾ ਉਹ ਪਹਿਲਾ ਕ੍ਰਿਕਟ ਖਿਡਾਰੀ ਹੈ।

1987 ਵਿਚ ਪਹਿਲੀ ਵਾਰ ਉਸ ਨੂੰ ਮਹਾਨ ਕ੍ਰਿਕਟ ਖਿਡਾਰੀ ਸੁਨੀਲ ਗਵਾਸਕਰ ਨੇ ਖੇਡਦੇ ਵੇਖਿਆ ਤਾਂ ਆਪਣੇ ਹਲਕੇ ਕ੍ਰਿਕਟ ਪੈਡ ਉਹਨੂੰ ਇਨਾਮ ਵਜੋਂ ਦੇ ਦਿੱਤੇ ਜੋ ਉਸ ਲਈ ਹੌਂਸਲਾ ਵਧਾਊ ਸਾਬਤ ਹੋਏ। 14 ਨਵੰਬਰ 1987 ਨੂੰ 14 ਸਾਲ ਦੀ ਕਿਸ਼ੋਰ ਉਮਰੇ ਉਹ ਰਾਂਜੀ ਟਰਾਫੀ ਖੇਡਣ ਲਈ ਬੰਬਈ ਦੀ ਟੀਮ ਵਿਚ ਚੁਣਿਆ ਗਿਆ। ਉਥੋਂ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ। 1988 'ਚ ਉਹ ਕ੍ਰਿਕਟ ਕਲੱਬ ਆਫ਼ ਇੰਡੀਆ ਦੀ ਟੀਮ 'ਚ ਚੁਣ ਲਿਆ ਗਿਆ। 1989-90 'ਚ ਉਹ ਦਿੱਲੀ ਵਿਖੇ ਇਰਾਨੀ ਟਰਾਫੀ ਦੇ ਮੈਚ ਰੈਸਟ ਆਫ਼ ਇੰਡੀਆ ਟੀਮ ਦੀ ਵੱਲੋਂ ਖੇਡਿਆ।

1992 ਤੋਂ ਉਹ ਯੌਰਕਸ਼ਾਇਰ ਵੱਲੋਂ ਕਾਊਂਟੀ ਕ੍ਰਿਕਟ ਖੇਡਣ ਲੱਗਾ ਤਾਂ ਉਸ ਦੇ ਟੂਰ ਲੱਗਣੇ ਸ਼ੁਰੂ ਹੋ ਗਏ। ਉਹ 17ਵੇਂ ਸਾਲ ਦੀ ਉਮਰੇ ਅੰਤਰਰਾਸ਼ਟਰੀ ਟੈਸਟ ਮੈਚ ਖੇਡਣ ਲੱਗ ਪਿਆ ਸੀ। 1994 ਤੋਂ ਉਹ ਵਨ ਡੇ ਇੰਟਨੈਸ਼ਨਲ ਮੈਚ ਖੇਡਣ ਲੱਗਾ। 1995-96 ਦੇ ਇਰਾਨੀ ਕੱਪ ਵਿਚ ਉਸ ਨੇ ਰੈਸਟ ਆਫ਼ ਇੰਡੀਆ ਦੀ ਟੀਮ ਵਿਰੁੱਧ ਮੁੰਬਈ ਟੀਮ ਦੀ ਕਪਤਾਨੀ ਕੀਤੀ। 1995 ਵਿਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ, ਉਹਦਾ ਵਿਆਹ ਗੁਜਰਾਤੀ ਮੂਲ ਦੀ ਚਕਿਤਸਿਕ ਅੰਜਲੀ ਮੇਹਤਾ ਨਾਲ ਹੋ ਗਿਆ। ਉਨ੍ਹਾਂ ਦੀ ਪਹਿਲੀ ਮੁਲਾਕਾਤ 1990 ਵਿੱਚ ਮੁੰਬਈ ਏਅਰਪੋਰਟ ਉੱਤੇ ਹੋਈ ਸੀ ਜਦੋਂ ਸਚਿਨ ਭਾਰਤ ਦੀ ਟੀਮ ਨਾਲ ਵਾਪਸ ਘਰ ਆ ਰਿਹਾ ਸੀ। ਵਿਆਹ ਪਿੱਛੋਂ ਅੰਜਲੀ ਨੇ ਨੌਕਰੀ ਛੱਡ ਦਿੱਤੀ ਸੀ। ਉਨ੍ਹਾਂ ਦੇ ਬੱਚੇ ਸਾਰਾ ਤੇਂਦੁਲਕਰ ਤੇ ਅਰਜੁਨ ਤੇਂਦੁਲਕਰ ਹਨ।

ਸਚਿਨ 11 ਸਾਲਾਂ ਦਾ ਸੀ ਜਦੋਂ ਕ੍ਰਿਕਟ ਨੂੰ ਸਮਰਪਿਤ ਹੋ ਗਿਆ ਸੀ। ਸਕੂਲਾਂ 'ਚ ਖੇਡਦਾ ਉਹ ਕਲੱਬਾਂ ਨਾਲ ਖੇਡਣ ਲੱਗ ਪਿਆ ਸੀ। 15 ਨਵੰਬਰ 1989 ਨੂੰ ਉਹ ਮੁੰਬਈ ਵੱਲੋਂ ਕਰਾਚੀ ਵਿਖੇ ਆਪਣੇ ਖੇਡ ਕੈਰੀਅਰ ਦਾ ਪਹਿਲਾ ਟੈਸਟ ਮੈਚ ਖੇਡਣ ਗਿਆ। ਉਹ 24 ਸਾਲ ਮੁੰਬਈ ਤੇ ਭਾਰਤ ਦੀਆਂ ਟੀਮਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨੁਮਾਇੰਦਗੀ ਕਰਦਾ ਰਿਹਾ। 1996 ਦੇ ਵਰਲਡ ਕੱਪ ਵਿਚ ਉਸ ਨੇ 2 ਸੈਂਕੜੇ ਮਾਰੇ ਤੇ 1998 ਦੇ ਆਸਟ੍ਰੇਲੀਅਨ ਟੂਰ ਵਿਚ ਲਗਾਤਾਰ 3 ਸੈਂਚਰੀਆਂ ਮਾਰੀਆਂ। 1999 ਦੌਰਾਨ ਏਸ਼ੀਅਨ ਟੈੱਸਟ ਚੈਂਪੀਅਨਸ਼ਿਪ, ਟੈਸਟ ਮੈਚ ਤੇ ਵਰਲਡ ਕੱਪਾਂ ਵਿਚ ਉਸ ਦੀ ਖੇਡ ਦੇ ਅੰਕੜੇ ਹੋਰ ਉੱਚੇ ਤੋਂ ਉੱਚੇ ਹੁੰਦੇ ਚਲੇ ਗਏ।


2002 ਵਿਚ ਜਦੋਂ ਉਹ ਆਪਣੇ ਖੇਡ ਕੈਰੀਅਰ ਦੇ ਅੱਧਵਿਚਾਲੇ ਸੀ ਤਾਂ ਵਿਜ਼ਡਨ ਰੈਂਕ ਅਨੁਸਾਰ ਡੌਨ ਬਰੈਡਮੈਨ ਨਾਲ ਉਹ ਵਿਸ਼ਵ ਦਾ ਦੂਜਾ ਮਹਾਨਤਮ ਬੱਲੇਬਾਜ਼ ਬਣ ਚੁੱਕਾ ਸੀ। ਉਸੇ ਸਾਲ ਸਚਿਨ ਦੀ ਟੀਮ ਨੇ 2002 ਦੀ ਆਈਸੀਸੀ ਚੈਂਪੀਅਨਜ਼ ਟਰਾਫੀ ਜਾਇੰਟ ਵਿਨਰਜ਼ ਵਜੋਂ ਜਿੱਤਣ ਦਾ ਮਾਅਰਕਾ ਮਾਰਿਆ। 2003 ਦੇ ਵਰਲਡ ਕੱਪ ਵਿਚ ਉਹ 'ਪਲੇਅਰ ਆਫ਼ ਦਾ ਟੂਰਨਾਮੈਂਟ ਐਲਾਨਿਆ ਗਿਆ।

ਬਾਕੀ ਹਿਸਾ ਸਫ਼ਾ 60 ਤੇ ਪੜ੍ਹੋ

# ਯੋਗਾ ਸਰੀਰਕ ਕਸਰਤ ਪਰ ਸਮਾਜ 'ਚ ਵਿਚਰਨ ਲਈ ਗੱਤਕਾ ਜ਼ਰੂਰੀ








## ਗੱਤਕਾ ਅਤੇ ਯੋਗਾ ਦਾ ਤੁਲਨਾਤਮਕ ਅਧਿਐਨ



ਹਰਜੀਤ ਸਿੰਘ ਗਰੇਵਾਲ
ਸਟੇਟ ਐਵਾਰਡੀ
(76588-00000)

ਕੇਂਦਰ ਸਰਕਾਰ ਵੱਲੋਂ ਰਾਜਸੀ ਸਰਗਰਮੀਆਂ ਦੀ ਲੜੀ ਹੇਠ ਦੇਸ਼ ਵਿੱਚ ਪਿਛਲੇ 11 ਸਾਲਾਂ ਤੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਣਾ ਸ਼ੁਰੂ ਕੀਤਾ ਗਿਆ ਹੈ ਪਰ ਇਸੇ ਦਿਨ ਸਿੱਖ ਆਪਣੀ ਸ਼ਾਨਾਮੱਤੀ ਜੰਗਜੂ ਵਿਰਾਸਤ ਦੀਆਂ ਪਰੰਪਰਾਵਾਂ ਦਾ ਸਨਮਾਨ ਕਰਦਿਆਂ ਅੰਤਰਰਾਸ਼ਟਰੀ ਗੱਤਕਾ ਦਿਵਸ ਮਨਾਉਂਦੇ ਹਨ। ਯੋਗਾ ਨੂੰ ਅਕਸਰ ਅੰਦਰੂਨੀ ਸਿਧਾਈ ਅਤੇ ਮਾਨਸਿਕ ਸ਼ਾਂਤੀ ਲਈ ਇੱਕ ਕਸਰਤ ਵਜੋਂ ਅਪਣਾਇਆ ਜਾਂਦਾ ਹੈ ਜਦਕਿ ਸਿੱਖ ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ, ਅਧਿਆਤਮਿਕਤਾ ਅਤੇ ਬਹਾਦਰੀ ਦਾ ਪ੍ਰਤੀਕ ਹੈ ਜੋ ਨਾ ਕੇਵਲ ਜਿਸਮ ਨੂੰ ਮਜ਼ਬੂਤੀ ਬਖਸ਼ਦਾ ਹੈ ਸਗੋਂ ਮਨ ਤੇ ਸੋਚ ਨੂੰ ਵੀ ਦ੍ਰਿੜ ਕਰਦਾ ਹੈ। ਆਤਮਾ ਨੂੰ ਉੱਚੀ-ਸੁੱਚੀ ਬਣਾਉਂਦਾ ਹੈ ਅਤੇ ਗੱਤਕਈ ਨੂੰ ਆਪਣੀ ਸਵੈ-ਰੱਖਿਆ ਅਤੇ ਹੋਰਨਾਂ ਦੀ ਰੱਖਿਆ ਲਈ ਤਿਆਰ ਕਰਦਾ ਹੈ।

ਯੋਗਾ ਨਾਲ ਸਰੀਰ ਤਾਂ ਠੀਕ ਰੱਖਿਆ ਜਾ ਸਕਦਾ ਹੈ ਪਰ ਸਮਾਜ ਵਿੱਚ ਹਰ ਤਰੀਕੇ ਨਾਲ ਵਿਚਰਨ ਲਈ ਸ਼ਸ਼ਤਰ ਕਲਾ ਦੀ ਲੋੜ ਪੈਂਦੀ ਹੈ ਜਿਸ ਕਰਕੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਅਧਿਆਤਮਿਕਤਾ ਲਈ ਸ਼ਾਸ਼ਤਰ ਵਿੱਦਿਆ ਅਤੇ ਸਵੈ-ਰੱਖਿਆ ਤੇ ਸਮਾਜ ਦੀ ਰੱਖਿਆ ਲਈ ਸ਼ਸ਼ਤਰ ਵਿੱਦਿਆ ਵੀ ਲਾਜਮੀ ਕੀਤੀ।

ਸੁਰੱਖਿਆ, ਪਹਿਚਾਣ, ਭਾਸ਼ਾ ਅਤੇ ਨਸ਼ਿਆਂ ਦੀ ਵਰਤੋਂ ਬਾਰੇ ਵਧ ਰਹੀ ਵਿਸ਼ਵਵਿਆਪੀ ਚਿੰਤਾ ਦੇ ਮੱਦੇਨਜਰ ਇਸ ਲੇਖ ਰਾਹੀਂ ਗੱਤਕਾ ਅਤੇ ਯੋਗਾ ਦੇ ਤੁਲਨਾਤਮਕ ਅਧਿਐਨ ਉਪਰ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਉਹਨਾਂ ਦੇ ਮੂਲ ਤੱਤਾਂ, ਵਿਗਿਆਨਕ ਅਤੇ ਸਮਾਜਿਕ ਸਾਰਥਕਤਾ, ਨੈਤਿਕ ਨਿਯਮਾਂ ਅਤੇ ਆਧੁਨਿਕ ਸਮਾਜ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਉਜਾਗਰ ਕੀਤਾ ਹੈ।

### ਮੂਲ ਅਤੇ ਦਾਰਸ਼ਨਿਕ ਬੁਨਿਆਦ

ਸਿੱਖ ਵਿਰਾਸਤ : ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ ਅਤੇ ਸਵੈ-ਰੱਖਿਆ ਵਜੋਂ ਸਿੱਖ ਵਿਰਾਸਤ ਮੂਲ ਅੰਗ ਹੈ ਜੋ ਕਿ 17ਵੀਂ ਸਦੀ ਦੌਰਾਨ ਸਿੱਖ ਗੁਰੂ ਸਾਹਿਬਾਨ ਵੱਲੋਂ ਸਥਾਪਤ ਅਤੇ ਵਿਕਸਤ ਕੀਤਾ ਗਿਆ ਤਾਂ ਜੋ ਤੱਤਕਾਲੀ ਮੁਗਲ ਸ਼ਾਸ਼ਕਾਂ ਦੇ ਅੱਤਿਆਚਾਰ ਨੂੰ ਰੋਕਣ ਲਈ ਖਾਲਸੇ ਨੂੰ ਅਧਿਆਤਮਿਕ ਸ਼ਕਤੀ ਅਤੇ ਜੰਗਜੂ ਉੱਤਮਤਾ ਨਾਲ ਲੈਸ ਕੀਤਾ ਜਾ ਸਕੇ।

ਫ਼ਲਸਫ਼ਾ : ਮੀਰੀ-ਪੀਰੀ ਸਿਧਾਂਤ 'ਤੇ ਅਧਾਰਤ ਗੱਤਕਾ ਇੱਕ ਵਿਲੱਖਣ ਸਵੈ-ਰੱਖਿਆ ਸਈ ਜੰਗਜੂ ਕਲਾ ਹੈ ਜੋ ਰੁਹਾਨੀਅਤ ਅਤੇ ਪ੍ਰਭੁਸੱਤਾ ਦਾ ਸੰਪੂਰਨ ਸੁਮੇਲ ਹੈ। ਇਹ ਸੰਤ-ਸਿਪਾਹੀ ਲਈ ਇੱਕ ਅਜਿਹਾ ਮਾਰਗ ਹੈ ਜੋ ਤਾਕਤਵਰ ਵਿੱਚ ਨਿਮਰਤਾ ਅਤੇ ਲੜਾਈ ਦੌਰਾਨ ਦਇਆ ਨੂੰ ਉਭਾਰਦਾ ਹੈ।

### ਯੋਗਾ : ਅੰਦਰੂਨੀ ਮੁਕਤੀ ਦਾ ਮਾਰਗ

ਮੂਲ : ਪ੍ਰਾਚੀਨ ਵੈਦਿਕ ਫ਼ਲਸਫ਼ੇ ਦੀ ਜੜ੍ਹ ਅਤੇ ਪਤੰਜਲੀ ਦੁਆਰਾ ਸ਼ੁਰੂ ਕੀਤਾ ਯੋਗਾ ਇੱਕ ਅਧਿਆਤਮਿਕ ਸਾਧਨਾ ਵਜੋਂ ਉਭਰਿਆ ਜਿਸਦਾ ਉਦੇਸ਼ ਸਿਰਫ ਸਵੈ-ਅਨੁਭਵ ਅਤੇ ਮਾਨਸਿਕ ਸ਼ਾਂਤੀ ਹੈ।

ਫ਼ਲਸਫ਼ਾ : ਦੁਨਿਆਵੀ ਭਰਮਾਂ ਤੋਂ ਨਿਰਲੇਪਤਾ ਅਤੇ ਯੋਗਾ ਆਸਣਾਂ, ਸਾਹ ਪ੍ਰਕਿਰਿਆ ਅਤੇ ਧਿਆਨ ਦੁਆਰਾ ਮਨ ਅਤੇ ਸਰੀਰ ਦੀ ਸ਼ੁੱਧਤਾ 'ਤੇ ਕੇਂਦ੍ਰਿਤ ਕਰਦਾ ਹੈ।

### ਵਿਗਿਆਨਕ, ਸਮਾਜਿਕ ਅਤੇ ਰੱਖਿਆਤਮਕ ਲਾਭ :

ਗੱਤਕਾ : ਪੂਰੇ ਸਰੀਰ ਸਣੇ ਅੱਖਾਂ, ਦਿਮਾਗ ਤੇ ਦਿਲ ਦੀਆਂ ਸਾਰੀਆਂ ਮਾਸਪੇਸ਼ੀਆਂ ਦੀ ਕਸਰਤ ਕਰਾਉਂਦਾ ਹੈ।

- ਫੁਰਤੀ ਤੇ ਮੁਸਤੈਦੀ ਵਧਾਉਣ ਅਤੇ ਲੜਾਈ ਮੌਕੇ ਫੌਰੀ ਕਾਰਵਾਈ ਕਰਨੀ ਸਿਖਾਉਂਦਾ ਹੈ।
- ਸਵੈ-ਰੱਖਿਆ ਲਈ ਜੰਗਜੂ ਤਕਨੀਕਾਂ ਨਾਲ ਸ਼ਸ਼ਕਤ ਬਣਾਉਂਦਾ ਹੈ।
- ਅਨੁਸ਼ਾਸਨ, ਬਹਾਦਰੀ, ਮਾਨਸਿਕ ਮਜਬੂਤੀ ਤੇ ਸਰੀਰਕ ਲਚਕਤਾ ਵਧਾਉਂਦਾ ਹੈ।
- ਹਰ ਤਰਾਂ ਦੇ ਨਸ਼ੀਲੇ ਪਦਾਰਥਾਂ (ਸ਼ਰਾਬ, ਤੰਬਾਕੂ, ਨਸ਼ੇ) ਦੇ ਸੇਵਨ ਵਿਰੁੱਧ ਸਖਤੀ।

ਯੋਗਾ : - ਸ਼ਰੀਰਕ ਲਚਕ ਵਿੱਚ ਵਾਧਾ, ਖੜ੍ਹਨ-ਬੈਠਣ ਦੇ ਢੰਗ ਅਤੇ ਸਾਹ ਪ੍ਰਕਿਰਿਆ ਵਿੱਚ ਸੁਧਾਰ ਕਰਦਾ ਹੈ।

- ਮਨ ਦੀ ਸ਼ਾਂਤੀ ਲਿਆਉਂਦਾ ਹੈ ਅਤੇ ਚਿੰਤਾਵਾਂ ਨੂੰ ਘਟਾਉਂਦਾ ਹੈ।
- ਸਿਹਤਮੰਦੀ ਨੂੰ ਉਤਸ਼ਾਹਿਤ ਕਰਦਾ ਹੈ ਪਰ ਸਵੈ-ਰੱਖਿਆਤਮਕ ਗੁਣਾਂ ਤੋਂ ਊਣਾਂ ਹੈ।
- ਕਿਸੇ ਵੀ ਨਸ਼ਾ-ਵਿਰੋਧੀ ਜਾਬਤੇ ਨੂੰ ਵਿਆਪਕ ਤੌਰ 'ਤੇ ਲਾਗੂ ਨਹੀਂ ਕਰਦਾ।

3. ਸੱਭਿਆਚਾਰਕ ਮਾਹੌਲ ਅਤੇ ਪਛਾਣ ਦੀ ਸੰਭਾਲ :

ਗੱਤਕਾ : ਭਾਸ਼ਾ (ਪੰਜਾਬੀ), ਲਿੱਪੀ (ਗੁਰਮੁਖੀ), ਬਾਣਾ, ਸੰਗੀਤ ਅਤੇ ਰਹਿਤ ਮਰਿਯਾਦਾ (ਧਾਰਮਿਕ ਅਨੁਸ਼ਾਸਨ) ਨੂੰ ਸੁਰੱਖਿਅਤ ਰੱਖਦਾ ਹੈ। ਇਸਦਾ ਕੌਮ ਦੇ ਅਸਥਾਨਾਂ ਤੇ ਸਾਂਝੇ ਅਖਾੜਿਆਂ ਵਿੱਚ ਅਭਿਆਸ ਕੀਤਾ ਜਾਂਦਾ ਹੈ ਅਤੇ ਸਿੱਧੇ ਤੌਰ 'ਤੇ ਸਿੱਖਾਂ ਦੀਆਂ ਬੁਨਿਆਦੀ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ।

ਯੋਗਾ : ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ। ਇਹ ਭਾਰਤੀ ਪਰੰਪਰਾਵਾਂ ਦਾ ਮੂਲ ਹੋਣ ਦੇ ਬਾਵਜੂਦ ਵਪਾਰਕ ਬਣ ਗਿਆ ਹੈ ਅਤੇ ਆਪਣੇ ਸੱਭਿਆਚਾਰਕ ਅਧਾਰ ਤੋਂ ਵੱਡੇ ਪੱਧਰ 'ਤੇ ਨਿੱਖੜ ਗਿਆ ਹੈ ਖਾਸ ਕਰਕੇ ਵਿਦੇਸ਼ਾਂ ਵਿੱਚ।

### ਨੈਤਿਕ ਨੀਂਹ ਅਤੇ ਅਨੁਸ਼ਾਸਨ ਦੇ ਸੰਦਰਭ

ਗੱਤਕਾ : ਨੈਤਿਕ ਨਿਯਮਾਂ ਵਿੱਚ ਸਿੱਖ ਸ਼ਸ਼ਤਰ ਕਲਾ ਗੱਤਕਾ ਮਾਨਵਤਾ ਦੀ ਨਿਸੁਆਰਥ ਸੇਵਾ, ਰੋਜ਼ਾਨਾ ਅਰਦਾਸ, ਸਖਤ ਅਨੁਸ਼ਾਸਨ, ਨਸ਼ਿਆਂ ਤੋਂ ਪਰਹੇਜ਼ ਅਤੇ ਅਨਿਆਂ ਵਿਰੁੱਧ ਖੜ੍ਹੇ ਹੋਣਾ ਸਿਖਾਉਂਦਾ ਹੈ। ਇਹ ਅਸਲ ਜੀਵਨ ਦੌਰਾਨ ਜ਼ਿੰਮੇਵਾਰੀ ਦੀ ਭਾਵਨਾ ਲਈ ਇਹ ਇੱਕ ਨੈਤਿਕ ਅਤੇ ਸੰਸਾਰਕ ਸਿਖਲਾਈ ਹੈ।

ਯੋਗਾ : ਵਰਣ-ਆਸ਼ਰਮ ਗ੍ਰੰਥ ਨੈਤਿਕ ਜੀਵਨ 'ਤੇ ਜ਼ੋਰ ਦਿੰਦੇ ਹਨ ਪਰ ਆਧੁਨਿਕ ਵਰਤਾਰਾ ਵਿਅਕਤੀਗਤ ਹੈ ਅਤੇ ਵਿਸ਼ਵ-ਵਿਆਪੀ ਲਾਗੂਕਰਨ ਦੀ ਘਾਟ ਹੈ। ਇਸ ਵਿੱਚ ਸੰਪਰਦਾਈ ਨੈਤਿਕਤਾ ਦਾ ਕੋਈ ਹਦਾਇਤਨਾਮਾ ਨਹੀਂ ਹੈ।

### ਆਲਮੀ ਪ੍ਰਸੰਗਿਕਤਾ ਅਤੇ ਰਾਸ਼ਟਰੀ ਪ੍ਰਭਾਵ

ਗੱਤਕਾ : - ਦੁਨੀਆ ਭਰ ਵਿੱਚ ਸਿੱਖਾਂ ਵੱਲੋਂ ਪ੍ਰਫੁੱਲਤ ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

- ਧਾਰਮਿਕ ਨਗਰ ਕੀਰਤਨਾਂ, ਵਿਦਿਅਕ ਸੰਸਥਾਵਾਂ ਵਿੱਚ ਨਿਯਮਤ ਮੁਕਾਬਲੇ, ਫੌਜ ਤੇ ਪੁਲਿਸ ਦੀ ਸਿਖਲਾਈ ਸਮੇਤ ਨਸ਼ਾ ਵਿਰੋਧੀ ਪ੍ਰੋਗਰਾਮਾਂ ਦੌਰਾਨ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।
- ਸੂਬਾਈ ਅਤੇ ਸੱਭਿਆਚਾਰਕ ਖੇਡਾਂ ਵਿੱਚ ਮਾਨਤਾ ਪ੍ਰਾਪਤ।
- ਵਿਜ਼ਨ 2030 ਹੇਠ ਏਸ਼ੀਅਨ ਤੇ ਓਲੰਪਿਕ ਖੇਡਾਂ ਸ਼ਾਮਲ ਕਰਨ ਦਾ ਉਦੇਸ਼ ਹੈ।

ਬਾਕੀ ਹਿਸਾ ਸਫਾ 60 ਤੇ ਪੜ੍ਹੋ

### 58 ਸਫ਼ੇ ਦੀ ਬਾਕੀ

2011 ਵਿਚ ਉਹ ਕ੍ਰਿਕਟ ਦਾ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਸਭ ਤੋਂ ਮਹੱਤਵ ਪੂਰਨ ਖਿਡਾਰੀ ਸੀ।

ਸਚਿਨ ਇਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਤੋਂ 2012 ਵਿਚ ਰਿਟਾਇਰ ਹੋਇਆ ਜਦ ਕਿ ਆਪਣਾ 200ਵਾਂ ਟੈਸਟ ਮੈਚ ਖੇਡਣ ਪਿੱਛੋਂ ਨਵੰਬਰ 2013 ਵਿਚ ਸਰਗਰਮ ਕ੍ਰਿਕਟ ਖੇਡਣ ਤੋਂ ਪੱਕੇ ਤੌਰ 'ਤੇ ਰਿਟਾਇਰ ਹੋ ਗਿਆ। ਉਸ ਨੇ 664 ਅੰਤਰਰਾਸ਼ਟਰੀ ਮੈਚ ਖੇਡੇ ਅਤੇ 34,357 ਦੌੜਾਂ ਬਣਾਈਆਂ। 2019 ਵਿਚ ਉਸ ਦਾ ਨਾਂ ਆਈਸੀਸੀ ਕਿਕਟ ਹਾਲ ਆਫ਼ ਫੇਮ ਵਿਚ ਫਰੇਮ ਕੀਤਾ ਗਿਆ।

ਉਹ ਕਮਾਲ ਦਾ ਬੱਲੇਬਾਜ਼ ਹੀ ਨਹੀਂ ਲੋੜ ਪੈਣ 'ਤੇ ਮੈਚ ਜਿੱਤ ਵੱਲ ਲਿਜਾਣ ਵਾਲਾ ਗੇਂਦਬਾਜ਼ ਵੀ ਸੀ। ਜਦੋਂ ਕੋਈ ਜੋੜੀ ਲਗਾਤਾਰ ਰੱਨ 'ਤੇ ਰੱਨ ਬਣਾਈ ਜਾਂਦੀ ਤਾਂ ਜੋੜੀ ਨੂੰ ਤੋੜਨ ਲਈ ਸਚਿਨ ਨੂੰ ਗੇਂਦ ਸੁੱਟਣ ਲਈ ਕਿਹਾ ਜਾਂਦਾ। ਬਹੁਤੇ ਬੱਲੇਬਾਜ਼ ਉਹਦੀ ਗੇਂਦਬਾਜ਼ੀ ਤੋਂ ਅਣਜਾਣ ਹੁੰਦੇ ਤੇ ਉਹਦੇ ਗੇਂਦ ਜਾਲ ਵਿਚ ਫਸ ਕੇ ਆਊਟ ਹੋ ਜਾਂਦੇ। 1993 ਵਿਚ ਕੋਲਕੱਤੇ ਦੇ ਈਡਨ ਗਾਰਡਨ ਸਟੇਡੀਅਮ ਵਿਖੇ ਇੰਡੀਆ ਵਿਰੁੱਧ ਖੇਡੇ ਮੈਚ ਵਿਚ ਦੱਖਣੀ ਅਫਰੀਕਾ ਨੂੰ ਮੈਚ ਜਿੱਤਣ ਲਈ ਕੇਵਲ 5 ਦੌੜਾਂ ਚਾਹੀਦੀਆਂ ਸਨ। ਆਖ਼ਰੀ ਓਵਰ ਸੁੱਟਣ ਲਈ ਗੇਂਦ ਸਚਿਨ ਨੂੰ ਦਿੱਤੀ ਗਈ ਤਾਂ ਕਈਆਂ ਨੂੰ ਹੈਰਾਨੀ ਹੋਈ! ਪਰ ਉਸ ਨੇ ਆਖ਼ਰੀ ਓਵਰ 'ਚ 5 ਦੌੜਾਂ ਵੀ ਨਾ ਬਣਨ ਦਿੱਤੀਆਂ ਜਿਸ ਨਾਲ ਭਾਰਤੀ ਟੀਮ ਹਾਰਦੀ-ਹਾਰਦੀ ਮੈਚ ਜਿੱਤ ਗਈ। ਸਚਿਨ ਨੇ ਦੌੜਾਂ ਬਣਾਉਣ ਦੇ ਤਾਂ ਢੇਰ ਲਾਏ ਹੀ ਲਾਏ, ਨਾਲ 201 ਵਿਕਟਾਂ ਵੀ ਲਈਆਂ! 2001 ਵਿਚ ਈਡਨ ਦੇ ਮੈਦਾਨ ਵਿਚ ਹੀ ਆਸਟ੍ਰੇਲੀਆ ਦੀਆਂ 3 ਵਿਕਟਾਂ ਲੈ ਕੇ ਭਾਰਤੀ ਟੀਮ ਨੂੰ ਜਿਤਾਇਆ ਤੇ ਟੈਸਟ ਮੈਚਾਂ ਦੀ ਲੜੀ ਜਿੱਤੀ।

ਸਚਿਨ 16 ਸਾਲ 205 ਦਿਨਾਂ ਦਾ ਸੀ ਜਦੋਂ ਇੰਟਰਨੈਸ਼ਨਲ ਟੈੱਸਟ ਮੈਚ ਖੇਡਣ ਲੱਗਾ। ਉਸ ਦੇ ਪਹਿਲੇ ਹੀ ਟੈੱਸਟ ਮੈਚ ਵਿਚ ਨੱਕ ਉਤੇ ਬਾਲ ਲੱਗ ਗਈ ਸੀ ਪਰ ਅਸ਼ਕੇ ਉਸ ਦੇ ਕਿ ਜ਼ਖ਼ਮੀ ਨੱਕ ਨਾਲ ਵੀ ਕਰੀਜ਼ 'ਤੇ ਡਟਿਆ ਰਿਹਾ। ਉਹਦੀ ਪਹਿਲੀ ਸੈਂਚਰੀ 1990 'ਚ ਇੰਗਲੈਂਡ ਵਿਚ ਵੱਜੀ। 1991-92 ਵਿਚ ਉਸ ਨੇ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ 148 ਦੌੜਾਂ ਤੇ ਪਰਥ ਵਿਚ 114 ਦੌੜਾਂ ਬਣਾਈਆਂ। 1990 ਤੋਂ 2000 ਤਕ ਉਹ ਸਿਖਰ ਦੀ ਫਾਰਮ ਵਿਚ ਸੀ। 2000 ਦੌਰਾਨ ਉਸ ਨੂੰ ਕੁਝ ਐਸੀਆਂ ਸੱਟਾਂ ਲੱਗੀਆਂ ਕਿ ਬੱਲੇਬਾਜ਼ੀ ਕਰਨੀ ਮੁਸ਼ਕਲ ਹੋ ਗਈ ਸੀ। ਪਰ ਉਹ ਵਿਵੀਅਨ ਰਿਚਰਡਜ਼ ਦੀ ਸਲਾਹ ਨਾਲ ਫਿਰ ਵੀ ਖੇਡਦਾ ਰਿਹਾ। 2008 ਵਿਚ ਉਸ ਦੀ ਮੇਜਰ ਸਰਜਰੀ ਹੋਈ। ਉਸ ਨੇ ਫਿਰ ਵੀ ਖੇਡਣਾ ਜਾਰੀ ਰੱਖਿਆ ਤੇ ਲੀਜੈਂਡਰੀ ਬੱਲੇਬਾਜ਼ ਬਰੀਆਨ ਲਾਰਾ ਦਾ ਰਿਕਾਰਡ ਤੋੜਿਆ। ਅਗੱਸਤ 2009 ਤੋਂ ਅਗੱਸਤ 2010 ਵਿਚਾਲੇ 1000 ਤੋਂ ਵੱਧ ਦੌੜਾਂ ਬਣਾਈਆਂ ਜਿਨ੍ਹਾਂ 'ਚ ਦੱਖਣੀ ਅਫਰੀਕਾ ਵਿਰੁੱਧ ਇਕ ਡਬਲ ਸੈਂਚਰੀ ਵੀ ਸੀ। 2010 ਵਿਚ ਆਈਸੀਸੀ ਨੇ ਉਸ ਨੂੰ ਕ੍ਰਿਕਟਰ ਆਫ਼ ਦਾ ਈਅਰ ਘੋਸ਼ਿਤ ਕੀਤਾ।

1996 ਦੇ ਕ੍ਰਿਕਟ ਵਰਲਡ ਕੱਪ 'ਚ ਦੋ ਸੈਂਕੜਿਆਂ ਸਮੇਤ 523 ਦੌੜਾਂ ਬਣ ਕੇ ਉਹ ਟੌਪ ਸਕੋਰਰ ਰਿਹਾ। 1999 ਦੇ ਵਿਸ਼ਵ ਕੱਪ ਸਮੇਂ ਉਸ ਦੇ ਪਿਤਾ ਦੀ ਮ੍ਰਿਤੂ ਹੋ ਗਈ ਸੀ ਜਿਸ ਕਰਕੇ ਉਸ ਨੂੰ ਇੰਗਲੈਂਡ ਤੋਂ ਘਰ ਪਰਤਣਾ ਪਿਆ ਤੇ ਤੁਰਤ ਵਾਪਸੀ ਕਰ ਕੇ ਕੀਨੀਆ ਵਿਰੁਧ ਖੇਡਣਾ ਪਿਆ ਸੀ। ਉਸ ਮੈਚ ਵਿਚ ਸਚਿਨ ਨੇ ਸੈਂਚਰੀ ਮਾਰੀ ਜੋ ਆਪਣੇ ਸਵਰਗਵਾਸੀ ਪਿਤਾ ਨੂੰ ਅਰਪਿਤ ਕੀਤੀ।

ਸਚਿਨ ਮੁੰਬਈ ਇੰਡੀਅਨਜ਼ ਟੀਮ ਦਾ ਕੈਪਟਨ ਬਣ ਕੇ 2008 ਤੋਂ 2011 ਤਕ ਇੰਡੀਅਨ ਪ੍ਰੀਮੀਅਰ ਲੀਗ ਖੇਡਿਆ ਪਰ ਉਦੋਂ ਜਿੱਤ ਹਾਸਲ ਨਾ ਕਰ ਸਕਿਆ। 2013 ਵਿਚ ਜਦੋਂ ਮੁੰਬਈ ਇੰਡੀਅਨਜ਼ ਨੇ ਆਈਪੀਐੱਲ ਟਰਾਫੀ ਜਿੱਤੀ ਤਾਂ ਉਹ ਟੀਮ ਦਾ ਮਹੱਤਵ ਪੂਰਨ ਅੰਗ ਸੀ। ਉਸ ਤੋਂ ਬਾਅਦ ਉਹ ਰਿਟਾਇਰ ਹੋ ਗਿਆ। 6 ਨਵੰਬਰ 2014 ਨੂੰ ਉਸ ਦੀ ਸਵੈਜੀਵਨੀ 'ਪਲੇਇੰਗ ਇਟ ਮਾਈ ਵੇਅ ਰਿਲੀਜ਼ ਹੋਈ। ਲਿਮਕਾ ਬੁੱਕ ਆਫ਼ ਰਿਕਾਰਡਜ਼ ਅਨੁਸਾਰ ਉਸ ਪੁਸਤਕ ਦੀਆਂ 150,289 ਕਾਪੀਆਂ ਅਗਾਊਂ ਵਿਕਣ ਦਾ ਰਿਕਾਰਡ ਕਾਇਮ ਹੋਇਆ। 2017 ਵਿਚ 'ਸਚਿਨ: ਏ ਬਿਲੀਅਨ ਡਰੀਮਜ਼ ਤੇ 2023 ਵਿਚ 'ਸਚਿਨ: ਦਿ ਅਲਟੀਮੇਟ ਵਿਨਰ ਫਿਲਮਾਂ ਰਿਲੀਜ਼ ਹੋਈਆਂ।

ਸਚਿਨ ਨੇ ਟੈੱਸਟ ਮੈਚ, ਓਡੀਆਈ, ਟੀ-ਟਵੰਟੀ ਗੱਲ ਕੀ ਹਰ ਤਰ੍ਹਾਂ ਦੀ ਕ੍ਰਿਕਟ ਖੇਡਣ ਨਾਲ 6 ਵਿਸ਼ਵ ਕੱਪ ਵੀ ਖੇਡੇ। 2011 ਵਿਚ ਵਿਸ਼ਵ ਕੱਪ ਜਿੱਤਿਆ ਤਾਂ ਖ਼ੁਸ਼ੀ ਵਿਚ ਉਹਦੇ ਹੰਝੂ ਵਹਿ ਤੁਰੇ ਸਨ। 2013 'ਚ ਵਾਨਖੇੜੇ ਸਟੇਡੀਅਮ ਮੁੰਬਈ ਵਿਚ ਵਿਦਾਇਗੀ ਮੈਚ ਖੇਡਿਆ ਤਾਂ ਉਹਦੇ ਅੱਥਰੂਆਂ ਨਾਲ ਦਰਸ਼ਕਾਂ ਦੀਆਂ ਅੱਖਾਂ ਵੀ ਭਰ ਆਈਆਂ ਸਨ। ਭਰੇ ਸਟੇਡੀਅਮ ਨੇ ਹਉਕਾ ਭਰਿਆ ਸੀ। ਭਾਰਤ ਹੀ ਨਹੀਂ ਸਮੁੱਚੇ ਖੇਡ ਜਗਤ ਲਈ ਉਹ ਭਾਵਕ ਪਲ ਸਨ। ਕ੍ਰਿਕਟ ਤੋਂ ਰਿਟਾਇਰ ਹੋ ਕੇ ਸਚਿਨ ਨੇ ਸਪੋਰਟਸ, ਸਿਹਤ ਤੇ ਸਿੱਖਿਆ ਲਈ ਪੁੰਨ ਦੇ ਕਈ ਐਸੇ ਕਾਰਜ ਵਿਢੇ ਹੋਏ ਨੇ ਜੋ ਲੋੜਵੰਦਾਂ ਦੀਆਂ ਅਸੀਸਾਂ ਲੈ ਰਹੇ ਨੇ। ਉਹ ਖੇਡ ਮੈਦਾਨਾਂ ਵਿਚ ਤਾਂ ਚਮਕਿਆ ਹੀ ਹੈ, ਸੇਵਾ ਦੇ ਖੇਤਰ ਵਿਚ ਵੀ ਲਿਸ਼ਕਦਾ ਰਹੇਗਾ। ਦੌੜਾਂ ਦੀਆਂ ਝੜੀਆਂ ਲਾਉਣ ਵਾਲੇ ਕ੍ਰਿਕਟ ਦੇ ਰੁਸਤਮੇ ਜ਼ਮਾਂ ਸਚਿਨ ਤੇਂਦੁਲਕਰ ਦੀ ਬਾਤ ਅਜੇ ਮੁੱਕੀ ਨਹੀਂ। ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ।

*principalsarwansingh@gmail.com*

ਵਿਹੜੇ ਦੀ ਰੌਣਕ ਹੁੰਦੇ ਹਨ - ਬੇਬੇ ਬਾਪੂ ਬੇਬੇ ਬਾਪੂ ਦਾ ਨਾਮ ਸੁਣਦਿਆ ਹੀ ਮਮਤਾ ਦਾ ਸਮੁੰਦਰ ਵਹਿਣ ਲੱਗ ਪੈਂਦਾ ਹੈ। ''ਪੰਜਾਬੀ ਸੱਭਿਆਚਾਰ ਦੀ ਨੁਹਾਰ ਬਾਪੂ ਬੇਬੇ ਦਾ ਪਰਿਵਾਰ'' ਦੇ ਕਥਨ ਅਨੁਸਾਰ ਬੇਬੇ ਬਾਪੂ ਦੇ ਸ਼ਬਦ ਵਿੱਚੋਂ ਸਮਾਜ ਅਤੇ ਸੱਭਿਆਚਾਰ ਦੀ ਤਸਵੀਰ ਝਲਕਦੀ ਹੈ। ਇਹਨਾਂ ਦੀ ਹਾਜ਼ਰੀ ਵਿੱਚ ਸਮਾਜਿਕ ਸੁਰੱਖਿਆ ਯਕੀਨੀ ਬਣ ਜਾਂਦੀ ਹੈ। ਪੀੜ੍ਹੀ ਦੇ ਪਾੜ੍ਹੇ ਅਨੁਸਾਰ ਤੀਜੀ ਪੀੜ੍ਹੀ ਤੱਕ ਤਾਂ ਬੇਬੇ ਬਾਪੂ ਘਰ ਦੀ ਰੌਣਕ ਦੇ ਨਾਲ-ਨਾਲ ਘਰ ਅਤੇ ਸਮਾਜ ਵਿੱਚ ਵੱਧ ਸਤਿਕਾਰਤ ਹੋ ਜਾਂਦੇ....

-ਸੁਖਪਾਲ ਸਿੰਘ ਗਿੱਲ

### 59 ਸਫ਼ੇ ਦੀ ਬਾਕੀ

ਯੋਗਾ: - ਸੰਯੁਕਤ ਰਾਸ਼ਟਰ ਦੁਆਰਾ ਮਾਨਤਾ ਪ੍ਰਾਪਤ ਗਲੋਬਲ ਵੈਲਨੈੱਸ ਅਭਿਆਸ।

- ਫਿਟਨੈਸ ਅਤੇ ਥੈਰੇਪੀ ਕੇਂਦਰਾਂ ਵਿੱਚ ਵਰਤਿਆ ਜਾਂਦਾ ਹੈ ਪਰ ਸਵੈ-ਰੱਖਿਆ ਲਈ ਨਹੀਂ ਹੈ।
- ਕੌਮੀ ਪੱਧਰ ਦੀਆਂ ਤੇ ਏਸ਼ੀਅਨ ਖੇਡਾਂ ਵਿੱਚ ਸ਼ਾਮਲ ਹੋ ਚੁੱਕਾ ਹੈ।
- ਸਰੀਰਕ ਸੁਰੱਖਿਆ ਪ੍ਰਣਾਲੀ ਲਈ ਨਿਗਰਾਨੀ ਦੀ ਲੋੜ ਰਹਿੰਦੀ ਹੈ।

#### ਸਿੱਟਾ

ਗੱਤਕਾ ਸਮੇਂ ਦੀ ਲੋੜ - ਮੌਜੂਦਾ ਸੰਸਾਰ ਵਿੱਚ ਵਧ ਰਹੇ ਨਿੱਜੀ ਸੁਰੱਖਿਆ ਖਤਰਿਆਂ, ਨਸ਼ੀਲੇ ਪਦਾਰਥਾਂ ਦੀ ਅੰਧਾਧੁੰਦ ਵਰਤੋਂ, ਭਾਸ਼ਾ, ਪਹਿਰਾਵੇ ਤੇ ਕੌਮੀ ਪਛਾਣ ਨੂੰ ਲਗਾਏ ਜਾ ਰਹੇ ਖੋਰੇ ਅਤੇ ਮਾਨਸਿਕ ਸਿਹਤ ਸੰਕਟ ਲਈ ਗੱਤਕਾ ਇੱਕ ਵਿਆਪਕ ਤੇ ਢੁੱਕਵੇਂ ਤੋੜ ਵਜੋਂ ਉੱਭਰਿਆ ਹੈ।

ਇਹ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਦਾ ਹੈ ਬਲਕਿ ਧਾਰਮਿਕ ਤੇ ਨੈਤਿਕ ਮਾਰਗਦਰਸ਼ਨ, ਸੱਭਿਆਚਾਰਕ ਫਖਰ ਅਤੇ ਸਵੈ-ਰੱਖਿਆ ਸਮਰੱਥਾ ਵੀ ਪ੍ਰਦਾਨ ਕਰਦਾ ਹੈ ਜਦਕਿ ਯੋਗਾ ਦੇ ਆਧੁਨਿਕ ਰੂਪ ਵਿੱਚ ਇੰਨ੍ਹਾਂ ਗੁਣਾ ਦੀ ਬਹੁਤ ਹੱਦ ਤੱਕ ਘਾਟ ਹੈ। ਇਸ ਤੋਂ ਇਲਾਵਾ ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ ਅਤੇ ਅਕਸਰ ਆਪਣੀਆਂ ਅਧਿਆਤਮਿਕ ਜੜ੍ਹਾਂ ਤੋਂ ਵਾਂਝਾ ਹੋ ਰਿਹਾ ਹੈ।

ਗੱਤਕਾ ਭਾਈਚਾਰੇ 'ਤੇ ਕੇਂਦ੍ਰਿਤ, ਨੈਤਿਕ ਤੌਰ 'ਤੇ ਨਿਯੰਤਰਿਤ ਹੈ ਅਤੇ ਇੱਕ ਜੀਵੰਤ ਧਾਰਮਿਕ ਪਰੰਪਰਾ ਨਾਲ ਜੜ੍ਹਿਆ ਹੋਇਆ ਹੈ। ਇਹ ਸਿਰਫ਼ ਆਪਣੇ ਸਰੀਰ ਨੂੰ ਰਿਸ਼ਟਪੁਸ਼ਟ ਰੱਖਣ ਜਾਂ ਆਪਣੇ ਮਨ ਨੂੰ ਸ਼ਾਂਤ ਕਰਨਾ ਨਹੀਂ ਸਿਖਾਉਂਦਾ ਬਲਕਿ ਇਹ ਖੁਦ ਲਈ ਅਤੇ ਹੋਰਨਾਂ ਦੀ ਰਾਖੀ ਲਈ ਡੱਟ ਕੇ ਖੜ੍ਹੇ ਹੋਣ, ਇਮਾਨਦਾਰ ਜੀਵਨ ਬਸਰ ਕਰਨ, ਨੇਕੀ ਕਰਨ ਤੇ ਧਰਮ ਦੀ ਰੱਖਿਆ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਹ ਧਾਰਨਾ ਬਿਲਕੁਲ ਸਹੀ ਹੈ ਕਿ ਜਿਹੜਾ ਸੱਟ ਨਹੀਂ ਖਾ ਸਕਦਾ ਉਹ ਸੱਟ ਵੀ ਨਹੀਂ ਮਾਰ ਸਕਦਾ।


ਜਿਵੇਂ ਸਰਕਾਰੀ ਪੱਧਰ ਉਤੇ ਕੌਮਾਂਤਰੀ ਯੋਗਾ ਦਿਵਸ ਮਨਾਇਆ ਜਾਂਦਾ ਹੈ ਅਤੇ ਯੋਗਾ ਨੂੰ ਵਿਸ਼ੇਸ਼ ਤੌਰ ਉਤੇ ਦੇਸ਼-ਵਿਦੇਸ਼ ਵਿੱਚ ਸਰਕਾਰ ਵੱਲੋਂ ਪ੍ਰਫੁੱਲਤ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਭਾਰਤ ਦੀਆਂ ਪ੍ਰਾਚੀਨ ਗਿਆਨ ਪਰੰਪਰਾਵਾਂ ਦੇ ਬਿਰਤਾਂਤ ਵਿੱਚ ਸੰਤੁਲਨ ਲਿਆਉਣ ਪੂਰਕ ਕਲਾ ਵਜੋਂ ਲਈ ਅੰਤਰਰਾਸ਼ਟਰੀ ਗੱਤਕਾ ਦਿਵਸ ਨੂੰ ਵੀ ਮਾਨਤਾ ਦੇਣ ਦੀ ਲੋੜ ਵੱਧ ਰਹੀ ਹੈ। ਗੱਤਕਾ ਇੱਕ ਵਿਰਾਸਤੀ ਮਾਰਸ਼ਲ ਆਰਟ, ਧਾਰਮਿਕ ਤੇ ਸਮਾਜਿਕ ਨਿਆਂ ਦਾ ਸਾਧਨ ਅਤੇ ਰੱਖਿਆ ਦੇ ਅਧਿਆਤਮਿਕ ਵਿਗਿਆਨ ਦੇ ਰੂਪ ਵਿੱਚ ਇੱਕ ਵਿਸ਼ਵਵਿਆਪੀ ਪਲੇਟਫਾਰਮ ਦਾ ਹੱਕਦਾਰ ਹੈ।

ਦੇਸ਼ ਦੀ ਇਸ ਪੁਰਾਤਨ ਵਿਰਾਸਤੀ ਖੇਡ ਨੂੰ ਅਜਿਹੀ ਮਾਨਤਾ ਦੇਣ ਨਾਲ ਦੇਸ਼ ਦੇ ਉਨਾਂ ਸਤਿਕਾਰਤ ਅਤੇ ਮਹਾਨ ਗੁਰੂਆਂ, ਪੀਰਾਂ, ਸੰਤਾਂ-ਸਿੱਖਾਂ ਨੂੰ ਦੇਰ ਨਾਲ ਭੇਟ ਕੀਤੀ ਨਿਮਰਤਾ ਭਰਪੂਰ ਸੱਚੀ ਸ਼ਰਧਾਂਜ਼ਲੀ ਹੋਵੇਗੀ ਜਿਨਾਂ ਨੇ ਦੇਸ਼ ਵਾਸੀਆਂ ਲਈ ਸਵੈ-ਰੱਖਿਆ ਵਾਲੀ ਇਸ ਕਲਾ ਦੀ ਸਿਰਜਣਾ ਕੀਤੀ ਅਤੇ ਇਸ ਦੇ ਵਿਕਾਸ ਤੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਇਆ ਅਤੇ ਅਗਵਾਈ ਵੀ ਦਿੱਤੀ ਹੈ।

ਸਾਡਾ ਇਹ ਪੂਰਨ ਭਰੋਸਾ ਹੈ ਕਿ ਗੱਤਕੇ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾਪ੍ਰਾਪਤ ਖੇਡ ਵਜੋਂ ਰੁਤਬਾ ਪ੍ਰਦਾਨ ਕਰਾਉਣ ਅਤੇ ਵਿਦਿਅਕ ਸਿਲੇਬਸ ਦਾ ਹਿੱਸਾ ਬਣਾਉਣ ਨਾਲ ਨਾ ਸਿਰਫ਼ ਫਿਰਕੂ ਇਕਸੁਰਤਾ ਅਤੇ ਵਿਸ਼ਵ-ਵਿਆਪੀ ਭਾਈਚਾਰਕ ਸਾਂਝਾਂ ਨੂੰ ਮਜ਼ਬੂਤੀ ਪ੍ਰਦਾਨ ਹੋਵੇਗੀ ਬਲਕਿ ਸਮੂਹ ਦੇਸ਼ਾਂ ਵਿੱਚ ਪਿਆਰ ਅਤੇ ਸ਼ਾਂਤੀ ਦਾ ਸੁਨੇਹਾ ਪ੍ਰਚਾਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾ ਸਕੇਗੀ।

ਇਸ ਤੋਂ ਇਲਾਵਾ ਗੱਤਕਾ ਖੇਡ ਨੂੰ ਅਜਿਹੀ ਮਾਨਤਾ ਦੇਣ ਅਤੇ ਪੁਰਾਤਨ ਵਿਰਾਸਤ ਦੀ ਸਾਂਭ-ਸੰਭਾਲ ਕਰਨ ਦੇ ਯਤਨਾ ਨਾਲ ਭਾਰਤ ਨੂੰ ਦੁਨੀਆਂ ਵਿਚ ਮੋਹਰੀ ਹੋ ਕੇ ਉਭਰਨ ਦਾ ਇਕ ਹੋਰ ਮੌਕਾ ਨਸੀਬ ਹੋਵੇਗਾ ਕਿ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਭਾਰਤ, ਅਨੇਕਤਾ ਦੇ ਵਿਸ਼ਾਲ ਤਾਣੇ-ਬਾਣੇ ਹੇਠ ਨਿਰਪੱਖਤਾ ਅਤੇ ਏਕਤਾ ਨੂੰ ਸਦੀਵੀਂ ਕਾਇਮ ਰੱਖਣ ਅਤੇ ਵਧਣ-ਫੁੱਲਣ ਦੇ ਮੌਕੇ ਪ੍ਰਦਾਨ ਕਰਨ ਦਾ ਵੱਡਾ ਮੁੱਦਈ ਹੈ।

## ਅੰਮ੍ਰਿਤਪਾਲ ਮਹਿਰੋਂ ਦੀ ਵਿਦੇਸ਼ ਤੋਂ ਗ੍ਰਿਫ਼ਤਾਰੀ ਲਈ ਇੰਟਰਪੋਲ ਬਲਿਊ ਨੋਟਿਸ ਜਾਰੀ



ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਵਾਸੀ ਲੁਧਿਆਣਾ ਦੇ ਕਤਲ ਮਾਮਲੇ ਵਿਚ ਨਾਮਜ਼ਦ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਲਈ ਹੁਣ ਬਠਿੰਡਾ ਵੱਲੋਂ ਇੰਟਰਪੋਲ ਬਲਿਊ ਨੋਟਿਸ ਜਾਰੀ ਕੀਤਾ ਗਿਆ ਹੈ ਤਾਂ ਜੋ ਉਸ ਨੂੰ ਛੇਤੀ ਬਾਹਰੀ ਮੁਲਕ ਵਿਚੋਂ ਲੱਭ ਕੇ ਗ੍ਰਿਫ਼ਤਾਰ ਕੀਤਾ ਜਾ ਸਕੇ। ਜਦਕਿ ਇਸ ਮਾਮਲੇ ਵਿਚ ਸ਼ਾਮਲ ਉਸ ਦੇ ਸਾਥੀ ਰਣਜੀਤ ਸਿੰਘ ਵਾਸੀ ਪਿੰਡ ਸੋਹਲ (ਤਰਨਤਾਰਨ) ਅਤੇ ਪੰਜਵੇਂ ਅਣਪਛਾਤੇ ਵਿਅਕਤੀ ਨੂੰ ਹਾਲੇ ਤਕ ਪੁਲਿਸ ਲੱਭ ਨਹੀਂ ਸਕੀ। ਇਸ ਸਬੰਧੀ ਬਠਿੰਡਾ ਦੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਨੇ ਕਿਹਾ ਕਿ ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਦੇ ਕਤਲ ਨੂੰ ਅੰਜਾਮ ਦੇਣ ਮਗਰੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਨਾਈਟਿਡ ਅਰਬ ਅਮੀਰਾਤ (ਯੂ.ਏ.ਆਈ.) ਭੱਜ ਗਿਆ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਜਿਥੇ ਪਹਿਲਾਂ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ, ਉਥੇ ਹੁਣ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਇੰਟਰਪੋਲ ਨਾਲ ਰਾਬਤਾ ਕਰਨ ਲਈ ਪੱਤਰ ਲਿਖਿਆ ਹੈ ਤੇ ਉਸ ਦਾ ਇੰਟਰਪੋਲ ਬਲਿਊ ਨੋਟਿਸ ਜਾਰੀ ਕਰਵਾਇਆ ਗਿਆ ਹੈ।